

ਗ਼ਦਰੀ ਗੁਲਾਬ ਕੌਰ

(ਨਾਵਲ)

ਹਰੀ ਸਿੰਘ ਢੁੱਡੀਕੇ

ਇਸੇ ਕਲਮ ਤੋਂ:

1. ਕੰਡੇਦਾਰ ਝਾੜੀਆਂ (ਨਾਵਲ)
2. ਸ਼ੂਕਦਾ ਦਰਿਆ (ਨਾਵਲ)
3. ਜ਼ਿੰਦਗੀ ਜਿਉਣਾ ਲੋੜਦੀ ਹੈ (ਨਾਵਲ)
4. ਹਿੰਮਤੀ ਬੱਚੇ (ਬਾਲ-ਨਾਵਲ)
5. ਕੋਟਲਾ ਛਪਾਕੀ (ਬਾਲ ਕਾਵਿ-ਸੰਗ੍ਰਹਿ)
6. ਗ਼ਦਰੀ ਸੂਰਬੀਰ - (ਇਤਿਹਾਸਕ ਨਾਵਲ)
7. ਜੀਵਨ ਸੰਗਰਾਮ ਗ਼ਦਰੀ ਦੇਸ਼ ਭਗਤ ਬਾਬਾ ਪਾਲਾ ਸਿੰਘ ਢੁੱਡੀਕੇ (ਜੀਵਨੀ)
8. ਮਹਿੰਗੇ ਮੁੱਲ ਦਾ ਮੋਤੀ - (ਨਾਵਲ)

ਗ਼ਦਰੀ ਗੁਲਾਬ ਕੌਰ

(ਨਾਵਲ)

ਹਰੀ ਸਿੰਘ ਢੁੱਡੀਕੇ



GADRI GULAB KAUR

(Novel)

by

Hari Singh Dhudike

V.P.O. Dhudike

Teh. + Distt. Moga (Punjab)

Mob- 94178-55876

ISBN 978-93-84306-27-4

ਪਹਿਲੀ ਵਾਰ: 2014

ਮੁੱਲ: 120/-

ਪੰਜ ਆਬ ਪ੍ਰਕਾਸ਼ਨ

1, 2-ਦੇਸ਼ ਭਗਤ ਯਾਦਗਾਰ ਹਾਲ, ਜਲੰਧਰ, ਫ਼ੋਨ: 98140-87063

5aabparkashan@gmail.com, www. 5aabparkashan.com

ਟਾਈਪ ਸੈਟਿੰਗ : ਵੈਕ ਕੰਪਿਊਟਰਜ਼ ਜਲੰਧਰ, ਫ਼ੋਨ : 98140-87063

ਪ੍ਰਿੰਟਰਜ਼: 5ਆਬ ਪ੍ਰਿੰਟਰਜ਼, ਜਲੰਧਰ

ਅਜੋਕੀ
ਨੌਜਵਾਨ ਪੀੜ੍ਹੀ
ਦੇ
ਨਾਮ

ਇਸਤਰੀ ਜਾਤੀ ਦਾ ਮਾਣ ਅਤੇ ਗ਼ਦਰ ਲਹਿਰ ਦੀ ਖ਼ੁਸ਼ਬੂ: ਬੀਬੀ ਗੁਲਾਬ ਕੌਰ

ਹਰੀ ਸਿੰਘ ਢੁੱਡੀਕੇ ਰਚਿਤ ਨਾਵਲ 'ਗ਼ਦਰੀ ਗੁਲਾਬ ਕੌਰ' ਦਾ ਕਥਾਨਕ ਹਿੰਦੋਸਤਾਨ ਦੇ ਸੁਤੰਤਰਤਾ ਸੰਗਰਾਮ ਦਾ ਮੁੱਢ ਬੰਨ੍ਹਣ ਵਾਲੇ ਗ਼ਦਰੀ ਬਾਬਿਆਂ ਦੀ ਗਠਿਤ ਕੀਤੀ ਹੋਈ ਗ਼ਦਰ ਲਹਿਰ ਨਾਲ ਸਬੰਧਿਤ ਹੈ। ਗ਼ਦਰ ਲਹਿਰ ਦੇ ਇਤਿਹਾਸ ਵਿਚ ਪ੍ਰਤੱਖ ਤੌਰ 'ਤੇ ਭਾਵੇਂ ਇਸਤਰੀਆਂ ਦੀ ਕੁਰਬਾਨੀ ਦਾ ਬਹੁਤਾ ਜ਼ਿਕਰ ਨਹੀਂ ਆਉਂਦਾ ਪਰ ਅਪ੍ਰਤੱਖ ਤੌਰ 'ਤੇ ਦੇਸ਼ ਦੀ ਆਜ਼ਾਦੀ ਦੀ ਲਹਿਰ ਵਿਚ ਇਸਤਰੀਆਂ ਦਾ ਬਹੁਤ ਹੀ ਮਹੱਤਵਪੂਰਨ ਯੋਗਦਾਨ ਰਿਹਾ ਹੈ। ਗ਼ਦਰ ਲਹਿਰ ਦੇ ਇਤਿਹਾਸ ਵਿਚ ਇਕੋ ਇਕ ਔਰਤ ਬੀਬੀ ਗੁਲਾਬ ਕੌਰ ਦਾ ਜ਼ਿਕਰ ਆਉਂਦਾ ਹੈ ਜਿਹੜੀ ਗ਼ਦਰ ਪਾਰਟੀ ਵੱਲੋਂ ਵਿੱਢੇ ਸੁਤੰਤਰਤਾ ਸੰਗਰਾਮ ਵਿਚ ਪੂਰੀ ਜੀਅ-ਜਾਨ ਤੇ ਗਰਮਜੋਸ਼ੀ ਨਾਲ ਗ਼ਦਰੀ ਭਰਾਵਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਨਿਧੜਕ ਹੋ ਕੇ ਨਿੱਤਰੀ।

ਇਸ ਨਾਵਲ ਦੀ ਨਾਇਕਾ ਬੀਬੀ ਗੁਲਾਬ ਕੌਰ ਹੈ ਜਿਹੜੀ ਆਪਣੇ ਪਤੀ ਦੇ ਬਰਾਬਰ ਕੰਮ ਕਰਕੇ ਸਹੁਰੇ ਘਰ ਦੀ ਗ਼ਰੀਬੀ ਕੱਟਣ ਦਾ ਸਪਨਾ ਲੈ ਕੇ ਮਨੀਲਾ ਚਲੇ ਜਾਂਦੀ ਹੈ। ਵਿਦੇਸ਼ਾਂ 'ਚੋਂ ਉੱਠੀ ਗ਼ਦਰ ਲਹਿਰ ਦੇ ਉਦੇਸ਼ਾਂ ਤੋਂ ਪ੍ਰਭਾਵਿਤ ਹੋ ਕੇ ਗ਼ਦਰ ਪਾਰਟੀ 'ਚ ਸ਼ਾਮਲ ਹੋ ਜਾਂਦੀ ਹੈ। ਗ਼ਦਰ ਪਾਰਟੀ ਦੇ ਫੈਸਲੇ ਅਨੁਸਾਰ ਅਮਰੀਕਾ ਤੇ ਕੈਨੇਡਾ ਤੋਂ ਗ਼ਦਰ ਵਿਚ ਸ਼ਾਮਲ ਹੋਣ ਲਈ ਗ਼ਦਰੀ ਜਹਾਜ਼ਾਂ ਰਾਹੀਂ ਭਾਰਤ ਪਰਤ ਰਹੇ ਸਨ। ਰਸਤੇ ਵਿਚ ਜਿੱਥੇ ਕਿਤੇ ਵੀ ਉਨ੍ਹਾਂ ਦੇ ਜਹਾਜ਼ ਰੁਕਦੇ ਉੱਥੇ ਗ਼ਦਰੀ ਪੂਰੇ ਜ਼ੋਰ ਨਾਲ ਅੰਗਰੇਜ਼ਾਂ ਨੂੰ ਦੇਸ਼ 'ਚੋਂ ਕੱਢਣ ਲਈ ਭਾਰਤ ਮੁੜਨ ਦੀ ਅਪੀਲ ਕਰਦੇ। ਮਨੀਲਾ 'ਚ ਮੌਲਵੀ ਹਾਫਿਜ਼ ਅਬਦੁੱਲਾ ਦੀ ਪ੍ਰਧਾਨਗੀ 'ਚ ਗ਼ਦਰੀਆਂ ਦੇ ਸਵਾਗਤ ਲਈ ਦੀਵਾਨ ਸਜਾਏ ਗਏ। ਇੱਥੇ ਬੜੀਆਂ ਜੋਸ਼ੀਲੀਆਂ ਤਕਰੀਰਾਂ ਹੋਈਆਂ ਜਿਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਬੀਬੀ ਗੁਲਾਬ ਕੌਰ ਅਤੇ ਉਸਦੇ ਪਤੀ ਮਾਨ ਸਿੰਘ ਸਮੇਤ ਅਨੇਕਾਂ ਹੋਰਨਾਂ ਨੇ ਦੇਸ਼ ਪਰਤਣ ਵਾਲੇ ਇਨਕਲਾਬੀਆਂ ਦੀ ਸੂਚੀ ਵਿਚ ਆਪਣੇ ਨਾਂ ਦਰਜ ਕਰਵਾਏ। ਮਿੱਥੇ ਸਮੇਂ 'ਤੇ ਤੁਰਨ ਵੇਲੇ ਮਾਨ ਸਿੰਘ ਦਾ ਮਨ ਡੋਲ ਗਿਆ। ਬੀਬੀ ਗੁਲਾਬ ਕੌਰ ਨੇ ਪਤੀ ਨੂੰ ਤਾਹਨੇ, ਮਿਹਣੇ ਦੇ ਕੇ ਸ਼ਰਮਸ਼ਾਰ ਵੀ ਕੀਤਾ ਪਰ ਉਹ ਟੱਸ ਤੋਂ ਮੱਸ ਨਾ ਹੋਇਆ। ਆਖ਼ਰਕਾਰ ਬੀਬੀ ਨੇ ਪਤੀ ਨੂੰ ਛੱਡ ਹੋਰਨਾਂ ਸਾਥੀਆਂ ਨਾਲ ਦੇਸ਼ ਪਰਤ ਕੇ ਆਜ਼ਾਦੀ ਦੀ ਲਹਿਰ 'ਚ ਸ਼ਾਮਲ ਹੋਣ ਦਾ ਮਨ ਬਣਾ ਲਿਆ। ਹੁਣ ਉਸਨੇ ਆਪਣੇ ਸੁਪਨੇ ਨੂੰ ਸਹੁਰੇ ਘਰ ਦੀ ਗਰੀਬੀ ਕੱਟਣ ਦੀ ਥਾਂ ਦੇਸ਼ ਦੀ ਗੁਲਾਮੀ ਕੱਟਣ ਨਾਲ ਜੋੜ ਲਿਆ ਸੀ। ਇਕ ਪਾਸੇ ਸਮੁੰਦਰੀ ਛੱਲਾਂ ਤੇ ਦੂਜੇ ਪਾਸੇ ਉਸਦੇ ਮਨ ਦੀਆਂ ਤਰੰਗਾਂ ਸਨ ਕਿ ਹੁਣ ਜਾਵਾਂ ਕਿੱਥੇ? ਪੇਕੇ ਕਿ ਸਹੁਰੇ? ਪਰ ਸ਼ੀਹਣੀ ਨੇ ਇਹ ਪ੍ਰਭਾਵ ਜ਼ਾਹਰ ਨਾ ਹੋਣ ਦਿੱਤਾ ਤੇ ਝੱਟਪਟ ਭਾਈ ਜੀਵਨ ਸਿੰਘ ਦੌਲੇਕੇ ਨੂੰ ਆਪਣਾ ਝੂਠਾ ਮੂਠਾ ਪਤੀ

ਲਿਖਵਾ ਕੇ ਕਾਗਜ਼ੀ ਕਾਰਵਾਈ ਪੂਰੀ ਕਰਵਾ ਦਿੱਤੀ ਤੇ ਸਿੱਧੀ ਜੀਵਨ ਸਿੰਘ ਦੌਲੇਕੇ ਤੇ ਸਾਥੀਆਂ ਸਮੇਤ ਕੋਟਲਾ ਨੌਧ ਸਿੰਘ ਪਹੁੰਚ ਗਈ। ਪੰਜਾਬ ਆ ਕੇ ਉਹ ਇਕ ਥਾਂ ਟਿਕ ਕੇ ਨਾ ਬੈਠ ਸਕੀ ਕਿਉਂਕਿ ਗ਼ਦਰੀਆਂ ਦੀ ਕਰਮਭੂਮੀ ਪੂਰਾ ਪੰਜਾਬ ਸੀ। ਬੀਬੀ ਗੁਲਾਬ ਕੌਰ ਨੇ ਆਪਣੇ ਗ਼ਦਰੀ ਸਾਥੀਆਂ ਦੀ ਸਮੇਂ ਤੇ ਸਥਿਤੀ ਦੀ ਲੋੜ ਅਨੁਸਾਰ ਸੀ, ਭੈਣ, ਪਤਨੀ ਤੇ ਮਾਂ ਦੇ ਰੂਪ ਵਿਚ ਪੁਲੀਸ ਦੀ ਗ੍ਰਿਫ਼ਤਾਰੀ ਤੋਂ ਬਚਾਉਣ ਲਈ, ਉਨ੍ਹਾਂ ਦੇ ਟਿਕਾਣਿਆਂ ਨੂੰ ਗੁਪਤ ਰੱਖਣ ਲਈ ਪਾਰਟੀ ਸਾਹਿਤ, ਸੁਨੇਹੇਂ ਤੇ ਹਥਿਆਰਾਂ ਨੂੰ ਇਕ ਥਾਂ ਤੋਂ ਦੂਜੀ ਥਾਂ 'ਤੇ ਗੁਪਤ ਤਰੀਕਿਆਂ ਨਾਲ ਪਹੁੰਚਾਉਣ ਵਿਚ ਬੜੀ ਦਲੇਰੀ ਨਾਲ ਭੂਮਿਕਾ ਨਿਭਾਈ। ਪੰਜਾਬ ਦੀ ਧੀ ਤੇ ਗ਼ਦਰੀਆਂ ਦੀ ਬਹਾਦਰ ਭੈਣ ਨੇ ਜੇਲ੍ਹਾਂ ਵਿਚ ਪੁਲਸ ਤਸ਼ੱਦਦ ਅਤੇ ਤਸੀਹੇ ਤਾਂ ਖਿੜੇ ਮੱਥੇ ਝੱਲ ਲਏ ਪਰ ਗ਼ਦਰੀਆਂ ਦੇ ਪ੍ਰੋਗਰਾਮਾਂ ਦੀ ਪੁਲਸ ਨੂੰ ਭਿਣਕ ਨਾ ਪੈਣ ਦਿੱਤੀ। ਉਸਨੇ ਆਪਣੇ ਜੀਵਨ ਦੇ ਆਖਰੀ ਸਾਹਾਂ ਤੱਕ ਦੇਸ਼ ਦੀ ਆਜ਼ਾਦੀ ਤੇ ਬਰਾਬਰੀ ਦੇ ਘੋਲ 'ਚ ਆਪਣਾ ਬਣਦਾ ਯੋਗਦਾਨ ਪਾ ਕੇ ਸਮੁੱਚੀ ਇਸਤਰੀ ਜਾਤੀ ਦਾ ਮਾਣ ਵਧਾਇਆ ਹੈ।

ਬੀਬੀ ਗੁਲਾਬ ਕੌਰ ਗ਼ਦਰ ਲਹਿਰ ਦੀ ਇੱਕ ਇਤਿਹਾਸਕ ਪਾਤਰ ਹੈ। ਭਾਵੇਂ ਪੰਜਾਬੀ ਨਾਵਲ ਦਾ ਮੁੱਢ ਹੀ ਸਿੱਖ ਧਰਮ ਨਾਲ ਸਬੰਧਤ ਇਤਿਹਾਸਕ ਨਾਵਲ ਦੀ ਪ੍ਰਵਿਰਤੀ ਨਾਲ ਬੱਝਾ ਸੀ। ਪਰ ਸਮੇਂ ਤੇ ਪ੍ਰਸਿਥਤੀਆਂ ਅਨੁਸਾਰ ਇਹ ਪ੍ਰਵਿਰਤੀ ਬਦਲਦੀ ਰਹੀ। ਇਸ ਬਦਲਦੀ ਪ੍ਰਵਿਰਤੀ ਅਧੀਨ ਨਾਨਕ ਸਿੰਘ ਨੇ 'ਇੱਕ ਮਿਆਨ ਦੋ ਤਲਵਾਰਾਂ' 'ਚ ਗ਼ਦਰ ਪਾਰਟੀ ਨੂੰ ਆਪਣੇ ਨਾਵਲ ਦਾ ਕਥਾਨਕ ਬਣਾਇਆ। ਸੋਹਣ ਸਿੰਘ ਸੀਤਲ ਦੇ ਨਾਵਲ 'ਤੂਤਾਂ ਵਾਲਾ ਖੂਹ' ਦੇ ਆਰੰਭ ਵਿਚ ਹੀ ਗ਼ਦਰ ਪਾਰਟੀ ਦਾ ਜ਼ਿਕਰ ਆਉਂਦਾ ਹੈ। ਸੰਤ ਸਿੰਘ ਸੇਖੋਂ ਨੇ 'ਬਾਬਾ ਆਸਮਾਨ' ਗ਼ਦਰੀ ਹਰੀ ਸਿੰਘ ਉਸਮਾਨ ਬਾਰੇ ਨਾਵਲ ਲਿਖਿਆ। ਗਿਆਨੀ ਤ੍ਰਿਲੋਕ ਸਿੰਘ ਨੇ 'ਕਾਲੇ ਪਾਣੀ' ਨਾਵਲ ਰਾਹੀਂ ਅੰਡੇਮਾਨ ਦੀਆਂ ਜੇਲ੍ਹਾਂ ਵਿਚ ਸਜ਼ਾਵਾਂ ਦੇ ਨਰਕ ਭੋਗ ਰਹੇ ਗ਼ਦਰੀਆਂ ਦੇ ਕਸ਼ਟਾਂ ਦਾ ਬਿਆਨ ਕੀਤਾ ਹੈ। ਗਿਆਨੀ ਕੇਸਰ ਸਿੰਘ ਨੇ ਗ਼ਦਰ ਲਹਿਰ ਨਾਲ ਸੰਬੰਧਿਤ 15 ਤੋਂ ਵੱਧ ਨਾਵਲ ਲਿਖੇ ਹਨ ਜਿਨ੍ਹਾਂ ਵਿਚ 'ਅਮਰ ਸ਼ਹੀਦ ਮੇਵਾ ਸਿੰਘ ਲੋਪੋਕੇ', 'ਜੰਗੀ ਕੈਦੀ' (ਕੈਦ 'ਚ ਹੋਏ ਫੌਜੀ), 'ਅਮਰ ਸ਼ਹੀਦ ਮਦਨ ਲਾਲ ਢੀਂਗਰਾ', 'ਅਮਰ ਸ਼ਹੀਦ ਊਧਮ ਸਿੰਘ, 'ਲਹਿਰ ਵਧਦੀ ਗਈ' (ਸ਼ਹੀਦ ਮਹਿੰਦਰ ਸਿੰਘ ਜਿਸਦੀ ਲਾਸ਼ ਲਾਲ ਕਿਲ੍ਹੇ 'ਚ ਦਫਨਾਈ ਹੋਈ ਹੈ), 'ਗ਼ਦਰੀ ਤੇ ਕਾਮਾ', 'ਸਿੰਘ ਸਾਹਿਬ ਦੀ ਸ਼ਹਾਦਤ' (ਸ਼ਹੀਦ ਬਲਵੰਤ ਸਿੰਘ ਖੁਰਦਪੁਰ), 'ਜੰਞ ਲਾੜਿਆਂ ਦੀ' (ਸ਼ਹੀਦ ਸੋਹਨ ਲਾਲ ਪਾਠਕ), 'ਬਾਬਾ ਹਰੀ ਸਿੰਘ ਉਸਮਾਨ', 'ਵਾਰੇ ਸ਼ਾਹ ਦੀ ਮੌਤ', 'ਗ਼ਦਰੀ ਗੁਲਾਬ', 'ਹਥਿਆਰਬੰਦ ਇਨਕਲਾਬ', 'ਇੱਕ ਮਾਂਗ ਸੰਧੂਰੀ, 'ਕਾਮਾਗਾਟਾਮਾਰੂ' (ਆਜ਼ਾਦ ਹਿੰਦ ਫੌਜ ਦਾ ਬਰਤਾਨਵੀ ਫੌਜ ਨਾਲ ਸੰਘਰਸ਼) ਅਤੇ 'ਗ਼ੱਦਾਰ' (ਬੇਲਾ ਸਿੰਘ ਜ਼ਿਆਣ) ਇਕੱਲੇ-ਇਕੱਲੇ ਗ਼ਦਰੀ ਦੇ ਜੀਵਨ ਸੰਘਰਸ਼ ਬਾਰੇ ਨਾਵਲ ਲਿਖ ਕੇ ਗ਼ਦਰ ਲਹਿਰ ਦੇ ਇਨਕਲਾਬੀ ਵਿਰਸੇ ਨੂੰ ਪਾਠਕਾਂ ਤੱਕ ਪਹੁੰਚਾਇਆ ਹੈ।

ਹਰੀ ਸਿੰਘ ਢੁੱਡੀਕੇ ਨੇ ਪੰਜਾਬੀ ਸਾਹਿਤ ਜਗਤ ਵਿਚ ਆਪਣੇ ਪਲੇਠੇ ਸਮਾਜਕ ਨਾਵਲ 'ਕੰਡੇਦਾਰ ਝਾੜੀਆਂ' ਨਾਲ ਪ੍ਰਵੇਸ਼ ਕੀਤਾ। ਹੁਣ ਤਕ 'ਸ਼ੂਕਦਾ ਦਰਿਆ', 'ਜ਼ਿੰਦਗੀ ਜਿਊਣਾ ਲੋੜਦੀ ਹੈ', 'ਹਿੰਮਤੀ ਬੱਚੇ', 'ਗ਼ਦਰੀ ਸੂਰਬੀਰ' (ਗ਼ਦਰੀ ਸ਼ਹੀਦ ਭਾਈ ਈਸ਼ਰ ਸਿੰਘ ਢੁੱਡੀਕੇ)' ਅਤੇ 'ਮਹਿੰਗੇ ਮੁੱਲ ਦਾ ਮੋਤੀ ਭਾਈ ਦਿੱਤ ਸਿੰਘ' ਪੰਜਾਬੀ ਸਾਹਿਤ ਜਗਤ ਦੀ ਝੋਲੀ 'ਚ ਪਾ ਚੁੱਕਾ ਹੈ। ਹੱਥਲੇ ਨਾਵਲ ਵਿਚ ਲੇਖਕ ਦੀ ਵਿਲੱਖਣਤਾ ਇਹ ਹੈ ਕਿ ਉਸਨੇ ਆਪਣੇ ਨਿੱਜ ਨੂੰ

ਕਿਤੇ ਵੀ ਭਾਰੂ ਨਹੀਂ ਹੋਣ ਦਿੱਤਾ ਤੇ ਨਾ ਹੀ ਕਿਤੇ ਰੁਮਾਂਸ ਦਾ ਸਹਾਰਾ ਲਿਆ ਹੈ ਸਗੋਂ ਇਤਿਹਾਸਕ ਯਥਾਰਥ ਦੇ ਨੇੜੇ ਰੱਖਿਆ ਹੈ। ਗ਼ਦਰ ਲਹਿਰ ਦੀ ਗਾਥਾ 'ਤੇ ਆਧਾਰਿਤ ਲਿਖੇ ਇਸ ਨਾਵਲ ਦੀ ਭਾਸ਼ਾ ਤੇ ਸ਼ੈਲੀ ਬਹੁਤ ਬਲਵਾਨ ਹੈ। ਪਾਤਰਾਂ ਦੇ ਆਪਸੀ ਸੰਵਾਦ ਦਾ ਭਾਸ਼ਾਈ ਵੇਗ ਗ਼ਦਰ ਲਹਿਰ ਦੀਆਂ ਅਮੂਰਤ ਘਟਨਾਵਾਂ ਦੇ ਦ੍ਰਿਸ਼ਾਂ ਨੂੰ ਪਾਠਕਾਂ ਦੀਆਂ ਨਜ਼ਰਾਂ 'ਚ ਸਮੂਰਤ ਕਰ ਦਿੰਦਾ ਹੈ। ਇਹ ਨਾਵਲ ਸੰਪਰਦਾਇਕਤਾ ਅਤੇ ਧਰਮਾਂ ਤੋਂ ਨਿਰਲੇਪ ਹੋ ਕੇ ਗ਼ਦਰ ਪਾਰਟੀ ਵੱਲੋਂ ਦੇਸ਼ ਦੀ ਆਜ਼ਾਦੀ ਲਈ ਕੀਤੇ ਸੰਘਰਸ਼ ਨੂੰ ਰੂਪਮਾਨ ਕਰਦਾ ਹੈ।

ਪੰਜਾਬੀ ਸਾਹਿਤ ਜਗਤ ਦੇ ਮੁੱਢਲੇ ਦੌਰ ਵਿਚ ਜਿੱਥੇ ਨਾਵਲ ਦੀ ਆਮਦ ਨੇ ਪੰਜਾਬੀ ਪਾਠਕਾਂ ਵਿਚ ਵਾਧਾ ਕੀਤਾ, ਉੱਥੇ ਹੁਣ ਸਾਨੂੰ ਆਸ ਹੈ ਕਿ 'ਗ਼ਦਰੀ ਗੁਲਾਬ ਕੌਰ' ਜਿਹੇ ਨਾਵਲ ਵੱਧ ਤੋਂ ਵੱਧ ਪਾਠਕਾਂ 'ਚ ਗ਼ਦਰ ਲਹਿਰ ਦਾ ਇਤਿਹਾਸ ਪੜ੍ਹਨ ਦੀ ਰੁਚੀ ਪੈਦਾ ਕਰਕੇ ਆਪਣੇ ਗੌਰਵਮਈ ਇਨਕਲਾਬੀ ਇਤਿਹਾਸਕ ਵਿਰਸੇ ਨਾਲ ਜੋੜਨ ਵਿਚ ਸਹਾਈ ਹੋਣਗੇ।

-ਡਾ. ਰਘਬੀਰ ਕੌਰ

ਜਨਰਲ ਸਕੱਤਰ

ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ

ਦੋ ਸ਼ਬਦ ਮੇਰੇ ਵੱਲੋਂ

ਗ਼ਦਰੀ ਪਾਰਟੀ ਦਾ ਇਤਿਹਾਸ ਸਾਡੇ ਦੇਸ਼ ਦੇ ਅਜ਼ਾਦੀ ਸੰਗਰਾਮ ਦਾ ਸੁਨਹਿਰੀ ਪੰਨਾ ਹੈ। ਵਾਚਿਆਂ ਹੀ ਪਤਾ ਲੱਗਦਾ ਹੈ ਕਿ ਗ਼ਦਰ ਪਾਰਟੀ ਦੇ ਆਗੂ ਤੇ ਵਰਕਰ ਦੇਸ਼ ਪ੍ਰੇਮ ਦੇ ਕਿਨੇ ਗੂੜ੍ਹੇ ਰੰਗ ਵਿੱਚ ਰੰਗ ਹੋਏ ਸਨ। ਬਾਹਰਲੇ ਦੇਸ਼ਾਂ ਵਿੱਚ ਰੋਜ਼ੀ-ਰੋਟੀ ਦੀ ਭਾਲ ਵਿੱਚ ਗਏ ਭਾਰਤੀ ਉਥੋਂ ਦੀ ਸਮਾਜਿਕ ਤੇ ਰਾਜਨੀਤਕ ਹਾਲਤ ਤੋਂ ਬੜੇ ਪ੍ਰਭਾਵਿਤ ਹੋਏ। ਉਧਰ ਜਾ ਕੇ ਉਨ੍ਹਾਂ ਨੂੰ ਡੂੰਘੀ ਤਰ੍ਹਾਂ ਅਹਿਸਾਸ ਹੋਇਆ ਕਿ ਸਾਡੇ ਭੈੜੇ ਜੀਵਨ ਦਾ ਕਾਰਨ ਸਾਡੇ ਦੇਸ਼ ਦੀ ਗੁਲਾਮੀ ਹੈ। ਇਹ ਲੋਕ ਚੰਗਾ ਜੀਵਨ ਜਿਉਂ ਰਹੇ ਹਨ ਕਿਉਂ ਕਿ ਇਹ ਅਜ਼ਾਦ ਹਨ। ਭਾਰਤ ਵਿੱਚ ਜ਼ੁਲਮ, ਅਰਾਜਿਕਤਾ, ਨਾਬਰਾਬਰੀ ਤੇ ਬੇਰੁਜ਼ਗਾਰੀ ਹੈ। ਕਾਲ਼ ਪੈ ਜਾਂਦੇ ਹਨ। ਭਿਆਨਕ ਬਿਮਾਰੀਆਂ ਹਨ ਪਰ ਸਰਕਾਰ ਨੂੰ ਕੋਈ ਪਤਾ ਹੀ ਨਹੀਂ। ਉਧਰ ਕਮਾਈ ਤਾਂ ਚੰਗੀ ਸੀ ਪਰ ਸਮਾਜਿਕ ਤੌਰ ਤੇ ਇਜ਼ਤ ਭੋਰਾ ਵੀ ਨਹੀਂ ਸੀ। ਥਾਂ-ਥਾਂ ਭਾਰਤੀਆਂ ਨੂੰ ਜ਼ਲੀਲ ਕੀਤਾ ਜਾਂਦਾ। ਇਨ੍ਹਾਂ ਉੱਤੇ ਹਮਲੇ ਹੋ ਜਾਂਦੇ। ਉਥੋਂ ਦੀਆਂ ਸਰਕਾਰਾਂ ਕੁੱਝ ਨਾ ਕਰਦੀਆਂ। ਭਾਰਤੀਆਂ ਪ੍ਰਤੀ ਤੇ ਉਥੋਂ ਦੇ ਲੋਕਾਂ ਪ੍ਰਤੀ ਸਰਕਾਰ ਦਾ ਵਤੀਰਾ ਵੱਖਰਾ ਵੱਖਰਾ ਸੀ। ਸਾਡੇ ਭਾਰਤੀ ਲੋਕਾਂ ਦੀ ਅਣਖ ਜਾਗੀ ਤੇ ਉਹ ਸੋਚਣ ਲੱਗੇ ਕਿ ਸਾਨੂੰ ਵੀ ਮਾਣ-ਇਜ਼ੱਤ ਵਾਲਾ ਜੀਵਨ ਚਾਹੀਦਾ ਹੈ। ਪਰ ਉਨ੍ਹਾਂ ਨੂੰ ਇਹ ਪਤਾ ਲੱਗ ਗਿਆ ਕਿ ਇਹ ਤਾਂ ਹੀ ਸੰਭਵ ਹੈ ਜੇਕਰ ਅਸੀਂ ਅਜ਼ਾਦ ਹੋ ਜਾਈਏ। ਅਸੀਂ ਤਾਂ ਅੰਗਰੇਜ਼ਾਂ ਦੇ ਗੁਲਾਮ ਹਾਂ, ਸਾਡੇ ਲੋਕ ਜਾਗੇ। ਉੱਠ ਖਲੌਤੇ। ਵਿਚਾਰਾਂ ਹੋਈਆਂ। ਕੁੱਝ ਕਰਨ ਦੀ ਤਾਂਘ ਪੈਦਾ ਹੋਈ। ਅਜ਼ਾਦੀ ਦੀ ਭਾਵਨਾ ਉੱਠੀ। ਗ਼ਦਰ ਪਾਰਟੀ ਦਾ ਗਠਨ ਹੋ ਗਿਆ। ਫਿਰ ਗ਼ਦਰ ਪਾਰਟੀ ਨੇ ਭਾਰਤੀਆਂ ਨੂੰ ਹਲੂਣਾ ਦੇਣ ਲਈ ਤੇ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਨਵੀਂ ਜਾਗਰਤੀ ਲਿਆਉਣ ਲਈ (ਗ਼ਦਰ' ਪਰਚਾ ਕੱਢਣਾ ਸ਼ੁਰੂ ਕੀਤਾ) ਗ਼ਦਰ ਪਰਚੇ ਦੇ ਲੇਖ ਤੇ ਜੋਸ਼ੀਲੀਆਂ ਕਵਿਤਾਵਾਂ ਨੇ ਭਾਰਤੀ ਲੋਕਾਂ ਦੇ ਦਿਲਾਂ ਅੰਦਰ ਨਵੀਂ ਰੂਹ ਫੂਕ ਦਿੱਤੀ।

ਗ਼ਦਰੀਆਂ ਨੇ ਸੁੱਖ ਅਰਾਮ ਵਾਲਾ ਜੀਵਨ ਤਿਆਗ ਕੇ ਭਾਰਤ ਨੂੰ ਅਜ਼ਾਦ ਕਰਵਾਉਣ ਲਈ ਮਰ-ਮਿਟਣ ਦੀ ਸਹੁੰ ਖਾਧੀ ਤੇ ਇਸ ਦੀ ਖਾਤਰ ਕਸ਼ਟ ਭਰਿਆ ਰਸਤਾ ਚੁਣ ਲਿਆ। ਗ਼ਦਰੀਆਂ ਨੂੰ ਆਪਣੀਆਂ ਜਾਇਦਾਦਾਂ ਦਾ ਫਿਕਰ ਨਹੀਂ ਸੀ। ਉਹ ਮੋਟੀਆਂ ਕਮਾਈਆਂ ਛੱਡ ਕੇ ਅਜ਼ਾਦੀ ਪ੍ਰਾਪਤ ਕਰਨ ਲਈ ਹਥਿਆਰਬੰਦ ਸੰਘਰਸ਼ ਦਾ ਨਾਅਰਾ ਦੇ ਕੇ ਭਾਰਤ ਪਰਤ ਆਏ। ਉਨ੍ਹਾਂ ਦਾ ਮੱਤ ਸੀ ਕਿ ਅਜ਼ਾਦੀ ਮਿੰਨਤਾਂ ਨਾਲ ਨਹੀਂ ਬੱਸ ਹਥਿਆਰ-ਬੰਦ ਘੋਲ ਰਾਹੀਂ ਹੀ ਪ੍ਰਾਪਤ ਹੋ ਸਕਦੀ ਹੈ। ਇਸ ਲਈ ਗ਼ਦਰ ਪਾਰਟੀ ਨੇ 21 ਫਰਵਰੀ 1915 ਨੂੰ ਗ਼ਦਰ ਕਰਨ ਦਾ ਦਿਨ ਮਿੱਥ ਦਿੱਤਾ।

ਗ਼ਦਰ ਪਾਰਟੀ ਦੇ ਵੱਡੇ ਆਗੂ ਭਾਰਤੀ ਫੌਜੀ ਜਵਾਨਾਂ ਨੂੰ ਫੌਜੀ ਛਾਉਣੀਆਂ ਵਿੱਚ ਮਿਲਦੇ ਰਹੇ। ਆਮ ਲੋਕਾਂ ਵਿੱਚ ਪਰਚਾਰ ਕਰਕੇ ਲੋਕਾਂ ਨੂੰ ਪਾਰਟੀ ਨਾਲ ਜੋੜਨ ਦਾ ਕੰਮ ਕਰਦੇ

ਰਹੇ। ਆਗੂ ਤੇ ਵਰਕਰ ਦਿਨ-ਰਾਤ ਕੰਮ ਕਰਦੇ ਰਹੇ। ਉਹ ਸਿਰਫ ਦੇਸ਼ ਦੀ ਆਜ਼ਾਦੀ ਚਾਹੁੰਦੇ ਸਨ ਤੇ ਇਸ ਦੀ ਖ਼ਾਤਰ ਗ਼ਦਰ ਤੇ ਬੱਸ ਗ਼ਦਰ। ਇਸ ਤੋਂ ਘੱਟ ਉਨ੍ਹਾਂ ਦੀ ਕੋਈ ਗੱਲ ਨਹੀਂ ਸੀ। ਅਜ਼ਾਦੀ ਲਈ ਜਿਨੀ ਵੱਡੀ ਕੁਰਬਾਨੀ ਦੇਣੀ ਪਏ ਉਹ ਹਰ ਵਕਤ ਤਿਆਰ ਸਨ। ਦੋ ਗ਼ਦਰ ਦਾ ਦਿਨ ਦਾ ਇੱਕ ਪੁਲੀਸ ਮੁਖ਼ਬਰ ਨੂੰ ਪਤਾ ਲੱਗ ਗਿਆ। ਇਹ ਮੁਖ਼ਬਰ ਗ਼ਦਰ ਪਾਰਟੀ ਵਿੱਚ ਘੁਸਪੈਠ ਕਰ ਗਿਆ ਸੀ। ਕਿਰਪਾਲ ਸਿੰਘ ਦੇ ਨਾਮ ਦਾ ਇਹ ਬੰਦਾ ਬੁੱਕਲ ਦਾ ਸੱਪ ਸੀ, ਜਿਹੜਾ ਮੌਕੇ ਉਤੇ ਡੰਗ ਮਾਰ ਗਿਆ। ਪਾਰਟੀ ਨੇ 21 ਫਰਵਰੀ ਦੀ ਥਾਂ ਗ਼ਦਰ ਦੀ ਤਾਰੀਕ 19 ਕਰ ਦਿੱਤੀ, ਪਰ ਕਿਰਪਾਲ ਮੁਖ਼ਬਰ ਨੇ 19 ਦੀ ਸੂਹ ਵੀ ਪੁਲੀਸ ਨੂੰ ਦੇ ਦਿੱਤੀ। ਅੰਗਰੇਜ਼ੀ ਸਰਕਾਰ ਨੂੰ ਹੱਥਾਂ ਪੈਰਾਂ ਦੀ ਪੈ ਗਈ। ਪੁਲੀਸ ਹੁਸ਼ਿਆਰ ਹੋ ਗਈ। ਥਾਂ ਥਾਂ ਛਾਪੇਮਾਰੀ ਤੇ ਤਲਾਸ਼ੀਆਂ ਹੋਣ ਲੱਗੀਆਂ। ਇੱਕ ਗ਼ਦਾਰ ਬੰਦੇ ਨੇ ਗ਼ਦਰ ਪਾਰਟੀ ਦਾ ਬਣਾਇਆ ਹੋਇਆ ਪ੍ਰੋਗਰਾਮ ਫੇਲ੍ਹ ਕਰ ਦਿੱਤਾ। ਬੱਸ ਫੇਰ ਗ਼ਦਰੀਆਂ ਦੀਆਂ ਗ੍ਰਿਫਤਾਰੀਆਂ ਸ਼ੁਰੂ ਹੋ ਗਈਆਂ। ਉਨ੍ਹਾਂ ਉਤੇ ਜੇਲ੍ਹਾਂ ਵਿੱਚ ਤਸ਼ੱਦਦ ਦਾ ਦੌਰ ਚੱਲ ਪਿਆ। ਮੁਕੱਦਮੇ ਚੱਲ ਪਏ। ਕਿਸੇ ਨੂੰ ਫਾਂਸੀ, ਕਿਸੇ ਨੂੰ ਉਮਰ ਕੈਦ। ਨਰਕ ਭਰੇ ਜੀਵਨ ਵਾਲੀਆਂ ਜੇਲ੍ਹਾਂ ਵਿੱਚ ਇਹ ਅਣਖੀ ਸੂਰਮੇ ਸੁੱਟ ਦਿੱਤੇ ਗਏ। ਇਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ। ਸਾਡੇ ਦੇਸ਼ ਦੇ ਗ਼ਦਾਰਾਂ ਦੇ ਕਾਰਨ ਗ਼ਦਰ ਪਾਰਟੀ ਦੀ ਲਹਿਰ ਨੂੰ ਬੁਰੀ ਤਰ੍ਹਾਂ ਕੁਚਲ ਦਿੱਤਾ।

ਗ਼ਦਰ ਪਾਰਟੀ ਵਿੱਚ ਰਹਿ ਕੇ ਦੇਸ਼ ਦੀ ਅਜ਼ਾਦੀ ਦੀ ਖਾਤਰ ਜੂਝਣ ਵਾਲੀ ਸੀ, ਇੱਕ ਪੰਜਾਬ ਦੀ ਬਹਾਦਰ ਧੀ ਬੀਬੀ ਗੁਲਾਬ ਕੌਰ ਜਿਸ ਨੇ ਸਾਡੇ ਅਜ਼ਾਦੀ ਸੰਗਰਾਮ ਵਿੱਚ ਆਪਣਾ ਸਾਰਾ ਜੀਵਨ ਲਾ ਦਿੱਤਾ। ਕਰਤਾਰ ਸਿੰਘ ਸਰਾਭਾ ਬੀਬੀ ਗੁਲਾਬ ਕੌਰ ਨੂੰ ਪੰਜਾਬ ਦੀ ਸ਼ੀਹਣੀ ਕਿਹਾ ਕਰਦਾ ਸੀ। ਉਸ ਨੇ ਆਖ਼ਰੀ ਸਾਹ ਤੱਕ ਆਪਣਾ ਰਸਤਾ ਨਹੀਂ ਛੱਡਿਆ। ਸਾਰੀ ਉਮਰ ਕਸ਼ਟ ਸਹਾਰਦੀ ਰਹੀ, ਪਰ ਉਹ ਜ਼ੁਲਮ ਅੱਗੇ ਝੁਕੀ ਨਹੀਂ। ਸਾਰੇ ਗ਼ਦਰੀ ਉਸ ਨੂੰ ਭੈਣ ਕਹਿ ਕੇ ਸਤਿਕਾਰ ਦਿੰਦੇ ਸਨ। ਸਾਡੇ ਅਜ਼ਾਦੀ ਸੰਗਰਾਮ ਦੀ ਇਸ ਮਹਾਨ ਨਾਇਕਾ ਨੂੰ ਇਹ ਨਾਵਲ ਲਿਖ ਕੇ ਉਸ ਨੂੰ ਇੱਕ ਸ਼ਰਧਾਂਜਲੀ ਹੀ ਭੇਂਟ ਕੀਤੀ ਹੈ। ਜੇਕਰ ਇਤਿਹਾਸਕ ਪੱਖੋਂ ਮੇਰੇ ਕੋਲੋਂ ਕੋਈ ਭੁੱਲ ਹੋ ਗਈ ਹੋਵੇ ਤਾਂ ਮੈਂ ਮਾਫ਼ੀ ਚਾਹੁੰਦਾ ਹਾਂ। ਅਖ਼ੀਰ ਵਿੱਚ ਸਤਿਕਾਰ ਯੋਗ ਲੇਖਕਾਂ ਤੇ ਪਾਠਕਾਂ ਨੂੰ ਸਨਿਮਰ ਬੇਨਤੀ ਕਰਦਾ ਹਾਂ ਕਿ ਇਹ ਨਾਵਲ ਪੜ੍ਹ ਕੇ ਆਪਣੀ ਰਾਏ ਜ਼ਰੂਰ ਭੇਜਣ।

ਮੈਂ ਰਿਣੀ ਹਾਂ ਪਿੰਡ ਢੁੱਡੀਕੇ ਦੇ ਸੋਸ਼ਲ ਵਰਕਰ ਜਗਜੀਤ ਸਿੰਘ ਰਾਣਾ (ਅਮਰੀਕਾ ਵਾਲੇ) ਜੀ ਦਾ ਜਿਹੜੇ ਕਹਿੰਦੇ ਹਨ ਕਿ ਹਰੀ ਸਿੰਘ ਦਾ ਰੁਝਾਨ ਲਿਖਣ ਪੜ੍ਹਨ ਵੱਲ ਹੈ। ਖਾਸ ਕਰਕੇ ਉਹ ਗ਼ਦਰੀ ਦੇਸ਼ ਭਗਤਾਂ ਦੀਆਂ ਲਿਖਤਾਂ ਤੋਂ ਖੁਸ਼ ਹਨ। ਉਨ੍ਹਾਂ ਨੇ ਮੈਨੂੰ ਲਿਖਣ ਪੜ੍ਹਨ ਲਈ ਹਮੇਸ਼ਾ ਉਤਸ਼ਾਹਿਤ ਕੀਤਾ ਹੈ।

ਕਾਮਰੇਡ ਪਿਆਰਾ ਸਿੰਘ ਚੇਅਰਮੈਨ ਦੇਸ਼ ਭਗਤ ਗ਼ਦਰੀ ਬਾਬੇ ਯਾਦਗਾਰੀ ਕਮੇਟੀ ਢੁੱਡੀਕੇ ਦਾ ਸਾਥ ਮੇਰੇ ਲਈ ਮਾਣ ਵਾਲੀ ਗੱਲ ਹੈ। ਇਨ੍ਹਾਂ ਤੋਂ ਬਿਨਾਂ ਮਾ. ਜੈਕਬ, ਮਾ. ਆਤਮਾ ਸਿੰਘ, ਪ੍ਰਿੰਸੀਪਲ ਬਲਦੇਵ ਬਾਵਾ, ਗੁਰਮੁਖ ਸਿੰਘ ਸਰੋਏ (ਕੇਨੈਡੀਅਨ) ਤੇ ਵੈਦ ਪਾਲ ਸਿੰਘ ਦੌਧਰ ਦਾ ਵੀ ਮੈਂ ਦਿਲੋਂ ਧੰਨਵਾਦੀ ਹਾਂ।

-ਹਰੀ ਸਿੰਘ ਢੁੱਡੀਕੇ

ਪਿੰਡ+ਡਾਕਘਰ ਢੁੱਡੀਕੇ,

ਤਹਿ. ਮੋਗਾ, ਜ਼ਿਲ੍ਹਾ ਮੋਗਾ (ਪੰਜਾਬ)

ਮੋਬਾ: 94178-55876

ਇਕ

ਚੌਂਕੇ ਵਿੱਚ ਰੋਟੀ ਲਾਹੁੰਦੀ ਗੁਲਾਬ ਕੌਰ ਸਿਰ ਸੁੱਟੀ ਆਉਂਦੇ ਮਾਨ ਸਿੰਘ ਵੱਲ ਝਾਕੀ। ਉਹ ਬੜਾ ਉਦਾਸ ਲੱਗ ਰਿਹਾ ਸੀ। ਕੰਧ ਦੇ ਪਰਛਾਵੇਂ ਹੇਠ ਪਈ ਪੰਜੀ ਉੱਤੇ ਉਹ ਜਿਵੇਂ ਡਿੱਗ ਹੀ ਪਿਆ। ਤਵੇ ਉਤੋਂ ਰੋਟੀ ਚੁੱਕ ਕੇ ਉਹ ਫਿਰ ਖੁਸਦੇ ਦਿਲ ਨਾਲ ਮਾਨ ਸਿੰਘ ਵੱਲ ਵੇਖਣ ਲੱਗੀ। ਮਾਨੇ ਨੇ ਆਪਣੀ ਸੱਜੀ ਬਾਂਹ ਮੂੰਹ ਉੱਤੇ ਰੱਖੀ ਹੋਈ ਸੀ, ਜਿਵੇਂ ਉਹ ਆਪਣਾ ਕੁਮਲਾਇਆ ਚਿਹਰਾ ਢਕਣ ਦਾ ਯਤਨ ਕਰ ਰਿਹਾ ਹੋਵੇ। ਗੁਲਾਬ ਕੌਰ ਦੇ ਦਿਲ ਨੂੰ ਘੇਰ ਜਿਹੀ ਪੈਣ ਲੱਗੀ। ਉਸ ਨੂੰ ਪਤਾ ਸੀ ਕਿ ਮਾਨਾ ਕਈ ਦਿਨਾਂ ਤੋਂ ਕਿਉਂ ਗੁੰਮ-ਸੁੰਮ ਜਿਹਾ ਫਿਰ ਰਿਹਾ ਹੈ। ਅੱਜ ਵੀ ਉਹ ਖੇਤੋਂ ਪੱਠਿਆਂ ਦੀ ਭਰੀ ਲੈ ਕੇ ਆਇਆ ਤੇ ਨਹਾ ਕੇ ਚੁੱਪ ਚਾਪ ਬਾਹਰ ਨੂੰ ਚਲਾ ਗਿਆ। ਗੁਲਾਬ ਕੌਰ ਨੇ ਪਿੱਛੋਂ ਅਵਾਜ਼ ਮਾਰਨੀ ਠੀਕ ਨਾ ਸਮਝੀ। ਉਹ ਤਾਂ ਹਾਜ਼ਰੀ ਰੋਟੀ ਪਕਾਈ ਬੈਠੀ ਸੀ। ਮਾਨਾ ਬਿਨ ਦੱਸੇ ਹੀ ਘਰੋਂ ਚਲਾ ਗਿਆ। ਉਸ ਤੋਂ ਬਾਅਦ ਗੁਲਾਬ ਕੌਰ ਨੇ ਕਿਨਾ ਹੀ ਕੰਮ ਕੀਤਾ। ਪਸ਼ੂਆਂ ਨੂੰ ਨੁਹਾ ਕੇ ਛਾਵੇਂ ਬੰਨ੍ਹਿਆ। ਸਵੇਰ ਦੇ ਭਾਂਡੇ ਮਾਂਜ ਕੇ ਘਰ ਵਿੱਚ ਸਫਾਈ ਕੀਤੀ। ਉਸ ਦੀ ਸੁਰਤ ਮਾਨੇ ਵੱਲ ਸੀ। ਘਰ ਦਾ ਕਮਾਊ ਬੰਦਾ ਭੁੱਖਾ ਤੁਰਿਆ ਫਿਰੇ। ਮਾਨੇ ਦੀ ਮਾਨਸਿਕ ਹਾਲਤ ਨੂੰ ਉਹ ਸਮਝਦੀ ਸੀ। ਮਾਨਾ ਸਾਰਾ ਸਾਲ ਖੇਤੀ ਦੇ ਕੰਮ ਵਿੱਚ ਰੁੱਝਿਆ ਰਹਿੰਦਾ ਸੀ। ਸਾਰਾ ਸਾਲ ਕੰਮ ਕਰਕੇ ਵੀ ਰੋਟੀ ਮਸਾਂ ਜੁੜਦੀ ਐ। ਐਤਕੀਂ ਵੀ ਸਾਰੀ ਜਿਣਸ ਵੇਚ ਕੇ ਪੂਰੀ ਨਹੀਂ ਪਈ। ਸ਼ਾਹੂਕਾਰ ਦਾ ਕਰਜ਼ਾ ਸਿਰ ਉਤੇ ਉਸੇ ਤਰ੍ਹਾਂ ਪਿਆ। ਹੋਰ ਬਥੇਰੇ ਕੰਮ ਕਰਨ ਵਾਲੇ ਐ। ਕਿਸੇ ਜੀਅ ਕੋਲ ਚੱਜ ਦਾ ਕੱਪੜਾ ਨਹੀਂ। ਪੈਰੀਂ ਜੁੱਤੀ ਨਹੀਂ। ਮਾਨਾ ਹਰ ਰੋਜ਼ ਸ਼ਾਹੂਕਾਰ ਤੋਂ ਹੋਰ ਕਰਜ਼ਾ ਲੈਣ ਲਈ ਜਾਂਦਾ ਪਰ ਹਰ ਰੋਜ਼ ਖਾਲੀ ਹੱਥ ਮੁੜ ਆਉਂਦਾ। ਅੱਜ ਵੀ ਉਸੇ ਤਰ੍ਹਾਂ ਹੋਇਆ ਹੋਵੇਗਾ। ਗੁਲਾਬ ਕੌਰ ਦਾ ਦਿਲ ਥੋੜ੍ਹਾ ਹੋਣ ਲੱਗਾ। ਉਸ ਨੇ ਛੇਤੀ ਛੇਤੀ ਰੋਟੀ ਪਕਾ ਕੇ ਥਾਲ ਵਿੱਚ ਮਾਨੇ ਵਾਸਤੇ ਰੋਟੀ ਪਾਈ। ਥਾਲੀ ਤੇ ਲੱਸੀ ਦੀ ਗੜਵੀ ਚੁੱਕ ਕੇ ਗੁਲਾਬ ਕੌਰ ਮਾਨੇ ਕੋਲ ਆ ਗਈ।

"ਲੈ ਉੱਠ। ਰੋਟੀ ਖਾਹ!" ਗੁਲਾਬ ਕੌਰ ਦੀ ਹੌਲੀ ਜਿਹੀ ਅਵਾਜ਼ ਆਈ। ਮਾਨਾ ਉਸੇ ਤਰ੍ਹਾਂ ਪਿਆ ਰਿਹਾ।

"ਉੱਠ ਕੇ ਰੋਟੀ ਖਾਹ। ਢਿੱਡ ਨਾਲ ਕੋਈ ਵੈਰ ਐ।"

"ਮੈਨੂੰ ਭੁੱਖ ਨਹੀਂ।" ਮਾਨੇ ਦੀ ਲਿੱਸੀ ਜਿਹੀ ਅਵਾਜ਼ ਸੀ।

"ਭੁੱਖ ਕਿਉਂ ਨਹੀਂ? ਜੇ ਰੋਟੀ ਨਹੀਂ ਖਾਏਂਗਾ ਤਾਂ ਕੰਮ ਕਿਵੇਂ ਕਰੇਂਗਾ?" ਗੁਲਾਬ ਕੌਰ ਨੇ ਜੋਰ ਨਾਲ ਕਿਹਾ। ਮਾਨ ਸਿੰਘ ਉੱਠ ਕੇ ਬੈਠ ਗਿਆ। ਗੁਲਾਬ ਕੌਰ ਉਸ ਅੱਗੇ ਥਾਲੀ ਰੱਖ ਕੇ ਆਪ ਵੀ ਮੰਜੀ ਉੱਤੇ ਬੈਠ ਗਈ। ਮਾਨਾ ਹੌਲੀ ਹੌਲੀ ਰੋਟੀ ਖਾਣ ਲੱਗਾ।

ਹਾੜ੍ਹ ਮਹੀਨਾ ਅੱਧਾ ਲੰਘ ਗਿਆ ਸੀ। ਐਤਕੀਂ ਮਾਨੇ ਨੇ ਚੜ੍ਹਦੇ ਹਾੜ੍ਹ ਹੀ ਆਪਣਾ ਪਿੜ ਚੁੱਕ ਲਿਆ ਸੀ। ਹਾੜ੍ਹੀ ਦੀ ਫ਼ਸਲ ਵਿੱਚੋਂ ਉਸ ਦੇ ਹੱਥ ਪੱਲੇ ਕੁੱਝ ਨਹੀਂ ਸੀ ਆਇਆ। ਹਾਲੇ ਤਾਂ ਉਸ ਨੇ ਦਾਨਿਆਂ ਦਾ ਬੋਹਲ ਹੀ ਲਾਇਆ ਸੀ ਕਿ ਵਟਾਈ ਵਾਲਾ ਸਰਦਾਰ ਆਪਣੇ ਦੋ ਸਾਥੀਆਂ ਸਮੇਤ ਆ ਗਿਆ। ਮਾਨਾ ਉਸ ਦੀ ਜ਼ਮੀਨ ਵਟਾਈ ਉੱਤੇ ਵਾਹ ਰਿਹਾ ਸੀ। ਘਰ ਦੀ ਜ਼ਮੀਨ ਤਾਂ ਬਹੁਤ ਥੋੜ੍ਹੀ ਸੀ। ਸਰਦਾਰ ਨੂੰ ਪਿੰਡ ਵਿੱਚ ਆਇਆ ਵੇਖ ਕੇ ਮਾਨਾ ਇੱਕ ਦਮ ਘਬਰਾ ਗਿਆ। ਸਰਦਾਰ ਦਾ ਸਾਰੇ ਪਿੜ ਵਿੱਚ ਬੜਾ ਰੋਅਬ ਸੀ। ਸਰਦਾਰ ਨੇ ਚੁੱਪ ਕਰਕੇ ਆਪਣੀ ਵਟਾਈ ਦਾ ਹਿਸਾ ਤੁਲਾਅ ਲਿਆ। ਪੁੱਤਾਂ ਵਾਂਗ ਪਾਲ਼ੀ ਫ਼ਸਲ ਦਾ ਕਾਫੀ ਹਿਸਾ ਜਰਵਾਣੇ ਲੈ ਤੁਰੇ। ਮਾਨਾ ਬੇਵੱਸ ਹੋਇਆ ਵੇਖਦਾ ਰਿਹਾ ਗਿਆ। ਮਾਨੇ ਨੂੰ ਇਹ ਵੀ ਪਤਾ ਸੀ ਕਿ ਪਿੰਡ ਵਿੱਚ ਹੋਰ ਵੀ ਬਥੇਰੇ ਮੁਜ਼ਾਰੇ ਹਨ। ਸਭ ਦੇ ਦਾਣੇ ਇਸੇ ਤਰ੍ਹਾਂ ਸਰਦਾਰਾਂ ਦੇ ਘਰ ਚਲੇ ਜਾਣਗੇ। ਕੋਈ ਵੀ ਬੰਦਾ ਸਰਦਾਰਾਂ ਅੱਗੇ ਬੋਲਣ ਦਾ ਹੌਂਸਲਾ ਨਹੀਂ ਕਰਦਾ।

ਅਗਲੇ ਦਿਨ ਮਾਨਾ ਚੁੱਪ ਕਰਕੇ ਦੋ ਬੰਦੇ ਲੈ ਕੇ ਪਿੜ ਵਿੱਚੋਂ ਸਿਰ ਉੱਤੇ ਤੂੜੀ ਢੋਣ ਲੱਗਾ। ਹਾਲੇ ਚਾਰ ਕੁ ਪੰਡਾਂ ਹੀ ਚੁੱਕੀਆਂ ਸਨ ਕਿ ਉਸੇ ਸਰਦਾਰ ਦਾ ਇੱਕ ਬੰਦਾ ਆ ਕੇ ਕਹਿਣ ਲੱਗਾ, "ਮਾਨਿਆ, ਤੈਨੂੰ ਸਰਦਾਰ ਨੇ ਬੁਲਾਇਆ।" "ਬਾਈ ਜੀ ਅੱਜ ਤਾਂ ਮੈਂ ਤੂੜੀ ਢੋ ਰਿਹਾ। ਮੈਂ ਤਾਂ ਸਗੋਂ ਦੋ ਬੰਦੇ ਨਾਲ ਲਾਏ ਐ!"

"ਇਹ ਤਾਂ ਬਈ ਸਰਦਾਰ ਦਾ ਹੁਕਮ ਐ।" ਉਹ ਭਾਈ ਰੁੱਖੀ ਅਵਾਜ਼ ਵਿੱਚ ਬੋਲਿਆ।

"ਫਿਰ ਵੀ ਕੰਮ ਕੀ ਹੈ?" ਮਾਨਾ ਨਿਮਰਤਾ ਨਾਲ ਬੋਲਿਆ।

"ਅੱਜ ਸਰਦਾਰ ਦੀ ਤੂੜੀ ਢੋਣੀ ਐ। ਉਸ ਨੇ ਸਾਰਿਆਂ ਨੂੰ ਬੁਲਾਇਆ!"

"ਬਾਈ ਮੈਂ ਤਾਂ ਤੇਰੇ ਸਾਹਮਣੇ ਤੂੜੀ ਢੋ ਰਿਹਾਂ। ਵਿਹਲਾ ਹੁੰਦਾ ਤਾਂ ਜਰੂਰ ਆ ਜਾਂਦਾ।" ਪਾਲੇ ਨੇ ਹੱਥ ਜੋੜੇ।

"ਬਈ ਮੈਨੂੰ ਕਿਸੇ ਗੱਲ ਦਾ ਪਤਾ ਨਹੀਂ। ਸਰਦਾਰ ਦਾ ਕੰਮ ਤਾਂ ਆਪਾਂ ਪਹਿਲਾਂ ਕਰਦੇ ਆਂ। ਬਹੁਤ ਬੰਦੇ ਤਾਂ ਚਲੇ ਵੀ ਗਏ। ਸਗੋਂ ਇਨ੍ਹਾਂ ਦੋਹਾਂ ਨੂੰ ਵੀ ਨਾਲ ਲੈ ਚੱਲ। ਵੇਖੀਂ ਸਰਦਾਰ ਕਿਵੇਂ ਖੁਸ਼ ਹੁੰਦਾ!"

"ਬਾਈ ਜੀ, ਮੈਂ 'ਕੱਲਾ ਕਹਿਰਾ ਬੰਦਾ। ਮੀਂਹ ਕਣੀ ਦੀ ਰੁੱਤ ਐ। ਅੱਜ ਮੈਨੂੰ ਤੂੜੀ ਢੋ ਲੈਣ ਦੇ ਤੇ ਕੱਲ੍ਹ ਨੂੰ ਮੈਂ ਜਰੂਰ ਆਊਂਗਾ।" ਮਾਨੇ ਨੇ ਫਿਰ ਤਰਲਾ ਲਿਆ।

"ਬਈ ਸਰਦਾਰ ਦੀ ਤੂੜੀ ਜੇ ਖਰਾਬ ਹੋ ਗਈ ਤਾਂ ਉਸ ਦਾ ਕੌਣ ਜ਼ਿੰਮੇਵਾਰ ਐ?" ਉਸ ਭਾਈ ਨੇ ਅੱਖਾਂ ਵਿਖਾਈਆਂ।

"ਬਾਈ ਜੀ ਅੱਜ ਤਾਂ ਮਾਫ ਕਰਦੇ। ਕੱਲ੍ਹ ਨੂੰ ਪੱਕਾ ਆਊਂਗਾ?" ਮਾਨਾ ਅਜੇ ਵੀ ਹੱਥ ਬੰਨ੍ਹੀ ਖੜ੍ਹਾ ਸੀ।

ਇਸ ਪਿੱਛੋਂ ਉਹ ਬੰਦਾ ਅੱਖਾਂ ਕੱਢਦਾ ਉਥੋਂ ਤੁਰ ਪਿਆ। ਹਵਾ ਬੰਦ ਸੀ। ਸੂਰਜ ਦੀ ਤਿੱਖੀ ਧੁੱਪ ਚਮਕ ਰਹੀ ਸੀ। ਮਾਨਾ ਧੁੱਪੇ ਖਲੋਤਾ ਕਿੰਨਾ ਹੀ ਚਿਰ ਸਰਦਾਰ ਦੇ ਬੰਦੇ ਨੂੰ ਜਾਂਦਾ ਵੇਖਦਾ ਰਿਹਾ। ਉਸ ਨੂੰ ਆਪਣਾ ਆਪ ਬੜਾ ਹੌਲ਼ਾ ਲੱਗਾ। ਸਾਡੀ ਕਾਹਦੀ ਜੂਨ! ਅਸੀਂ ਮੁਜ਼ਾਰੇ ਜਿਉਂ ਹੋਏ। ਸਰਦਾਰਾਂ ਦੀ ਜ਼ਮੀਨ ਵਾਹੁਨੇ ਆਂ। ਸਾਰੇ ਸਾਲ ਦੀ ਕਮਾਈ ਸਰਦਾਰ ਦੇ ਘਰ ਚਲੀ ਜਾਂਦੀ ਐ। ਉਲਟਾ ਇਹ ਸਾਲੇ ਵਗਾਰ ਵੀ ਕਰਵਾਉਂਦੇ ਐ। ਮੁਫ਼ਤ ਦਾ ਕੰਮ! ਵਗਾਰ ਕਰਵਾ ਕੇ ਵੀ ਅਹਿਸਾਨ ਕਰਦੇ ਐ ਕਿ ਅਸੀਂ ਤੁਹਾਨੂੰ ਵਾਹੁਣ ਵਾਸਤੇ ਜ਼ਮੀਨ ਦਿੰਦੇ ਆਂ। ਜਿਹੜੀ ਵਟਾਈ ਲੈ

ਜਾਂਦੇ ਐ ਉਸ ਦਾ ਪਤਾ ਨਹੀਂ। ਨਿਰਾ ਪੂਰਾ ਧੱਕਾ। ਸਾਰੇ ਮੁਜ਼ਾਰੇ ਚੁੱਪ ਕਰਕੇ ਸਰਦਾਰਾਂ ਦਾ ਕੰਮ ਮੁਫਤ ਵਿੱਚ ਕਰੀ ਜਾਂਦੇ ਐ। ਕੋਈ ਕੁਸਕਦਾ ਨਹੀਂ। ਫਿਰ ਮਾਨੇ ਨੂੰ ਯਾਦ ਆਇਆ ਕਿ ਪਿੰਡ ਦੇ ਇੱਕ ਬੰਦੇ ਨੇ ਵਗਾਰ ਦਾ ਕੰਮ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਸਰਦਾਰ ਝੱਟ ਦੋ ਬਦਮਾਸ਼ ਤੇ ਦੋ ਸਿਪਾਹੀ ਲੈ ਕੇ ਆ ਗਿਆ। ਸਰਦਾਰ ਦੇ ਬਦਮਾਸ਼ ਉਸ ਬੰਦੇ ਨੂੰ ਘਰ ਆ ਕੁੱਟ ਗਏ। ਕਿਸੇ ਦੀ ਹਿੰਮਤ ਨਾ ਪਈ ਕਿ ਉਹ ਸਰਦਾਰ ਨੂੰ ਰੋਕ ਸਕੇ। ਲੋਕਾਂ ਦੀ ਜਾਨ-ਮਾਲ ਦੀ ਰਾਖੀ ਕਰਨ ਵਾਲੀ ਪੁਲੀਸ ਦੇ ਵੀ ਦੋ ਸਿਪਾਹੀ ਨਾਲ਼ ਸਨ। ਉਨ੍ਹਾਂ ਨੂੰ ਤਾਂ ਸਰਦਾਰ ਆਪ ਲੈ ਕੇ ਆਇਆ ਸੀ। ਫਿਰ ਲੋਕ ਕੀ ਕਰਨ! ਸਭ ਨੂੰ ਪਤੈ ਕਿ ਏਥੇ ਰਾਜੇ ਦਾ ਰਾਜ ਐ। ਰਾਜੇ ਦੀ ਪੁਲੀਸ ਤਾਂ ਕਹਿੰਦੇ ਪੂਰੀ ਬੱਚੜ ਐ। ਇਹ ਕਿਸੇ ਨੂੰ ਨਹੀਂ ਬਖਸ਼ਦੀ।

"ਬਾਈ ਹੁਣ ਕਿਵੇਂ ਕਰੀਏ?" ਮਾਨੇ ਦਾ ਇੱਕ ਸਾਥੀ ਬੋਲਿਆ। ਮਾਨਾ ਜਿਵੇਂ ਸੁਪਨੇ ਵਿੱਚੋਂ ਜਾਗਿਆ।

"ਚਲੋ ਆਪਾਂ ਤੂੜੀ ਢੋਣ ਲੱਗੀਏ!" ਮਾਨਾ ਹੌਲੀ ਜਿਹੀ ਬੋਲਿਆ।

ਸਾਰੇ ਜਣੇ ਅਣਮੰਨੇ ਜਿਹੇ ਦਿਲ ਨਾਲ ਤੂੜੀ ਢੋਣ ਲੱਗੇ। ਘਰ ਵਿੱਚ ਤੂੜੀ ਦੀ ਪੰਡ ਸੁੱਟਣ ਆਇਆ ਮਾਨਾ ਸਾਰੀ ਗੱਲ ਗੁਲਾਬ ਕੌਰ ਨੂੰ ਦੱਸ ਗਿਆ ਸੀ। ਹੁਣ ਵੀ ਗੁਲਾਬ ਕੌਰ ਨੂੰ ਸਰਦਾਰ ਉੱਤੇ ਰਹਿ ਰਹਿ ਕੇ ਗੁੱਸਾ ਆ ਰਿਹਾ ਸੀ। ਮਾਨਾ ਚੁੱਪ ਚਾਪ ਰੋਟੀ ਖਾ ਰਿਹਾ ਸੀ। ਗੁਲਾਬ ਕੌਰ ਸੋਚ ਰਹੀ ਸੀ ਕਿ ਪਿੰਡ ਚੁਕਦੇ ਸਾਰ ਤਾਂ ਕਿਸਾਨ ਦੇ ਘਰ ਵਿੱਚ ਰੌਣਕ ਹੋਣੀ ਚਾਹੀਦੀ ਐ। ਸਾਲ ਭਰ ਦੀ ਕਮਾਈ ਘਰ ਵਿੱਚ ਆਵੇ। ਮਸਾਂ ਇਹ ਦਿਨ ਆਉਂਦੇ ਐ ਪਰ ਏਥੇ ਤਾਂ ਖ਼ੂਨ ਪਸੀਨੇ ਦੀ ਕਮਾਈ ਸਰਦਾਰਾਂ ਦੇ ਘਰ ਪਹੁੰਚਦੀ ਐ। ਪਹਿਲਾਂ ਸਰਦਾਰ ਲੁੱਟ ਕੇ ਲੈ ਗਿਆ। ਹੁਣ ਸ਼ਾਹੂਕਾਰ ਦੀ ਵਾਰੀ ਐ। ਉਸ ਦਾ ਕਰਜ਼ਾ ਵੀ ਪੂਰਾ ਨਹੀਂ ਲਾਹ ਸਕੇ। ਦਾਣੇ ਤਾਂ ਘਰ ਵਿੱਚ ਸਾਲ ਭਰ ਦੇ ਵੀ ਨਹੀਂ ਬਚੇ। ਟੱਬਰ ਸਾਰਾ ਸਾਲ ਰੋਟੀ ਕਿਥੋਂ ਖਾਏਗਾ। ਹੋਰ ਖਰਚੇ ਕਿੰਨੇ ਪਏ ਐ। ਕਿਸੇ ਕੋਲ ਚੱਜ ਦਾ ਕੱਪੜਾ ਨਹੀਂ। ਕਿਸੇ ਕੋਲ ਪੈਰੀਂ ਜੁੱਤੀ ਨਹੀਂ। ਘਰ ਵਿੱਚ ਰੋਜ਼ ਕਿੰਨੀਆਂ ਚੀਜ਼ਾਂ ਦੀ ਲੋੜ ਹੁੰਦੀ ਐ। ਪਸ਼ੂਆਂ ਨੂੰ ਖਾਧ ਖ਼ੁਰਾਕ ਕਿਥੋਂ ਪਾਵਾਂਗੇ। ਸਾਉਣੀ ਬੀਜਣ ਲਈ ਬੀਜ ਨਹੀਂ ਲਿਆ ਹੋਣਾ। ਮਾਨਾ ਕਹਿੰਦਾ ਸੀ ਕਿ ਇੱਕ ਬਲ਼ਦ ਬੜਾ ਕਮਜ਼ੋਰ ਹੋ ਗਿਆ। ਇਹ ਵੇਚ ਕੇ ਕੋਈ ਚੰਗਾ ਬਲ਼ਦ ਲਿਆਵਾਂਗੇ। ਹੁਣ ਤਾਂ ਕੋਈ ਚੀਜ਼ ਖਰੀਦ ਨਹੀਂ ਹੋਣੀ। ਕਿਤੇ ਰਿਸ਼ਤੇਦਾਰੀ ਵਿੱਚ ਜਾਣ ਜੋਗੇ ਨਹੀਂ।

ਮਾਨੇ ਨੇ ਰੋਟੀ ਖਾ ਕੇ ਥਾਲ਼ੀ ਭੁੰਜੇ ਰੱਖ ਦਿੱਤੀ। ਗੁਲਾਬ ਕੌਰ ਦੀ ਸੋਚ ਲੜੀ ਟੁੱਟ ਗਈ। ਉਹ ਮਾਨੇ ਵੱਲ ਝਾਕੀ। ਫਿਰ ਹੌਲ਼ੀ ਜਿਹੀ ਕਹਿਣ ਲੱਗੀ, "ਅੱਜ ਕਿਥੇ ਗਿਆ ਸੀ?"

"ਜਾਣਾ ਮੈਂ ਕਿੱਥੇ ਸੀ, ਸ਼ਾਹੂਕਾਰ ਕੋਲ ਗਿਆ ਸੀ!" ਮਾਨੇ ਦੀ ਰੁੱਖੀ ਜਿਹੀ ਅਵਾਜ਼ ਸੀ।

"ਸ਼ਾਹੂਕਾਰ ਕੀ ਬੋਲਿਆ?" ਗੁਲਾਬ ਕੌਰ ਨੇ ਫੇਰ ਪੁੱਛਿਆ।

"ਮੈਂ ਤਾਂ ਉਸ ਤੋਂ ਪੈਸੇ ਮੰਗੇ ਸੀ। ਉਹ ਅੱਗੋਂ ਕਹਿੰਦਾ ਕਿ ਹਾਲੇ ਤਾਂ ਪਿਛਲੇ ਪਏ ਐ।" ਮਾਨਾ ਏਨੀ ਆਖ ਕੇ ਚੁੱਪ ਕਰ ਗਿਆ।

ਗੁਲਾਬ ਕੌਰ ਵੀ ਚੁੱਪ ਹੋ ਗਈ। ਉਸ ਦੇ ਦਿਲ ਨੂੰ ਕੋਈ ਵਾਢ ਪੈਣ ਲੱਗੀ। ਸਾਰਾ ਸਾਲ ਮਾਨੇ ਨੇ ਦਿਨ ਰਾਤ ਕੀਤਾ। ਵੱਡੇ ਤੜਕੇ ਹਲ਼ ਜੋੜ ਕੇ ਜਾਣਾ। ਗਰਮੀ ਸਰਦੀ ਝੱਲ ਕੇ ਮਸਾਂ ਫਸਲ ਪਾਲ਼ੀ ਪਰ ਪੱਲੇ ਕੁੱਝ ਨਾ ਪਿਆ। ਫਿਰ ਉਹ ਆਪਣੇ ਬਾਰੇ ਸੋਚਣ ਲੱਗੀ ਕਿ ਉਹ ਆਪ ਵੀ ਘਰ ਵਿੱਚ ਕਿੰਨਾ ਕੰਮ ਕਰਦੀ ਐ। ਵੱਡੇ ਤੜਕੇ ਉਠ ਕੇ ਦੁੱਧ ਰਿੜਕਣਾ, ਮੱਝ ਦੀ ਧਾਰ

ਕੱਢਣੀ, ਗੋਹਾ ਕੂੜਾ ਸੁੱਟਣਾ, ਪਸ਼ੂਆਂ ਨੂੰ ਨੁਹਾ ਕੇ ਪੱਠੇ ਪਾਉਣੇ। ਉਸ ਦਾ ਤਾਂ ਸਾਰਾ ਦਿਨ ਕੰਮ ਨਹੀਂ ਮੁਕਦਾ। ਰੋਟੀ ਟੁੱਕ ਤੋਂ ਵਿਹਲੀ ਹੋ ਕੇ ਉਹ ਚਰਖਾ ਡਾਹ ਲੈਂਦੀ ਹੈ। ਸਾਰਾ ਦਿਨ ਕੰਮ ਕਰਨ ਵਾਲੀ ਡੂੰਘੀ ਸੋਚ ਵਿੱਚ ਗਵਾਚ ਗਈ। ਉਸ ਨੂੰ ਚਿੰਤਾ ਵੱਢ-ਵੱਢ ਖਾ ਰਹੀ ਸੀ ਕਿ ਆਖ਼ਰ ਘਰ ਦਾ ਕੀ ਬਣੇਗਾ! ਕੰਧ ਦਾ ਪਰਛਾਵਾਂ ਦੂਰ ਚਲਾ ਗਿਆ ਸੀ। ਇਨੇ ਨੂੰ ਇੱਕ ਆਦਮੀ ਬੂਹੇ ਅੱਗੇ ਆ ਕੇ ਕਹਿਣ ਲੱਗਾ, "ਮਾਨੇ ਘਰ ਈ ਐਂ?" ਮਾਨਾ ਝੱਟ ਉਪਰ ਝਾਕ ਕੇ ਕਹਿਣ ਲੱਗਾ, "ਆ ਜਾਹ। ਘਰ ਈ ਆਂ!"

ਉਹ ਬੰਦਾ ਅੰਦਰ ਆ ਗਿਆ। ਗੁਲਾਬ ਕੌਰ ਝੱਟ ਪਸ਼ੂਆਂ ਵਾਲੇ ਵਰਾਂਡੇ ਵਿੱਚ ਆ ਗਈ ਪਰ ਉਸ ਦਾ ਧਿਆਨ ਓਪਰੇ ਬੰਦੇ ਵੱਲ ਸੀ। ਓਪਰੇ ਬੰਦੇ ਨੇ ਗੁਲਾਬ ਕੌਰ ਵੱਲ ਬੜੀ ਘੋਖਵੀਂ ਨਜ਼ਰ ਨਾਲ ਵੇਖਿਆ। ਫਿਰ ਉਹ ਮੰਜੇ ਉਤੇ ਬੈਠ ਕੇ ਕਹਿਣ ਲੱਗਾ, "ਮੈਨੂੰ ਤਾਂ ਸਰਦਾਰ ਨੇ ਭੇਜਿਆ!" ਗੁਲਾਬ ਕੌਰ ਨੇ ਇਕ ਦਮ ਕੰਨ ਚੁੱਕ ਲਏ। ਉਹ ਭਾਈ ਗੱਲ ਕਰਦਾ ਗਿਆ, "ਸਰਦਾਰ ਨੇ ਕਿਹਾ ਬਈ ਮਾਨਾ 'ਕੱਲਾ ਕਹਿਰਾ ਬੰਦਾ। ਉਸ ਕੋਲੋਂ ਖੇਤੀ ਦਾ ਕੰਮ ਸੰਭਾਲਿਆ ਨਹੀਂ ਜਾਂਦਾ। ਇਸ ਕਰਕੇ ਟਾਹਲੀ ਵਾਲੇ ਖੇਤ ਸਣੇ ਤਿੰਨ ਘੁਮਾਂ ਜ਼ਮੀਨ ਕਿਸੇ ਹੋਰ ਨੂੰ ਸੰਭਾਲ ਦਿੱਤੇ ਐ।" ਇਹ ਗੱਲ ਸੁਣ ਕੇ ਗੁਲਾਬ ਕੌਰ ਹੱਕੀ ਬੱਕੀ ਰਹਿ ਗਈ। ਉਸ ਦਾ ਦਿਲ ਜੋਰ ਨਾਲ ਧੜਕਣ ਲੱਗਾ। ਅੱਗੇ ਤਾਂ ਕੁੱਝ ਦਾਣੇ ਘਰ ਆ ਗਏ ਸੀ। ਹੁਣ ਤਾਂ ਉਸ ਤੋਂ ਵੀ ਗਏ। ਭੁੱਖੇ ਮਰਨ ਵਾਲੀ ਗੱਲ ਹੋ ਗਈ। ਕਿਧਰ ਨੂੰ ਜਾਵਾਂਗੇ। ਗੁਲਾਬ ਕੌਰ ਉਸ ਭਾਈ ਵੱਲ ਝਾਂਕੀ। ਉਹ ਵੀ ਗੁਲਾਬ ਕੌਰ ਵੱਲ ਇੱਕ ਟੱਕ ਵੇਖਣ ਲੱਗਾ। ਉਸ ਨੇ ਇੱਕ ਪਲ ਵੀ ਆਪਣੀ ਨਜ਼ਰ ਇਧਰ ਉਧਰ ਨਾ ਕੀਤੀ। ਸਗੋਂ ਉਹ ਗੁਲਾਬ ਕੌਰ ਨੂੰ ਅੱਖਾਂ ਪਾੜ-ਪਾੜ ਵੇਖਣ ਲੱਗਾ। ਮਾਨਾ ਨੀਵੀਂ ਪਾਈ ਬੈਠਾ ਸੀ। ਗੁਲਾਬ ਕੌਰ ਜਿਵੇਂ ਪੱਥਰ ਦੀ ਬੁੱਤ ਬਣੀ ਖ਼ਲੋਤੀ ਸੀ। ਸਾਦਾ ਪਹਿਰਾਵਾ, ਉਚਾ ਕੱਦ ਕਾਠ, ਕਣਕਵੰਨਾ ਰੰਗ, ਚਮਕਦਾਰ ਅੱਖਾਂ। ਚਿਹਰੇ ਉਤੇ ਭੋਲ਼ਾਪਣ। ਭਰ ਜੋਬਨ ਮੁਟਿਆਰ ਦੀ ਸਾਖਸ਼ਾਤ ਤਸਵੀਰ।

ਕਿੰਨਾ ਹੀ ਚਿਰ ਬਾਅਦ ਉਹ ਭਾਈ ਗੁਲਾਬ ਕੌਰ ਵੱਲ ਝਾਕਦਾ ਹੋਇਆ ਕਹਿਣ ਲੱਗਾ, "ਮਾਨੇ ਜੇ ਤੂੰ ਆਖੇਂ ਤਾਂ ਮੈਂ ਸਰਦਾਰ ਨੂੰ ਕਹਿ ਕੇ ਸਾਰੀ ਜ਼ਮੀਨ ਤੇਰੇ ਕੋਲ ਵਾਪਸ ਕਰਵਾ ਦੇਨਾਂ।" ਫਿਰ ਉਹ ਗੁਲਾਬ ਕੌਰ ਵੱਲ ਇਸ ਤਰ੍ਹਾਂ ਝਾਕਿਆ ਜਿਵੇਂ ਇਹ ਗੱਲ ਉਸ ਨੇ ਗੁਲਾਬ ਕੌਰ ਨੂੰ ਸੁਣਾ ਕੇ ਆਖੀ ਹੋਵੇ। ਗੁਲਾਬ ਕੌਰ ਝੱਟ ਉਸ ਭਾਈ ਦੀ ਮੈਲ਼ੀ ਅੱਖ ਨੂੰ ਤਾੜ ਗਈ। ਉਸ ਨੂੰ ਇੱਕ ਦਮ ਗੁੱਸਾ ਆ ਗਿਆ। ਉਸ ਦੀਆਂ ਅੱਖਾਂ ਵਿੱਚ ਲਹੂ ਉਤਰ ਆਇਆ। ਗੁੱਸੇ ਨਾਲ ਸਾਰਾ ਸਰੀਰ ਕੰਬਣ ਲੱਗ ਪਿਆ। ਗੁਲਾਬ ਕੌਰ ਦਾ ਦਿਲ ਕਰੇ ਕਿ ਮਾਰ-ਮਾਰ ਜੁੱਤੀਆਂ ਉਸ ਭਾਈ ਦਾ ਤਾਲੂਆ ਭੰਨ ਦੇਵੇ। ਉਸ ਨੇ ਅੱਗੇ ਹੋ ਕੇ ਉਸ ਭਾਈ ਨੂੰ ਅੱਖਾਂ ਵਿਖਾਈਆਂ, ਜਿਵੇਂ ਕਹਿ ਰਹੀ ਹੋਵੇ ਕਿ ਹੁਣ ਬੋਲ। ਉਹ ਬੰਦਾ ਆਪਣੇ ਸਾਹਮਣੇ ਚੰਡੀ ਦਾ ਰੂਪ ਵੇਖ ਕੇ ਇੱਕ ਦਮ ਨੀਵੀਂ ਪਾ ਗਿਆ। ਫਿਰ ਉਹ ਹੌਲੀ ਜਿਹੀ ਮਾਨੇ ਨੂੰ ਕਹਿਣ ਲੱਗਾ, "ਵੇਖ ਬਾਈ, ਮੈਂ ਤਾਂ ਤੇਰੇ ਕਰਕੇ ਕਿਹਾ ਕਿ ਜੇ ਤੂੰ ਆਖੇਂ ਤਾਂ ਮੈਂ ਸਰਦਾਰ ਨੂੰ ਕਹਿ ਦੇਨਾਂ ਤੇ ਨਹੀਂ ਠੀਕ ਐ!"

"ਸਾਨੂੰ ਤੇਰੇ ਵਰਗੇ ਬੰਦੇ ਦੀ ਸਿਫਾਰਸ਼ ਦੀ ਲੋੜ ਨਹੀਂ, ਜੇ ਪੈਲ਼ੀ ਮਿਲਦੀ ਐ ਮਿਲੇ ਤੇ ਨਹੀਂ ਨਾ ਸਹੀ। ਸਰਦਾਰ ਕੋਈ ਰੱਬ ਨਹੀਂ ਬਈ ਉਸ ਤੋਂ ਬਿਨਾਂ ਸਾਨੂੰ ਰੋਟੀ ਨਹੀਂ ਮਿਲਣੀ।" ਗੁਲਾਬ ਕੌਰ ਦੇ ਸ਼ਬਦ ਉਸ ਭਾਈ ਦੇ ਸਿਰ ਵਿੱਚ ਇੱਟਾਂ ਵਾਂਗ ਵੱਜੇ। ਹੈਰਾਨ ਹੋਇਆ ਮਾਨਾ ਇੱਕ ਦਮ ਗੁਲਾਬ ਕੌਰ ਵੱਲ ਵੇਖਣ ਲੱਗਾ।

"ਮੈਂ ਤਾਂ ਬਾਈ ਸਰਦਾਰ ਦੇ ਕਹਿਣ 'ਤੇ ਆਇਆਂ!" ਉਸ ਭਾਈ ਦੀ ਸੁਰ ਬਦਲ ਗਈ।

"ਤੇਰੇ ਵਰਗੇ ਸਰਦਾਰਾਂ ਦੇ ਕੌਲੀ ਚੱਟ ਏਥੇ ਬਥੇਰੇ ਤੁਰੇ ਫਿਰਦੇ ਐ।" ਗੁਲਾਬ ਕੌਰ ਹਾਲੇ ਵੀ ਤਣੀ ਖਲੋਤੀ ਸੀ।

"ਕੀ ਹੋਇਆ ਤੈਨੂੰ?" ਮਾਨਾ ਗੁਲਾਬ ਕੌਰ ਨੂੰ ਘੂਰਨ ਲੱਗਾ।

"ਮੈਂ ਬਖਸ਼ੀ ਵਾਲੇ ਦੀ ਧੀ ਆਂ। ਪਿੰਡ ਤਾਂ ਸਾਡਾ ਵੀ ਮੁਜ਼ਾਰਿਆਂ ਦਾ ਪਿੰਡ ਐ। ਪਰ ਸਾਡੇ ਵਿੱਚ ਹਾਲੇ ਆਣ ਅਣਖ ਹੈਗੀ ਐ। ਐਰ-ਗੈਰ ਨੂੰ ਮੈਂ ਏਥੇ ਖੰਘਣ ਨਹੀਂ ਦੇਣਾ।" ਗੁਲਾਬ ਕੌਰ ਦਾ ਗੁੱਸਾ ਤਾਂ ਵਧ ਰਿਹਾ ਸੀ। ਮਾਨਾ ਉਸ ਨੂੰ ਚੁੱਪ ਕਰਵਾ ਰਿਹਾ ਸੀ। ਪਰ ਉਸ ਉੱਤੇ ਕੋਈ ਅਸਰ ਨਹੀਂ ਸੀ। ਗੁਲਾਬ ਕੌਰ ਦੀਆਂ ਅੱਖਾਂ ਤਾਂ ਲਾਲ ਹੋਈਆਂ ਪਈਆਂ ਸਨ। "ਤੈਨੂੰ ਕੀ ਹੋਈ ਜਾਂਦਾ? ਐਵੇਂ ਲੱਗੀ ਐਂ ਅਵਾ ਤਵਾ ਬੋਲਣ!"ਮਾਨੇ ਨੂੰ ਗੁਲਾਬ ਕੌਰ ਦਾ ਅੱਜ ਅਜੀਬ ਰੂਪ ਨਜ਼ਰ ਆ ਰਿਹਾ ਸੀ। ਸਰਦਾਰ ਦਾ ਬੰਦਾ ਚੁੱਪ ਕਰਕੇ ਚਲਾ ਗਿਆ।

"ਤੈਨੂੰ ਕੁੱਝ ਜ਼ਿਆਦਾ ਈ ਬੋਲਣਾ ਆਉਂਦੈ!" ਮਾਨਾ ਗੁਲਾਬ ਕੌਰ ਨੂੰ ਭੱਜ ਕੇ ਪਿਆ।

"ਸਾਨੂੰ ਨਹੀਂ ਚਾਹੀਦੀ ਸੜੇ ਸਰਕਾਰ ਦੀ ਪੈਲ਼ੀ। ਕਮਾਈ ਕਰਕੇ ਅਗਲੇ ਦਾ ਘਰ ਭਰੋ ਤੇ ਫਿਰ ਵਗਾਰ ਵਾਧੂ ਦੀ। ਆਹ ਸਰਦਾਰਾ ਦੇ ਕੌਲੀ ਚੱਟ ਤੁਰੇ ਫਿਰਦੇ ਐ। ਇਨ੍ਹਾਂ ਨੂੰ ਮੈਂ ਕੌਲ਼ੇ ਨਾਲ ਨਹੀਂ ਖਲੋਣ ਦੇਣਾ।" ਗੁਲਾਬ ਕੌਰ ਦਾ ਚਿਹਰਾ ਗੁੱਸੇ ਨਾਲ ਭਖ ਰਿਹਾ ਸੀ।

"ਪੈਲ਼ੀ ਤਾਂ ਅੱਗੇ ਨਹੀਂ ਮਿਲਦੀ। ਇਹਨੇ ਅੱਜ ਹੋਰ ਚੰਦ ਚਾੜ੍ਹ ਦਿੱਤਾ।" ਮਾਨਾ ਨੀਵੀਂ ਪਾਈ ਬੋਲਿਆ।

"ਸ਼ੁਕਰ ਕਰ ਕਿ ਮੈਂ ਉਹਦੇ ਸਿਰ ਵਿੱਚ ਜੁੱਤੀਆਂ ਨਹੀਂ ਮਾਰੀਆਂ!" ਗੁਲਾਬ ਕੌਰ ਹਾਲੇ ਵੀ ਗੁੱਸੇ ਵਿੱਚ ਕੰਬ ਰਹੀ ਸੀ।

"ਕੁੜੇ ਕੀ ਹੋ ਗਿਆ ਤੈਨੂੰ, ਕਾਹਤੋਂ ਬੋਲੀ ਜਾਨੀ ਐਂ?" ਗਵਾਂਢ ਵਿੱਚੋਂ ਅਤਰੀ ਬੁੜ੍ਹੀ ਸੋਟੀ ਦੇ ਸਹਾਰੇ ਤੁਰਦੀ ਅੰਦਰ ਲੰਘ ਆਈ।

"ਆ ਜਾਹ ਬੇਬੇ ਜੀ, ਲੰਘ ਆ। ਮੱਥਾ ਟੇਕਦੀ ਆਂ!" ਗੁਲਾਬ ਕੌਰ ਨੇ ਸ਼ਿਸ਼ਟਾਚਾਰ ਵਜੋਂ ਕਿਹਾ।

"ਜਿਉਂਦੀ ਰਹਿ ਧੀਏ। ਦੁੱਧੀ ਪੁੱਤੀ ਫਲੇਂ। ਬੁੱਢ ਸੁਹਾਗਣ ਹੋਵੇਂ। ਰੱਬ ਤੈਨੂੰ ਘਰ ਦੇ ਭਾਗ ਲਾਵੇ!" ਬੁੜ੍ਹੀ ਦੀਆਂ ਅਸੀਸਾਂ ਨੇ ਗੁਲਾਬ ਕੌਰ ਨੂੰ ਕੁੱਝ ਨਰਮ ਕਰ ਦਿੱਤਾ। ਮਾਨਾ ਉਠ ਕੇ ਪਸ਼ੂਆਂ ਵੱਲ ਚਲਾ ਗਿਆ। ਬੁੜ੍ਹੀ ਮੰਜੀ ਉੱਤੇ ਬੈਠ ਗਈ। ਉਸ ਦੇ ਹੱਥ ਵਿੱਚ ਗੁੜ ਵਾਲੀ ਬਾਟੀ ਸੀ।

"ਲੈ ਕੁੜੇ ਮੂੰਹ ਮਿਠਾ ਕਰੋ।"

"ਬੇਬੇ ਜੀ, ਇਹ ਮਿਠਾ ਕਾਹਦਾ?" ਗੁਲਾਬ ਕੌਰ ਨੇ ਬਾਟੀ ਫੜਦਿਆਂ ਕਿਹਾ।

"ਕੁੜੇ ਮੇਰਾ ਭਤੀਜਾ ਸੁੱਖ ਨਾਲ ਮਿਰਕਣ ਨੂੰ ਗਿਆ। ਰੱਬ ਭਲੀ ਕਰੇ!"

"ਮਿਰਕਣ ਨੂੰ?" ਗੁਲਾਬ ਕੌਰ ਦੀਆਂ ਅੱਖਾਂ ਟੱਡੀਆਂ ਰਹਿ ਗਈਆਂ। ਉਹ ਕਦੇ ਕਦੇ ਸੁਣਦੀ ਸੀ ਕਿ ਲੋਕ ਅਮਰੀਕਾ ਤੇ ਕੈਨੇਡਾ ਨੂੰ ਜਾ ਰਹੇ ਐ। ਕਹਿੰਦੇ ਉਧਰ ਤਾਂ ਲੋਹੜੇ ਦੀ ਕਮਾਈ ਐ। ਦਿਹਾੜੀ ਦੇ ਚਾਰ-ਚਾਰ, ਪੰਜ-ਪੰਜ ਰੁਪਏ। ਇਧਰ ਪੈਸਾ ਵੇਖਣ ਨੂੰ ਨਹੀਂ ਮਿਲਦਾ। ਪਰ ਉਹ ਦਿਲ ਵਿੱਚ ਹੀ ਸੋਚਦੀ ਸੀ ਕਿ ਬਾਹਰਲੇ ਦੇਸ਼ ਜਾਣਾ ਆਮ ਬੰਦੇ ਦੇ ਵੱਸ ਦੀ ਗੱਲ ਨਹੀਂ। ਉਧਰ ਤਾਂ ਕੋਈ ਕੋਈ ਜਾ ਸਕਦਾ।

"ਬੇਬੇ ਜੀ ਆਹ ਤਾਂ ਤੂੰ ਬਹੁਤ ਖੁਸ਼ੀ ਵਾਲੀ ਗੱਲ ਸੁਣਾਈ। ਮੈਂ ਵੀ ਆਖਾਂ ਬਈ ਬੇਬੇ ਜੀ ਮਿਠਾ ਕਾਹਦਾ ਚੁੱਕੀ ਆਉਂਦੀ ਐਂ।"

"ਊਂ ਧੀਏ ਮੇਰਾ ਦਿਲ ਵੀ ਡੋਲਦਾ। ਕਹਿੰਦੇ ਕਲਕੱਤੇ ਤੋਂ ਪਾਣੀ ਵਾਲੇ ਜਹਾਜ਼ ਵਿੱਚ ਬੈਠ ਕੇ ਜਾਣਾ ਪੈਂਦਾ।" ਬੁੜ੍ਹੀ ਨੇ ਹੋਰ ਗੱਲ ਸੁਣਾਈ। ਫਿਰ ਕੁੱਝ ਚਿਰ ਰੁਕ ਕੇ ਉਹ ਕਹਿਣ ਲੱਗੀ।" ਧੀਏ ਮਾਲਕ ਸਭ ਦੀ ਸੁਣੇ। ਏਥੇ ਤਾਂ ਕਮਾਈ ਕਰਕੇ ਵੀ ਵੇਲਾ ਪੂਰਾ ਨਹੀਂ ਹੁੰਦਾ!" ਅਤਰੀ ਬੁੜ੍ਹੀ ਦੀਆਂ ਗੱਲਾਂ ਸੁਣਦੀ ਗੁਲਾਬ ਕੌਰ ਅੰਦਰ ਖਾਤੇ ਸੋਚਣ ਲੱਗੀ ਕਿਤੇ ਮਾਲਕਾ, ਕਦੇ ਸਾਡੀ ਵੀ ਸੁਣੀ! ਤੇ ਫਿਰ ਉਸ ਨੇ ਇੱਕ ਲੰਬਾ ਹਾਉਕਾ ਲਿਆ।

ਦੋ

ਹਾੜ੍ਹ ਮਹੀਨੇ ਦਾ ਪਿਛਲਾ ਪੱਖ ਸੀ। ਦਿਨ ਚੜ੍ਹਦੇ ਨਾਲ ਪੂਰੇ ਜੋਰ ਦਾ ਮੀਂਹ ਪੈਣ ਲੱਗਾ। ਵਰਾਂਡੇ ਵਿੱਚ ਬੈਠਾ ਮਾਨਾ ਵਰ੍ਹਦੇ ਮੀਂਹ ਵੱਲ ਵੇਖ ਰਿਹਾ ਸੀ। ਕਾਲੇ ਬੱਦਲਾਂ ਨਾਲ ਰਾਤ ਪੈ ਗਈ ਲੱਗਦੀ ਸੀ। ਹਾੜ੍ਹ ਮਹੀਨੇ ਦੀ ਤਪਸ਼ ਕਿਧਰੇ ਉੱਡ ਗਈ। ਮਾਨਾ ਖੁਸ਼ ਸੀ। ਚੰਗਾ ਹੋਇਆ ਰੱਬ ਨੇ ਸਾਡੀ ਸੁਣ ਲਈ। ਫਿਰ ਉਸ ਨੂੰ ਸਰਦਾਰ ਵੱਲੋਂ ਤਿੰਨ ਘੁਮਾਂ ਜ਼ਮੀਨ ਖੋਹ ਲੈਣ ਦਾ ਝੋਰਾ ਹੋਣ ਲੱਗਾ। ਅਸਲ ਵਿੱਚ ਮੈਂ ਉਸ ਦੀ ਮੁਫ਼ਤ ਵਿੱਚ ਤੂੜੀ ਢੋਣ ਨਹੀਂ ਗਿਆ। ਵਗਾਰ ਨੂੰ ਸਰਦਾਰ ਆਪਣਾ ਹੱਕ ਸਮਝਦਾ। ਗੁੱਸੇ ਵਿੱਚ ਆ ਕੇ ਉਸ ਨੇ ਮੇਰੇ ਵਾਲੀ ਜ਼ਮੀਨ ਕਿਸੇ ਹੋਰ ਨੂੰ ਵਟਾਈ ਉੱਤੇ ਸੰਭਾਲ ਦਿੱਤੀ। ਏਨੇ ਨੂੰ ਗੁਲਾਬ ਕੌਰ ਖੇਸ ਦੀ ਬੁੱਕਲ ਮਾਰੀ ਵਰਾਂਡੇ ਵਿੱਚ ਆ ਗਈ।

"ਕਿਉਂ ਭਿਜਦੀ ਫਿਰਦੀ ਐਂ?" ਮਾਨਾ ਹੌਲੀ ਜਿਹੀ ਬੋਲਿਆ।

"ਮੀਂਹ ਤਾਂ ਹਟਣ ਦਾ ਨਾਂ ਨਹੀਂ ਲੈਂਦਾ। ਇਹ ਤਾਂ ਹਾਲੇ ਚੰਗਾ ਹੋਇਆ ਬਈ ਮੈਂ ਛੱਤਾਂ ਉੱਤੇ ਮਿੱਟੀ ਫੇਰ ਦਿੱਤੀ ਸੀ। ਨਹੀਂ ਐਹੋ ਜਿਹੀ ਛੱਟ ਦਾ ਮੀਂਹ ਕੱਚੇ ਕੋਠੇ ਕਦੋਂ ਛੱਡਦਾ!" ਫਿਰ ਉਸ ਨੇ ਮੀਂਹ ਨਾਲ ਭਿੱਜਿਆ ਖੇਸ ਲਾਹ ਕੇ ਕਿੱਲੀ ਉੱਤੇ ਟੰਗ ਦਿੱਤਾ। ਆਪ ਵੀ ਉਹ ਮੰਜੇ ਉੱਤੇ ਬੈਠ ਗਈ। ਉਸ ਦਾ ਧਿਆਨ ਹਾਲੇ ਵੀ ਵਰ੍ਹਦੇ ਮੀਂਹ ਵੱਲ ਸੀ।

"ਚਲ ਕੁੱਝ ਤਾਂ ਠੰਢ ਹੋਈ। ਬਾਹਰ ਕਿਹੜਾ ਨਿਕਲਿਆ ਜਾਂਦਾ ਸੀ। ਮੀਂਹ ਤਾਂ ਮਸਾਂ ਆਇਆ, ਹੋਰ ਨਹੀਂ ਤਾਂ ਲੋਕ ਪੱਠੇ ਈ ਬੀਜ ਲੈਣਗੇ!" ਮਾਨੇ ਨੇ ਐਵੇਂ ਸਾਧਾਰਨ ਗੱਲ ਕੀਤੀ।

"ਥੋੜ੍ਹੇ ਬਹੁਤੇ ਪੱਠੇ ਤਾਂ ਤੂੰ ਵੀ ਬੀਜ ਦੇ। ਪਸ਼ੂ ਕੀ ਖਾਣਗੇ!" ਗੁਲਾਬ ਕੌਰ ਬਿਨ ਸੋਚਿਆਂ ਵਾਂਗ ਬੋਲੀ।

"ਆਪਣੇ ਕੋਲ ਤਾਂ ਹੁਣ ਚਾਰ ਸਿਆੜ ਰਹਿ ਗਏ। ਕਿਸੇ ਹੋਰ ਤੋਂ ਦੋ ਚਾਰ ਘੁਮਾਂ ਪੁੱਛਦੇ ਆਂ। ਇਉਂ ਆਪਣਾ ਕਿਵੇਂ ਗੁਜ਼ਾਰਾ ਹੋਊ?"

ਗੁਲਾਬ ਕੌਰ ਕੁੱਝ ਚਿਰ ਚੁੱਪ ਰਹੀ ਤੇ ਫਿਰ ਕੁੱਝ ਸੋਚ ਕੇ ਕਹਿਣ ਲੱਗੀ, "ਮੈਂ ਤਾਂ ਇਉਂ ਆਹਨੀਆਂ ਬਈ ਕੁੱਝ ਪੱਠੇ ਬੀਜ ਕੇ ਬਾਕੀ ਕਪਾਹ ਵਾਸਤੇ ਰੱਖ ਲੈ।"

"ਕਿਉਂ ਭੁੱਖੇ ਮਰਨ ਦੀ ਸਲਾਹ ਐ ਤੇਰੀ?" ਮਾਨਾ ਇੱਕ ਦਮ ਬੋਲਿਆ।

"ਹੋਰ ਫਿਰ ਕੀ ਕਰਾਂਗੇ?" ਗੁਲਾਬ ਕੌਰ ਨੇ ਫੇਰ ਪੁੱਛਿਆ।

"ਦੋ ਚਾਰ ਘੁਮਾਂ ਤਾਂ ਵਟਾਈ ਉੱਤੇ ਲੈਣੀ ਪਊਗੀ। ਖਾਵਾਂਗੇ ਕੀ?"

"ਅਸੀਂ ਨਹੀਂ ਕਿਸੇ ਤੋਂ ਵਟਾਈ ਉੱਤੇ ਜ਼ਮੀਨ ਲੈਣੀ!" ਗੁਲਾਬ ਕੌਰ ਦੀ ਅਵਾਜ਼ ਵਿੱਚ

ਤਲਖੀ ਆ ਗਈ।

"ਕਿਉਂ?" ਮਾਨਾ ਹੈਰਾਨ ਹੋ ਕੇ ਗੁਲਾਬ ਕੌਰ ਵੱਲ ਝਾਕਿਆ।

"ਕਮਾਈ ਕਰੋ ਸਾਲ ਭਰ ਤੇ ਫਿਰ ਅਗਲੇ ਦਾ ਘਰ ਭਰ ਦਿਉ। ਵਗਾਰ ਵਾਧੂ ਦੀ। ਕੀ ਇਹ ਜਰੂਰੀ ਐ ਬਈ ਇਹੀ ਕੰਮ ਕਰਨਾ। ਹੋਰ ਕੋਈ ਕੰਮ ਨਹੀਂ ਕਰ ਹੁੰਦਾ?"

"ਹੋਰ ਦੱਸ ਕਿਹੜਾ ਕੰਮ ਕਰੀਏ! ਜੱਟ ਦਾ ਪੁੱਤ ਖੇਤੀ ਤੋਂ ਬਿਨਾਂ ਹੋਰ ਕੁੱਝ ਕਰ ਹੀ ਨਹੀਂ ਸਕਦਾ।"

"ਕਿਉਂ ਕੋਈ ਦੁਕਾਨ ਕਰ ਲੈ।"

"ਹੇਖਾਂ! ਕਰ ਦਿੱਤੀ ਗੱਲ। ਇਹ ਤਾਂ ਬਾਣੀਆਂ ਨੂੰ ਤਾਫੀਕਾਂ। ਜੱਟ ਦਾ ਪੁੱਤ ਨਹੀਂ ਦੁਕਾਨ ਕਰ ਸਕਦਾ।"

"ਤੇ ਜੱਟ ਦਾ ਪੁੱਤ, ਸਾਰਾ ਸਾਲ ਧੰਦ ਪਿੱਟ ਸਕਦਾ। ਮੁਫ਼ਤ ਦੀ ਵਗਾਰ ਕਰ ਸਕਦਾ। ਹੋਰ ਕੋਈ ਕੰਮ ਤਾਂ ਇਸ ਨੂੰ ਕਰਨਾ ਨਹੀਂ ਆਉਂਦਾ।" ਗੁਲਾਬ ਕੌਰ ਦੇ ਮੋੜਵੇਂ ਜਵਾਬ ਨਾਲ ਮਾਨਾ ਝੇਪਰ ਕੇ ਰਹਿ ਗਿਆ।

"ਹੋਰ ਫੇਰ ਕੀ ਕਰੀਏ?" ਮਾਨਾ ਗੁੱਸੇ ਵਿੱਚ ਬੋਲਿਆ।

"ਖੇਤੀ ਦਾ ਕੰਮ ਛੱਡ ਦੇ।"

"ਫਿਰ ਮੰਗਣ ਲੱਗ ਜਾਈਏ?"

"ਮੰਗਣ ਕਿਉਂ ਜਾਵਾਂਗੇ, ਕੰਮ ਕਰਾਂਗੇ। ਰੱਬ ਨੇ ਨੈਣ-ਪਰਾਣ ਦਿੱਤੇ ਐ। ਹਿਕ ਡਾਹ ਕੇ ਕੰਮ ਕਰਾਂਗੇ। ਆਪਣੇ ਘਰ ਬੁੜ੍ਹੀ ਆਈ ਸੀ। ਉਹ ਦੱਸ ਕੇ ਗਈ ਸੀ ਬਈ ਉਸ ਦਾ ਭਤੀਜਾ ਮਿਰਕਣ ਨੂੰ ਚਲਾ ਗਿਆ। ਕੀ ਅਸੀਂ ਨਹੀਂ ਜਾ ਸਕਦੇ?"

"ਵਿਹੁ ਖਾਣ ਨੂੰ ਸਾਡੇ ਕੋਲ ਪੈਸਾ ਨਹੀਂ। ਗੱਲਾ ਕਰਦੀ ਐ ਮਿਰਕਣ ਦੀਆਂ। ਇੱਕ ਅਤਰੀ ਬੁੜ੍ਹੀ ਦੀਆਂ ਗੱਲਾਂ ਸੁਣ ਲਈਆਂ।"

"ਉਹ ਗਲਤ ਤਾਂ ਨਹੀਂ ਦੱਸ ਕੇ ਗਈ! ਤੂੰ ਵੀ ਕਿਸੇ ਤੋਂ ਪੁੱਛ ਪਛਾਅ ਕੇ ਵੇਖ ਬਈ ਬਾਹਰਲੇ ਦੇਸ਼ ਕਿਵੇਂ ਜਾਈਦਾ। ਕਿੰਨੇ ਪੈਸੇ ਲੱਗਣਗੇ। ਇਉਂ ਅੰਦਰ ਬੈਠ ਕੇ ਤਾਂ ਕੁੱਝ ਨਹੀਂ ਹੋਣਾ। ਸਾਨੂੰ ਕੋਈ ਹੀਲਾ ਤਾਂ ਕਰਨਾ ਪਊਗਾ।"

"ਮੈਨੂੰ ਤਾਂ ਬਈ ਕੁੱਝ ਨਹੀਂ ਸੁਝਦਾ।" ਮਾਨੇ ਨੇ ਸਿਰ ਮਾਰਿਆ।

"ਮੇਰੀ ਗੱਲ ਸੁਣ। ਤੂੰ ਪੈਸਿਆਂ ਬਾਰੇ ਸ਼ਾਹੂਕਾਰ ਨਾਲ ਚੱਜ ਨਾਲ ਗੱਲ ਕਰ!"

"ਲੈ ਕਰ ਸ਼ਾਹੂਕਾਰ ਨਾਲ ਗੱਲ। ਉਹ ਥੜ੍ਹੇ ਥੂਹ ਨਹੀਂ ਲੱਗਣ ਦਿੰਦਾ। ਇਹ ਉੱਤੋਂ ਦੀ ਹੋਰ ਸੁਣਾਉਂਦੀ ਐ।"

"ਤੂੰ ਗੁੱਸਾ ਨਾ ਕਰ। ਠੰਢੇ ਮਤੇ ਨਾਲ ਗੱਲ ਸੁਣ। ਪਹਿਲਾਂ ਤਾਂ ਤੂੰ ਖੇਤੀ ਛੱਡ ਦੇ ਘਰ ਵਾਲੀ ਜ਼ਮੀਨ ਵਾਹ ਬੀਜ ਲੈ। ਸਾਰੇ ਪਸ਼ੂ ਵੇਚ ਦੇ। ਕੁੱਝ ਪੈਸੇ ਸ਼ਾਹੂਕਾਰ ਤੋਂ ਲੈ ਕੇ ਬਾਹਰ ਨੂੰ ਜਾਣ ਦੀ ਕੋਈ ਵਿਉਂਤ ਬਣਾ!"

"ਤੂੰ ਗੱਲਾਂ ਕੀ ਕਰਨ ਲੱਗੀ ਐਂ। ਪੱਲੇ ਨਾ ਧੇਲਾ, ਕਰਦੀ ਮੇਲਾ ਮੇਲਾ। ਅਤੇ ਘਰ ਦਾ ਮਾਲ ਡੰਗਰ ਹੀ ਵੇਚ ਛੱਡ। ਬੱਲੇ ਨੀ ਤੇਰੇ। ਮੈਨੂੰ ਸਮਝ ਨਹੀਂ ਪੈਂਦੀ ਇਹ ਪੁੱਠੇ ਰਾਹ ਕਿਉਂ ਪੈ ਗਈ!" ਮਾਨਾ ਪੂਰੀ ਤਰ੍ਹਾਂ ਖਿਝਿਆ ਬੈਠਾ ਸੀ।

"ਮੈਂ ਪੁੱਠੇ ਰਾਹ ਨੀ ਪਈ। ਮੈਂ ਤਾਂ ਅੱਗੇ ਦੀ ਸੋਚਦੀ ਆਂ। ਤੂੰ ਪਿੰਡ ਵਿੱਚ ਜਾਂ ਆਸੇ ਪਾਸੇ

ਜਾਂ ਕਿਸੇ ਤੋਂ ਪਤਾ ਕਰਕੇ ਤਾਂ ਵੇਖ ਬਈ ਬਾਹਰ ਨੂੰ ਕਿਵੇਂ ਜਾਈਦਾ। ਕੀ ਕਰਨਾ ਪੈਂਦਾ। ਕਿੰਨਾ ਕਿਰਾਇਆ ਭਾੜਾ ਲੱਗਦਾ; ਸਾਨੂੰ ਹਰ ਹਾਲਤ ਕੁੱਝ ਕਰਨਾ ਪੈਣਾ।" ਗੁਲਾਬ ਕੌਰ ਨੇ ਬੜੇ ਠਰ੍ਹੰਮੇ ਨਾਲ ਕਿਹਾ।

"ਮੈਂ ਤਾਂ ਹੁਣ ਤੱਕ ਧੂਰੀ ਨਹੀਂ ਗਿਆ। ਮੈਨੂੰ ਕੀ ਪਤਾ ਬਈ ਬਾਹਰ ਕਿਵੇਂ ਜਾਈਦਾ। ਵਿਆਹ ਕਰਵਾ ਕੇ ਤਾਂ ਸਗੋਂ ਔਖੇ ਹੋ ਗਏ! ਆਹ!" "ਜੇ ਔਖਾ ਹੋ ਗਿਐਂ ਤਾਂ ਮੈਂ ਪੇਕੀਂ ਚਲੀ ਜਾਨੀਆਂ। ਬਖਸ਼ੀ ਵਾਲਾ ਕਿਹੜਾ ਦੂਰ ਐ।" "ਤੈਨੂੰ ਕੀ ਔਖਾ। ਤੇਰੇ ਵੱਲ ਤਾਂ ਵੀਹ ਹੱਥ ਕੱਢਣਗੇ।"

"ਬੱਲੇ ਵੇ ਤੇਰੇ! ਇਉਂ ਨੀ ਮੈਂ ਹੰਭਲਵਾਸ ਛੱਡ ਕੇ ਜਾਂਦੀ!" ਗੁਲਾਬ ਕੌਰ ਦੀ ਸੁਰ ਵੀ ਨਰਮ ਹੋ ਗਈ। ਫਿਰ ਉਹ ਪਸ਼ੂਆਂ ਵੱਲ ਝਾਕੀ। ਸਾਰੇ ਪਸ਼ੂ ਅਰਾਮ ਨਾਲ ਬੈਠੇ ਸਨ, ਜਿਵੇਂ ਉਨ੍ਹਾਂ ਨੂੰ ਵੀ ਗਰਮੀ ਤੋਂ ਮਸਾਂ ਰਾਹਤ ਮਿਲੀ ਹੋਵੇ।

ਮੀਂਹ ਅੱਗੇ ਨਾਲੋਂ ਥੰਮ੍ਹ ਗਿਆ। ਗੁਲਾਬ ਕੌਰ ਫੇਰ ਹੌਲੀ ਜਿਹੀ ਕਹਿਣ ਲੱਗੀ, "ਵੇਖ ਬੰਦੇ ਦਾ ਕੋਸ਼ਿਸ਼ ਕਰਨਾ ਹੱਕ ਐ। ਤੂੰ ਬਾਹਰ ਅੰਦਰ ਤੁਰ ਫਿਰ ਕੇ ਪਤਾ ਕਰ ਬਈ ਕਿੰਨਾ ਕੁ ਕਿਰਾਇਆ ਭਾੜਾ ਚਾਹੀਦਾ। ਉਹੋ ਜਿਹਾ ਫਿਰ ਬੰਦੋਬਸਤ ਹੋ ਜਾਂਦਾ। ਮੇਰਾ ਟੂਮ ਛੱਲਾ ਸਾਰਾ ਵੇਚ ਦੇ। ਕੁੱਝ ਪੈਸੇ ਪਸ਼ੂਆਂ ਦੇ ਵੱਟੇ ਜਾਣਗੇ। ਕੀ ਪਤਾ ਰੱਬ ਸਾਡੀ ਸੁਣ ਲਵੇ।" "ਲੈ ਇਹ ਵੀ ਕੰਮ ਕਰਕੇ ਵੇਖ ਲੈਨੇ ਆਂ। ਦੌਲਾ ਸਿੰਘ ਵਾਲੇ ਦਾ ਜੀਵਨ ਸਿੰਘ ਮੇਰਾ ਚੰਗਾ ਜਾਣੂ ਐ। ਉਹ ਇੱਕ ਵਾਰ ਕਹਿੰਦਾ ਸੀ ਅਖੇ ਮੈਂ ਬਾਹਰ ਨੂੰ ਜਾਣਾ। ਉਸ ਕੋਲ ਜਾ ਕੇ ਪਤਾ ਕਰ ਲੈਂਦੇ ਆਂ।" ਮਾਨੇ ਨੇ ਅਚਾਨਕ ਗੱਲ ਕੀਤੀ। "ਦੌਲੇ ਵਾਲਾ ਕਿਤੇ ਦੂਰ ਐ। ਭਲਾ ਮੀਂਹ ਹੱਟੇ ਤੋਂ ਚਲਾ ਜਾਵੀਂ। ਜੇ ਅਸੀਂ ਕਿਸੇ ਕੋਲ ਆਵਾਂ ਜਾਵਾਂਗੇ ਤਾਂ ਹੀ ਕਿਸੇ ਗੱਲ ਦਾ ਪਤਾ ਲੱਗਣਾ।" "ਚਲ ਤੇਰੀ ਮਰਜ਼ੀ! ਇਹ ਵੀ ਕੋਸ਼ਿਸ਼ ਕਰਕੇ ਵੇਖਦੇ ਆਂ।" ਮਾਨੇ ਦੀ ਏਨੀ ਕੁ ਗੱਲ ਸੁਣ ਕੇ ਗੁਲਾਬ ਕੌਰ ਖੁਸ਼ ਹੋ ਗਈ।

ਤਿੰਨ

ਮਾਨਾ ਸਵੇਰ ਦਾ ਦੌਲਾ ਸਿੰਘ ਵਾਲੇ ਨੂੰ ਗਿਆ ਦਿਨ ਢਲਦੇ ਨਾਲ ਘਰ ਮੁੜਿਆ। 'ਚੰਗਾ ਹੋਇਆ ਵੇਲੇ ਨਾਲ ਘਰ ਆ ਗਿਆ।' ਦਿਲ ਵਿੱਚ ਸੋਚਾਂ ਸੋਚਦੀ ਗੁਲਾਬ ਕੌਰ ਝੱਟ ਪਾਣੀ ਦਾ ਗਿਲਾਸ ਲੈ ਆਈ। ਮਾਨਾ ਆ ਕੇ ਵਰਾਂਡੇ ਅੱਗੇ ਬੈਠ ਗਿਆ। ਉਸ ਨੇ ਪੈਰਾਂ 'ਚੋਂ ਜੁੱਤੀ ਲਾਹੀ। ਆਖਰ ਉਹ ਤੁਰ ਕੇ ਗਿਆ ਸੀ ਤੇ ਤੁਰ ਕੇ ਆਇਆ। ਪੈਰ ਤਾਂ ਅੰਬੇ ਪਏ ਸਨ। ਫਿਰ ਉਸ ਨੇ ਮੂੰਹ ਉੱਤੇ ਛਿੱਟੇ ਮਾਰ ਕੇ ਪਾਣੀ ਪੀਤਾ। ਗੁਲਾਬ ਕੌਰ ਕਾੜ੍ਹਨੀ 'ਚੋਂ ਦੁੱਧ ਦਾ ਛੰਨਾ ਭਰ ਲਿਆਈ। ਕੋਸਾ ਕੋਸਾ ਦੁੱਧ ਪੀ ਕੇ ਮਾਨੇ ਨੂੰ ਕੁੱਝ ਸੁਰਤ ਆ ਗਈ। ਫਿਰ ਉਸ ਨੇ ਪਸ਼ੂਆਂ ਵੱਲ ਨਿਗਾਹ ਮਾਰੀ। ਪਸ਼ੂ ਪੱਠੇ ਖਾ ਰਹੇ ਸਨ। ਗੁਲਾਬ ਕੌਰ ਮਾਨੇ ਦੇ ਕੋਲ ਹੀ ਬੈਠ ਗਈ।

"ਜੀਵਨ ਸਿੰਘ ਮਿਲ ਪਿਆ?" ਗੁਲਾਬ ਕੌਰ ਨੇ ਹੌਲੀ ਜਿਹੀ ਪੁੱਛਿਆ।

"ਉਥੇ ਤਾਂ ਗੱਲ ਈ ਹੋਰ ਹੋ ਗਈ।"

"ਕੀ ਹੋ ਗਿਆ!" ਗੁਲਾਬ ਕੌਰ ਇੱਕ ਦਮ ਘਬਰਾ ਗਈ।

"ਜੀਵਨ ਤਾਂ ਬਾਹਰ ਨੂੰ ਚਲਾ ਵੀ ਗਿਆ!"

"ਚਲਾ ਵੀ ਗਿਆ! ਨੀ ਭਾਈਆਂ ਦੀਓ। ਮੈਂ ਕਿਹਾ ਪਤਾ ਨਹੀਂ ਕੀ ਹੋ ਗਿਆ।" ਮਾਨੇ

ਦੀ ਗੱਲ ਸੁਣ ਕੇ ਗੁਲਾਬ ਕੌਰ ਕਿਨਾ ਹੀ ਚਿਰ ਉਸ ਵੱਲ ਝਾਕੀ ਗਈ। ਫਿਰ ਹੌਲੀ ਜਿਹੀ ਕਹਿਣ ਲੱਗੀ, "ਉਥੇ ਕੋਈ ਹੋਰ ਨਹੀਂ ਮਿਲਿਆ?"

"ਐਂ ਤਾਂ ਜੀਵਨ ਦਾ ਭਰਾ ਮੈਨੂੰ ਮਿਲ ਪਿਆ। ਉਹ ਵੀ ਮੈਨੂੰ ਜਾਣਦੈ।"

"ਫੇਰ ਉਸ ਨੇ ਕੋਈ ਗੱਲਬਾਤ ਕੀਤੀ?"

"ਆਹੋ ਉਸ ਨੇ ਤਾਂ ਬੜਾ ਕੁੱਝ ਦੱਸਿਆ।"

"ਅੱਛਾ! ਕੀ ਕਹਿੰਦਾ ਸੀ ਉਹ!" ਗੁਲਾਬ ਕੌਰ ਸਾਰੀ ਗੱਲ ਛੇਤੀ ਸੁਣਨਾ ਚਾਹੁੰਦੀ ਸੀ।

"ਉਸ ਨੇ ਤਾਂ ਇਹ ਗੱਲ ਆਖੀ ਐ ਬਈ ਸਾਨੂੰ ਬਾਹਰਲੇ ਦੇਸ਼ ਜਾਣ ਵਾਸਤੇ ਕਿਸੇ ਪਾਸਪੋਰਟ ਦੀ ਲੋੜ ਨਹੀਂ। ਬੱਸ ਕਿਰਾਇਆ ਭਾੜਾ ਚਾਹੀਦਾ।"

"ਕਿੱਧਰ ਨੂੰ ਜਾਣਾ। ਕਿਵੇਂ ਜਾਣਾ। ਇਹ ਤਾਂ ਕੁੱਝ ਪਤਾ ਲੱਗੇ!"

"ਗੱਲਬਾਤ ਉਸ ਨੇ ਸਾਰੀ ਦੱਸੀ ਐ। ਏਥੋਂ ਕਲਕੱਤੇ ਤੱਕ ਰੇਲ ਗੱਡੀ ਰਾਹੀਂ ਜਾਣਾ ਪੈਂਦਾ ਤੇ ਉਸ ਤੋਂ ਅੱਗੇ ਪਾਣੀ ਵਾਲੇ ਜਹਾਜ਼ ਵਿਚ ਜਾਣਾ ਪੈਂਦਾ।"

"ਫੇਰ ਤਾਂ ਅਤਰੀ ਬੁੜ੍ਹੀ ਆਪਾਂ ਨੂੰ ਸੱਚੀ ਗੱਲ ਦੱਸ ਕੇ ਗਈ ਸੀ। ਆਪਾਂ ਸੋਚਦੇ ਸੀ ਬਈ ਏਸ ਬੁੜ੍ਹੀ ਨੂੰ ਭਲਾ ਕੀ ਪਤਾ।" ਗੁਲਾਬ ਕੌਰ ਨੂੰ ਅਤਰੀ ਬੁੜ੍ਹੀ ਦੀ ਯਾਦ ਆ ਗਈ।

"ਇਕ ਗੱਲ ਉਸ ਨੇ ਹੋਰ ਦੱਸੀ ਐ।"

"ਉਹ ਕੀ?"

"ਉਹ ਕਹਿੰਦਾ ਸੀ ਬਈ ਸਾਡੇ ਮੁਲਕ 'ਚੋਂ ਅਮਰੀਕਾ ਜਾਂ ਕੈਨੇਡਾ ਸਿੱਧਾ ਨਹੀਂ ਜਾ ਹੁੰਦਾ। ਪਹਿਲਾਂ ਛੇ ਸੱਤ ਮਹੀਨੇ ਸਿੰਘਾਪੁਰ, ਮਲਾਇਆ, ਸ਼ਿੰਘਾਈ ਜਾਂ ਮਨੀਲਾ ਵਿਚ ਲਾਉਣੇ ਪੈਂਦੇ ਐ। ਫੇਰ ਜਾ ਕੇ ਕਿਤੇ ਅਮਰੀਕਾ ਜਾਂ ਕੈਨੇਡਾ ਦੀ ਰਾਹਦਾਰੀ ਮਿਲਦੀ ਐ।" ਮਾਨੇ ਨੇ ਸੁਣੀ ਸੁਣਾਈ ਗੱਲ ਕੀਤੀ।

"ਛੇ ਮਹੀਨੇ ਤਾਂ ਰਾਹ ਵਿੱਚ ਠਹਿਰਨਾ ਪਿਆ। ਲੋਕ ਫਿਰ ਉਥੇ ਕੀ ਕਰਦੇ ਹੋਣਗੇ। ਰੋਟੀ ਪਾਣੀ ਵੀ ਖਾਣਾ। ਕਿਤੇ ਠਹਿਰਨਾ ਵੀ ਹੋਇਆ। ਇਹ ਤਾਂ ਬਹੁਤ ਔਖਾ ਕੰਮ ਐ। ਕੀ ਗੱਲ ਸਿੱਧਾ ਕਿਉਂ ਨਹੀਂ ਜਾਣ ਦਿੰਦੇ?" ਗੁਲਾਬ ਕੌਰ ਹੈਰਾਨ ਸੀ।

"ਅਗਲਿਆਂ ਦਾ ਆਪਣਾ ਰਾਜ ਐ। ਸਾਡਾ ਉੱਥੇ ਕੀ ਵੱਟੀਦਾ!"

"ਛੇ ਮਹੀਨੇ ਤੋਂ ਬਾਅਦ ਫੇਰ ਤਾਂ ਨਹੀਂ ਕੋਈ ਅੜਿੱਕਾ ਪੈਂਦਾ?"

"ਕਹਿੰਦੇ ਫੇਰ ਕੋਈ ਅੜਿੱਕਾ ਨਹੀਂ। ਫੇਰ ਤਾਂ ਤੁਸੀਂ ਕੈਨੇਡਾ ਜਾਂ ਅਮਰੀਕਾ ਜਾ ਸਰਦੇ ਓ।" ਮਾਨੇ ਨੇ ਸਾਰੀ ਗੱਲ ਸਪੱਸ਼ਟ ਕਰ ਦਿੱਤੀ।

"ਜੇ ਕਿਤੇ ਪੰਜ ਸੱਤ ਜਣੇ ਇਕੱਠੇ ਹੋ ਜਾਣ ਫੇਰ ਸਮਝ ਕੁੱਝ ਸੌਖ ਹੋ ਜਾਵੇ।"

"ਮੈਂ ਵੀ ਇਹੀ ਸੋਚਦਾਂ। ਹੁਣ ਆਪਾਂ ਕਿਤੇ ਆਏ ਨਹੀਂ। ਗਏ ਨਹੀਂ। ਆਪਾਂ ਨੂੰ ਕਿਸੇ ਗੱਲ ਦਾ ਕੀ ਪਤਾ। ਕੋਈ ਚੰਗਾ ਸਾਥ ਜ਼ਰੂਰ ਹੋਣਾ ਚਾਹੀਦਾ।"

"ਖਬਰੇ ਗੁਰੂ ਆਪਣੀ ਸੁਣ ਈ ਲਊਗਾ। ਏਥੇ ਸਾਰੀ ਉਮਰ ਕਾਹਦੇ ਵਾਸਤੇ ਗਾਲਾਂਗੇ। ਵੇਖਿਆ ਜਾਵੇ ਤਾਂ ਸਾਡੀ ਕੋਈ ਜੂਨ ਤਾਂ ਨਹੀਂ। ਦੋ ਸਿਪਾਹੀ ਆ ਜਾਣ। ਭਲਾ ਸਰਦਾਰਾਂ ਦੇ ਦੋ ਬੰਦੇ ਹੀ ਆ ਜਾਣ ਤਾਂ ਉਨ੍ਹਾਂ ਮੂਹਰੇ ਕੋਈ ਕੁਸਕਦਾ ਨਹੀਂ।" ਗੁਲਾਬ ਕੌਰ ਨੇ ਆਪਣੇ ਦਿਲ ਦੀ ਭੜਾਸ ਕੱਢੀ।

"ਆਪਾਂ ਗੱਲਾਂ ਤਾਂ ਕਰਦੇ ਆਂ ਬਾਹਰਲੇ ਦੇਸ਼ ਜਾਣ ਦੀਆਂ ਪਰ ਕਦੇ ਇਹ ਗੱਲ ਸੋਚੀ

ਐ ਬਈ ਕਿਰਾਇਆ ਭਾੜਾ ਕਿਥੋਂ ਪੈਦਾ ਕਰਾਂਗੇ!" ਮਾਨੇ ਨੇ ਆਪਣੇ ਦਿਲ ਦੀ ਗੱਲ ਦੱਸੀ।

"ਮੈਂ ਤੈਨੂੰ ਇੱਕ ਦਿਨ ਕਿਹਾ ਸੀ ਬਈ ਮੇਰੀਆਂ ਭਲਾ ਸਾਰੀਆਂ ਟੂਮਾਂ ਵੇਚ ਦੇ। ਵੱਡੀ ਗੱਲ ਤਾਂ ਇਹ ਐ ਬਈ ਤੂੰ ਆਸੇ ਪਾਸੇ ਫਿਰ ਤੇ ਪਤਾ ਕਰ ਬਈ ਆਪਾਂ ਨੂੰ ਕਿੰਨੇ ਰੁਪਿਆਂ ਦੀ ਲੋੜ ਪਊਗੀ।"

"ਐਵੇਂ ਬੋਲੀ ਜਾਂਦੀ ਐ ਅਖੇ ਟੂਮਾਂ ਵੇਚ ਦੇ।"

"ਜਦੋ ਬਾਹਰ ਜਾਣ ਦਾ ਮਨ ਹੀ ਬਣਾ ਲਿਆ ਤਾਂ ਫਿਰ ਅੱਗਾ ਪਿੱਛਾ ਕੀ ਵੇਖਣਾ। ਮੇਰੇ ਕੋਲ ਚਾਰ ਟੂਮਾਂ ਪਈਆਂ। ਸਿੰਘ ਤਵੀਤ, ਪਿੱਪਲ ਪੱਤੀਆਂ, ਸਾਦਾ ਤਵੀਤ ਤੇ ਸੱਗੀ ਫੁੱਲ। ਸਾਰੀਆਂ ਵੇਚ ਛੱਡ। ਜਦੋਂ ਬਾਹਰ ਜਾਣਾ ਤੇ ਪਸ਼ੂਆਂ ਨੂੰ ਕੀ ਕਰਾਂਗੇ। ਇਹ ਤਾਂ ਸਗੋਂ ਪਹਿਲਾਂ ਵੇਚ। ਜੇ ਫੇਰ ਵੀ ਰੁਪਏ ਥੁੜਦੇ ਹੋਏ ਤਾਂ ਸ਼ਾਹੂਕਾਰਾਂ ਤੋਂ ਵਿਆਜੂ ਫੜ ਲਵੀਂ। ਆਪੇ ਲਹਿ ਜਾਣਗੇ।"

ਗੁਲਾਬ ਕੌਰ ਦੀ ਗੱਲ ਸੁਣ ਕੇ ਮਾਨਾ ਇੱਕ ਦਮ ਸੋਚੀਂ ਪੈ ਗਿਆ। ਉਸ ਨੂੰ ਇਹ ਪਤਾ ਨਹੀਂ ਸੀ ਲੱਗ ਰਿਹਾ ਕਿ ਉਹ ਕੀ ਕਰੇ। ਗੁਲਾਬ ਕੌਰ ਤਾਂ ਆਪਣੀ ਗੱਲ ਉਤੇ ਅੜੀ ਲੱਗਦੀ ਐ ਅਖੇ ਟੂਮਾਂ ਵੀ ਵੇਚ ਦਿਉ। ਗੱਲ ਇਹ ਵੀ ਐ ਕਿ ਹੋਰ ਸਾਡੇ ਕੋਲ ਹੈ ਵੀ ਕੀ! ਹਾਂ ਜੇ ਬਾਹਰ ਚਲੇ ਗਏ ਤਾਂ ਭਾਗ ਵੀ ਖੁੱਲ੍ਹ ਜਾਣਗੇ। ਜੇ ਚਾਰ ਛਿੱਲੜ ਚੜ੍ਹ ਵੀ ਗਏ ਤਾਂ ਲਹਿ ਵੀ ਜਾਣਗੇ। ਚਲੋ ਵੇਖੀ ਜਾਊ। ਮਾਨਾ ਵੀ ਅੰਦਰੋਂ ਕੁੱਝ ਤਿਆਰ ਹੋ ਗਿਆ। ਫਿਰ ਉਹ ਹੌਲੀ ਜਿਹੀ ਕਹਿਣ ਲੱਗਾ "ਆਪਾਂ ਸੁਨਿਆਰੇ ਨੂੰ ਘਰ ਬੁਲਾ ਕੇ ਪੁੱਛੀਏ ਤਾਂ ਸਹੀ ਟੂਮਾਂ ਹੈ ਕਿੰਨੇ ਰੁਪਿਆਂ ਦੀਆਂ।"

"ਭੋਲ਼ੀਆਂ ਗੱਲਾਂ ਕਰਦੈਂ। ਟੂਮਾਂ ਤਾਂ ਸੁਨਿਆਰੇ ਕੋਲ ਲਿਜਾਣੀਆਂ ਪੈਣੀਆਂ। ਉਹ ਏਥੇ ਆ ਕੇ ਤੋਲ ਕਿਵੇਂ ਕਰੂਗਾ। ਨਾਲ਼ੇ ਸਾਨੂੰ ਕਿਸੇ ਦਾ ਡਰ ਮਾਰਿਆ। ਹਾਂ ਚੰਗੇ ਪੈਸੇ ਮਿਲਦੇ ਹੋਏ ਤਾਂ ਵੇਚਾਂਗੇ।" ਗੁਲਾਬ ਕੌਰ ਦ੍ਰਿੜ੍ਹਤਾ ਨਾਲ ਬੋਲੀ।

ਮਾਨੇ ਨੂੰ ਗੁਲਾਬ ਕੌਰ ਦੀ ਗੱਲ ਠੀਕ ਜਾਪੀ। ਫਿਰ ਉਹ ਅਗਲੇ ਦਿਨ ਸਵੱਖਤੇ ਸਾਰੀਆਂ ਟੂਮਾਂ ਲੱਕ ਨਾਲ ਬੰਨ੍ਹ ਕੇ ਸ਼ਹਿਰ ਨੂੰ ਤੁਰ ਪਿਆ। ਉਨ੍ਹਾਂ ਇਹ ਟੂਮਾਂ ਸ਼ਹਿਰ ਦੇ ਸੁਨਿਆਰੇ ਕੋਲੋਂ ਹੀ ਬਣਵਾਈਆਂ ਸਨ। ਮਾਨਾ ਘਰੋਂ ਤੁਰ ਤਾਂ ਪਿਆ ਪਰ ਗੁਲਾਬ ਕੌਰ ਨੂੰ ਕੱਝ ਘਬਰਾਹਟ ਜਿਹੀ ਹੋਈ। ਉਸ ਦੇ ਦਿਮਾਗ ਵਿੱਚ ਕਈ ਖਿਆਲ ਘੁੰਮਣ ਲੱਗੇ। "ਕੱਲੇ ਬੰਦੇ ਦਾ ਬਾਹਰ ਅੰਦਰ ਕੀ ਬਣਦਾ। ਚੋਰ ਡਾਕੂ ਤਾਂ ਕਹਿੰਦੇ ਥਾਂ-ਥਾਂ ਤੁਰੇ ਫਿਰਦੇ ਆ। ਜੇ ਖੋਹ ਖਿੱਚ ਹੋ ਗਈ ਤਾਂ ਸਾਰੀ ਉਮਰ ਤਾਬ ਨਹੀਂ ਆਉਣਾ। ਸਾਡੇ ਕੋਲ ਤਾਂ ਇਹੋ ਕੁੱਝ ਐ।" ਫਿਰ ਉਹ ਰੱਬ ਅੱਗੇ ਅਰਦਾਸ ਕਰਦੀ ਰਹੀ ਕਿ ਮਾਨਾ ਸਹੀ ਸਲਾਮਤ ਘਰ ਆ ਜਾਵੇ। ਦੁਪਹਿਰ ਤੱਕ ਉਸ ਨੂੰ ਚੈਨ ਨਾ ਆਈ। ਉਹ ਘੜੀ ਮੁੜੀ ਬੂਹੇ ਵੱਲ ਵੇਖਦੀ। ਕਈ ਵਾਰ ਸੋਚਦੀ ਕਿ ਚੰਗਾ ਹੁੰਦਾ ਉਹ ਵੀ ਨਾਲ ਹੀ ਚਲੀ ਜਾਂਦੀ। ਦਿਨ ਢਲਦੇ ਨਾਲ ਮਾਨਾ ਘਰ ਆ ਗਿਆ। ਗੁਲਾਬ ਕੌਰ ਝੱਟ ਪਾਣੀ ਦਾ ਗਿਲਾਸ ਲੈ ਕੇ ਉਸ ਦੇ ਕੋਲ ਆ ਗਈ।

ਸਾਹ ਲੈ ਕੇ ਮਾਨਾ ਕਹਿਣ ਲੱਗਾ, "ਸਾਰਾ ਕੁੱਝ ਠੀਕ ਹੋ ਗਿਆ। ਸੁਨਿਆਰਾ ਤਾਂ ਚੰਗਾ ਸੀ। ਟੂਮਾਂ ਉਸ ਨੇ ਰੱਖ ਕੇ ਪੈਸੇ ਦਿੱਤੇ ਤੇ ਆਪਣੇ ਹੱਥਾਂ ਦੀ ਲਿਖੀ ਹੋਈ ਪਰਚੀ ਵੀ ਮੈਨੂੰ ਦੇ ਦਿੱਤੀ।"

"ਅੱਛਾ!" ਗੁਲਾਬ ਕੌਰ ਖੁਸ਼ ਹੋ ਗਈ। ਉਸ ਨੂੰ ਤਾਂ ਆਸ ਹੀ ਨਹੀਂ ਸੀ ਕਿ ਇਹ ਕੰਮ ਏਨੀ ਛੇਤੀ ਹੋ ਜ਼ਾਵੇਗਾ। ਉਸ ਦੇ ਭਾਣੇ ਤਾਂ ਕਈ ਦਿਨ ਜਾਣਾ ਪੈਣਾ ਸੀ।

"ਰਾਹ ਵਿੱਚ ਤਾਂ ਨਹੀਂ ਕੋਈ ਗੱਲਬਾਤ ਹੋਈ?" ਗੁਲਾਬ ਕੌਰ ਨੇ ਫੇਰ ਪੁੱਛਿਆ।

"ਗੱਲਬਾਤ ਕਾਹਦੀ ਹੋਣੀ ਸੀ।"

"ਮੈਂ ਤਾਂ ਸਵੇਰ ਦੀ ਘਬਰਾਈ ਬੈਠੀ ਸੀ ਬਈ ਕਿਤੇ ਰਾਹ 'ਚ ਨਾ ਕੁੱਝ ਹੋ ਜਾਵੇ। ਅੱਜਕੱਲ੍ਹ ਕੀ ਪਤਾ ਲੱਗਦਾ। ਸਾਡੀ ਤਾਂ ਕਿਸੇ ਨੇ ਗੱਲ ਵੀ ਨਹੀਂ ਸੀ ਸੁਣਨੀ?"

"ਉਥੇ ਤਾਂ ਅੱਜ ਹੋਰ ਈ ਗੱਲ ਬਣ ਗਈ!!"

"ਕਾਹਦੀ ਗੱਲ?" ਗੁਲਾਬ ਕੌਰ ਝੱਟ ਹੈਰਾਨੀ ਵਿੱਚ ਬੋਲੀ।

"ਸੁਨਿਆਰੇ ਦੀ ਦੁਕਾਨ ਉਤੇ ਮੇਰੇ ਵਾਂਗ ਦੋ ਹੋਰ ਬੰਦੇ ਵੀ ਆ ਗਏ। ਉਹ ਵੀ ਟੂਮਾਂ ਵੇਚਣ ਆਏ ਸੀ। ਪਹਿਲਾਂ ਤਾਂ ਉਹ ਜਕਦੇ ਰਹੇ। ਫਿਰ ਉਹ ਗੱਲ ਕਰਦਿਆਂ ਕਹਿਣ ਲੱਗੇ ਕਿ ਅਸੀਂ ਤਾਂ ਅਮਰੀਕਾ ਜਾਣ ਵਾਸਤੇ ਇਹ ਹੂਲ਼ਾ ਫੱਕਿਆ!"

"ਅੱਛਾ!" ਖੁਸ਼ੀ ਤੇ ਹੈਰਾਨੀ ਨਾਲ ਗੁਲਾਬ ਕੌਰ ਦੀਆਂ ਅੱਖਾਂ ਅੱਡੀਆਂ ਰਹਿ ਗਈਆਂ।

ਮਾਨਾ ਫੇਰ ਕਹਿਣ ਲੱਗਾ, "ਲਉ ਜੀ ਅਸੀਂ ਫੇਰ ਖੁੱਲ੍ਹ ਕੇ ਗੱਲਾਂ ਕੀਤੀਆਂ। ਮੈ ਵੀ ਦੱਸਿਆ ਕਿ ਬਾਈ ਸਿਹਾ ਮੇਰੀ ਵੀ ਅਮਰੀਕਾ ਜਾਣ ਦੀ ਸਲਾਹ ਐ। ਉਹ ਬਹੁਤ ਖੁਸ਼ ਹੋਏ ਤੇ ਫੇਰ ਕਹਿਣ ਲੱਗੇ ਕਿ ਬਾਈ ਅਸੀਂ ਤਾਂ ਹੈਗੇ ਆਂ ਅਨਪੜ੍ਹ। ਸਾਨੂੰ ਤਾਂ ਸਗੋਂ ਸਾਥ ਚਾਹੀਦਾ। ਮੈਂ ਚਿੱਤ ਵਿਚ ਕਿਹਾ ਬਈ ਮੈਂ ਤਾਂ ਬਹੁਤ ਪੜ੍ਹਿਆ ਲਿਖਿਆਂ। ਚਲੋ ਸਾਥ ਬਣ ਗਿਆ। ਉਹ ਤੁਰਨ ਲੱਗੇ ਬੋਲੇ ਸੀ ਬਈ ਸਾਨੂੰ ਤਾਂ ਮਿਲਦਾ ਰਹੀਂ।" ਫਿਰ ਉਸ ਨੇ ਸਾਰੇ ਪੈਸੇ ਗਿਣ ਕੇ ਗੁਲਾਬ ਕੌਰ ਨੂੰ ਫੜਾ ਦਿੱਤੇ। ਗੁਲਾਬ ਕੌਰ ਨੇ ਝੱਟ ਸਾਰੇ ਰੁਪਏ ਇਕ ਪੋਟਲ਼ੀ ਵਿੱਚ ਬੰਨ੍ਹ ਕੇ ਆਪਣੇ ਸੰਦੂਕ ਦੀ ਗਹੀ ਰੱਖ ਦਿੱਤੇ।

ਇਸ ਤੋਂ ਬਾਅਦ ਤਾ ਮਾਨਾ ਬਾਹਰ ਜਾਣ ਦੀ ਤਿਆਰੀ ਕਰਨ ਲੱਗਾ। ਇੱਕ ਦਿਨ ਮਾਨਾ ਬਾਹਰ ਗਿਆ ਹੋਇਆ ਸੀ। ਗੁਲਾਬ ਕੌਰ ਚੌਂਕੇ ਵਿੱਚ ਰੋਟੀ ਲਾਹੁੰਦੀ ਸੋਚਣ ਲੱਗੀ ਕਿ ਜੇ ਮਾਨਾ ਬਾਹਰ ਚਲਾ ਗਿਆ ਤਾਂ ਉਹ ਘਰ ਵਿੱਚ ਇਕੱਲੀ ਕੀ ਕਰੂਗੀ। ਏਥੇ ਤਾਂ ਸਰਦਾਰਾਂ ਦਾ ਰਾਜ ਐ। ਫਿਰ ਰਾਜ ਰਾਜੇ ਦਾ ਤੇ ਉੱਤੇ ਅੰਗਰੇਜ਼ ਬੈਠੇ ਐ। ਇਕੱਲੀ ਜਨਾਨੀ ਦਾ ਕੀ ਵੱਟੀਦਾ। ਮਾਨਾ ਦਿਨ ਛੁਪੇ ਘਰ ਆਇਆ। ਗੱਲਾਂ ਕਰਦਿਆਂ ਗੁਲਾਬ ਕੌਰ ਕਹਿਣ ਲੱਗੀ, "ਮੇਰੀ ਗੱਲ ਦਾ ਗੁੱਸਾ ਨਾ ਕਰੀਂ। ਮੈਂ ਤਾਂ ਆਪ ਤੇਰੇ ਨਾਲ ਹੀ ਬਾਹਰ ਨੂੰ ਜਾਉਂਗੀ।" ਮਾਨਾ ਇੱਕ ਦਮ ਹੈਰਾਨ ਹੋ ਗਿਆ। ਉਹ ਕਿਨਾ ਈ ਚਿਰ ਗੁਲਾਬ ਕੌਰ ਵੱਲ ਵੇਖਦਾ ਰਿਹਾ। ਇਸ ਨੇ ਇੱਕ ਨਵੀਂ ਗੱਲ ਕੱਢ ਮਾਰੀ। ਮਾਨੇ ਦਾ ਤਾਂ ਜਿਵੇਂ ਸਿਰ ਚੱਕਰਾ ਗਿਆ।

"ਇਹ ਤੂੰ ਕੀ ਕਿਹਾ?" ਕਿਨਾ ਈ ਚਿਰ ਪਿੱਛੋਂ ਮਾਨਾ ਬੋਲਿਆ।

"ਮੈਂ ਸਭ ਕੁੱਝ ਸੋਚ ਕੇ ਕਿਹਾ, ਮੈ ਤੇਰੇ ਪਿੱਛੋਂ ਇਕੱਲੀ ਘਰ ਵਿੱਚ ਕੀ ਕਰੂੰਗੀ?"

"ਇਹ ਤੂੰ ਮੈਨੂੰ ਪਹਿਲਾਂ ਦੱਸਦੀ, ਮੈਂ ਵੀ ਸੋਚ ਸਮਝ ਕੇ ਤੁਰਦਾ। ਹੁਣ ਮੈਂ ਨਾ ਉਧਰ ਨਾ ਉਧਰ। ਨਵਾਂ ਈ ਸਿਆਪਾ ਪਾ ਕੇ ਬਹਿ ਗਈ।"

"ਸਿਆਪਾ ਨਹੀਂ ਪਾਇਆ। ਮੈਂ ਸਹੀ ਗੱਲ ਕੀਤੀ ਐ।"

"ਤੇ ਤੂੰ ਪਹਿਲਾਂ ਕਿਥੇ ਗਈ ਸੀ। ਮੈਂ ਹੁਣ ਦੱਸ ਕੀ ਕਰਾਂ?"

"ਮੈਂ ਤਾਂ ਤੇਰੇ ਨਾਲ ਹੀ ਜਾਊਂਗੀ। ਤੀਹੋਕਾਲ ਮੈਂ ਪਿੰਡ ਨਹੀਂ ਰਹਿਣਾ।" ਗੁਲਾਬ ਕੌਰ ਦੀ ਸਖਤ ਗੱਲ ਸੁਣ ਕੇ ਮਾਨਾ ਉਸ ਵੱਲ ਵੇਖਦਾ ਹੀ ਰਹਿ ਗਿਆ। ਉਸ ਨੂੰ ਕੋਈ ਸਮਝ ਨਹੀਂ ਸੀ ਲੱਗ ਰਹੀ ਕਿ ਉਹ ਕੀ ਕਰੇ। ਮਾਨੇ ਦੀ ਅਜੀਬ ਹਾਲਤ ਸੀ।

ਚਾਰ

ਮਾਨ ਸਿੰਘ ਤੇ ਗੁਲਾਬ ਕੌਰ ਫਿਲੀਪਾਈਨ ਦੀ ਰਾਜਧਾਨੀ ਮਨੀਲਾ ਪਹੁੰਚ ਗਏ। ਗੁਲਾਬ ਕੌਰ ਨੂੰ ਤਾਂ ਜਿਵੇਂ ਮਸਾਂ ਸੁੱਖ ਦਾ ਸਾਹ ਆਇਆ। ਉਹ ਤਾਂ ਕਲਕੱਤੇ ਤੋਂ ਸਮੁੰਦਰੀ ਜਹਾਜ਼ ਵਿੱਚ ਬੈਠਣ ਸਾਰ ਹੱਥ ਜੋੜਨ ਲੱਗ ਪਈ ਸੀ ਕਿ ਹੇ ਵਾਹਿਗੁਰੂ! ਅਸੀਂ ਸਹੀ ਸਲਾਮਤ ਟਿਕਾਣੇ ਸਿਰ ਪਹੁੰਚ ਜਾਈਏ। ਪਹਿਲੇ ਦਿਨ ਤਾਂ ਉਸ ਨੂੰ ਬੜੀ ਘਬਰਾਹਟ ਹੋਈ। ਉਲਟੀਆਂ ਲੱਗ ਗਈਆਂ। ਦਿਲ ਵਿੱਚ ਪਰ ਅਮਰੀਕਾ ਜਾਣ ਦਾ ਚਾਅ ਵੀ ਸੀ। ਮਸਾਂ ਤਾਂ ਕਿਰਾਇਆ ਪੂਰਾ ਕਰਕੇ ਘਰੋਂ ਤੁਰੇ ਸਨ। ਦੂਜੇ ਮੁਸਾਫ਼ਰਾਂ ਵੱਲ ਵੇਖ ਕੇ ਉਸ ਨੇ ਵੀ ਦਿਲ ਧਰ ਲਿਆ। ਏਥੇ ਬੰਦਰਗਾਹ ਉੱਤੇ ਆ ਕੇ ਗੁਲਾਬ ਕੌਰ ਨੇ ਦੂਰ-ਦੂਰ ਤੱਕ ਝਾਤ ਮਾਰੀ। ਕਦੋਂ ਦੇ ਸੋਚਦੇ ਸੀ ਬਈ ਬਾਹਰ ਜਾਣਾ। ਲਉ ਸੁੱਖ ਨਾਲ ਆ ਪਹੁੰਚੇ ਪਰ ਉਸ ਦੇ ਦਿਮਾਗ ਵਿੱਚ ਇਹ ਵੀ ਖਿਆਲ ਘੁੰਮ ਰਿਹਾ ਸੀ ਕਿ ਏਥੇ ਨਾ ਕੋਈ ਰਿਸ਼ਤੇਦਾਰ। ਨਾ ਕੋਈ ਜਾਣ ਪਹਿਚਾਣ। ਏਥੇ ਕੀ ਕਰਾਂਗੇ। ਕਿਥੇ ਰਹਾਂਗੇ। ਗੁਲਾਬ ਕੌਰ ਨੇ ਵੇਖਿਆ ਕਿ ਸਾਰੇ ਮੁਸਾਫ਼ਰ ਇਧਰ ਉਧਰ ਵੇਖਦੇ ਚੁੱਪ ਚਾਪ ਤੁਰ ਪਏ ਸਨ। ਮਾਨਾ ਵੀ ਸਿਰ ਉੱਤੇ ਇੱਕ ਗੰਢੜੀ ਚੁੱਕੀ ਜਾ ਰਿਹਾ ਸੀ। ਗੰਢੜੀ ਵਿੱਚ ਦੋ ਦਰੀਆਂ, ਦੋ ਖੇਸ ਤੇ ਦੋ-ਦੋ ਉਨ੍ਹਾਂ ਦੇ ਸੂਟ ਸਨ। ਗੁਲਾਬ ਕੌਰ ਵੀ ਮਾਨੇ ਦੇ ਨਾਲ-ਨਾਲ ਤੁਰਨ ਲੱਗੀ। ਅੱਗੇ ਆ ਕੇ ਉਸ ਦੀ ਨਜ਼ਰ ਸਾਹਮਣੇ ਖਲੋਤੇ ਆਦਮੀਆਂ ਵੱਲ ਗਈ। ਉਨ੍ਹਾਂ ਵਿਚੋਂ ਬਹੁਤਿਆਂ ਨੇ ਸਿਰਾਂ ਉਤੇ ਪੱਗਾ ਬੰਨ੍ਹੀਆਂ ਹੋਈਆ ਸਨ। ਉਹ ਇਨ੍ਹਾਂ ਵੱਲ ਵੇਖ ਕੇ ਹੱਥ ਹਿਲਾ ਰਹੇ ਸਨ। ਪੰਜਾਬੀ ਲੱਗਦੇ ਐ। ਗੁਲਾਬ ਕੌਰ ਨੇ ਸੋਚਿਆ।

ਨੇੜੇ ਆ ਕੇ ਉਨ੍ਹਾਂ ਵਿੱਚੋਂ ਇੱਕ ਜਣਾ ਪੰਜਾਬੀ ਵਿੱਚ ਕਹਿਣ ਲੱਗਾ, "ਅਸੀਂ ਆਪਣੇ ਹਿੰਦੀ ਭਰਾਵਾਂ ਨੂੰ ਜੀ ਆਇਆਂ ਆਖਦੇ ਆਂ। ਆਉ ਪਹਿਲਾਂ ਸਾਰੇ ਗੁਰਦੁਆਰੇ ਚੱਲੀਏ।"

"ਵਾਹ! ਇਹ ਬੰਦੇ ਤਾਂ ਸਾਡੇ ਲਈ ਰੱਬ ਬਣ ਕੇ ਬਹੁੜੇ। ਸਾਨੂੰ ਆਪਣੇ ਪੰਜਾਬੀ ਭਰਾ ਮਿਲ ਪਏ। ਸਾਨੂੰ ਹੁਣ ਕੋਈ ਡਰ ਡੁੱਕਰ ਨਹੀਂ।" ਗੁਲਾਬ ਕੌਰ ਤੋਂ ਅੰਦਰਲੀ ਖੁਸ਼ੀ ਸੰਭਾਲੀ ਨਹੀਂ ਸੀ ਜਾਂਦੀ। ਫਿਰ ਸਾਰੇ ਜਣੇ ਗੁਰਦੁਆਰਾ ਸਾਹਿਬ ਪਹੁੰਚ ਗਏ। ਮਾਨੇ ਤੇ ਗੁਲਾਬ ਕੌਰ ਨੇ ਮੂੰਹ ਹੱਥ ਧੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਿਆ ਤੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ। ਕੁੱਝ ਚਿਰ ਅਰਾਮ ਕਰਕੇ ਸਾਰੇ ਰਲ ਮਿਲ ਕੇ ਲੰਗਰ ਤਿਆਰ ਕਰਨ ਲੱਗੇ। ਗੁਲਾਬ ਕੌਰ ਸੋਚ ਰਹੀ ਸੀ ਕਿ ਇਹ ਸਿੱਖਾਂ ਦੇ ਗੁਰਦੁਆਰੇ ਹੀ ਹਨ, ਜਿਥੇ ਹਰ ਇੱਕ ਨੂੰ ਪਰਸ਼ਾਦਾ ਪਾਣੀ ਮਿਲਦਾ ਹੈ। ਫਿਰ ਗੁਰਦੁਆਰੇ ਦਾ ਗ੍ਰੰਥੀ ਸਿੰਘ ਆ ਕੇ ਕਹਿਣ ਲੱਗਾ, "ਗੁਰਮੁਖ ਪਿਆਰਿਓ ਜਿਨਾ ਚਿਰ ਤੁਹਾਨੂੰ ਕੋਈ ਕੰਮ ਨਹੀਂ ਮਿਲਦਾ ਜਾਂ ਮਕਾਨ ਵਗੈਰਾ ਨਹੀਂ ਮਿਲਦਾ ਤੁਸੀਂ ਉਨਾ ਚਿਰ ਗੁਰੂ ਘਰ ਹੀ ਰਹਿਣਾ। ਗੁਰੂ ਘਰ ਸਭ ਦਾ ਸਾਂਝਾ ਹੈ। ਗੁਰੂ ਸਭ ਦੇ ਸਿਰ ਉੱਤੇ ਮਿਹਰ ਭਰਿਆ ਹੱਥ ਰੱਖੇ। ਇਸ ਪਿੱਛੋਂ ਉਹੀ ਸਵਾਗਤ ਕਰਨ ਵਾਲੇ ਨੌਜਵਾਨ ਆਏ ਤੇ ਇੱਕ ਜਣਾ ਸਭ ਦਾ ਨਾਮ ਤੇ ਪਤਾ ਆਪਣੀ ਡਾਇਰੀ ਵਿੱਚ ਨੋਟ ਕਰਨ ਲੱਗਾ ਤਾਂ ਕਿ ਸਾਰਿਆਂ ਲਈ ਕੰਮ ਦਾ ਤੇ ਰਿਹਾਇਸ਼ ਦਾ ਪ੍ਰਬੰਧ ਹੋ ਸਕੇ।

"ਤੁਸੀਂ ਆਪਣਾ ਵੀ ਨਾਂ ਦੱਸ ਦਿਓ!" ਮਾਨਾ ਖੁਸ਼ ਹੋ ਕੇ ਬੋਲਿਆ।

"ਜੀ ਮੇਰਾ ਨਾਮ ਹੈ ਹਾਫਜ਼ ਅਬਦੁੱਲਾ। ਮੈਂ ਪੰਜਾਬ ਦੇ ਜਗਰਾਵਾਂ ਸ਼ਹਿਰ ਤੋਂ ਆਂ।"

"ਜਿਥੇ ਰੌਸ਼ਨੀ ਦਾ ਮੇਲਾ ਲੱਗਦਾ!" ਮਾਨਾ ਹੱਸ ਕੇ ਬੋਲਿਆ।

"ਹਾਂ, ਹਾਂ। ਉਹੀ ਜਗਰਾਉਂ!" ਅਬਦੁੱਲਾ ਵੀ ਹੱਸ ਪਿਆ।

ਥੋੜ੍ਹੇ ਦਿਨਾਂ ਵਿੱਚ ਹੀ ਅਬਦੁੱਲਾ ਤੇ ਉਸ ਦੇ ਸਾਥੀਆਂ ਨੇ ਸਭ ਨੂੰ ਕੰਮਾ ਉੱਤੇ ਲਾ ਦਿੱਤਾ ਤੇ ਸਭ ਦੀ ਰਿਹਾਇਸ਼ ਦਾ ਪ੍ਰਬੰਧ ਕਰਵਾ ਦਿੱਤਾ। ਸਭ ਦਾ ਫਿਕਰ ਮੁੱਕ ਗਿਆ। ਸਾਰੇ ਜਣੇ ਕੰਮਾਂ ਉੱਤੇ ਜਾਣ ਲੱਗੇ। ਮਾਨਾ ਤੇ ਗੁਲਾਬ ਕੌਰ ਵੀ ਕੰਮਾਂ ਉੱਤੇ ਜਾਣ ਲੱਗੇ ਪਰ ਉਹ ਦੋਵੇਂ ਸੁਬ੍ਹਾ ਸ਼ਾਮ ਗੁਰਦੁਆਰੇ ਜ਼ਰੂਰ ਜਾਂਦੇ ਤੇ ਗੁਰਬਾਣੀ ਦਾ ਪਾਠ ਸੁਣਦੇ। ਹੋਰ ਸੰਗਤ ਵੀ ਜੁੜਦੀ। ਗੁਲਾਬ ਕੌਰ ਤਾਂ ਛੋਟੀ ਉਮਰ ਵਿੱਚ ਹੀ ਆਪਣੇ ਪਿੰਡ ਦੇ ਡੇਰੇ ਵਿੱਚ ਜਾਇਆ ਕਰਦੀ ਸੀ ਜਿਥੋਂ ਉਸ ਨੇ ਪੰਜਾਬੀ ਪੜ੍ਹਨੀ ਲਿਖਣੀ ਸਿੱਖ ਲਈ ਸੀ। ਇਹ ਪੜ੍ਹਾਈ ਉਸ ਦੇ ਬੜੀ ਕੰਮ ਆਈ। ਗੁਰਦੁਆਰੇ ਆ ਕੇ ਉਹ ਗੁਰਬਾਣੀ ਧਿਆਨ ਨਾਲ ਸੁਣਦੀ। ਹਾਫਜ਼ ਅਬਦੁੱਲਾ ਤੇ ਉਸ ਦੇ ਸਾਥੀ ਵੀ ਕੁੱਝ ਦਿਨਾਂ ਬਾਅਦ ਗੇੜਾ ਮਾਰਦੇ। ਐਤਵਾਰ ਨੂੰ ਤਾਂ ਉਹ ਜ਼ਰੂਰ ਆ ਜਾਂਦੇ। ਸਾਰਿਆਂ ਨਾਲ ਗੱਲ-ਬਾਤ ਕਰਦੇ।

ਹਾਫਜ਼ ਅਬਦੁੱਲਾ ਦੂਜਿਆਂ ਦੇ ਕੰਮ ਆ ਕੇ ਬਹੁਤ ਖੁਸ਼ ਹੁੰਦਾ ਸੀ। ਇਹ ਉਸ ਦੇ ਸੁਭਾਅ ਦਾ ਬੜਾ ਖੂਬਸੂਰਤ ਪੱਖ ਸੀ। ਸਾਰੇ ਉਸ ਦਾ ਸਤਿਕਾਰ ਕਰਦੇ। ਇੱਕ ਐਤਵਾਰ ਉਹ ਗੁਰਦੁਆਰੇ ਵਿੱਚ ਖੁੱਲ੍ਹ ਕੇ ਗੱਲਾਂ ਕਰਨ ਲੱਗਾ, "ਆਪਾਂ ਸਾਰੇ ਚੰਗੀ ਤਰ੍ਹਾਂ ਜਾਣਦੇ ਆ ਕਿ ਅਸੀਂ ਬਾਹਰਲੇ ਦੇਸ਼ ਕਿਉਂ ਆਏ। ਜੇਕਰ ਸਾਡੇ ਦੇਸ਼ ਵਿੱਚ ਰੋਟੀ ਮਿਲਦੀ ਹੋਵੇ ਤਾਂ ਅਸੀਂ ਬਾਹਰ ਨੂੰ ਕਿਉਂ ਆਈਏ। ਸਾਡੇ ਦੇਸ਼ ਦੀ ਹਾਲਤ ਪੁੱਜ ਕੇ ਮਾੜੀ ਹੋ ਚੁੱਕੀ ਐ। ਅੰਗਰੇਜ਼ੀ ਸਰਕਾਰ ਸਾਨੂੰ ਉਥੇ ਕੋਈ ਵੀ ਸਹੂਲਤ ਨਹੀਂ ਦੇ ਰਹੀ। ਕਿਸੇ ਨੂੰ ਕੰਮ ਨਹੀਂ\ਮਿਲ ਰਿਹਾ। ਕਿਸੇ ਦੀ ਕੋਈ ਵੀ ਸੁਣਵਾਈ ਨਹੀ। ਥਾਂ-ਥਾਂ ਕਾਲ਼ ਪੈ ਗਏ। ਲੱਖਾਂ ਬੰਦੇ ਮਰ ਗਏ। ਬਿਮਾਰੀਆਂ ਫੈਲ ਗਈਆਂ। ਕੋਈ ਨਹੀਂ ਪੁੱਛਦਾ। ਪੁਲੀਸ ਜਿਸ ਨੂੰ ਮਰਜੀ ਅੰਦਰ ਕਰ ਦੇਵੇ। ਕਿਸਾਨਾਂ ਦੀ ਹਾਲਤ ਤਾਂ ਬਹੁਤ ਹੀ ਮਾੜੀ ਐ।"

'ਇਹ ਗੱਲ ਤਾਂ ਸਹੀ ਐ।' ਗੁਲਾਬ ਕੌਰ ਨੇ ਦਿਲ ਵਿੱਚ ਹੀ ਸੋਚਿਆ ਉਸ ਦਾ ਸਾਰਾ ਧਿਆਨ ਅਬਦੁੱਲੇ ਦੀਆਂ ਗੱਲਾਂ ਵੱਲ ਸੀ।

"ਜ਼ਮੀਨਾਂ ਉੱਤੇ ਪਹਿਲਾਂ ਮਾਲੀਆ ਜਿਣਸ ਦੇ ਰੂਪ ਵਿੱਚ ਲਿਆ ਜਾਂਦਾ ਸੀ। ਹੁਣ ਤਾਂ ਮਾਲੀਆ ਵੀ ਨਕਦੀ ਲਿਆ ਜਾਂਦਾ। ਵੱਡਾ ਦੁੱਖ ਇਹ ਐ ਕਿ ਇਹ ਮਾਲੀਆ ਪਿੰਡਾਂ ਦੇ ਜ਼ੈਲਦਾਰ, ਸਫੈਦਪੋਸ਼ ਤੇ ਨੰਬਰਦਾਰ ਉਗਰਾਹੁੰਦੇ ਐ। ਇਹ ਬਹੁਤੇ ਅੰਗਰੇਜ਼ਾਂ ਦੇ ਪਿੱਠੂ ਐ। ਮਾਲੀਆ ਤਾਂ ਹੁਣ ਬਗਾਨੀ ਭੋਇੰ ਉੱਤੇ ਵੀ ਲੱਗ ਪਿਆ। ਮਾਲੀਆ ਦੇ ਕੇ ਕਿਸਾਨ ਕੋਲ ਤਾਂ ਖਾਣ ਜੋਣ ਦਾਣੇ ਵੀ ਨਹੀਂ ਬਚਦੇ।"

'ਇਹ ਗੱਲਾਂ ਤਾਂ ਬਿਲਕੁੱਲ ਠੀਕ ਐ। ਲੋਕ ਦਾਣੇ-ਦਾਣੇ ਨੂੰ ਤਰਸਦੇ ਐ। ਅਬਦੁੱਲਾ ਭਾਈ ਤਾਂ ਲੋਕਾਂ ਦੇ ਦੁੱਖੜੇ ਫਰੋਲ ਰਿਹੈ।' ਗੁਲਾਬ ਕੌਰ ਦਾ ਧਿਆਨ ਉਸ ਦੀਆਂ ਗੱਲਾਂ ਵੱਲ ਸੀ ਪਰ ਨਾਲ ਦੀ ਨਾਲ ਉਸ ਦੇ ਦਿਮਾਗ ਵਿੱਚ ਵੱਖਰੇ ਖਿਆਲ ਵੀ ਘੁੰਮ ਰਹੇ ਸਨ। ਅਬਦੁੱਲਾ ਤਾਂ ਗਲੋਟੇ ਵਾਂਗ ਉਧੜ ਰਿਹਾ ਸੀ, "ਅੰਗਰੇਜ਼ਾਂ ਦੇ ਝੋਲ਼ੀ ਚੁੱਕ ਕਹਿਣਗੇ ਕਿ ਅੰਗਰੇਜ਼ੀ ਰਾਜ ਵਿੱਚ ਸਾਡੇ ਦੇਸ਼ ਨੇ ਬੜੀ ਤਰੱਕੀ ਕੀਤੀ ਐ। ਅਤੇ ਰੇਲਾਂ ਚਲਾ ਦਿੱਤੀਆ। ਨਹਿਰਾਂ ਕੱਢ ਦਿੱਤੀਆਂ। ਅਸਲ ਵਿੱਚ ਅੰਗਰੇਜ਼ ਸਾਡੇ ਦੇਸ਼ ਦੀ ਬੁਰੀ ਤਰ੍ਹਾਂ ਲੁੱਟ ਕਰ ਰਿਹੇ। ਸਾਡੇ ਦੇਸ਼ ਦਾ ਸਭ ਕੱਚਾ ਮਾਲ ਵਲਾਇਤ ਲਿਜਾ ਰਿਹਾ ਤੇ ਉਨ੍ਹਾਂ ਦਾ ਬਣਿਆ ਮਾਲ ਏਥੇ ਲਿਆ ਕੇ ਮਹਿੰਗੇ ਭਾਅ ਵੇਚਦਾ। ਰੇਲਾਂ ਤੇ ਸੜਕਾਂ ਦਾ ਵੱਧ ਫਾਇਆ ਤਾਂ ਬੱਸ ਅੰਗਰੇਜ਼ਾਂ ਨੂੰ ਐ।"

"ਵੀਰ ਅਬਦੁੱਲਾ ਤਾਂ ਸੱਚਮੁੱਚ ਅਸਲੀ ਗੱਲਾਂ ਦੱਸ ਰਿਹਾ। ਇਨ੍ਹਾਂ ਗੱਲਾਂ ਵੱਲ ਤਾਂ ਸਾਡਾ ਧਿਆਨ ਹੀ ਨਹੀਂ। ਸਾਨੂੰ ਤਾਂ ਸਰਦਾਰਾਂ ਦੇ ਬਦਮਾਸ਼ ਨਹੀਂ ਬੋਲਣ ਦਿੰਦੇ।"

"ਸਾਰੇ ਦੇਸ਼ ਦੇ ਵੱਡੇ ਸ਼ਾਹੂਕਾਰ, ਵੱਡੇ ਜ਼ਿਮੀਂਦਾਰ, ਸਰਦਾਰ ਲੋਕ ਤੇ ਰਿਆਸਤਾਂ ਦੇ ਰਾਜੇ ਬਹੁਤ ਅੰਗਰੇਜ਼ਾਂ ਦੇ ਪਿੱਠੂ, ਇਹ ਸਾਡੇ ਲੋਕਾਂ ਦੇ ਵੱਡੇ ਦੁਸ਼ਮਣ ਐ।"

'ਇਹ ਹੋਈ ਨਾ ਗੱਲ। ਐਹੋ ਜਿਹੀਆਂ ਗੱਲਾਂ ਭਲਾ ਸਾਨੂੰ ਕੌਣ ਦੱਸਦਾ।' ਫਿਰ ਗੁਲਾਬ ਕੌਰ ਨੇ ਵੇਖਿਆ ਕਿ ਸਾਰੇ ਜਣੇ ਚੁੱਪ ਚਾਪ ਅਬਦੁੱਲੇ ਦੀਆਂ ਗੱਲਾਂ ਸੁਣ ਰਹੇ ਸਨ।

"ਜਦੋਂ ਲੋਕ ਭੁੱਖੇ ਮਰਨ ਲੱਗੇ ਤਾਂ ਸਾਡੇ ਲੋਕਾਂ ਨੇ ਬਾਹਰਲੇ ਦੇਸ਼ ਵੱਲ ਮੂੰਹ ਕਰ ਲਿਆ। ਪਹਿਲਾਂ ਪਹਿਲਾਂ ਲੋਕ ਅਮਰੀਕਾ ਤੇ ਕੈਨੇਡਾ ਵਿੱਚ ਆਏ। ਉਸ ਵੇਲੇ ਤਾਂ ਲੋਕ ਸਿੱਧੇ ਹੀ ਚਲੇ ਜਾਂਦੇ ਸਨ। ਇਨ੍ਹਾਂ ਦੇਸ਼ਾਂ ਵਿੱਚ ਪੈਸਾ ਕਾਫੀ ਬਣ ਜਾਂਦਾ। ਸਾਡੇ ਬੰਦੇ ਇੱਕ ਤਾਂ ਉਂਜ ਹੀ ਮਿਹਨਤੀ ਹੁੰਦੇ ਐ ਤੇ ਦੂਜਾ ਇਹ ਘਰੋਂ ਕਮਾਈ ਕਰਨ ਆਏ ਸੀ। ਉਨ੍ਹਾਂ ਨੇ ਅਮਰੀਕਾ ਤੇ ਕੈਨੇਡਾ ਵਿੱਚ ਜੰਗਲ ਕੱਟੇ। ਜ਼ਮੀਨਾਂ ਅਬਾਦ ਕੀਤੀਆਂ। ਰੇਲ ਪਟੜੀਆਂ ਵਿਛਾਈਆਂ। ਆਰਾ ਮਿੱਲ੍ਹਾਂ ਵਿੱਚ ਦਿਨ ਰਾਤ ਮਿਹਨਤ ਕੀਤੀ ਤੇ ਕਮਾਈ ਵੀ ਖੂਬ ਕੀਤੀ। ਹੁਣ ਉਧਰ ਗੋਰੇ ਮਜ਼ਦੂਰਾਂ ਤੇ ਭਾਰਤੀ ਮਜ਼ਦੂਰਾਂ ਵਿੱਚ ਖੜਕ ਪਈ। ਸਾਡੇ ਮਜ਼ਦੂਰ ਤਾਂ ਗੋਰਿਆਂ ਤੋਂ ਘੱਟ ਦਿਹਾੜੀ ਵੀ ਸਵੀਕਾਰ ਕਰ ਲੈਂਦੇ ਸਨ। ਟਕਰਾਅ ਤਾਂ ਹੋਣਾ ਸੀ। ਗੋਰੇ ਸਾਨੂੰ ਜ਼ਲੀਲ ਕਰਨ ਲੱਗੇ। ਸਾਡੇ ਉੱਤੇ ਹਮਲੇ ਕਰਨ ਲੱਗੇ। ਸਾਨੂੰ ਕੁੱਤੇ ਆਖਦੇ। ਸਾਡੇ ਬੰਦਿਆਂ ਕੋਲ ਪੈਸੇ ਤਾਂ ਜੁੜਦੇ ਗਏ ਪਰ ਇਜ਼ਤ ਭਰਾ ਵੀ ਨਾ।"

"ਹਾਏ! ਇਹ ਕਿਹੋ ਜਿਹੇ ਦੇਸ਼ ਐ ਜਿਥੇ ਲੋਕਾਂ ਦੀ ਇਜ਼ਤ ਨਹੀਂ। ਨਿਰਾ ਪੈਸਾ ਹੀ ਤਾਂ ਸਭ ਕੁਝ ਨਹੀਂ ਹੁੰਦਾ। ਕੀ ਲੈਣਾ ਐਹੋ ਜਿਹੇ ਦੇਸ਼ਾਂ ਵਿੱਚ ਜਾ ਕੇ।" ਉਧਰ ਅਬਦੁੱਲਾ ਆਪਣੀ ਗੱਲ ਕਰੀ ਜਾ ਰਿਹਾ ਸੀ, "ਉਨ੍ਹਾਂ ਦੇਸ਼ਾਂ ਵਿੱਚ ਹੁਣ ਸਿੱਧੇ ਨਹੀਂ ਜਾ ਹੁੰਦਾ। ਉਨੀ ਸੌ ਦਸ ਵਿੱਚ ਉਧਰ ਕਾਨੂੰਨ ਬਣ ਗਿਆ ਕਿ ਕੋਈ ਵੀ ਭਾਰਤੀ ਏਥੇ ਸਿੱਧਾ ਨਹੀਂ ਆ ਸਕਦਾ ਤੇ ਨਾ ਹੀ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਲਿਆ ਸਕਦੈ। ਇਸੇ ਕਰਕੇ ਮਨੀਲਾ ਜਾਂ ਹੋਰ ਕਿਤੇ ਛੇ ਸੱਤ ਮਹੀਨੇ ਬਾਅਦ ਹੀ ਉਧਰ ਜਾ ਸਕੀਦਾ।"

ਕੁੱਝ ਰੁਕ ਕੇ ਅਬਦੁੱਲਾ ਫੇਰ ਕਹਿਣ ਲੱਗਾ, "ਹੁਣ ਕੈਨੇਡਾ ਤੇ ਅਮਰੀਕਾ ਵਿੱਚ ਵੀ ਜਿਹੜੇ ਬੰਦੇ ਬੈਠੇ ਐ ਉਹ ਆਪਣੇ ਜੋਰ ਨਾਲ ਬੈਠੇ ਐ। ਉਹ ਉਧਰਲੇ ਬੰਦਿਆਂ ਨਾਲ ਟੱਕਰ ਲੈਣ ਲੱਗੇ ਐ। ਰਲ ਕੇ ਰਹਿੰਦੇ ਐ। ਉਨ੍ਹਾਂ ਨੂੰ ਅਸਲ ਵਿੱਚ ਪਤਾ ਲੱਗ ਗਿਆ ਕਿ ਅਸੀਂ ਗੁਲਾਮ ਆਂ। ਇਹ ਲੋਕ ਅਜ਼ਾਦ ਨੇ। ਗੁਲਾਮੀ ਤੇ ਆਜ਼ਾਦੀ ਦਾ ਉਨ੍ਹਾਂ ਨੂੰ ਡੂੰਘਾ ਅਹਿਸਾਸ ਹੋ ਗਿਆ। ਅਮਰੀਕਾ ਵਿੱਚ ਸਾਡੇ ਲੋਕਾਂ ਨੇ ਮਿਲ ਕੇ ਇੱਕ ਜੱਥੇਬੰਦੀ ਕਾਇਮ ਕੀਤੀ ਐ। ਉਸ ਵੱਲੋਂ ਇੱਕ ਪਰਚਾ ਵੀ ਕੱਢਿਆ ਜਾ ਰਿਹਾ। ਇਹ ਇੱਕ ਅਜਿਹੀ ਪਾਰਟੀ ਐ ਜਿਹੜੀ ਸਾਡੇ ਲੋਕਾਂ ਦੇ ਹੱਕਾਂ ਲਈ ਹੀ ਨਹੀਂ ਲੜਦੀ ਸਗੋਂ ਆਪਣੇ ਦੇਸ਼ ਦੀ ਆਜ਼ਾਦੀ ਲਈ ਵੀ ਲੜ ਰਹੀ ਐ। ਪਾਰਟੀ ਵੱਲੋਂ ਕੱਢੇ ਜਾਂਦੇ ਪਰਚੇ ਦਾ ਨਾਂ ਹੈ 'ਗ਼ਦਰ' ਤੇ ਪਾਰਟੀ ਦਾ ਨਾਂ ਹੈ ਗ਼ਦਰ ਪਾਰਟੀ। ਮੈਂ ਗ਼ਦਰ ਪਰਚੇ ਦੀਆਂ ਕੁੱਝ ਕਾਪੀਆਂ ਲੈ ਕੇ ਆਇਆਂ। ਪੰਜਾਬੀ ਪੜ੍ਹਨ ਵਾਲੇ ਇਹ ਪਰਚਾ ਜ਼ਰੂਰ ਲੈ ਕੇ ਜਾਣ।"

"ਵਾਹ! ਅਸੀਂ ਤਾਂ ਪਿੰਡ ਵਿੱਚ ਐਵੇਂ ਖੂਹ ਦੇ ਡੱਡੂ ਸੀ। ਸਾਨੂੰ ਕੀ ਪਤਾ ਸੀ ਬਈ ਬਾਹਰ ਕੀ ਹੋ ਰਿਹੈ। ਮੈਂ ਗੁਰਮੁਖੀ ਪੜ੍ਹਨਾ ਜਾਣਦੀ ਆਂ। ਜਿਉਂਦਾ ਰਹੇ ਅਬਦੁੱਲਾ ਭਾਈ। ਸਾਨੂੰ ਤਾਂ ਕਿਸੇ ਗੱਲ਼ ਦਾ ਇਲਮ ਨਹੀਂ। ਅਬਦੁੱਲੇ ਨੇ ਤਾਂ ਹੱਦ ਕਰ ਦਿੱਤੀ। ਉਸ ਦੀ ਗੱਲ ਬਾਤ ਹਾਲੇ ਵੀ ਜਾਰੀ

ਸੀ।

"ਅਗਲੇ ਹਫਤੇ ਸਾਡੇ ਕੋਲ ਬਹੁਤ ਸਾਰੇ ਬੰਦੇ ਪਹੁੰਚ ਰਹੇ ਐ। ਉਨ੍ਹਾਂ ਵਿੱਚ ਜੀਵਨ ਸਿੰਘ, ਦੌਲਾ ਸਿੰਘ ਵਾਲਾ ਤੇ ਹੋਰ ਸਾਥੀ ਵੀ ਆਉਣਗੇ।"

"ਵਾਹ ਬਾਈ ਵਾਹ। ਜੀਵਨ ਸਿੰਘ ਆ ਰਿਹੈ। ਉਸ ਨੂੰ ਤਾਂ ਜ਼ਰੂਰ ਮਿਲਾਂਗੇ!" ਮਾਨਾ ਖੁਸ਼ੀ ਨਾਲ ਬੋਲਿਆ। ਅਬਦੁੱਲਾ ਫੇਰ ਕਹਿਣ ਲੱਗਾ, "ਏਥੇ ਬਹੁਤ ਆਦਮੀ ਆਉਂਦੇ ਜਾਂਦੇ ਐ। ਗੱਲਾਂ ਬਾਤਾਂ ਚੱਲਦੀਆਂ ਰਹਿੰਦੀਆਂ। ਅਗਲੇ ਐਤਵਾਰ ਜ਼ਰੂਰ ਆਉਣਾ।" ਫਿਰ ਉਸ ਨੇ ਗ਼ਦਰ ਅਖ਼ਬਾਰ ਦੀਆਂ ਕਾਪੀਆਂ ਪੜ੍ਹਨ ਵਾਲਿਆਂ ਵਿੱਚ ਵੰਡ ਦਿੱਤੀਆਂ। ਗੁਲਾਬ ਕੌਰ ਨੇ ਵੀ ਇਕ ਕਾਪੀ ਫੜ ਲਈ। ਉਹ ਕਿਨਾ ਹੀ ਚਿਰ ਅਖ਼ਬਾਰ ਦੇ ਪਹਿਲੇ ਪੰਨੇ ਵੱਲ ਵੇਖਦੀ ਰਹੀ। ਮੋਟੇ ਅੱਖਰਾਂ ਵਿੱਚ ਪਰਚੇ ਦਾ ਨਾਮ ਗ਼ਦਰ ਲਿਖਿਆ ਹੋਇਆ ਸੀ। ਉਪਰ ਦੋਹਾਂ ਕੋਨਿਆਂ ਉੱਤੇ ਵੰਦੇ ਮਾਤ੍ਰਮ ਦਾ ਨਾਅਰਾ ਸੀ। ਗੁਲਾਬ ਕੌਰ ਨੇ ਪਹਿਲੀ ਵਾਰ ਪੰਜਾਬੀ ਦਾ ਕੋਈ ਪਰਚਾ ਵੇਖਿਆ ਸੀ। ਉਹ ਚਾਈਂ ਚਾਈਂ ਗ਼ਦਰ ਅਖ਼ਬਾਰ ਲੈ ਕੇ ਮਾਨੇ ਦੇ ਨਾਲ ਆਪਣੇ ਕਮਰੇ ਵਿੱਚ ਆ ਗਈ।

ਮੌਸਮ ਵਿੱਚ ਕਾਫੀ ਤਬਦੀਲੀ ਆ ਗਈ ਸੀ। ਪੰਜਾਬ ਵਾਂਗ ਏਥੇ ਵੀ ਠੰਢ ਉਤਰ ਆਈ ਸੀ ਪਰ ਦਿਨ ਵੇਲੇ ਠੰਢ ਬਹੁਤੀ ਨਹੀਂ ਸੀ ਹੁੰਦੀ। ਕਮਰੇ ਆ ਕੇ ਗੁਲਾਬ ਕੌਰ ਦਾ ਦਿਲ ਕਰੇ ਕਿ ਉਹ ਪਹਿਲਾਂ ਇਹ ਸਾਰਾ ਪਰਚਾ ਪੜ੍ਹੇ। ਰੋਟੀ-ਪਾਣੀ ਦਾ ਕੀ ਹੈ। ਹੌਲੀ ਹੌਲੀ ਬਣ ਜਾਇਗਾ। ਮਾਨਾ ਤਾਂ ਕਮਰੇ ਆ ਕੇ ਛੇਤੀ ਹੀ ਬਾਹਰ ਨੂੰ ਚਲਾ ਗਿਆ। ਗੁਲਾਬ ਕੌਰ ਪਰਚਾ ਚੁੱਕ ਕੇ ਪੜ੍ਹਨ ਬੈਠ ਗਈ—ਅੱਜ ਪਹਿਲੀ ਨਵੰਬਰ 1913 ਨੂੰ ਭਾਰਤ ਦੀ ਤਵਾਰੀਖ ਵਿੱਚ ਇਕ ਨਵਾਂ ਸੰਮਤ ਚੱਲਦਾ ਹੈ। ਕਿਉਂਕਿ ਅੱਜ ਅੰਗਰੇਜ਼ੀ ਰਾਜ ਦੇ ਵਿਰੁੱਧ ਪਰਦੇਸ਼ ਵਿੱਚੋਂ ਦੇਸੀ ਜ਼ਬਾਨ ਵਿੱਚ ਜੰਗ ਛਿੜਦੀ ਹੈ। ਅੱਜ ਦਾ ਦਿਨ ਸ਼ੁਭ ਹੈ ਕਿ ਅੰਗਰੇਜ਼ੀ ਜ਼ੁਲਮ ਦੀ ਜੜ ਉਖਾੜਨ ਵਾਲਾ ਅੱਖਰ ਉਰਦੂ ਤੇ ਗੁਰਮੁਖੀ ਅਖ਼ਬਾਰ ਉੱਤੇ ਜ਼ਾਹਰ ਹੁੰਦਾ ਹੈ। ਘਰ ਤੋਂ ਦਸ ਹਜ਼ਾਰ ਮੀਲ ਦੂਰ ਪਰਦੇਸ ਵਿੱਚ ਇਸ ਅਖ਼ਬਾਰ ਦਾ ਛਪਣਾ ਇੱਕ ਅਜਿਹਾ ਕੰਮ ਹੈ ਜਿਸ ਨੂੰ ਨਿਗਾਹ ਮਾਰਨ ਤੇ ਦਿਲ ਵਿੱਚ ਖੁਸ਼ੀ ਭਰੀ ਨਹੀਂ ਸਮਾਉਂਦੀ।

ਅੱਜ ਭਾਰਤ ਦੀ ਕਿਸਮਤ ਹੱਸ ਰਹੀ ਹੈ। ਨਵੀਂ ਉਮਰ ਦੇ ਨਵੇਂ ਕੰਮਾਂ ਦਾ ਵੇਲਾ ਆ ਗਿਆ ਹੈ। ਕਲਮ ਦੀ ਤਾਕਤ ਦੇ ਨਾਲ ਅੰਗਰੇਜ਼ੀ ਰਾਜ ਪੁਰ ਤੋਪ ਬੀੜ ਦਿੱਤੀ ਹੈ। ਜਿਸ ਦਾ ਨਾਸ਼ ਕਰੇ ਬਿਨਾਂ ਬੰਦ ਨਾ ਹੋਵੇਗੀ। ਅੱਜ ਹਿੰਦੀ ਭਾਈਆਂ ਦੀ ਗੁਲਾਮੀ ਨੂੰ ਦੂਰ ਕਰਨ ਦੀ ਖਾਤਰ ਇਕ ਨਵਾਂ ਸੰਦ ਘੜਿਆ ਗਿਆ ਹੈ। ਜਿਸ ਤੋਂ ਸਰਕਾਰ ਦਾ ਲਹੂ ਸੁੱਕ ਗਿਆ ਹੈ।

ਸਾਡਾ ਨਾਉਂ ਕੀ ਹੈ? "ਗ਼ਦਰ"। ਕੰਮ ਕੀ ਹੈ? "ਗ਼ਦਰ"। ਨਾਉਂ ਤੇ ਕੰਮ ਇੱਕੋ ਹੈ। ਕੋਈ ਪੁੱਛ-ਗਿੱਛ ਦੀ ਲੋੜ ਨਹੀਂ। ਸਵਾਲ ਤੋਂ ਜਵਾਬ ਪਹਿਲਾਂ ਹਾਜ਼ਰ ਹੈ। ਗ਼ਦਰ ਦੀ ਕੀ ਲੋੜ ਹੈ? ਕਿਉਂ ਇਹ ਗ਼ਦਰ ਹੋਵੇਗਾ? ਕਿਸ ਤਰ੍ਹਾਂ ਹੋਵੇਗਾ? ਕਦੋਂ ਹੋਵੇਗਾ? ਲਉ ਜੀ ਸਾਰਾ ਭੇਦ ਦੱਸ ਦਿੰਦੇ ਹਾਂ। ਹਿੰਮਤ ਹੈ ਤਾਂ ਸੁਣ ਲਵੋ ਨਹੀਂ ਘਰ ਨੂੰ ਭੱਜ ਜਾਓ।

ਕਿਥੇ ਗ਼ਦਰ ਹੋਵੇਗਾ? ਭਾਰਤ ਵਿੱਚ। ਕਦੋਂ ਹੋਵੇਗਾ? ਥੋੜ੍ਹੇ ਬਰਸਾਂ ਤੱਕ। ਕਿਉਂ ਹੋਵੇਗਾ? ਕਿਉਂਕਿ ਅਬ ਅੰਗਰੇਜ਼ਾਂ ਦੇ ਜ਼ੁਲਮ ਤੋਂ ਖਲਕਤ ਦੁਖੀ ਹੈ ਅਤੇ ਅਜ਼ਾਦੀ ਦੀ ਖਾਤਰ ਲੜ ਮਰਨ ਨੂੰ ਤਿਆਰ ਹੈ। ਏਸ ਗ਼ਦਰ ਦੀ ਖਾਤਰ ਹਰ ਇੱਕ ਹਿੰਦੂਸਤਾਨੀ ਦਾ ਤਿਆਰ ਹੋ ਜਾਣਾ ਧਰਮ ਹੈ।

ਅਖ਼ਬਾਰ ਪੜ੍ਹਨਾ ਛੱਡ ਕੇ ਗੁਲਾਬ ਕੌਰ ਡੂੰਘੀਆਂ ਸੋਚਾਂ ਵਿੱਚ ਉਤਰ ਗਈ। ਅਸਲੀ ਗੱਲ ਬਾਤ ਤਾਂ ਇਧਰ ਹੋ ਰਹੀ ਐ। ਉਧਰ ਤਾਂ ਲੋਕਾਂ ਬਾਰੇ ਕੋਈ ਗੱਲ ਹੀ ਨਹੀਂ ਕਰਦਾ।

ਅੰਦਰਖਾਤੇ ਸਭ ਔਖੇ ਐ। ਜ਼ੁਬਾਨ ਕੋਈ ਨਹੀਂ ਖੋਲ੍ਹਦਾ। ਕਾਹਦੀ ਜੂਨ ਐ ਲੋਕਾਂ ਦੀ। ਰੱਜ ਕੇ ਖਾਣ ਨੂੰ ਰੋਟੀ ਵੀ ਨਹੀਂ ਮਿਲਦੀ। ਅਬਦੁੱਲਾ ਸੱਚੀ ਗੱਲ ਆਖਦਾ ਸੀ ਕਿ ਬਹੁਤੇ ਜ਼ੈਲਦਾਰ, ਵੱਡੇ ਸ਼ਾਹੂਕਾਰ, ਵੱਡੇ ਅਮੀਰ ਤੇ ਰਾਜੇ ਰਜਵਾੜੇ ਅੰਗਰੇਜ਼ਾਂ ਦੇ ਪਿੱਠੂ ਐ। ਇਹ ਸਾਡੇ ਉਤੇ ਐਵੇਂ ਨਹੀਂ ਰਾਜ ਕਰਦੇ। ਕਿਤੇ ਕਾਲ ਪੈ ਗਿਆ। ਕਿਤੇ ਬਿਮਾਰੀ ਪੈ ਗਈ। ਕਿਸੇ ਨੂੰ ਕੀ। ਜੇ ਲੋਕ ਮਰਦੇ ਐ ਤਾਂ ਮਰੀ ਜਾਣ। ਪੁੱਛਣ ਵਾਲ ਕੋਈ ਨਹੀਂ। ਲੋਕ ਅੰਗਰੇਜ਼ਾਂ ਨੂੰ ਦੇਸ਼ ਵਿੱਚੋਂ ਕੱਢਦੇ ਕਿਉਂ ਨਹੀਂ! ਲੋਕ ਕਿਉਂ ਇਨ੍ਹਾਂ ਦਾ ਪਾਣੀ ਭਰਦੈ ਐ! ਚੰਗਾ ਹੋਇਆ ਇਧਰ ਆ ਗਏ। ਗੁਰਦੁਆਰੇ ਜੇ ਦੋ ਘੜੀ ਚਲੇ ਜਾਈਦਾ ਤਾਂ ਉਥੇ ਕੋਈ ਨਵੀਂ ਗੱਲ ਸੁਣਨ ਨੂੰ ਮਿਲਦੀ ਐ।" ਫੇਰ ਉਸ ਨੂੰ ਯਾਦ ਆਇਆ ਕਿ ਅਬਦੁੱਲਾ ਦੱਸਦਾ ਸੀ ਕਿ ਅਗਲੇ ਐਤਵਾਰ ਜੀਵਨ ਸਿੰਘ ਦੌਲਾ ਸਿੰਘ ਆ ਰਿਹਾ। ਉਹ ਤਾਂ ਸਾਡੇ ਬੰਨੇ ਚੰਨੇ ਦਾ ਭਾਈ ਐ। ਉਸ ਨੂੰ ਤਾਂ ਮਾਨਾ ਵੀ ਜਾਣਦੈ। ਅਖੇ ਹੋਰ ਵੀ ਕਈ ਬੰਦੇ ਆਉਣਗੇ। ਚੰਗਾ ਹੋਇਆ। ਉਨ੍ਹਾਂ ਦੀ ਗੱਲ ਬਾਤ ਵੀ ਸੁਣਾਂਗੇ। ਗੁਲਾਬ ਕੌਰ ਨੂੰ ਤਾਂ ਉਨ੍ਹਾਂ ਦੇ ਆਉਣ ਦੀ ਖ਼ੁਸ਼ੀ ਸੀ। ਉਸ ਲਈ ਤਾਂ ਐਤਵਾਰ ਮਸਾਂ ਆਉਣਾ ਸੀ।

ਪੰਜ

ਮਾਨ ਸਿੰਘ ਤੇ ਗੁਲਾਬ ਕੌਰ ਰੋਜ਼ ਸਵੱਖਤੇ ਗੁਰਦੁਆਰੇ ਜਾਂਦੇ ਤੇ ਬੈਠ ਕੇ ਗੁਰਬਾਣੀ ਸੁਣਦੇ। ਏਥੇ ਰੋਜ਼ ਨਵੇਂ ਬੰਦੇ ਆਉਂਦੇ। ਨਵੀਆਂ ਗੱਲਾਂ ਚੱਲਦੀਆਂ। ਗੱਲਾਂ ਦੇਸ਼ ਵਿੱਚ ਫੈਲੀ ਗ਼ਰੀਬੀ ਦੀਆਂ, ਅੰਗੇਰਜ਼ੀ ਸਰਕਾਰ ਦੇ ਜ਼ੁਲਮ ਦੀਆਂ ਤੇ ਬੇਰੁਜ਼ਗਾਰੀ ਦੀਆਂ ਹੁੰਦੀਆਂ। ਇਹ ਗੁਰਦੁਆਰਾ ਹੁਣ ਭਾਰਤੀ ਲੋਕਾਂ ਦੇ ਰਲ਼ ਬੈਠਣ ਦਾ ਮੁੱਖ ਸਥਾਨ ਬਣ ਗਿਆ। ਬਾਹਰੋਂ ਆਏ ਬੰਦੇ ਏਥੇ ਹੀ ਠਹਿਰਦੇ। ਗੁਲਾਬ ਕੌਰ ਉਨ੍ਹਾਂ ਦੀਆਂ ਗੱਲਾਂ ਸੁਣ ਕੇ ਹੈਰਾਨ ਹੁੰਦੀ। ਉਹ ਅਕਸਰ ਸੋਚਦੀ ਕਿ ਸਾਡੇ ਬੰਦੇ ਬਾਹਰਲੇ ਦੇਸ਼ਾਂ ਵਿੱਚ ਆ ਕੇ ਵੀ ਆਪਣੇ ਦੇਸ਼ ਨੂੰ ਨਹੀਂ ਭੁੱਲੇ। ਦੇਸ਼ ਵਾਸੀਆਂ ਦਾ ਇਹ ਕਿਨਾ ਫਿਕਰ ਕਰਦੇ ਐ। ਇਹ ਤਾਂ ਇਧਰ ਕਮਾਈ ਕਰਨ ਆਏ ਹੋਏ ਐ ਪਰ ਇਨ੍ਹਾਂ ਨੂੰ ਆਪਣੇ ਨਾਲੋਂ ਵੀ ਜ਼ਿਆਦਾ ਆਪਣੇ ਦੇਸ਼ ਵਾਸੀਆਂ ਦੀ ਚਿੰਤਾ ਹੈ। ਦੇਸ਼ ਦੀ ਚਿੰਤਾ ਹੈ। ਗ਼ਦਰ ਪਾਰਟੀ ਦੀਆਂ ਗੱਲਾਂ ਸੁਣ ਕੇ ਉਹ ਸੋਚੰਦੀ ਕਿ ਅਸਲੀ ਦੇਸ਼ ਭਗਤ ਤਾਂ ਗ਼ਦਰੀ ਐ। ਭੁੱਖ ਦੋਖੇ ਦੇ ਮਾਰੇ ਹੋਏ ਦੇਸ਼ ਬਾਰੇ ਹਰ ਵੇਲੇ ਸੋਚਦੇ ਐ। ਕੋਈ ਡਰ ਡੁੱਕਰ ਇਨ੍ਹਾਂ ਦੇ ਨੇੜ-ਤੇੜ ਨਹੀਂ। ਦੇਸ਼ ਨੂੰ ਅੰਗਰੇਜ਼ਾਂ ਤੋਂ ਮੁਕਤ ਕਰਵਾਉਣ ਲਈ ਗ਼ਦਰ ਪਾਰਟੀ ਕਾਇਮ ਕਰਨੀ ਕੋਈ ਸਾਧਾਰਨ ਗੱਲ ਨਹੀਂ। ਇਹ ਗੱਲਾਂ ਉਸ ਦੇ ਦਿਮਾਗ ਵਿੱਚ ਵਾਰ-ਵਾਰ ਘੁੰਮਦੀਆਂ।

ਬਹੁਤ ਸਾਲ ਹੋਏ ਘਰਾਂ ਦੀ ਘੋਰ ਗ਼ਰੀਬੀ ਕਰਕੇ ਭਾਰਤੀ ਲੋਕ ਅਮਰੀਕਾ ਕੈਨੇਡਾ ਵਿੱਚ ਆਉਣ ਲੱਗ ਪਏ। ਉਥੇ ਭਾਰਤ ਨਾਲੋਂ ਮਜ਼ਦੂਰੀ ਵੱਧ ਮਿਲਦੀ ਸੀ। ਸਾਡੇ ਲੋਕ ਉਥੇ ਸਖ਼ਤ ਮਿਹਨਤ ਕਰਕੇ ਖ਼ੂਬ ਕਮਾਈ ਕਰਨ ਲੱਗੇ। ਪੰਜਾਬ ਵਿੱਚ ਤਾਂ ਕਿਸਾਨੀ ਦਾ ਬੁਰਾ ਹਾਲ ਹੋਣ ਕਰਕੇ ਰੋਟੀ ਮਸਾਂ ਜੁੜਦੀ ਸੀ। ਇਸੇ ਕਾਰਨ ਇਧਰ ਪੰਜਾਬੀਆਂ ਦੀ ਗਿਣਤੀ ਜ਼ਿਆਦਾ ਸੀ। ਇਹ ਬੰਦੇ ਆਰਾ ਮਿੱਲਾਂ, ਰੇਲਵੇ ਵਰਕਸ਼ਾਪਾਂ ਤੇ ਰੇਲ ਪਟੜੀਆਂ ਉਤੇ ਕੰਮ ਕਰਨ ਲੱਗੇ। ਜੰਗਲ ਸਾਫ਼ ਕਰਕੇ ਜ਼ਮੀਨਾਂ ਤਿਆਰ ਕਰਨ ਲੱਗੇ। ਗੋਰੇ ਮਜ਼ਦੂਰਾਂ ਨਾਲੋਂ ਇਹ ਘੱਟ ਮਜ਼ਦੂਰੀ ਵੀ ਸਵੀਕਾਰ ਕਰ ਲੈਂਦੇ। ਗੋਰੇ ਮਜ਼ਦੂਰਾਂ ਦਾ ਭਾਰਤੀ ਮਜ਼ਦੂਰਾਂ ਨਾਲ ਟਕਰਾਅ ਹੋਣ ਲੱਗਾ। ਫਿਰ ਭਾਰਤੀ ਲੋਕ ਟੋਲੀਆਂ ਬਣਾ ਕੇ ਰਹਿਣ ਲੱਗੇ ਤੇ ਟੋਲੀਆਂ ਵਿੱਚ ਹੀ ਇਹ ਕੰਮਾਂ ਉੱਤੇ ਜਾਂਦੇ। ਇਨ੍ਹਾਂ ਉੱਤੇ ਕਈ ਵਾਰ ਗੋਰੇ ਮਜ਼ਦੂਰ ਹਮਲੇ ਵੀ ਕਰ ਦਿੰਦੇ। ਉਹ ਲੋਕ ਇਨ੍ਹਾ ਨੂੰ ਜ਼ਲੀਲ ਕਰਦੇ।

ਕੁੱਤੇ ਆਖਦੇ। ਭਾਰਤੀਆਂ ਕੋਲ ਪੈਸਾ ਤਾਂ ਆਉਣ ਲੱਗਾ ਪਰ ਇਨ੍ਹਾਂ ਦੀ ਇੱਜ਼ਤ ਕੋਈ ਨਹੀਂ ਸੀ। ਫਿਰ ਸਾਡੇ ਸੁਲਝੇ ਹੋਏ ਬੰਦਿਆਂ ਜਗ੍ਹਾ ਜਗ੍ਹਾ ਬੈਠ ਕੇ ਵਿਚਾਰਾਂ ਕੀਤੀਆਂ। ਆਪਣੇ ਹੱਕਾਂ ਦੀ ਖਾਤਰ ਲੜਨ ਲਈ ਇੱਕ ਮੰਚ ਉੱਤੇ ਜੁੜਨ ਦਾ ਫੈਸਲਾ ਹੋਇਆ। ਸਭ ਤੋਂ ਪਹਿਲਾਂ "ਹਿੰਦੀ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ' ਨਾਂ ਦੀ ਜੱਥੇਬੰਦੀ ਕਾਇਮ ਕਰਕੇ ਇਸ ਵੱਲੋਂ ਇੱਕ ਪਰਚਾ 'ਗ਼ਦਰ' ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ। ਇਸ ਜੱਥੇਬੰਦੀ ਨੇ ਆਪਣਾ ਪ੍ਰੋਗਰਾਮ 1857 ਵਾਲੇ ਗ਼ਦਰ ਦੇ ਪ੍ਰੋਗਰਾਮ ਵਾਂਗ ਸ਼ੁਰੂ ਕਰਨ ਦਾ ਨਿਰਣਾ ਲਿਆ ਸੀ। ਇਸ ਕਰਕੇ ਲੋਕਾਂ ਨੇ ਇਸ ਦਾ ਨਾਮ ਹੀ ਗ਼ਦਰ ਪਾਰਟੀ ਰੱਖ ਲਿਆ।

ਗ਼ਦਰ ਪਾਰਟੀ ਦੇ ਪਹਿਲੇ ਪਰਧਾਨ ਸੋਹਣ ਸਿੰਘ ਭਕਨਾ, ਮੀਤ ਪਰਧਾਨ ਕੇਸਰ ਸਿੰਘ ਠਠਗੜ੍ਹ, ਜਨਰਲ ਸਕੱਤਰ ਲਾਲਾ ਹਰਦਿਆਲ, ਜਾਇੰਟ ਸਕੱਤਰ ਲਾਲਾ ਠਾਕਰ ਦਾਸ ਧੂਰੀ ਤੇ ਖਜ਼ਾਨਚੀ ਪੰਡਤ ਕਾਂਸ਼ੀ ਰਾਮ ਮੜ੍ਹੌਲੀ ਚੁਣੇ ਗਏ। ਅਮਰੀਕਾ ਵਿੱਚ ਪਾਰਟੀ ਦਾ ਦਫ਼ਤਰ ਖੁੱਲ੍ਹ ਗਿਆ। ਪਾਰਟੀ ਦਾ ਪਰਚਾ 'ਗ਼ਦਰ' ਛਪਣ ਲੱਗ ਪਿਆ। ਲਾਲਾ ਹਰਦਿਆਲ, ਰਘੁਬਰ ਦਿਆਲ ਤੇ ਕਰਤਾਰ ਸਿੰਘ ਸਰਾਭਾ ਪਰਚੇ ਦਾ ਕੰਮ ਸੰਭਾਲਦੇ। ਫਿਰ ਉਨ੍ਹਾਂ ਦੇ ਨਾਲ ਕਰਤਾਰ ਸਿੰਘ ਦੁੱਕੀ, ਬਸੰਤ ਸਿੰਘ, ਖੇਮ ਚੰਦ ਤੇ ਹਰਨਾਮ ਸਿੰਘ ਕੋਟਲਾ, ਨੌਧ ਸਿੰਘ ਹੋਰੀਂ ਜੁੜ ਗਏ। ਗ਼ਦਰ ਅਖ਼ਬਾਰ ਨੇ ਅੰਗਰੇਜ਼ਾਂ ਨੂੰ ਭਾਜੜਾਂ ਪਾ ਦਿੱਤੀਆਂ। ਪਰਚੇ ਨੂੰ ਥਾਂ-ਥਾਂ ਰੋਕਿਆ ਜਾਂਦਾ। ਜ਼ਬਤ ਕੀਤਾ ਜਾਂਦਾ। ਹੋਰ ਕੋਈ ਰਾਹ ਲੱਭ ਕੇ ਪਰਚਾ ਦੂਰ ਦੂਰ ਤੱਕ ਭੇਜਿਆ ਜਾਣ ਲੱਗਾ। ਕਈ ਭਾਸ਼ਾਵਾਂ ਵਿੱਚ ਛਪਦੇ ਇਸ ਪਰਚੇ ਨੇ ਲੋਕਾਂ ਵਿੱਚ ਨਵੀਂ ਰੂਹ ਫੂਕ ਦਿੱਤੀ। ਅੰਗਰੇਜ਼ੀ ਸਰਕਾਰ ਦੇ ਜੁਲਮ ਦੇ ਕਿੱਸੇ ਲੋਕਾਂ ਅੱਗੇ ਪੇਸ਼ ਕੀਤੇ ਜਾਂਦੇ। ਪਰਚੇ ਦੀਆਂ ਜੋਸ਼ੀਲੀਆਂ ਕਵਿਤਾਵਾਂ ਲੋਕਾਂ ਦਾ ਖ਼ੂਨ ਖੌਲਣ ਨਾ ਦਿੰਦੀਆਂ। ਭਾਰਤ ਦੀ ਆਜ਼ਾਦੀ ਲਈ ਇੱਕ ਵੱਡਾ ਘੋਲ ਸ਼ੁਰੂ ਹੋ ਗਿਆ। ਦਿਨੋ ਦਿਨ ਅਗਨੀ ਪਰਚੰਡ ਹੁੰਦੀ ਗਈ।

ਗੁਲਾਬ ਕੌਰ ਦੇ ਸੁਭਾਅ ਵਿੱਚ ਬੜੀ ਤਬਦੀਲੀ ਆ ਗਈ। ਉਸ ਦਾ ਸੋਚਣ ਢੰਗ ਹੀ ਬਦਲ ਗਿਆ। ਘਰੋਂ ਦੋਵੇਂ ਜੀਅ ਕਮਾਈ ਕਰਨ ਤੁਰੇ ਸੀ ਤਾਂ ਕਿ ਘਰ ਦੀ ਨਿੱਘਰਦੀ ਜਾ ਰਹੀ ਹਾਲਤ ਨੂੰ ਠੀਕ ਕੀਤਾ ਜਾ ਸਕੇ। ਚੰਗੀ ਰੋਟੀ ਖਾਣ ਲੱਗ ਜਾਈਏ। ਏਥੇ ਮਨੀਲਾ ਵਿੱਚ ਕੋਈ ਚੰਗੀ ਕਮਾਈ ਨਹੀਂ ਸੀ ਹੋ ਰਹੀ। ਪਿੱਛੇ ਨੂੰ ਵੀ ਕੋਈ ਪੈਸੇ ਨਹੀਂ ਸਨ ਭੇਜ ਸਕਦੇ ਪਰ ਇਸ ਆਸ ਨਾਲ ਕੰਮ ਕਰ ਰਹੇ ਸਨ ਕਿ ਇੱਕ ਦਿਨ ਉਹ ਅਮਰੀਕਾ ਚਲੇ ਜਾਣਗੇ। ਬੱਸ ਫੇਰ ਵਾਰੇ ਨਿਆਰੇ। ਹੁਣ ਤਾਂ ਇਨ੍ਹਾਂ ਗੱਲਾਂ ਦਾ ਗੁਲਾਬ ਕੌਰ ਲਈ ਬਹੁਤਾ ਅਰਥ ਨਹੀਂ ਸੀ ਰਹਿ ਗਿਆ। ਉਹ ਅਕਸਰ ਸੋਚਦੀ ਕਿ ਸਾਡਾ ਦੇਸ਼ ਗੁਲਾਮ ਕਿਉਂ ਹੈ? ਬਾਹਰੋਂ ਆ ਕੇ ਅੰਗਰੇਜ਼ ਏਥੇ ਕਿਵੇਂ ਰਾਜ ਕਰਨ ਲੱਗ ਪਏ! ਦੇਸ਼ ਦੀ ਮਾੜੀ ਹਾਲਤ ਸਿਰਫ ਸਾਡੀ ਗੁਲਾਮੀ ਦੇ ਕਾਰਨ ਹੈ। ਲੋਕ ਰੋਟੀ ਨੂੰ ਤਰਸ ਰਹੇ ਐ। ਕਿਸੇ ਨੂੰ ਕੋਈ ਵੀ ਕੰਮ ਨਹੀਂ ਮਿਲ ਰਿਹਾ। ਜ਼ਮੀਨ ਵਾਹ ਕੇ ਕੋਈ ਕੀ ਕਰੂਗਾ। ਮਾਲੀਆ ਨਹੀਂ ਦੇ ਹੁੰਦਾ। ਜੇ ਕੋਈ ਬਿਮਾਰ ਹਾਂ ਤਾ ਘਰ ਵਿੱਚ ਪਿਆ ਰਹੇ। ਕੋਈ ਨਹੀਂ ਪੁੱਛਦਾ। ਕਹਿੰਦੇ ਲੱਖਾਂ ਬੰਦੇ ਬਿਮਾਰੀਆਂ ਨਾਲ ਮਰ ਗਏ। ਕੁੱਝ ਭੁੱਖਮਰੀ ਨਾਲ ਮਰ ਰਹੇ ਐ। ਕੋਈ ਸੁਣਵਾਈ ਵੀ ਨਹੀਂ। ਪੁਲੀਸ ਉਲਟਾ ਉਨ੍ਹਾਂ ਦੀ ਮੱਦਦ ਕਰਦੀ ਐ। ਉਹ ਅੰਗਰੇਜ਼ਾਂ ਦੇ ਜੀ ਹਜ਼ੂਰੀਏ ਜੁ ਹੋਏ। ਇਹ ਲੋਕ ਨੇ ਦੇਸ਼ ਦੇ ਗ਼ਦਾਰ।

ਹੁਣ ਲੋਕ ਜਾਗ ਉਠੇ ਐ। ਗ਼ਦਰ ਪਾਰਟੀ ਦੇ ਲੋਕਾਂ ਨੂੰ ਹਲੂਣਾ ਦੇ ਦਿੱਤਾ। ਕਹਿੰਦੇ ਅੰਗਰੇਜ਼ਾਂ ਨੂੰ ਭਾਰਤ ਵਿੱਚੋਂ ਕੱਢ ਕੇ ਦਮ ਲਵਾਂਗੇ। ਅਤੇ ਸਾਡੀ ਲੜਾਈ ਸ਼ੁਰੂ ਹੋ ਚੁੱਕੀ ਹੈ।

ਦੁਸ਼ਮਣ ਕਰਾਰੇ ਹੱਥ ਵਿਖਾਏ ਬਿਨਾਂ ਲੋਟ ਆ ਹੀ ਨਹੀਂ ਸਕਦਾ। ਆਹ ਜਿਹੜੇ ਅੰਗਰੇਜ਼ਾਂ ਦੇ ਪਿਠੂ ਐ ਇਨ੍ਹਾਂ ਨੂੰ ਵੀ ਮਾਫ ਨਹੀਂ ਕਰਨਾ ਚਾਹੀਦਾ। ਇਹ ਵੀ ਲੋਕਾਂ ਦੇ ਪੱਕੇ ਦੁਸ਼ਮਣ ਐ। ਲੋਕਾਂ ਨਾਲ ਧੋਖਾ ਕਰਨ ਵਾਲੇ ਲੋਕਾਂ ਦੇ ਕੀ ਲੱਗਦੇ ਹੋਏ! ਗੁਲਾਬ ਕੌਰ ਉੱਤੇ ਦੇਸ਼ ਭਗਤੀ ਦਾ ਰੰਗ ਚੜ੍ਹਦਾ ਗਿਆ। ਹਾਫਿਜ਼ ਅਬਦੁੱਲਾ ਜਿਹੜਾ ਗ਼ਦਰ ਪਰਚਾ ਦੇ ਕੇ ਗਿਆ ਸੀ ਉਹ ਹਰ ਰੋਜ਼ ਪੜ੍ਹਦੀ। ਗ਼ਦਰ। ਗ਼ਦਰ। ਉਸਦੇ ਦਿਲ ਦਿਮਾਗ ਵਿੱਚ ਇਹ ਸ਼ਬਦ ਘੁੰਮਦਾ। ਗੁਰਦੁਆਰੇ ਆ ਕੇ ਉਸ ਦੇ ਦਿਲ ਨੂੰ ਕੋਈ ਸਕੂਨ ਮਿਲਦਾ। ਗੁਰਬਾਣੀ ਸੁਣਦੀ। ਹੋਰ ਲੋਕਾਂ ਨਾਲ ਗੱਲ ਬਾਤ ਕਰਦੀ। ਬਾਹਰੋਂ ਆਏ ਬੰਦਿਆਂ ਦੇ ਵਿਚਾਰ ਸੁਣਦੀ। ਉਸ ਨੂੰ ਪਤਾ ਸੀ ਕਿ ਐਤਵਾਰ ਨੂੰ ਜੀਵਨ ਸਿੰਘ ਦੌਲਾ ਸਿੰਘ ਵਾਲੇ ਨੇ ਆਉਣਾ ਹੈ। ਇਹ ਐਤਵਾਰ ਉਸ ਨੂੰ ਮਸਾਂ ਆਇਆ।

ਗੁਲਾਬ ਕੌਰ ਤੇ ਮਾਨ ਸਿੰਘ ਸਵੱਖਤੇ ਗੁਰਦੁਆਰੇ ਪਹੁੰਚ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਿਆ। ਕਾਫੀ ਸੰਗਤ ਆਈ ਬੈਠੀ ਸੀ। ਕੁੱਝ ਚਿਰ ਬਾਅਦ ਉਹ ਦੂਜੇ ਕਮਰੇ ਵਿੱਚ ਆ ਗਏ। ਏਥੇ ਵੀ ਕੁੱਝ ਬੰਦੇ ਗੱਲਾਂ ਬਾਤਾਂ ਕਰ ਰਹੇ ਸਨ। ਮਾਨ ਸਿੰਘ ਇੱਕ ਦਮ ਹੈਰਾਨ ਹੋ ਗਿਆ। ਸਾਹਮਣੇ ਜੀਵਨ ਸਿੰਘ ਦੌਲਾ ਸਿੰਘ ਵਾਲਾ ਬੈਠਾ ਸੀ। ਦੋਵੇਂ ਇੱਕ ਦੂਜੇ ਨੂੰ ਵੇਖ ਕੇ ਖ਼ੁਸ਼ ਹੋ ਗਏ। ਜੀਵਨ ਸਿੰਘ ਝੱਟ ਉਠ ਕੇ ਮਾਨ ਸਿੰਘ ਨੂੰ ਮਿਲਿਆ। ਦੋਵੇਂ ਬੇਲੀ ਕਾਫ਼ੀ ਚਿਰ ਬਾਅਦ ਮਿਲੇ ਸਨ।

"ਅਸੀਂ ਤਾਂ ਸੋਚਦੇ ਸੀ ਬਈ ਸ਼ਾਮ ਤੱਕ ਆਏਂਗਾ।" ਮਾਨ ਸਿੰਘ ਬੋਲਿਆ।

"ਕੱਲ੍ਹ ਸ਼ਾਮੀਂ ਆ ਗਏ ਸੀ ਅਸੀਂ।" ਜੀਵਨ ਸਿੰਘ ਬੜਾ ਖੁਸ਼ ਹੋ ਕੇ ਮਿਲਿਆ।

"ਚੰਗਾ ਹੋਇਆ ਯਾਰ ਤੂੰ ਵੀ ਪਿੰਡ ਤੋਂ ਆ ਗਿਆ।"

"ਮੈਂ ਕਿਥੇ ਆਉਣਾ ਸੀ ਆਹ ਲੈ ਕੇ ਆਈ ਮੈਨੂੰ ਤਾ!" ਮਾਨ ਸਿੰਘ ਨੇ ਹੱਸਦੇ ਹੋਏ ਗੁਲਾਬ ਕੌਰ ਵੱਲ ਇਸ਼ਾਰਾ ਕੀਤਾ।

ਗੁਲਾਬ ਕੌਰ ਨੇ ਜੀਵਨ ਸਿੰਘ ਵੱਲ ਦੋਵੇਂ ਹੱਥ ਜੋੜੇ। "ਮੈਂ ਸਮਝ ਗਈ ਸੀ ਕਿ ਇਹ ਬਾਈ ਜੀਵਨ ਸਿੰਘ ਲੱਗਦੇ ਐ!" ਗੁਲਾਬ ਕੌਰ ਨੇ ਕਿਹਾ। ਸਾਰੇ ਜਣੇ ਬੈਠ ਗਏ।

"ਹੋਰ ਸੁਣਾਉ, ਤੁਹਾਡਾ ਕੀ ਹਾਲ ਐ?" ਜੀਵਨ ਸਿੰਘ ਬੈਠਣਸਾਰ ਬੋਲਿਆ।

"ਹਾਲ ਠੀਕ ਐ। ਤੁਹਾਨੂੰ ਮਿਲ ਕੇ ਬੜੀ ਖੁਸ਼ੀ ਹੋਈ। ਕੋਈ ਤਾਂ ਆਪਣੇ ਪਿੰਡਾਂ ਦਾ ਬੰਦਾ ਮਿਲਿਆ।"

"ਕੰਮ ਧੰਦਾ ਕਿਵੇਂ ਐ?"

"ਕੰਮ ਏਥੇ ਐਸਾ ਵੈਸਾ ਈ ਐ, ਜੇ ਕਿਤੇ ਅਮਰੀਕਾ ਪਹੁੰਚ ਗਏ ਫੇਰ ਗੱਲ ਬਣੂਗੀ।" ਕੁਝ ਚਿਰ ਰੁੱਕ ਕੇ ਮਾਨ ਸਿੰਘ ਫੇਰ ਕਹਿਣ ਲੱਗਾ, "ਤੁਸੀ ਆਪਣਾ ਸੁਣਾਉ?" ਮਾਨ ਸਿੰਘ ਨੇ ਸਾਧਾਰਨ ਗੱਲ ਕੀਤੀ।

"ਗ਼ਦਰ ਪਾਰਟੀ ਬਾਰੇ ਕੁੱਝ ਪਤਾ ਲੱਗਾ?"

"ਹਾਂ ਏਥੇ ਤਾਂ ਗ਼ਦਰ ਪਾਰਟੀ ਬਾਰੇ ਗੱਲ ਬਾਤ ਹੁੰਦੀ ਰਹਿੰਦੀ ਐ। ਇੱਕ ਦਿਨ ਹਾਫਿਜ਼ ਅਬਦੁੱਲੇ ਖੂਬ ਭਾਸ਼ਣ ਦਿੱਤਾ। ਉਸ ਨੇ ਤਾਂ ਗ਼ਦਰ ਪਾਰਟੀ ਬਾਰੇ ਬੜਾ ਕੁੱਝ ਦਸਿਆ। ਉਸ ਦੀ ਗੱਲਬਾਤ ਸੁਣ ਕੇ ਲੋਕ ਬਹੁਤ ਪ੍ਰਭਾਵਿਤ ਹੋਏ!"

"ਹਾਫਿਜ਼ ਅਬਦੁੱਲਾ ਮਨੀਲਾ ਦੀ ਗ਼ਦਰ ਪਾਰਟੀ ਦਾ ਪ੍ਰਧਾਨ ਐ। ਏਸੇ ਤਰ੍ਹਾਂ ਪਾਰਟੀ ਨੇ ਸਭ ਬੰਦਿਆਂ ਦੀਆਂ ਅੱਡੋ ਅੱਡ ਡਿਉਟੀਆਂ ਲਾ ਦਿੱਤੀਆਂ। ਬਹੁਤ ਦੇਸ਼ਾਂ ਵਿੱਚ ਪਾਰਟੀ ਦੇ ਬੰਦੇ

ਕੰਮ ਕਰਦੇ ਐ। ਪਾਰਟੀ ਦਾ ਮੁੱਖ ਉਦੇਸ਼ ਐ ਕਿ ਅੰਗਰੇਜ਼ਾਂ ਨੂੰ ਦੇਸ਼ ਵਿੱਚੋਂ ਕੱਢ ਕੇ ਆਪਣੀ ਸਰਕਾਰ ਬਣਾਉਣੀ ਤਾਂ ਕਿ ਹਰ ਇੱਕ ਬੰਦੇ ਨੂੰ ਕੰਮ ਮਿਲੇ। ਹਰ ਇੱਕ ਨੂੰ ਰੋਟੀ ਮਿਲੇ। ਹਰ ਇੱਕ ਦਾ ਮਾਣ ਸਤਿਕਾਰ ਹੋਵੇ। ਹੁਣ ਤਾਂ ਦੇਸ਼ ਵਿੱਚ ਸਾਡੇ ਲੋਕਾਂ ਦੀ ਪਸ਼ੂਆਂ ਨਾਲੋਂ ਵੀ ਭੈੜੀ ਐ ਜੂਨ।" ਜੀਵਨ ਸਿੰਘ ਨੇ ਪਾਰਟੀ ਦੀਆਂ ਸਾਧਾਰਨ ਢੰਗ ਨਾਲ ਹੀ ਗੱਲਾਂ ਕੀਤੀਆਂ।

"ਜੀਵਨ ਸਿੰਘ ਇਹ ਕੰਮ ਔਖਾ ਬਹੁਤ ਐ।"

"ਮਾਨ ਸਿੰਘ, ਪਾਰਟੀ ਨੇ ਸੋਚ ਸਮਝ ਕੇ ਪ੍ਰੋਗਰਾਮ ਬਣਾਇਆ। ਸਾਡੇ ਆਗੂ ਬੜੇ ਸਿਆਣੇ ਐ। ਸੋਹਣ ਸਿੰਘ ਭਕਨਾ, ਅਰੂੜ ਸਿੰਘ ਚੂਹੜਚੱਕ, ਭਗਵਾਨ ਸਿੰਘ, ਲਾਲਾ ਹਰਦਿਆਲ, ਅਮਰ ਸਿੰਘ, ਹਰਨਾਮ ਸਿੰਘ ਤੇ ਕਰਤਾਰ ਸਿੰਘ ਸਰਾਭੇ ਵਰਗੇ ਪਾਰਟੀ ਲਈ ਦਿਨ ਰਾਤ ਕੰਮ ਕਰਦੇ ਐ। ਪਾਰਟੀ ਦਾ ਪੂਰਨ ਵਿਸ਼ਵਾਸ ਐ ਕਿ ਅਜ਼ਾਦੀ ਮਿੰਨਤਾਂ ਨਾਲ ਨਹੀਂ ਮਿਲਣੀ। ਇਸ ਲਈ ਤਾਂ ਕੁਰਬਾਨੀਆਂ ਕਰਨੀਆਂ ਪੈਣਗੀਆਂ। ਪਾਰਟੀ ਇਸ ਕੰਮ ਲਈ ਤਿਆਰ ਐ। ਕਬੀਰ ਸਾਹਿਬ ਦਾ ਸਲੋਕ ਐ—

ਸੂਰਾ ਸੋ ਪਹਿਚਾਨਐ ਜੋ ਲਰੈ ਦੀਨ ਕੇ ਹੇਤ,
ਪੁਰਜਾ ਪੁਰਜ਼ਾ ਕਟ ਮਰੈ ਕਬਹੂ ਨਾ ਛਾਡੇ ਖੇਤੁ।

"ਵਾਹ! ਪਾਰਟੀ ਨੇ ਦੇਸ਼ ਦੀ ਅਜ਼ਾਦੀ ਲਈ ਸਿਰ ਧੜ ਦੀ ਬਾਜ਼ੀ ਲਾ ਦਿੱਤੀ ਐ।" ਗੁਲਾਬ ਕੌਰ ਜੀਵਨ ਸਿੰਘ ਦੀਆਂ ਗੱਲਾਂ ਸੁਣਦੀ ਅੰਦਰਖਾਤੇ ਸੋਚ ਰਹੀ ਸੀ। ਜੀਵਨ ਸਿੰਘ ਗੱਲ ਕਰ ਰਿਹਾ ਸੀ, "ਅਸੀਂ ਤਾਂ ਗ਼ਦਰ ਪਾਰਟੀ ਦੇ ਹਰ ਹੁਕਮ ਉਤੇ ਫੁੱਲ ਚੜ੍ਹਾਵਾਂਗੇ। ਗ਼ਦਰ ਪਾਰਟੀ ਬੀੜਾ ਚੁੱਕਿਆ ਹਿੰਦ ਅਜ਼ਾਦ ਕਰਾਵਣ ਦਾ।

ਆਉ ਸਾਰੇ ਗ਼ਦਰ ਮਚਾਈਏ ਮੌਕਾ ਨਹੀਂ ਖੁੰਝਾਵਣ ਦਾ।" "ਸਦਕੇ ਵੀਰਾ, ਮੈਂ ਤੁਹਾਡੀ ਸੋਚ ਨੂੰ ਸਲਾਮ ਕਰਦੀ ਆ। ਬੰਦਾ ਕੇਵਲ ਦੋ ਰੋਟੀਆਂ ਖਾਣ ਲਈ ਨਹੀਂ ਜੰਮਿਆ। ਬੰਦੇ ਦੇ ਬਹੁਤ ਸਾਰੇ ਕੰਮ ਹੁੰਦੇ ਐ ਕਰਨ ਵਾਲੇ ਪਰ ਜੇ ਕੋਈ ਇਸ ਨੂੰ ਸਮਝੇ ਤਾਂ।" ਗੁਲਾਬ ਕੌਰ ਨੂੰ ਜੀਵਨ ਸਿੰਘ ਦੀਆਂ ਗੱਲਾਂ ਬਹੁਤ ਚੰਗੀਆਂ ਲੱਗੀਆਂ। ਉਹ ਤਾਂ ਜਿਵੇਂ ਇਨ੍ਹਾਂ ਗੱਲਾਂ ਦੇ ਵਹਿਣ ਵਿੱਚ ਵਹਿ ਤੁਰੀ। ਦੁਪਹਿਰ ਨੂੰ ਜੀਵਨ ਸਿੰਘ ਨੇ ਬੜਾ ਜੋਸ਼ੀਲਾ ਤੇ ਨਵੀਂ ਜਾਣਕਾਰੀ ਵਾਲਾ ਭਾਸ਼ਣ ਦਿੱਤਾ। ਸਭ ਨੇ ਉਸ ਦੀਆਂ ਗੱਲਾਂ ਬੜੇ ਧਿਆਨ ਨਾਲ ਸੁਣੀਆਂ। ਜਦੋਂ ਮਾਨ ਸਿੰਘ ਤੇ ਗੁਲਾਬ ਕੌਰ ਘਰ ਪਹੁੰਚੇ ਤਾਂ ਮਾਨ ਸਿੰਘ ਕਹਿਣ ਲੱਗਾ, "ਮੈਂ ਹੈਰਾਨ ਆਂ ਬਈ ਜੀਵਨ ਸਿੰਘ ਤਾਂ ਅਜੀਬ ਗੱਲਾਂ ਕਰ ਰਿਹਾ ਸੀ। ਉਹ ਕਿਹੜਾ ਕੋਈ ਪੜ੍ਹਿਆ ਲਿਖਿਆ ਬੰਦਾ ਪਰ ਗੱਲ ਬਾਤ ਤਾਂ ਬੜੇ ਠਰ੍ਹਮੇ ਨਾਲ ਤੇ ਆਤਮ-ਵਿਸ਼ਵਾਸ ਨਾਲ ਕਰ ਰਿਹਾ ਸੀ। ਜੀਵਨ ਸਿੰਘ ਵੇਖਣ ਨੂੰ ਸਿੱਧਾ ਸਾਦਾ ਪੇਂਡੂ ਨੌਜਵਾਨ ਹੀ ਲੱਗਦਾ। ਪਰ ਉਸ ਦਾ ਗੱਲ ਕਰਨ ਦਾ ਤਰੀਕਾ ਬੜਾ ਪ੍ਰਭਾਵਸ਼ਾਲੀ। ਗੁਲਾਬ ਕੌਰ ਅੰਦਰ ਖਾਤੇ ਸੋਚਣ ਲੱਗੀ ਕਿ ਸਾਧਾਰਨ ਬੰਦਾ ਵੀ ਕਿਵੇਂ ਦੇਸ਼ ਭਗਤੀ ਦੇ ਰੰਗ ਵਿੱਚ ਰੰਗਿਆ ਗਿਆ। ਦੇਸ਼ ਪਿਆਰ ਇਸ ਦੀਆਂ ਗੱਲਾਂ ਵਿਚੋਂ ਕਿਵੇਂ ਝਲਕਦਾ।

ਸਮਾਂ ਆਪਣੀ ਤੋਰੇ ਤੁਰਦਾ ਗਿਆ। ਸਿਆਲ ਮੁੱਕਣ 'ਤੇ ਆ ਗਿਆ। ਜੀਵਨ ਸਿੰਘ ਹੁਣ ਇਸ ਗੱਲ ਵੱਲ ਵੱਧ ਧਿਆਨ ਦਿੰਦਾ ਕਿ ਦੋਹਾਂ ਦੀ ਰਾਹਦਾਰੀ ਬਣ ਜਾਵੇ ਤੇ ਉਹ ਅਮਰੀਕਾ ਪਹੁੰਚ ਜਾਣ। ਇਧਰ ਗੁਲਾਬ ਕੌਰ ਦਿਨੋ ਦਿਨ ਅੰਤਰਮੁਖੀ ਬਣਦੀ ਜਾ ਰਹੀ ਸੀ। ਉਹ ਆਪਣੇ ਕੰਮ ਉੱਤੇ ਹੋਵੇ ਜਾਂ ਆਪਣੇ ਕਮਰੇ, ਬੱਸ ਉਸ ਦੇ ਦਿਮਾਗ ਵਿੱਚ ਤਾਂ ਗ਼ਦਰ ਪਾਰਟੀ ਦੀਆਂ ਗੱਲਾਂ ਹੀ ਘੁੰਮਦੀਆਂ। ਹੁਣ ਤਾਂ ਸਗੋਂ ਅਮਰੀਕਾ ਤੇ ਕੈਨੇਡਾ ਤੋਂ ਗ਼ਦਰ ਪਾਰਟੀ ਦੇ ਬੰਦੇ ਵੱਧ ਆਉਣ

ਲੱਗ ਪਏ। ਉਹ ਗੁਰਦੁਆਰੇ ਵਿੱਚ ਆ ਕੇ ਠਹਿਰਦੇ। ਏਥੇ ਉਨ੍ਹਾਂ ਨੂੰ ਪਰਸ਼ਾਦਾ ਪਾਣੀ ਵੀ ਮਿਲ ਜਾਂਦਾ। ਮਨੀਲਾ ਰਹਿੰਦੇ ਗ਼ਦਰ ਪਾਰਟੀ ਦੇ ਬੰਦੇ ਗੁਰਦੁਆਰੇ ਵਿੱਚ ਹੀ ਉਨ੍ਹਾਂ ਦੇ ਜਲਸੇ ਦਾ ਪ੍ਰਬੰਧ ਕਰ ਦਿੰਦੇ। ਗੁਲਾਬ ਕੌਰ ਕਿਸੇ ਵੀ ਜਲਸੇ ਵਿੱਚ ਜਾਣ ਤੋਂ ਨਾ ਖੁੰਝਦੀ। ਖ਼ੂਬ ਭਾਸ਼ਣ ਹੁੰਦੇ। ਗ਼ਦਰ ਪਾਰਟੀ ਵਿੱਚ ਸ਼ਾਮਲ ਹੋਣ ਲਈ ਅਪੀਲਾਂ ਹੁੰਦੀਆਂ। ਗ਼ਦਰ ਪਰਚੇ ਬਾਰੇ ਗੱਲਬਾਤ ਚੱਲਦੀ। ਗ਼ਦਰ ਪਰਚਾ ਤਾਂ ਕਹਿੰਦੇ ਹੁਣ ਕਈ ਭਾਸ਼ਾਵਾਂ ਵਿੱਚ ਛਪਣ ਲੱਗ ਪਿਆ। ਭਾਰਤ ਵਿੱਚ ਹੀ ਨਹੀਂ ਸਗੋਂ ਦੁਨੀਆਂ ਦੇ ਕੋਨੇ-ਕੋਨੇ ਵਿੱਚ ਪਰਚਾ ਭੇਜਿਆ ਜਾਂਦਾ।

ਬਾਹਰੋਂ ਆਉਣ ਵਾਲੇ ਗ਼ਦਰ ਪਾਰਟੀ ਦੀ ਨਿੱਕੀ-ਨਿੱਕੀ ਗੱਲ ਵੀ ਦੱਸਦੇ। ਗ਼ਦਰ ਅਖ਼ਬਾਰ ਦੇ ਕਿੱਸੇ ਸੁਣਾਉਂਦੇ। ਇੱਕ ਦਿਨ ਲਾਲਾ ਹਰਦਿਆਲ ਦੀ ਗੱਲ ਚੱਲ ਪਈ। ਅੰਗਰੇਜ਼ੀ ਸਾਮਰਾਜੀ ਹਕੂਮਤ ਸਮਝਦੀ ਸੀ ਕਿ ਗ਼ਦਰ ਪਾਰਟੀ ਦੇ ਆਗੂ ਤੇ ਵਰਕਰ ਅਨਪੜ੍ਹ ਤੇ ਭੋਲ਼ੇ ਹਨ। ਇਨ੍ਹਾਂ ਲੋਕਾਂ ਤੋਂ ਸਾਨੂੰ ਕੋਈ ਖਤਰਾ ਨਹੀਂ। ਖਤਰਾ ਹੈ ਤਾਂ ਇਕੱਲੇ ਲਾਲਾ ਹਰਦਿਆਲ ਤੋਂ ਹੈ। ਉਹ ਬੜਾ ਕਾਬਲ ਤੇ ਪੜ੍ਹਿਆ ਲਿੱਖਿਆ ਬੰਦਾ ਹੈ। ਬੱਸ ਉਸ ਨੂੰ ਕਾਬੂ ਕਰ ਲਿਆ ਜਾਵੇ। ਏਨਾ ਹੀ ਕਾਫੀ ਹੈ। ਇਸ ਕਰਕੇ ਇੱਕ ਪੁਰਾਣਾ ਕੇਸ ਕੱਢ ਕੇ ਲਾਲਾ ਜੀ ਨੂੰ ਗ੍ਰਿਫਤਾਰ ਕਰ ਲਿਆ। ਪਾਰਟੀ ਲੀਡਰਾਂ ਨੇ ਇਕੱਠੇ ਹੋ ਕੇ ਲਾਲਾ ਹਰਦਿਆਲ ਨੂੰ ਜ਼ਮਾਨਤ ਦੇ ਕੇ ਛੁਡਵਾ ਲਿਆ ਤੇ ਫਿਰ ਚੁੱਪ ਚਾਪ ਉਸ ਨੂੰ ਸਵਿੱਟਜ਼ਰਲੈਂਡ ਭੇਜ ਦਿਤਾ। ਪਰ ਪਾਰਟੀ ਦਾ ਕੰਮ ਤੇ ਗ਼ਦਰ ਪਰਚੇ ਦਾ ਕੰਮ ਉਸੇ ਤਰ੍ਹਾਂ ਨਿਰਵਿਘਨ ਚੱਲ ਪਿਆ। ਲਾਲਾ ਜੀ ਦੀ ਥਾਂ ਭਾਈ ਸੰਤੋਖ ਸਿੰਘ ਨੂੰ ਪਾਰਟੀ ਦਾ ਜਨਰਲ ਸਕੱਤਰ ਚੁਣ ਲਿਆ।

ਗ਼ਦਰ ਅਖ਼ਬਾਰ ਵਿੱਚ ਛਪਦੀਆਂ ਕਵਿਤਾਵਾਂ ਜ਼ਿਆਦਾ ਕਰਕੇ ਸਾਧਾਰਨ ਆਦਮੀਆਂ ਦੀਆਂ ਲਿਖੀਆਂ ਹੁੰਦੀਆਂ ਸਨ ਪਰ ਇਹ ਕਵਿਤਾਵਾਂ ਦਿਲ ਦੀ ਹੂਕ ਬਣ ਕੇ ਅੰਦਰੋਂ ਨਿਕਲਦੀਆਂ।

ਦੇਸ਼ ਪੈਣ ਧੱਕੇ ਬਾਹਰ ਮਿਲੇ ਢੋਈ ਨਾ
ਸਾਡਾ ਪਰਦੇਸੀਆਂ ਦਾ ਦੇਸ਼ ਕੋਈ ਨਾ।

ਇਸ ਤਰ੍ਹਾਂ ਦੀਆਂ ਕਵਿਤਾਵਾਂ ਸਭ ਨੂੰ ਹਲੂਣ ਕੇ ਰੱਖ ਦਿੰਦੀਆਂ।

ਗੁਲਾਬ ਕੌਰ ਹੁਣ ਅਕਸਰ ਸੋਚਦੀ ਕਿ ਉਹ ਵੀ ਗ਼ਦਰ ਪਾਰਟੀ ਵਿੱਚ ਕੰਮ ਕਰੇ। ਲੋਕਾਂ ਨੂੰ ਜਗਾਵੇ। ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਦੇਣ ਵਾਸਤੇ ਹੋਕਾ ਦੇਵੇ। ਜੇਕਰ ਅਸੀਂ ਗੁਲਾਮ ਹਾਂ ਤਾਂ ਹੀ ਏਥੇ ਮਨੀਲਾ ਵਿੱਚ ਬੈਠੇ ਆਂ। ਨਹੀਂ ਅਮਰੀਕਾ ਨਾ ਪਹੁੰਚ ਜਾਂਦੇ। ਉਸ ਦਾ ਖ਼ੂਨ ਉਬਾਲੇ ਖਾਂਦਾ। ਇਸੇ ਕਰਕੇ ਕੰਮ ਵਿੱਚ ਉਸ ਦਾ ਜੀਅ ਨਾ ਲੱਗਦਾ। ਉਹ ਕਈ ਵਾਰ ਇਹ ਵੀ ਸੋਚਦੀ ਕਿ ਕੰਮ ਉਤੇ ਜਾਣ ਦੀ ਥਾਂ ਉਹ ਲੋਕਾਂ ਕੋਲ ਜਾਵੇ। ਆਪਣਾ ਦੁੱਖ-ਸੁੱਖ ਸਾਂਝਾ ਕਰੇ। ਇਸੇ ਕਰਕੇ ਉਹ ਗ਼ਦਰ ਪਾਰਟੀ ਦੇ ਹਰ ਜਲਸੇ ਵਿੱਚ ਜਰੂਰ ਪਹੁੰਚਦੀ। ਗ਼ਦਰ ਪਰਚੇ ਦੇ ਬਹੁਤੇ ਸ਼ਬਦ ਉਸ ਦੇ ਦਿਮਾਗ ਵਿੱਚ ਹਰ ਵੇਲੇ ਘੁੰਮਦੇ—

ਸਾਨਫਰਾਂਸਿਸਕੋ ਵਿੱਚ ਜੁਗਾਂਤਰ ਆਸ਼ਰਮ ਬਣਾਇਆ ਜਿਥੇ ਗ਼ਦਰ ਪਰਚਾ ਛਪਦਾ ਹੈ। ਇਹ ਆਸ਼ਰਮ ਨਹੀਂ ਹੈ ਕਿਲ੍ਹਾ ਹੈ ਜਿਸ ਤੋਂ ਅੰਗਰੇਜ਼ੀ ਰਾਜਪੁਰ ਗੋਲਾਬਾਰੀ ਸ਼ੁਰੂ ਕੀਤੀ ਗਈ ਹੈ। ਇਹ ਅਖ਼ਬਾਰ ਨਹੀਂ ਤੋਪ ਹੈ, ਜਿਸ ਤੋਂ ਕੋਈ ਜ਼ਾਲਮ ਬਚ ਕੇ ਨਹੀਂ ਜਾਵੇਗਾ। ਇਹ ਅਖ਼ਬਾਰ ਸਿਆਹੀ ਨਾਲ ਛੱਪਦਾ ਹੈ ਪਰ ਜਿਗਰ ਦੇ ਖ਼ੂਨ ਨਾਲ ਲਿਖਿਆ ਜਾਂਦਾ ਹੈ। ਇਸ ਵਿੱਚ ਮਾਮੂਲੀ ਲਿਖਤ ਨਹੀਂ। ਇਹ ਸੰਤਾਂ ਤੇ ਸੂਰਬੀਰਾਂ ਦੀ ਬਾਣੀ ਹੈ, ਜਿਹੜੀ ਭਾਈਆਂ ਨੂੰ ਜਗਾਏਗੀ। ਇਹ

ਸੁਨੇਹਾ ਦੇਸ਼ ਨੂੰ ਗ਼ਦਰ ਦਾ ਖਾਤਰ ਤਿਆਰ ਕਰੇਗਾ। ਸਮਾਂ ਬੀਤਦਾ ਜਾਂਦਾ ਹੈ। ਦੇਸ਼ ਵਿਚ ਜ਼ੁਲਮ ਦੀ ਹੱਦ ਹੋ ਗਈ ਹੈ। ਸਾਰਿਆਂ ਨੂੰ ਗ਼ਦਰ ਦੀ ਖ਼ਾਤਰ ਤਿਆਰ ਕਰ ਲਵੋ। ਗੱਲ ਕਰੋ ਤਾਂ ਗ਼ਦਰੀ ਦੀ। ਸੁਪਨਾ ਦੇਖੋ ਤਾਂ ਗ਼ਦਰ ਦਾ। ਗ਼ਦਰ ਬੱਸ ਗ਼ਦਰ। ਗ਼ਦਰ ਪਰਚੇ ਦੇ ਇਨ੍ਹਾਂ ਸ਼ਬਦਾਂ ਨੇ ਗੁਲਾਬ ਕੌਰ ਦੇ ਦਿਲ ਵਿਚ ਵੀ ਦੇਸ਼ ਭਗਤ ਦਾ ਰੰਗ ਭਰ ਦਿੱਤਾ।

ਛੇ

ਪੱਚੀ ਜੁਲਾਈ ਨੂੰ ਜਰਮਨੀ ਨੇ ਸਰਬੀਆ ਉੱਤੇ ਹਮਲਾ ਕਰ ਦਿੱਤਾ ਤੇ ਚਾਰ ਅਗਸਤ ਤੱਕ ਅੰਗਰੇਜ਼ੀ ਤੇ ਰੂਸੀ ਹਕੂਮਤਾਂ ਵੀ ਜਰਮਨੀ ਵਿਰੁੱਧ ਡਟ ਗਈਆਂ। ਗ਼ਦਰ ਪਾਰਟੀ ਦੇ ਵੱਡੇ ਲੀਡਰਾਂ ਨੂੰ ਇਹ ਤਾਂ ਪਤਾ ਸੀ ਕਿ ਯੂਰਪ ਵਿੱਚ ਜੰਗ ਜ਼ਰੂਰ ਲੱਗੇਗੀ। ਪਰ ਜਰਮਨੀ ਦੇ ਹਮਲੇ ਨੇ ਗ਼ਦਰੀਆਂ ਨੂੰ ਹੈਰਾਨ ਜ਼ਰੂਰ ਕੀਤਾ। ਪਾਰਟੀ ਨੇ ਸੰਸਾਰ ਜੰਗ ਨੂੰ ਭਾਂਪ ਕੇ ਆਪਣੀਆਂ ਸਰਗਰਮੀਆਂ ਵਿੱਚ ਤੇਜ਼ੀ ਤਾਂ ਜ਼ਰੂਰ ਲਿਆਂਦੀ ਸੀ, ਪਰ ਹਾਲੇ ਵੀ ਉਸ ਦੇ ਬਹੁਤ ਸਾਰੇ ਕੰਮ ਕਰਨ ਵਾਲੇ ਸਨ। ਉਂਜ ਪਾਰਟੀ ਦਾ ਪਹਿਲਾਂ ਤੋਂ ਵਿਚਾਰ ਸੀ ਕਿ ਜੇ ਯੂਰਪ ਵਿੱਚ ਜੰਗ ਲੱਗਦੀ ਹੈ ਤਾਂ ਅੰਗਰੇਜ਼ ਜੰਗ ਵਿੱਚ ਜ਼ਰੂਰ ਫਸਣਗੇ। ਇਸ ਕਰਕੇ ਭਾਰਤ ਵਿੱਚ ਗ਼ਦਰ ਕਰਨ ਦਾ ਇਹ ਵਧੀਆਂ ਮੌਕਾ ਹੋਵੇਗਾ। ਪਾਰਟੀ ਦੀਆਂ ਬਰਾਂਚਾਂ ਅਮਰੀਕਾ, ਕੈਨੇਡਾ ਤੇ ਹੋਰ ਦੇਸ਼ਾਂ ਵਿੱਚ ਵੀ ਖੁੱਲ੍ਹ ਚੁੱਕੀਆਂ ਸਨ। ਸੋਹਣ ਸਿੰਘ ਭਕਨਾ, ਭਾਈ ਸੰਤੋਖ ਸਿੰਘ, ਭਾਈ ਭਗਵਾਨ ਸਿੰਘ, ਮੌਲਵੀ ਬਰਕਤ ਉੱਲਾ ਤੇ ਹੋਰ ਵੱਡੇ ਆਗੂ ਵੱਖ-ਵੱਖ ਥਾਵਾਂ ਉੱਤੇ ਜਾ ਕੇ ਪਾਰਟੀ ਦਾ ਪਰਚਾਰ ਕਰਦੇ ਤੇ ਭਾਰਤ ਵਿੱਚ ਗ਼ਦਰ ਕਰਨ ਲਈ ਲੋਕਾਂ ਨੂੰ ਨਾਲ ਜੋੜਦੇ। ਪਾਰਟੀ ਦੇ ਪਰਚੇ ਗ਼ਦਰ ਨੇ ਭਾਰਤੀ ਲੋਕਾਂ ਦੇ ਦਿਲਾਂ ਵਿੱਚ ਨਵੀਂ ਜਾਗਰਤੀ ਲਿਆਉਣ ਲਈ ਨ੍ਹੇਰੀ ਲਿਆ ਦਿੱਤੀ। ਗ਼ਦਰ ਵਿੱਚ ਛਪਦੇ ਲੇਖ ਤੇ ਕਵਿਤਾਵਾਂ ਲੋਕ ਪੜ੍ਹਦੇ ਤੇ ਜਿਵੇਂ ਇੱਕ ਦਮ ਹਲੂਣੇ ਜਾਂਦੇ। ਗ਼ਦਰ ਦੀਆਂ ਕਵਿਤਾਵਾਂ ਲੋਕ ਯਾਦ ਕਰਦੇ ਉੱਚੀ-ਉੱਚੀ ਗੁਣਗੁਣਾਉਂਦੇ।

ਪਾਰਟੀ ਨੇ ਯੂਰਪ ਵਿੱਚ ਮਹਾਂ ਯੁੱਧ ਛਿੜ ਜਾਣ ਦੇ ਅੰਦਾਜ਼ੇ ਨੂੰ ਮੁੱਖ ਰੱਖ ਕੇ ਨਵੀਆਂ ਸਰਗਰਮੀਆਂ ਸ਼ੁਰੂ ਕਰ ਦਿੱਤੀਆ। ਬਾਬਾ ਜਵਾਲਾ ਸਿੰਘ ਦੇ ਫਾਰਮ ਉੱਤੇ ਫੌਜੀ ਸਿਖਲਾਈ ਦੇਣ ਦਾ ਕੈਂਪ ਖੋਲ੍ਹਿਆ ਗਿਆ। ਮਾਸਟਰ ਊਧਮ ਸਿੰਘ ਕਸੇਲ ਹਾਂਗਕਾਂਗ ਵਿੱਚ ਅੰਗਰੇਜ਼ੀ ਤੋਪਖਾਨੇ ਦੀ ਨੌਕਰੀ ਕਰ ਚੁੱਕਾ ਸੀ। ਬੰਦੂਕ, ਬੰਬ ਤੇ ਪਸਤੌਲ ਚਲਾਉਣ ਦੀ ਸਿਖਲਾਈ ਦੇਣ ਵਾਸਤੇ ਉਸ ਦੀ ਖਾਸ ਡਿਊਟੀ ਲਾਈ ਗਈ। ਹਵਾਈ ਲੜਾਈ ਨੂੰ ਮੁੱਖ ਰੱਖ ਕੇ ਕਰਤਾਰ ਸਿੰਘ ਸਰਾਭੇ ਨੂੰ ਨਿਊਯਾਰਕ ਦੀ ਹਵਾਈ ਜ਼ਹਾਜ਼ਾਂ ਦੀ ਇੱਕ ਕੰਪਨੀ ਵਿੱਚ ਹਵਾਈ ਜਹਾਜ਼ ਚਲਾਉਣ ਦੀ ਟ੍ਰੇਨਿੰਗ ਲੈਣ ਵਾਸਤੇ ਭੇਜਿਆ ਗਿਆ। ਹਰਨਾਮ ਸਿੰਘ ਕੋਟਲਾ ਨੌਧ ਸਿੰਘ ਨੇ ਆਪਣੇ ਇੱਕ ਗੋਰੇ ਦੋਸਤ ਤੋਂ ਦੇਸੀ ਬੰਬ ਬਨਾਉਣਾ ਸਿੱਖ ਲਿਆ ਤੇ ਉਸ ਨੇ ਅੱਗੇ ਕਰਤਾਰ ਸਿੰਘ ਸਰਾਭਾ ਤੇ ਪਿਰਥੀ ਸਿੰਘ ਲਾਲੜੂ ਨੂੰ ਇਹ ਸਿਖਲਾਈ ਦੇ ਦਿੱਤੀ। ਇੱਕ ਵਾਰ ਬੰਬ ਹਰਨਾਮ ਸਿੰਘ ਦੇ ਹੱਥ ਵਿੱਚ ਹੀ ਚੱਲ ਗਿਆ। ਉਸ ਦੀ ਬਾਂਹ ਕੱਟਣੀ ਪਈ ਪਰ ਉਸ ਦਾ ਨਾਮ ਹਰਨਾਮ ਸਿੰਘ ਟੁੰਡੀਲਾਟ ਪੈ ਗਿਆ।

ਪਾਰਟੀ ਦੇ ਆਗੂ ਹੁਣ ਦਿਨ ਰਾਤ ਕੰਮ ਕਰਦੇ ਸਨ। ਥਾਂ-ਥਾਂ ਮੀਟਿੰਗਾ ਦਾ ਸਿਲਸਿਲਾ ਚੱਲ ਪਿਆ। ਸ਼ੰਘਾਈ, ਹਾਂਗਕਾਂਗ, ਸਿੰਘਾਪੁਰ, ਮਲਾਇਆ, ਸ਼ਿਆਮ, ਜਾਪਾਨ, ਪਾਨਾਮਾ ਤੇ ਮਨੀਲਾ ਦੀਆਂ ਬਰਾਂਚਾਂ ਪੂਰੀ ਤਰ੍ਹਾਂ ਸਰਗਰਮ ਹੋ ਗਈਆਂ। ਪਾਰਟੀ ਦੇ ਕਈ ਆਗੂ ਭਾਰਤ ਵਿੱਚ

ਵੀ ਪਹੁੰਚ ਗਏ ਤਾਂ ਕਿ ਇਸ ਗੱਲ ਦਾ ਪਤਾ ਲਾਇਆ ਜਾਵੇ ਕਿ ਗ਼ਦਰ ਏਥੇ ਕਿਸ ਪਾਸੇ ਤੋਂ ਸ਼ੁਰੂ ਕੀਤਾ ਜਾਵੇ। ਪਾਰਟੀ ਦੇ ਪ੍ਰੋਗਰਾਮ ਤੋਂ ਚੰਗੀ ਤਰ੍ਹਾਂ ਜਾਣੂ ਵਰਕਰ ਦੇਸ਼ ਵਿਚ ਆਪਣਾ ਕੰਮ ਕਰਨ ਲੱਗੇ।

ਉਧਰ ਜੰਗ ਛਿੜਨ ਨਾਲ ਪਾਰਟੀ ਲੀਡਰਾਂ ਤੇ ਵਰਕਰਾਂ ਨੂੰ ਯੁਗਾਂਤਰ ਆਸ਼ਰਮ ਵਿਚ ਸੱਦ ਲਿਆ। ਸੇਂਟ ਜਾਨ ਤੋਂ ਪੰਡਤ ਕਾਂਸ਼ੀ ਰਾਮ ਮੜੌਲੀ, ਆਸਟਰੀਆ ਤੋਂ ਭਾਈ ਕੇਸਰ ਸਿੰਘ ਠਠਗੜ੍ਹ, ਭਾਈ ਕਰੀਮ ਬਖ਼ਸ਼ ਗੁੱਜਰ, ਵਾਨਾ ਤੋਂ ਊਧਮ ਸਿੰਘ ਕਸੇਲ, ਈਸ਼ਰ ਸਿੰਘ ਮਰਹਾਣਾ, ਭਾਈ ਮੰਗਲ ਸਿੰਘ ਬਰਾਈਡਲਵਿਲ ਤੋਂ ਸ਼ਿਵ ਸਿੰਘ, ਅਮਰ ਸਿੰਘ ਕੋਟਲਾ ਨੌਧ ਸਿੰਘ, ਪੋਰਟਲੈਂਡ ਤੋਂ ਭਾਈ ਕਾਕੂ ਸਿੰਘ ਪੰਡੋਰੀ, ਭਾਈ ਰੁਲੀਆ ਸਿੰਘ ਸਰਾਭਾ ਦਫ਼ਤਰ ਵਿਚ ਪਹੁੰਚ ਗਏ। ਕੈਲੇਫੋਰਨੀਆਂ ਤੋਂ ਭਾਈ ਜਵਾਲਾ ਸਿੰਘ ਠੱਠੀਆਂ, ਸੰਤ ਵਿਸਾਖਾ ਸਿੰਘ ਦਦੇਹਰ, ਹਜ਼ਾਰਾ ਸਿੰਘ ਦਦੇਹਰ, ਕਰਮ ਸਿੰਘ ਚੀਮਾ, ਅਰੂੜ ਸਿੰਘ ਚੂਹੜਚੱਕ, ਚੰਨਣ ਸਿੰਘ ਚੂਹੜਚੱਕ ਤੇ ਹੋਰ ਬਹੁਤ ਇਨਕਲਾਬੀ ਆ ਜੁੜੇ। ਭਾਈ ਸ਼ੇਰ ਸਿੰਘ ਵੇਈਂ ਪੋਈਂ, ਭਾਗ ਸਿੰਘ ਓਪਲ ਤੇ ਹੋਰ ਬਹੁਤ ਸੱਜਣ ਕੈਨੇਡਾ ਤੋਂ ਪਹੁੰਚ ਗਏ। ਸਭ ਦੇ ਪਹੁੰਚਣ ਨਾਲ ਯੁਗਾਂਤਰ ਆਸ਼ਰਮ ਵਿਚ ਵਿਸ਼ੇਸ਼ ਮੀਟਿੰਗ ਸ਼ੁਰੂ ਹੋ ਗਈ। ਮੀਟਿੰਗ ਵਿੱਚ ਇਹ ਗੱਲ ਮੁੱਖ ਤੌਰ ਤੇ ਉਭਰ ਕੇ ਸਾਹਮਣੇ ਆਈ ਕਿ ਦੁਸ਼ਮਣ ਹੁਣ ਜੰਗ ਵਿੱਚ ਫਸ ਗਿਆ ਹੈ। ਉਸ ਉਤੇ ਵਾਰ ਕਰਨ ਦਾ ਇਹ ਵਧੀਆ ਮੌਕਾ ਹੈ। ਕਰੋ ਜਾਂ ਮਰੋ। ਚੁੱਪ ਰਹਿ ਜਾਣ ਨਾਲੋਂ ਕੁੱਝ ਕਰਕੇ ਹਾਰ ਜਾਣਾ ਕਿਤੇ ਚੰਗਾ ਹੈ। ਇਤਿਹਾਸ ਵਿੱਚ ਹਾਰ ਵੀ ਕੰਮ ਆਵੇਗੀ।

ਵੱਡਾ ਪ੍ਰੋਗਰਾਮ ਉਲੀਕਦਿਆਂ ਮੀਟਿੰਗ ਵਿੱਚ ਫੈਸਲਾ ਹੋਇਆ ਕਿ ਭਾਰਤ ਵਿੱਚੋਂ ਅੰਗਰੇਜ਼ ਨੂੰ ਹਥਿਆਰਬੰਦ ਲੜਾਈ ਦੇ ਜੋਰ ਨਾਲ ਕੱਢ ਦੇਣਾ ਚਾਹੀਦਾ ਹੈ। ਦੇਸ਼ ਵਿੱਚ ਜਾ ਕੇ ਫੌਜਾਂ ਵਿੱਚ ਚਲੇ ਜਾਉ। ਪਿੰਡਾਂ ਵਿੱਚ ਘੁੰਮ ਕੇ ਲੋਕਾਂ ਨੂੰ ਨਾਲ ਜੋੜੋ। ਹਥਿਆਰ ਇਕੱਠੇ ਕਰੋ। ਜੋ ਕਰਨਾ ਹੈ ਦੇਸ਼ ਵਿੱਚ ਜਾ ਕੇ ਕਰੋ। ਇਹ ਗੱਲ ਵੀ ਜ਼ੋਰ ਨਾਲ ਆਖੀ ਕਿ ਨਵੰਬਰ 1914 ਦੇ ਪਹਿਲੇ ਹਫਤੇ ਤੱਕ ਸਭ ਭਾਰਤੀ ਦੇਸ਼ ਨੂੰ ਚਲੇ ਜਾਣ। ਪ੍ਰਚਾਰ ਕਰਕੇ ਲੋਕਾਂ ਨੂੰ ਆਪਣੇ ਨਾਲ ਜ਼ਰੂਰ ਰਲਾਉਣ। ਜਦੋਂ ਸਾਰੇ ਟਾਪੂਆਂ ਵਿੱਚੋਂ ਸਭ ਭਾਰਤੀ ਦੇਸ਼ ਪਹੁੰਚ ਜਾਣਗੇ ਤੇ ਫੇਰ ਇੱਕ ਤਰੀਕ ਮਿਥ ਕੇ ਗ਼ਦਰ ਕਰ ਦਿੱਤਾ ਜਾਵੇਗਾ। ਅੰਗਰੇਜ਼ੀ ਰਾਜ ਦੇ ਵਿਰੁੱਧ 'ਐਲਾਨੇ ਜੰਗ' ਦਾ ਇਹ ਫੈਸਲਾ ਪੰਜ ਅਗਸਤ 1914 ਦੇ ਗ਼ਦਰ ਅਖਬਾਰ ਵਿੱਚ ਛਾਪ ਦਿੱਤਾ ਗਿਆ। ਇਹ ਖ਼ਬਰ ਦੂਰ ਦੂਰ ਤੱਕ ਫੈਲ ਗਈ ਤੇ ਮਨੀਲਾ ਵਿੱਚ ਵੀ ਇਸ ਖ਼ਬਰ ਨੇ ਸਭ ਨੂੰ ਚੌਕੰਨਾ ਕਰ ਦਿੱਤਾ।

ਇੱਕ ਦਿਨ ਗੁਲਾਮ ਕੌਰ ਗੁਰਦੁਆਰੇ ਆਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕ ਕੇ ਉਹ ਦੂਜੇ ਕਮਰੇ ਚੱਲੀ ਗਈ। ਅੱਗੇ ਹਾਫਿਜ਼ ਅਬਦੁੱਲਾ ਤੇ ਹੋਰ ਬਹੁਤ ਨੌਜਵਾਨ ਬੈਠੇ ਸਨ। ਅਬਦੁੱਲੇ ਨੂੰ ਵੇਖ ਕੇ ਗੁਲਾਬ ਕੌਰ ਨੂੰ ਬਹੁਤ ਖੁਸ਼ੀ ਹੋਈ। ਹੱਥ ਜੋੜ ਕੇ ਉਹ ਅਬਦੁੱਲੇ ਹੋਰਾਂ ਕੋਲ ਜਾ ਬੈਠੀ। ਸੱਜਰੀ ਸਵੇਰ ਦਾ ਚਾਨਣ ਕਮਰੇ ਵਿੱਚ ਪਸਰਿਆ ਹੋਇਆ ਸੀ।

"ਭੈਣ ਮੇਰੀਏ ਪਾਰਟੀ ਨੇ ਜੰਗ ਦਾ ਐਲਾਨ ਕਰ ਦਿੱਤਾ!" ਅਬਦੁੱਲਾ ਆਪਣੇ ਸੁਭਾਅ ਅਨੁਸਾਰ ਮੁਸਕਰਾਉਂਦਾ ਬੋਲਿਆ।

"ਮੈਨੂੰ ਪਤਾ ਲੱਗ ਗਿਆ। ਏਥੇ ਨਿੱਕੀ ਨਿੱਕੀ ਗੱਲ ਪਹੁੰਚ ਜਾਂਦੀ ਐ। ਮੈਨੂੰ ਤਾਂ ਇਹ ਗੱਲ ਸੁਣ ਕੇ ਬਹੁਤ ਖੁਸ਼ੀ ਹੋਈ।" ਫਿਰ ਕੁੱਝ ਚਿਰ ਰੁਕ ਕੇ ਉਹ ਕਹਿਣ ਲੱਗੀ, "ਤੁਹਾਡਾ ਬਹੁਤ ਦਿਨਾਂ ਬਾਅਦ ਚੱਕਰ ਵੱਜਦਾ।"

"ਬੀਬੀ ਜੀ, ਮੇਰੀ ਡਿਊਟੀ ਐ ਬਾਹਰ ਅੰਦਰ ਤੁਰੇ ਫਿਰਨ ਦੀ। ਸਵੇਰੇ ਕਿਤੇ ਤੇ ਸ਼ਾਮ ਨੂੰ ਕਿਤੇ। ਹਾਂ ਇੱਕ ਗੱਲ ਦੀ ਮੈਨੂੰ ਤਸੱਲੀ ਐ ਕਿ ਲੋਕ ਗ਼ਦਰ ਪਾਰਟੀ ਤੋਂ ਬਹੁਤ ਪ੍ਰਭਾਵਿਤ ਹੋਏ ਐ। ਸਾਡੀ ਗੱਲ ਧਿਆਨ ਨਾਲ ਸੁਣਦੇ ਐ। ਲੋਕਾਂ ਵਿੱਚ ਬੜਾ ਉਤਸ਼ਾਹ ਵੇਖਣ ਨੂੰ ਮਿਲ ਰਿਹਾ। ਲੋਕ ਅੰਗਰੇਜ਼ਾਂ ਤੋਂ ਅੱਕੇ ਪਏ ਐ। ਉਹ ਕਿਹੜਾ ਜ਼ੁਲਮ ਐ ਜੋ ਅੰਗਰੇਜ਼ਾਂ ਨੇ ਸਾਡੇ ਉਤੇ ਨਹੀਂ ਕੀਤਾ। ਪਹਿਲਾਂ ਤਾਂ 1857 ਵਾਲੀ ਅਜ਼ਾਦੀ ਦੀ ਲੜਾਈ ਨੂੰ ਕੁਚਲ ਦਿੱਤਾ। ਫਿਰ ਕੂਕਾ ਲਹਿਰ ਨੂੰ ਬੁਰੀ ਤਰ੍ਹਾਂ ਦਬਾਇਆ। ਨਿਹੱਥੇ ਬੰਦੇ ਤੋਪਾਂ ਨਾਲ ਉਡਾ ਦਿੱਤੇ। ਇਸ ਤੋਂ ਵੱਧ ਜ਼ੁਲਮ ਕੀ ਹੋ ਸਕਦੈ!"

ਗੁਲਾਬ ਕੌਰ ਨੂੰ ਯਾਦ ਆਇਆ ਕਿ ਇੱਕ ਦਿਨ ਗੁਰਦੁਆਰੇ ਦਾ ਬਾਬਾ ਦੱਸਦਾ ਸੀ ਕਿ ਕੂਕਾ ਲਹਿਰ ਵਿੱਚ ਸ਼ਹੀਦ ਹੋਏ ਬਹੁਤੇ ਸਿੰਘ ਪਟਿਆਲਾ ਰਿਆਸਤ ਦੇ ਸੀ। ਬਾਬੇ ਨੇ ਕਈ ਪਿੰਡਾਂ ਦੇ ਨਾਮ ਵੀ ਦੱਸੇ ਸਨ। ਕੁੱਝ ਚਿਰ ਬਾਅਦ ਅਬਦੁੱਲਾ ਕਹਿਣ ਲੱਗਾ, "ਬੀਬੀ ਜੀ, ਮੈਂ ਹੁਣ ਲਗਾਤਾਰ ਨੇੜ ਹੀ ਰਹਾਂਗਾ। ਪਾਰਟੀ ਦੇ ਹੁਕਮ ਅਨੁਸਾਰ ਵੱਖ ਵੱਖ ਥਾਵਾਂ ਤੋਂ ਗ਼ਦਰੀ ਆਗੂ ਤੇ ਵਰਕਰ ਸਮੁੰਦਰੀ ਜ਼ਹਾਜ਼ ਰਾਹੀਂ ਭਾਰਤ ਪਹੁੰਚਣ ਦੀਆਂ ਤਿਆਰੀਆਂ ਕਰ ਰਹੇ ਐ। ਪਾਰਟੀ ਲੀਡਰਾਂ ਨਾਲ ਤਾਰਾਂ ਰਾਹੀਂ ਸਾਡਾ ਤਾਲਮੇਲ ਬਣਿਆ ਹੋਇਆ। ਅਮਰੀਕਾ ਤੋਂ ਇੱਕ ਜਹਾਜ਼ ਚੱਲ ਪਿਆ। ਅਸੀਂ ਉਸ ਜਹਾਜ਼ ਰਾਹੀਂ ਜਾਣ ਦੀ ਤਿਆਰੀ ਕਰਾਂਗੇ। ਬਾਕੀ ਸਾਰੀ ਖ਼ਬਰ ਗੁਰਦੁਆਰੇ ਵਾਲੇ ਬਾਬਾ ਜੀ ਨੂੰ ਪਹਿਲਾਂ ਹੀ ਪੁੱਜਦੀ ਕਰ ਦੇਨੇ ਆਂ।"

"ਵੀਰਾ, ਇਹ ਤੂੰ ਵਧੀਆ ਗੱਲ ਦੱਸੀ। ਮੈਨੂੰ ਤਾਂ ਯਾਨੀ ਚਾਅ ਹੀ ਚੜ੍ਹ ਗਿਆ।"

ਬਹੁਤ ਦਿਨਾਂ ਬਾਅਦ ਗੁਲਾਬ ਕੌਰ ਨੂੰ ਪਤਾ ਲੱਗਾ ਕਿ ਗ਼ਦਰੀਆਂ ਦਾ ਇੱਕ ਵੱਡਾ ਜੱਥਾ ਸਮੁੰਦਰੀ ਜਹਾਜ਼ ਰਾਹੀਂ ਮਨੀਲਾ ਪਹੁੰਚ ਗਿਆ। ਉਸ ਨੂੰ ਤਾਂ ਇਸ ਗੱਲ ਉੱਤੇ ਯਕੀਨ ਨਾ ਆਵੇ। ਉਸ ਦਾ ਜੀਅ ਕਰੇ ਕਿ ਹੁਣੇ ਹੀ ਗੁਰਦੁਆਰੇ ਪਹੁੰਚ ਜਾਵੇ ਤੇ ਇਨ੍ਹਾਂ ਸੂਰਬੀਰ ਗ਼ਦਰੀਆਂ ਨੂੰ ਜਾ ਕੇ ਮਿਲੇ। ਅੱਜ ਉਸ ਨੂੰ ਪਹਿਲੇ ਦਿਨ ਮਹਿਸੂਸ ਹੋਇਆ ਕਿ ਗ਼ਦਰ ਪਾਰਟੀ ਨੇ ਜੋ ਪ੍ਰੋਗਰਾਮ ਬਣਾਇਆ ਸੀ ਉਸ ਅਨੁਸਾਰ ਚੱਲ ਕੇ ਆਪਣੇ ਬੋਲ ਪੁਗਾਉਣੇ ਸ਼ੁਰੂ ਕਰ ਦਿੱਤੇ। ਜਿਉਂਦੇ ਰਹਿਣ ਇਹ ਦੇਸ਼ ਭਗਤ। ਗੁਲਾਬ ਕੌਰ ਦੀ ਕਿਤੇ ਵੱਡੀ ਰਾਤ ਅੱਖ ਲੱਗੀ ਤੇ ਤੜਕੇ ਉਠ ਕੇ ਉਸ ਨੇ ਇਸ਼ਨਾਨ ਕੀਤਾ। ਛੇਤੀ ਛੇਤੀ ਤਿਆਰ ਹੋ ਕੇ ਮਾਨ ਸਿੰਘ ਦੇ ਨਾਲ ਉਹ ਗੁਰਦੁਆਰੇ ਪਹੁੰਚ ਗਈ।

ਸੱਤ

ਗੁਲਾਬ ਕੌਰ ਨੇ ਗੁਰਦੁਆਰੇ ਵਿੱਚ ਏਨਾ ਵੱਡਾ ਇਕੱਠ ਅੱਜ ਪਹਿਲੀ ਵਾਰ ਵੇਖਿਆ ਸੀ। ਆਦਮੀ, ਔਰਤਾਂ ਤੇ ਬੱਚੇ ਸਵੇਰ ਤੋਂ ਹੀ ਆਉਣੇ ਸ਼ੁਰੂ ਹੋ ਗਏ ਸਨ। ਸੱਤਰ ਦੇ ਕਰੀਬ ਤਾਂ ਗ਼ਦਰ ਪਾਰਟੀ ਦੇ ਆਗੂ ਤੇ ਵਰਕਰ ਸਮੁੰਦਰੀ ਜਹਾਜ਼ ਰਾਹੀਂ ਕੱਲ੍ਹ ਹੀ ਪਹੁੰਚ ਚੁੱਕੇ ਸਨ। ਹਾਫਿਜ਼ ਅਬਦੁੱਲਾ ਤੇ ਜੀਵਨ ਸਿੰਘ ਦੌਲਾ ਸਿੰਘ ਵਾਲਾ ਨੇ ਮਨੀਲਾ ਵੱਸਦੇ ਭਾਰਤੀਆਂ ਨੂੰ ਸੁਨੇਹੇ ਲਾ ਦਿੱਤੇ ਸਨ ਤੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਨੂੰ ਮਿਲ ਕੇ ਲੰਗਰ ਪਾਣੀ ਤੇ ਜਲਸਾ ਕਰਨ ਦਾ ਬੰਦੋਬਸਤ ਕਰਵਾ ਦਿੱਤਾ ਸੀ। ਏਥੋਂ ਦੇ ਲੋਕਲ ਭਾਰਤੀ ਕਾਫੀ ਗਿਣਤੀ ਵਿੱਚ ਆ ਗਏ ਸਨ। ਬੀਬੀਆਂ ਸਵੇਰ ਤੋਂ ਹੀ ਲੰਗਰ ਤਿਆਰ ਕਰਨ ਵਿੱਚ ਜੁਟ ਗਈਆਂ ਸਨ। ਕੁੱਝ ਨੌਜਵਾਨ ਵੀ ਸੇਵਾ ਕਰਨ ਲੱਗੇ। ਗ੍ਰੰਥੀ ਸਿੰਘ ਸਭ ਕੰਮਾਂ ਵੱਲ ਨਿਗਰਾਨੀ ਕਰ ਰਿਹਾ ਸੀ। ਉਹ ਦਿਲੋਂ ਗ਼ਦਰੀਆਂ ਦੀ ਕਦਰ ਕਰਦਾ ਸੀ। ਆਏ ਗਏ ਨੂੰ ਭੋਜਨ ਛਕਾ ਕੇ ਉਹ ਬੜਾ ਖੁਸ਼ ਹੁੰਦਾ ਸੀ। ਗੁਲਾਬ ਕੌਰ ਨੂੰ

ਲੰਗਰ ਵਿੱਚ ਸੇਵਾ ਕਰਦੀ ਵੇਖ ਕੇ ਗੰਥੀ ਸਿੰਘ ਕਹਿਣ ਲੱਗਾ, "ਤੂੰ ਤਾਂ ਪੁੱਤਰ ਗੁਰੂ ਘਰ ਦੀ ਬੜੀ ਸੇਵਾ ਕਰਦੀ ਐਂ। ਗੁਰੂ ਮਹਾਰਾਜ ਤੇਰੇ ਸਿਰ ਉੱਤੇ ਮਿਹਰ ਭਰਿਆ ਹੱਥ ਰੱਖਣ।" ਫਿਰ ਸਾਰੀ ਸੰਗਤ ਨੇ ਪੰਗਤ ਵਿੱਚ ਬੈਠ ਕੇ ਪਰਸ਼ਾਦਾ ਛਕਿਆ। ਕੁਝ ਚਿਰ ਬਾਅਦ ਹਾਫਿਜ਼ ਅਬਦੁੱਲਾ ਜਿਹੜਾ ਕਿ ਮਨੀਲਾ ਦੀ ਗ਼ਦਰ ਪਾਰਟੀ ਦਾ ਪ੍ਰਧਾਨ ਸੀ, ਨੇ ਪਾਰਟੀ ਵੱਲੋਂ ਜਲਸਾ ਸ਼ੁਰੂ ਕਰਵਾਇਆ। ਸਾਰੀ ਸੰਗਤ ਦਾ ਧਿਆਨ ਅਬਦੁੱਲੇ ਵੱਲ ਸੀ। ਉਸ ਨੇ ਕਹਿਣਾ ਸ਼ੁਰੂ ਕੀਤਾ, "ਸਤਿਕਾਰ ਯੋਗ ਭੈਣੋ ਤੇ ਭਰਾਵੋ, ਸਭ ਨੂੰ ਪਤਾ ਹੈ ਕਿ ਗ਼ਦਰ ਪਾਰਟੀ ਨੇ ਅੰਗਰੇਜ਼ਾਂ ਨੂੰ ਭਾਰਤ ਵਿੱਚੋਂ ਹਥਿਆਰਬੰਦ ਘੋਲ਼ ਰਾਹੀਂ ਬਾਹਰ ਕੱਢਣ ਦਾ ਫੈਸਲਾ ਕੀਤਾ ਹੈ। ਇਸ ਕੰਮ ਲਈ ਅਸੀਂ ਸਾਰੇ ਇਕੱਠੇ ਹੋ ਕੇ ਪਾਰਟੀ ਦੇ ਹੁਕਮ ਅਨੁਸਾਰ ਭਾਰਤ ਵਿੱਚ ਗ਼ਦਰ ਕਰਾਂਗੇ ਤੇ ਆਪਣੇ ਦੇਸ਼ ਨੂੰ ਅਜ਼ਾਦ ਕਰਵਾਂਗੇ। ਪਾਰਟੀ ਦਾ ਪੱਕਾ ਮੱਤ ਹੈ ਕਿ ਅਜ਼ਾਦੀ ਮਿੰਨਤਾਂ ਤਰਲਿਆਂ ਨਾਲ ਨਹੀਂ ਮਿਲੇਗੀ। ਇਸ ਲਈ ਕੁਰਬਾਨੀਆਂ ਦੀ ਲੋੜ ਹੈ। ਜੇਕਰ ਆਪਣੇ ਪਿਆਰੇ ਵਤਨ ਲਈ ਜਾਨ ਵੀ ਚਲੀ ਤਾਂ ਵੀ ਕੋਈ ਪਰਵਾਹ ਨਹੀਂ ਪਰ ਹੁਣ ਅਸੀਂ ਪੈਰ ਪਿੱਛੇ ਨਹੀਂ ਖਿਚਾਂਗੇ। ਅੱਜ ਤੁਹਾਡੇ ਸਾਹਮਣੇ 70 ਦੇ ਲਗਭਗ ਗ਼ਦਰੀ ਅਮਰੀਕਾ ਤੋਂ ਐਸ. ਐਸ. ਕੋਰੀਆ ਜ਼ਹਾਜ ਰਾਹੀਂ ਸਮੁੰਦਰੀ ਸਫਰ ਤਹਿ ਕਰਕੇ ਤੇ ਆਪਣੀਆਂ ਜਾਨਾਂ ਤਲੀ ਉਤੇ ਰੱਖ ਕੇ ਗ਼ਦਰ ਕਰਨ ਲਈ ਤਿਆਰ ਤੁਹਾਡੇ ਸਾਹਮਣੇ ਬੈਠੇ ਐ। ਮੈਂ ਇਨ੍ਹਾਂ ਨੂੰ ਏਥੇ ਪਹੁੰਚਣ 'ਤੇ ਜੀ ਆਇਆਂ ਆਖਦਾ ਹਾਂ।"

'ਜਿਉਂਦੇ ਰਹੋ ਮੇਰੇ ਵੀਰੋ। ਤੁਹਾਡਾ ਵਾਲ਼ ਵੀ ਵਿੰਗਾ ਨਾ ਹੋਵੇ। ਤੁਸੀਂ ਇਨ੍ਹਾਂ ਜ਼ਾਲਮ ਅੰਗਰੇਜ਼ਾਂ ਨੂੰ ਮਾਰ-ਮਾਰ ਕੇ ਭਜਾ ਸਕੋ। ਵਾਹਿਗੁਰੂ ਤੁਹਾਨੂੰ ਇਹ ਬਲ ਬਖਸ਼ੇ।' ਅਬਦੁੱਲੇ ਦੀਆਂ ਗੱਲਾਂ ਸੁਣ ਕੇ ਗੁਲਾਬ ਕੌਰ ਅੰਦਰਖਾਤੇ ਅਰਦਾਸ ਕਰ ਰਹੀ ਸੀ। ਕਿਸੇ ਦੀ ਭੋਰਾ ਵੀ ਅਵਾਜ਼ ਨਹੀਂ ਸੀ ਆ ਰਹੀ। ਅਬਦੁੱਲਾ ਗੱਲ ਕਰਦਾ ਗਿਆ,"ਇਹ ਲੋਕ ਵੀ ਆਪਣੇ ਵਾਂਗ ਇਧਰ ਚੰਗੀ ਕਮਾਈ ਕਰਨ ਆਏ ਸੀ ਪਰ ਇਧਰ ਆ ਕੇ ਹੀ ਅਜ਼ਾਦੀ ਤੇ ਗੁਲਾਮੀ ਦਾ ਪਤਾ ਲੱਗਾ। ਅਮਰੀਕਾ ਤੇ ਕੈਨੇਡਾ ਵਿੱਚ ਸਾਡੇ ਭਰਾਵਾਂ ਨਾਲ ਸਰਕਾਰ ਦਾ ਵਤੀਰਾ ਹੋਰ ਤੇ ਆਪਣਿਆਂ ਨਾਲ ਹੋਰ। ਸਾਰੀ ਉਮਰ ਕੋਈ ਇੱਜ਼ਤ ਨਹੀਂ। ਸਗੋਂ ਸਾਨੂੰ ਜ਼ਲੀਲ ਹੋਣਾ ਪੈ ਰਿਹਾ। ਇਸ ਦਾ ਇੱਕੋ ਇੱਕ ਹੱਲ ਹੈ ਅਜ਼ਾਦੀ ਤੇ ਅਜ਼ਾਦੀ ਕੇਵਲ ਗ਼ਦਰ ਕੀਤਿਆਂ ਮਿਲ ਸਕਦੀ ਹੈ। ਅਸੀਂ ਹਰ ਕੁਰਬਾਨੀ ਦੇਣ ਲਈ ਤਿਆਰ ਆਂ। ਭੈਣੋ ਤੇ ਭਰਾਵੋ ਦੇਸ਼ ਦੀ ਅਜ਼ਾਦੀ ਦੀ ਖਾਤਰ ਗ਼ਦਰ ਪਾਰਟੀ ਦਾ ਪੂਰਾ ਸਾਥ ਦਿਉ।"

ਬਹੁਤਿਆਂ ਨੇ ਆਪਣੇ ਹੱਥ ਖੜ੍ਹੇ ਕਰ ਦਿੱਤੇ। ਗੁਲਾਬ ਕੌਰ ਨੇ ਵੀ ਜੋਸ਼ ਨਾਲ ਆਪਣਾ ਹੱਥ ਖੜ੍ਹਾ ਕਰ ਦਿੱਤਾ। ਲੋਕਾਂ ਦਾ ਦ੍ਰਿੜ੍ਹ ਹੌਂਸਲਾ ਵੇਖ ਕੇ ਗੁਲਾਬ ਕੌਰ ਨੂੰ ਬੜੀ ਖੁਸ਼ੀ ਹੋਈ ਕਿ ਇਨ੍ਹਾਂ ਦੇ ਦਿਲਾਂ ਅੰਦਰ ਦੇਸ਼ ਪਿਆਰ ਜਾਗ ਪਿਆ ਹੈ। ਅਬਦੁੱਲੇ ਨੇ ਆਪਣੀ ਗੱਲ ਜਾਰੀ ਰੱਖੀ। ਸਭ ਦਾ ਧਿਆਨ ਉਹਦੇ ਵੱਲ ਸੀ।

"ਹੁਣ ਤੁਹਾਡੇ ਸਾਹਮਣੇ ਬਾਹਰੋਂ ਆਏ ਇੱਕ ਗ਼ਦਰੀ ਵੀਰ ਆਪਣੇ ਵਿਚਾਰ ਰੱਖਣਗੇ।"

ਫਿਰ ਇੱਕ ਨੌਜਵਾਨ ਉਠ ਖਲੋਤਾ। ਉਸ ਨੇ ਸਾਰਿਆਂ ਵੱਲ ਹੱਥ ਜੋੜੇ ਤੇ ਕਹਿਣ ਲੱਗਾ, "ਮੇਰੇ ਪਿਆਰੇ ਦੇਸ਼ ਵਾਸੀ ਭੈਣੋ ਤੇ ਭਰਾਵੋ, "ਅਸੀਂ ਏਥੇ ਆ ਕੇ ਬਹੁਤ ਖੁਸ਼ ਹੋਏ ਆਂ ਕਿ ਤੁਸੀਂ ਵੱਡੀ ਗਿਣਤੀ ਵਿੱਚ ਗੁਰੂ ਘਰ ਸਾਡੀ ਗੱਲ ਸੁਣਨ ਲਈ ਪਹੁੰਚੇ ਹੋ। ਸਭ ਦਾ ਧੰਨਵਾਦ। ਸਾਡਾ ਦੇਸ਼ ਅੰਗਰੇਜ਼ਾਂ ਦਾ ਗੁਲਾਮ ਹੈ। ਸਾਡੇ ਦੇਸ਼ ਵਾਸੀਆਂ ਨੂੰ ਕਿਸੇ ਕਿਸਮ ਦੀ ਕੋਈ ਸਹੂਲਤ ਨਹੀਂ। ਸਾਡੇ ਅਮੀਟ ਘਰਾਣੇ, ਰਾਜੇ ਰਜਵਾੜੇ, ਵੱਡੇ ਸਰਦਾਰ, ਸਫੈਦ ਪੋਸ਼ ਤੇ ਡੇਰਿਆਂ ਦੇ ਪੁਜਾਰੀ

ਅੰਗਰੇਜ਼ਾਂ ਦੇ ਜੀ ਹਜ਼ੂਰੀਏ। ਸਰਕਾਰ ਸਿਰਫ ਇਨ੍ਹਾਂ ਲੋਕਾਂ ਨੂੰ ਸਹੂਲਤਾਂ ਦਿੰਦੀ ਐ ਤੇ ਆਮ ਲੋਕਾਂ. ਉੱਤੇ ਪੂਰਾ ਜ਼ੁਲਮ ਢਾਅ ਰਹੀ ਹੈ ਤੇ ਸੁਣਵਾਈ ਕਿਤੇ ਵੀ ਨਹੀਂ ਹੁੰਦੀ। ਸਾਡੇ ਦੇਸ਼ ਦਾ ਸਭ ਕੱਚਾ ਮਾਲ ਲੁੱਟ ਕੇ ਵਲਾਇਤ ਭੇਜਿਆ ਜਾ ਰਿਹਾ ਹੈ। ਦੇਸ਼ ਵਾਸੀ ਰੋਟੀ ਲਈ ਬਾਹਰ ਧੱਕੇ ਖਾ ਰਹੇ ਐ। ਦਸ-ਦਸ ਰੁਪਿਆਂ ਦੀ ਖਾਤਰ ਸਾਡੇ ਭਰਾ ਭਾਈ ਆ ਕੇ ਇਧਰ ਇਨ੍ਹਾਂ ਦੇ ਹੀ ਦਰਬਾਨ ਲੱਗਦੇ ਐ।"

"ਲੋਕੀ ਆਖਦੇ ਨੀਚ ਗੁਲਾਮ ਹਿੰਦੀ,
ਦਿੰਦੇ ਆਪਣੇ ਵਿੱਚ ਨਾ ਥਾਂਇ ਸਾਨੂੰ।
ਕਾਲਾ ਦੇਖ ਗੁਲਾਮੀ ਦਾ ਦਾਗ ਮੱਥੇ,
ਦਿੰਦੇ ਕੁੱਤਿਆ ਵਾਂਗ ਦਰਕਾਇ ਸਾਨੂੰ।

'ਬਿਲਕੁੱਲ ਸੱਚੀ ਗੱਲ ਐ!' ਗੁਲਾਬ ਕੌਰ ਦੇ ਅੰਦਰੋਂ ਹੂਕ ਉਠੀ।

"ਭਰਾਵੋ, ਪਾਰਟੀ ਨੇ ਦ੍ਰਿੜ੍ਹਤਾ ਨਾਲ ਫੈਸਲਾ ਲਿਆ ਕਿ ਅਸੀਂ ਹਰ ਹੀਲੇ ਭਾਰਤ ਪਹੁੰਚ ਕੇ ਅੰਗਰੇਜ਼ਾਂ ਨਾਲ ਟੱਕਰ ਲਵਾਂਗੇ ਤੇ ਭਾਰਤ ਮਾਤਾ ਦੇ ਪੈਰਾਂ ਵਿਚੋਂ ਬੇੜੀਆਂ ਲਾਹ ਸੁੱਟਾਂਗੇ। ਆਉ ਆਪੋ ਆਪਣੇ ਮੱਤਭੇਦ ਭੁਲਾ ਕੇ ਇਕੱਠੇ ਹੋਈਏ।"

"ਲੜੀਏ ਹਿੰਦ ਖਾਤਰ ਮਰੀਏ ਅਣਖ ਪਿੱਛੇ,
ਸੋਹਣੀ ਮੌਤ ਅਜ਼ਾਦੀ ਦੀ ਜੰਗ ਕਰੀਏ।
ਹੋਰ ਛੱਡੀਏ ਝੂਠਿਆਂ ਝੇੜਿਆਂ ਨੂੰ,
ਇੱਕ ਯੁੱਧ ਅਜ਼ਾਦੀ ਅਰੰਭ ਕਰੀਏ।"

"ਇਨ੍ਹਾਂ ਸ਼ਬਦਾਂ ਨਾਲ ਗੁਲਾਬ ਕੌਰ ਦਾ ਖ਼ੂਨ ਖੋਲ ਉਠਿਆ। ਉਸ ਦਾ ਜੀ ਕਰੇ ਕਿ ਇਹ ਸਾਰਾ ਕਾਫਲਾ ਹੁਣੇ ਹੀ ਭਾਰਤ ਨੂੰ ਤੁਰ ਪਏ ਤੇ ਜੰਗ ਸ਼ੁਰੂ ਕਰ ਦੇਵੇ। ਉਹ ਵੀ ਕਾਫਲੇ ਨਾਲ ਜਾਣ ਨੂੰ ਤਿਆਰ ਹੈ। ਦੇਸ਼ ਹੋਵੇ ਸਾਡਾ ਤੇ ਰਾਜ ਕਰਨ ਉਥੇ ਅੰਗਰੇਜ਼। ਉੱਥੇ ਇਨ੍ਹਾਂ ਨੂੰ ਮਾਰ ਮਾਰ ਕੇ ਭਜਾ ਦੇਣਾ ਚਾਹੀਦਾ। ਸਾਨੂੰ ਤਾਂ ਸਾਰੇ ਗੁਰੂਆਂ ਨੇ ਜਿਉਣ ਲਈ ਲੜਨਾ ਸਿਖਾਇਆ ਹੈ। ਅਸੀਂ ਕਿਉਂ ਡਰਪੋਕ ਬਣ ਕੇ ਬੈਠੀਏ। ਇਸੇ ਕਰਕੇ ਸਾਡੇ ਲੋਕ ਇਧਰ ਧੱਕੇ ਖਾ ਰਹੇ ਐ।"

ਉਹ ਨੌਜਵਾਨ ਗਰਮਜੋਸ਼ੀ ਨਾਲ ਕਹਿ ਰਿਹਾ ਸੀ,

"ਸੁੱਤੇ ਪਏ ਕਾਸ ਨੂੰ ਉਘੇੜੋ ਅੱਖ ਨੂੰ,
ਗੋਰਿਆਂ ਨੇ ਚੂਸ ਲਿਆ ਸਾਡੀ ਰੱਤ ਨੂੰ।
ਗੋਰਿਆਂ ਨੂੰ ਖਾਣਾ ਅਸੀਂ ਪਾੜ ਪਾੜ ਜੀ,
ਧਾਰ ਲਉ ਇਰਾਦਾ ਝੰਡਾ ਦੇਣਾ ਚਾੜ੍ਹ ਜੀ।"

ਹੁਣ ਸਮਾਂ ਆ ਗਿਆ ਹੈ ਕਿ ਅਸੀਂ ਸਾਰੇ ਉਠ ਕੇ ਹੱਲਾ ਬੋਲ ਦੇਈਏ।

ਚਲੋ ਚੱਲ ਫਰੰਗੀ ਦੇ ਕਰੋ ਟੋਟੇ,
ਕਰੋ ਗੰਨਿਆਂ ਵਾਂਗ ਗਨੇਰੀਆਂ ਨੂੰ।
ਛਿੱਤਰ ਮਾਰ ਕੇ ਦੇਸ਼ ਤੋਂ ਕੱਢ ਦੇਈਏ,
ਮੁੜ ਕੇ ਕਦੇ ਨਾ ਪੌਣਗੇ ਫੇਰੀਆਂ ਨੂੰ।

ਦੇਸ਼ ਦੇ ਲੋਕਾਂ ਨੂੰ ਹੁਣ ਤਾਂ ਜਾਗਣਾ ਹੀ ਪਏਗਾ। ਗੋਰਿਆਂ ਦਾ ਜੁਲਮ ਅਸੀਂ ਕਿਨਾ ਕੁ ਚਿਰ ਸਹਾਰਦੇ ਰਹਾਂਗੇ। ਮਸਲਾ ਇੱਕ ਹੋਣ ਦਾ। ਇੱਕ ਹੋ ਕੇ ਲੜਨ ਦਾ ਇਨ੍ਹਾਂ ਵੀਰਾਂ ਦਾ ਖ਼ੂਨ

ਕਿਵੇਂ ਉਬਾਲੇ ਖਾ ਰਿਹਾ। ਨੌਜਵਾਨ ਫੇਰ ਗਰਜਿਆ—

ਹਿਦੂ, ਸਿੱਖ, ਪਠਾਣ ਤੇ ਮੁਸਲਮਾਨੋ,
ਫੌਜਾਂ ਵਾਲਿਓ ਜਰਾ ਖਿਆਲ ਕਰਨਾ।
ਸਾਡਾ ਦੇਸ਼ ਫਰੰਗੀਆਂ ਲੁੱਟ ਖਾਧਾ,
ਅਸੀਂ ਯੁੱਧ ਹੁਣ ਉਨ੍ਹਾਂ ਦੇ ਨਾਲ ਕਰਨਾ।"

'ਅਸੀਂ ਲੜਾਂਗੇ ਵੀਰਾ। ਦੇਸ਼ ਦੀ ਅਜ਼ਾਦੀ ਦੀ ਖਾਤਰ ਇਹ ਜਾਨ ਵੀ ਚਲੀ ਜਾਵੇ ਤਾਂ ਮੈਂ ਆਪਣਾ ਜਨਮ ਸਫਲ ਸਮਝਾਂਗੀ। ਮਰ ਤਾਂ ਇੱਕ ਦਿਨ ਸਭ ਨੇ ਜਾਣਾ ਹੈ ਪਰ ਕੁੱਝ ਚੰਗਾ ਕਰਕੇ ਤਾਂ ਮਰੀਏ।..... ਕਿੰਨੇ ਵੀਰ ਜਾਨਾਂ ਹੂਲ ਕੇ ਅਮਰੀਕਾ ਤੋਂ ਆ ਪਹੁੰਚੇ। ਇਹ ਵੀ ਉਥੇ ਕਮਾਈ ਕਰਦੇ ਸੀ। ਸਾਡੇ ਨਾਲੋਂ ਵੱਧ ਕਮਾਈ ਕਰਦੇ ਹੋਣਗੇ। ਇਨ੍ਹਾਂ ਨੂੰ ਆਪਣੇ ਦੇਸ਼ ਨਾਲ ਕਿਨਾ ਪਿਆਰ ਐ। ਇਹ ਜਾਨਾਂ ਵਾਰਨ ਨੂੰ ਵੀ ਤਿਆਰ ਬੈਠੇ ਐ। ਜੇ ਸਾਰੇ ਲੋਕ ਏਨੇ ਜੋਸ਼ ਨਾਲ ਰਲ ਕੇ ਤੁਰ ਪੈਣ ਤਾਂ ਕੌਣ ਸਾਨੂੰ ਗੁਲਾਮ ਰੱਖ ਸਕਦੈ। ਫਿਰ ਉਸ ਨੂੰ ਗ਼ਦਰ ਪਰਚੇ ਦੇ ਸ਼ਬਦ ਯਾਦ ਆ ਗਏ—'ਦੇਸ਼ ਪੈਣ ਧੱਕੇ ਬਾਹਰ ਮਿਲੇ ਢੋਈ ਨਾ। ਸਾਡਾ ਪਰਦੇਸੀਆਂ ਦਾ ਦੇਸ਼ ਕੋਈ ਨਾ।' ਸੱਚੀ ਗੱਲ ਐ ਸਾਡਾ ਕਿਹੜਾ ਦੇਸ਼ ਐ। ਸਾਡੇ ਦੇਸ਼ ਦੇ ਮਾਲਕ ਕੋਈ ਹੋਰ ਬਣ ਬੈਠੇ। ਹੁਣ ਤਾਂ ਇਨਾਂ ਨਾਲ ਟੱਕਰ ਲੈਣੀ ਪਏਗੀ। ਇਨ੍ਹਾਂ ਵੀਰਾਂ ਦਾ ਜੋਸ਼ ਵੇਖਣ ਵਾਲਾ ਹੁੰਦਾ। ਇਹ ਲੋਕ ਮਰ ਮਿਟਣ ਦੀ ਭਾਵਨਾ ਲੈ ਕੇ ਤੁਰੇ ਐ। ਭਾਰਤ ਮਾਤਾ ਦੇ ਪੈਰਾਂ 'ਚੋਂ ਜੰਜੀਰਾਂ ਐਵੇਂ ਨਹੀਂ ਕੱਟ ਹੋਣੀਆਂ। ਵੀਰੋ ਮੈਨੂੰ ਤੁਹਾਡੀ ਸਹੁੰ। ਮੈਂ ਤੁਹਾਡੇ ਸੰਗ ਤੁਰਾਂਗੀ। ਦੇਸ਼ ਦੀ ਆਜ਼ਾਦੀ ਲਈ ਆਪਣਾ ਖ਼ੂਨ ਵਹਾ ਦਿਆਂਗੀ। ਜ਼ਿੰਦਗੀ ਦੇ ਸੁੱਖ, ਅਮਨ ਚੈਨ ਕਿਸ ਕੰਮ! ਦੇਸ਼ ਗੁਲਾਮ! ਮੈਨੂੰ ਹੁਣ ਕਿਸੇ ਗੱਲ ਦੀ ਪਰਵਾਹ ਨਹੀਂ।'

ਗੁਲਾਬ ਕੌਰ ਦੀਆਂ ਅੱਖਾਂ ਵਿੱਚ ਹੰਝੂ ਆ ਗਏ। ਇਹ ਹੰਝੂ ਡਰ ਦੇ ਨਹੀਂ ਸਨ। ਉਸ ਦੇ ਦਿਲ ਵਿੱਚ ਜੋਸ਼ ਦੀ ਭਾਵਨਾ ਉਠ ਰਹੀ ਸੀ। ਨੌਜਵਾਨ ਤੋਂ ਬਾਅਦ ਕਈ ਹੋਰ ਗ਼ਦਰੀਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਅਖੀਰ ਵਿੱਚ ਹਾਫਿਜ਼ ਅਬਦੁੱਲਾ ਕਹਿਣ ਲੱਗਾ, "ਜਿਹੜੇ ਵੀ ਭੈਣ ਭਰਾ ਗ਼ਦਰ ਪਾਰਟੀ ਦੇ ਪ੍ਰੋਗਰਾਮ ਨਾਲ ਸਹਿਮਤ ਐ ਉਹ ਆਪਣੇ ਹੱਥ ਫੇਰ ਖੜ੍ਹੇ ਕਰਨ ਤੇ ਆਪੋ ਆਪਣੇ ਨਾਮ ਤੇ ਪੂਰਾ ਪਤਾ ਸਾਨੂੰ ਲਿਖਵਾ ਦੇਣ। ਮੈਂ ਤੇ ਜੀਵਨ ਸਿੰਘ ਹੁਣੇ ਲਿਸਟਾਂ ਤਿਆਰ ਕਰਾਂਗੇ। ਕੱਲ੍ਹ ਨੂੰ ਏਥੋਂ ਜਹਾਜ਼ ਤੁਰੇਗਾ। ਆਪਣੇ ਕੋਲ ਸਮਾਂ ਘੱਟ ਐ। ਨਾਮ ਲਿਖਵਾ ਕੇ ਸਭ ਨੇ ਆਪੋ ਆਪਣੇ ਘਰੀਂ ਚਲੇ ਜਾਣਾ। ਆਪਣੇ ਨਾਲ ਲਿਜਾਣ ਵਾਲਾ ਸਮਾਨ ਤਿਆਰ ਕਰ ਲਉ। ਕੱਲ੍ਹ ਨੂੰ ਸਮੇਂ ਸਿਰ ਬੰਦਰਗਾਹ 'ਤੇ ਪਹੁੰਚ ਜਾਣਾ। ਕਿਸੇ ਨੇ ਲੇਟ ਨਹੀਂ ਹੋਣਾ।"

ਹਾਫਿਜ਼ ਅਬਦੁੱਲੇ ਦੇ ਏਨੀ ਗੱਲ ਕਹਿਣ ਦੀ ਦੇਰ ਸੀ, ਕਿ ਲੋਕ ਇੱਕ ਦਮ ਉਠ ਖਲੋਤੇ। ਲੋਕਾਂ ਦਾ ਉਤਸ਼ਾਹ ਵੇਖਣ ਵਾਲਾ ਸੀ। ਮਾਨ ਸਿੰਘ ਤੇ ਗੁਲਾਬ ਕੌਰ ਵੀ ਜੀਵਨ ਸਿੰਘ ਕੋਲ ਆ ਗਏ। ਮਾਨ ਸਿੰਘ ਤੇ ਗੁਲਾਬ ਕੌਰ ਨੇ ਵੀ ਲਿਸਟ ਵਿੱਚ ਆਪਣਾ ਨਾਮ ਲਿਖਵਾ ਦਿੱਤਾ ਤੇ ਫਿਰ ਉਹ ਦੋਵੇਂ ਛੇਤੀ ਨਾਲ ਆਪਣੇ ਕਮਰੇ ਨੂੰ ਚੱਲ ਪਏ।

ਗੁਲਾਬ ਕੌਰ ਬਹੁਤ ਖੁਸ਼ ਸੀ। ਲਿਸਟ ਵਿਚ ਨਾਮ ਲਿਖਿਆ ਗਿਆ। ਉਸ ਨੂੰ ਤਾਂ ਇਹ ਆਸ ਹੀ ਨਹੀਂ ਸੀ ਕਿ ਉਹ ਏਨੀ ਛੇਤੀ ਦੇਸ਼ ਨੂੰ ਤੁਰ ਪੈਣਗੇ। ਇਹ ਤਿਆਰੀ ਕੋਈ ਸਾਧਾਰਨ ਨਹੀਂ। ਜੰਗ ਦੀ ਤਿਆਰੀ ਹੈ। ਅੰਗਰੇਜ਼ਾਂ ਨਾਲ ਦੋ ਹੱਥ ਕਰਨ ਦੀ ਯੋਜਨਾ ਹੈ। ਹੇ ਵਾਹਿਗੁਰੂ! ਭਲੀ ਕਰੀਂ। ਅਸੀਂ ਹਰ ਹੀਲੇ ਦੇਸ਼ ਪਹੁੰਚ ਕੇ ਜਾਲਮ ਸਰਕਾਰ ਨੂੰ ਟੱਕਰ ਦੇ ਸਕੀਏ। ਇਹ ਮੌਕਾ

ਮਸਾਂ ਜੁੜਿਆ ਹੈ। ਉਹ ਵੱਡੇ ਭਾਗਾਂ ਵਾਲੇ ਐ ਜਿਹੜੇ ਦੇਸ਼ ਦੀ ਆਜ਼ਾਦੀ ਦੀ ਖਾਤਰ ਏਥੋਂ ਤੁਰਨਗੇ। ਇਹ ਮੌਕਾ ਕਿਸੇ ਵੀ ਤਰ੍ਹਾਂ ਖੁੰਝਣ ਨਹੀਂ ਦੇਣਾ। ਗੁਲਾਬ ਕੌਰ ਦੇ ਦਿਲ ਅੰਦਰ ਨਵੇਂ ਨਵੇਂ ਖਿਆਲ ਉਠ ਰਹੇ ਸਨ। ਫਿਰ ਉਸ ਨੂੰ ਆਪਣਾ ਪਿੰਡ ਯਾਦ ਆ ਗਿਆ। ਮਾਂ-ਪਿਉ, ਰਿਸ਼ਤੇਦਾਰ, ਆਂਢ-ਗੁਆਂਢ, ਫਿਰ ਉਸਦੀ ਸੁਰਤ ਸਹੁਰੇ ਪਿੰਡ ਜਖੇਪਲ ਚਲੀ ਗਈ। ਇਸ ਇਲਾਕੇ ਵਿੱਚ ਵੀ ਕਿਤੇ ਗ਼ਦਰੀ ਛਾ ਜਾਣ। ਇਹ ਇਲਾਕਾ ਹੀ ਜ਼ਿਆਦਾ ਅੰਗਰੇਜ਼ਾਂ ਦੇ ਝੋਲੀ ਚੁੱਕਾਂ ਦਾ ਐ। ਸੜੇ ਸਰਦਾਰਾਂ ਨੇ ਅੱਤ ਚੁੱਕ ਰੱਖੀਐ। ਇਨ੍ਹਾਂ ਨੂੰ ਸੋਧਣਾ ਜ਼ਰੂਰੀ ਐ। ਹੁਣ ਗ਼ਦਰ ਪਾਰਟੀ ਨੇ ਗ਼ਦਰ ਦਾ ਬੀੜਾ ਚੁੱਕ ਲਿਆ। ਬੱਸ ਕਰੋ ਜਾਂ ਮਰੋ। ਹੋਰ ਕੋਈ ਰਾਹ ਨਹੀਂ। ਮੈਂ ਆਪਣੇ ਵੀਰਾਂ ਦੇ ਨਾਲ ਤੁਰ ਕੇ ਜ਼ਾਲਮਾਂ ਵਿਰੁੱਧ ਲੜਾਂਗੀ ਜ਼ਰੂਰ ਲੜਾਂਗੀ। ਹੋਰ ਤਾਂ ਹੋਰ ਮੇਰੇ ਮਾਨੇ ਨੇ ਵੀ ਤਾਂ ਲਿਸਟ ਵਿੱਚ ਆਪਣਾ ਨਾਮ ਲਿਖਵਾ ਦਿੱਤਾ। ਇਹ ਮੇਰੇ ਲਈ ਬਹੁਤ ਵੱਡੀ ਗੱਲ ਐ। ਮੈਂ ਮਾਨੇ ਦੇ ਬਰਾਬਰ ਤੁਰਾਂਗੀ। ਵਾਹਿਗੁਰੂ ਭਲੀ ਕਰੇ।

ਅੱਠ

ਅੱਜ ਤਾਂ ਗੁਲਾਬ ਕੌਰ ਨੂੰ ਬੜਾ ਚਾਅ ਚੜ੍ਹਿਆ ਹੋਇਆ ਸੀ। ਪਿਆਰੇ ਦੇਸ਼ ਵਾਪਸ ਜਾਣਾ ਸੀ। ਉਹ ਸਵੱਖਤੇ ਗੁਰਦੁਆਰੇ ਮੱਥਾ ਟੇਕ ਕੇ ਘਰ ਆ ਗਈ। ਉਹ ਘਰ ਦੇ ਕੰਮ ਛੇਤੀ ਨਿਬੇੜਨਾ ਚਾਹੁੰਦੀ ਸੀ। ਪਹਿਲਾਂ ਰੋਟੀ ਪਾਣੀ ਤਿਆਰ ਕੀਤਾ। ਇਧਰੋਂ ਵਿਹਲੀ ਹੋ ਕੇ ਆਪਣੇ ਤੇ ਮਾਨ ਸਿੰਘ ਦੇ ਕੱਪੜੇ ਕੱਢ ਕੇ ਰੱਖੇ। ਘਰ ਵਿੱਚ ਜੋੜ ਕੇ ਰੱਖੇ ਪੈਸੇ ਇੱਕ ਪੋਟਲੀ ਵਿੱਚ ਬੰਨ੍ਹ ਲਏ। ਫਿਰ ਉਹ ਨਾਲ ਲਿਜਾਣ ਵਾਲਾ ਸਮਾਨ ਟਰੰਕ ਵਿੱਚ ਪਾਉਣ ਲੱਗੀ। ਟਰੰਕ ਨੂੰ ਹੱਥ ਲਾਇਆ। ਉਸ ਦਾ ਕੁੰਡਾ ਤਾਂ ਟੁੱਟਿਆ ਪਿਆ ਸੀ। ਇਹ ਤਾਂ ਬੜੀ ਮਾੜੀ ਗੱਲ ਹੋਈ। ਟਰੰਕ ਨੂੰ ਕੁੰਡਾ ਜਿੰਦਾ ਤਾਂ ਲੱਗਣਾ ਚਾਹੀਦਾ। ਉਹ ਪਹਿਲਾਂ ਸਮੁੰਦਰੀ ਜਹਾਜ਼ ਦਾ ਸਫਰ ਕਰ ਚੁੱਕੀ ਸੀ।

"ਟਰੰਕ ਦਾ ਕੁੰਡਾ ਤਾਂ ਟੁੱਟਿਆ ਪਿਆ। ਆਪਾਂ ਤਾਂ ਇਹ ਵੇਖਿਆ ਈ ਨਹੀਂ।" ਗੁਲਾਬ ਕੌਰ ਨੇ ਮਾਨ ਸਿੰਘ ਨੂੰ ਕਿਹਾ। ਮਾਨ ਸਿੰਘ ਚੁੱਪ ਚਾਪ ਗੁਲਾਬ ਕੌਰ ਵੱਲ ਵੇਖਣ ਲੱਗਾ।

"ਤੂੰ ਐਂ ਕਰ। ਆਪਣੇ ਕੋਲ ਹਾਲੇ ਟਾਈਮ ਹੈਗਾ। ਤੂੰ ਭੱਜ ਕੇ ਬਾਜ਼ਾਰੋਂ ਟਰੰਕ ਨੂੰ ਕੁੰਡਾ ਲਵਾ ਲਿਆ, ਪਰ ਮੁੜੀ ਛੇਤੀ!" ਗੁਲਾਬ ਕੌਰ ਨੇ ਕਾਹਲੀ ਨਾਲ ਕਿਹਾ।

ਮਾਨ ਸਿੰਘ ਚੁੱਪ ਚਾਪ ਉਠਿਆ ਤੇ ਟਰੰਕ ਚੁੱਕ ਕੇ ਬਜ਼ਾਰ ਵੱਲ ਤੁਰ ਪਿਆ। ਛੇਤੀ ਨਾਲ ਮੁੜ ਆਵੇ ਤਾਂ ਹੀ ਚੰਗਾ। ਫਿਰ ਵੀ ਵੇਲੇ ਨਾਲ ਹੀ ਪਤਾ ਲੱਗ ਗਿਆ। ਉਸ ਨੂੰ ਚੈਨ ਕਿਥੇ ਸੀ। ਉਸ ਨੇ ਟਰੰਕ ਵਿਚ ਪਾਉਣ ਵਾਲਾ ਸਮਾਨ ਇਕ ਪਾਸੇ ਰੱਖ ਲਿਆ। ਆਪਣੇ ਤੇ ਮਾਨ ਸਿੰਘ ਦੇ ਕੱਪੜੇ ਅੱਡ-ਅੱਡ ਬੰਨ੍ਹੇ। ਉਸ ਨੇ ਬਾਹਰ ਵੱਲ ਵੇਖਿਆ। ਉਸ ਨੂੰ ਲੱਗਾ ਕਿ ਅੱਜ ਤਾਂ ਸਮਾਂ ਜਿਵੇਂ ਤੇਜ਼ੀ ਨਾਲ ਲੰਘ ਰਿਹਾ। ਮਾਨਾ ਛੇਤੀ ਛੇਤੀ ਆ ਜਾਵੇ। ਸਾਰਾ ਸਮਾਨ ਸਾਂਭ ਕੇ ਉਹ ਵਿਹਲੇ ਹੋਣ। ਅਬਦੁੱਲੇ ਨੇ ਸਾਰਿਆਂ ਨੂੰ ਕੱਲ ਕਿਹਾ ਸੀ ਕਿ ਸਭ ਨੇ ਪਹਿਲਾਂ ਗੁਰਦੁਆਰੇ ਆਉਣਾ ਤੇ ਏਥੋਂ ਇਕੱਠੇ ਹੋ ਕੇ ਬੰਦਰਗਾਹ ਵੱਲ ਜਾਵਾਂਗੇ। ਗੁਲਾਬ ਕੌਰ ਤਾਂ ਘਰੋਂ ਛੇਤੀ ਹੀ ਤੁਰ ਪੈਣਾ ਚਾਹੁੰਦੀ ਸੀ। ਕਿਹੋ ਜਿਹਾ ਮੌਕਾ ਜੁੜਿਆ। ਇਹ ਮੌਕਾ ਕਿਵੇਂ ਵੀ ਹੱਥੋਂ ਨਹੀਂ ਜਾਣ ਦੇਣਾ। ਗ਼ਦਰ ਪਾਰਟੀ ਨੇ ਕਿਨਾ ਹੌਸਲਾ ਵਿਖਾਇਆ। ਸਾਡਾ ਵੀ ਫਰਜ਼ ਐ ਕਿ ਅਸੀਂ ਪਾਰਟੀ ਦਾ ਸਾਥ ਦੇਈਏ। ਦੇਸ਼ ਜਾਵਾਂਗੇ। ਆਪਣੇ ਪਿਆਰੇ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਹਰ ਵਾਹ ਲਾਵਾਂਗੇ। ਸੋਚਦੀ ਸੋਚਦੀ ਉਹ ਬਾਹਰ ਵੱਲ ਨੂੰ ਝਾਕਦੀ। ਮਾਨਾ ਹੁਣ ਤੱਕ ਨਹੀਂ ਆਇਆ। ਕਿੰਨਾ ਚਿਰ

ਲਾ ਦਿੱਤਾ। ਟਰੰਕ ਨੂੰ ਇੱਕ ਕੁੰਡਾ ਲਵਾਉਣਾ ਸੀ। ਇਹ ਕਿਨਾ ਕੁ ਵੱਡਾ ਕੰਮ ਸੀ।

ਗੁਲਾਬ ਕੌਰ ਦੇ ਦਿਮਾਗ ਵਿੱਚ ਕਈ ਤਰ੍ਹਾਂ ਦੇ ਖਿਆਲ ਉਠ ਰਹੇ ਸਨ। ਮੈਂ ਕਿੰਨੀ ਭਾਗਾਂ ਵਾਲੀ ਆਂ। ਅਸੀਂ ਦੋਵੇਂ ਜੀ ਪਾਰਟੀ ਦੇ ਹੁਕਮ 'ਤੇ ਇਕੱਠੇ ਦੇਸ਼ ਪਰਤਾਂਗੇ। ਇਕੱਠੇ ਹੋ ਕੇ ਲੜਾਂਗੇ। ਬੇਸ਼ੱਕ ਅਸੀਂ ਦੋਵੇਂ ਅਜ਼ਾਦੀ ਲਈ ਲੜਦੇ ਕੁਰਬਾਨ ਹੋ ਜਾਈਏ ਫਿਰ ਵੀ ਕੋਈ ਪਰਵਾਹ ਨਹੀਂ। ਅਸੀ ਦੇਸ਼ ਨੂੰ ਅੰਗਰੇਜ਼ਾਂ ਤੋਂ ਮੁਕਤ ਕਰਾਵਾਂਗੇ। ਮੈਨੂੰ ਕਾਹਦੀ ਪਰਵਾਹ! ਮਾਨਾ ਮੇਰੇ ਨਾਲ ਐ। ਸੋਚਾਂ ਸੋਚਦੀ ਗੁਲਾਬ ਕੌਰ ਘਬਰਾਉਣ ਵੀ ਲੱਗਦੀ। ਪਤਾ ਨਹੀਂ ਏਨੀ ਦੇਰ ਕਿਉਂ ਲਾ ਦਿੱਤੀ। ਲੋਕ ਤਾਂ ਗੁਰਦੁਆਰੇ ਚਲੇ ਵੀ ਗਏ ਹੋਣਗੇ। ਏਥੇ ਅਸੀਂ ਮਾੜੀ ਜਿਹੀ ਗੱਲ ਪਿੱਛੇ ਘਰ ਬੈਠੇ ਆ। ਹਾਫਿਜ਼ ਅਬਦੁੱਲਾ ਤੇ ਜੀਵਨ ਸਿੰਘ ਹੋਰੀਂ ਸਾਨੂੰ ਕੀ ਕਹਿੰਦੇ ਹੋਣਗੇ। ਕੁੱਝ ਚਿਰ ਬਾਅਦ ਮਾਨ ਸਿੰਘ ਘਰ ਆ ਗਿਆ। ਗੁਲਾਬ ਕੌਰ ਉਸ ਦੇ ਚਿਹਰੇ ਵੱਲ ਵੇਖ ਕੇ ਇੱਕ ਦਮ ਘਬਰਾ ਗਈ। ਮਾਨ ਸਿੰਘ ਆਉਣ ਸਾਰ ਚੁੱਪ ਚਾਪ ਮੰਜੇ ਉੱਤੇ ਨੀਵੀਂ ਪਾ ਕੇ ਬੈਠ ਗਿਆ। ਇਸ ਕੋਲ ਤਾਂ ਟਰੰਕ ਵੀ ਹੈ ਨਹੀਂ। ਚਿਹਰੇ ਉੱਤੇ ਘਬਰਾਹਟ। ਅੱਖਾਂ ਲਾਲ ਜਿਵੇਂ ਕਿਸੇ ਨਾਲ ਲੜਾਈ ਝਗੜਾ ਕਰਕੇ ਆਇਆ ਹੋਵੇ। ਗੁਲਾਬ ਕੌਰ ਝੱਟ ਉਸ ਕੋਲ ਆਈ।

"ਕੀ ਹੋ ਗਿਆ?" ਗੁਲਾਬ ਕੌਰ ਡਾਹਢੀ ਹੈਰਾਨ ਸੀ।

"ਮੈਨੂੰ ਕੀ ਹੋਣਾ?" ਮਾਨ ਸਿੰਘ ਦੀ ਬੜੀ ਰੁੱਖੀ ਅਵਾਜ਼ ਆਈ।

"ਟਰੰਕ ਕਿਥੇ ਐ?" ਗੁਲਾਬ ਕੌਰ ਹੋਲ਼ੀ ਜਿਹੀ ਬੋਲੀ।

"ਮੈਨੂੰ ਨਹੀਂ ਪਤਾ!" ਮਾਨ ਸਿੰਘ ਕਿਸੇ ਬੇਚੈਨੀ ਵਿਚ ਬੈਠਾ ਸੀ।

"ਨਾ, ਗੱਲ ਕੀ ਐ, ਕੁਝ ਪਤਾ ਵੀ ਲੱਗੇ!" ਗੁਲਾਬ ਕੌਰ ਨੂੰ ਸ਼ੱਕ ਪਈ ਕਿ ਇਹ ਜ਼ਰੂਰ ਕਿਸੇ ਨਾਲ ਲੜ ਕੇ ਆਇਆ ਪਰ ਦੂਜੇ ਹੀ ਪਲ ਸੋਚਣ ਲੱਗੀ ਕਿ ਇਹ ਤਾਂ ਕਿਸੇ ਨਾਲ ਅੱਜ ਤੱਕ ਬੋਲਿਆ ਚੱਲਿਆ ਨਹੀਂ।

"ਟਰੰਕ ਠੀਕ ਨਹੀਂ ਹੋਇਆ?" ਗੁਲਾਬ ਕੌਰ ਫੇਰ ਬੋਲੀ।

"ਮੈਨੂੰ ਪਤਾ ਨਹੀਂ!" ਮਾਨ ਸਿੰਘ ਦੀ ਅਵਾਜ਼ ਹੋਰ ਵੀ ਰੁੱਖੀ ਤੇ ਭਾਰੀ ਹੋ ਗਈ।

ਗੁਲਾਬ ਕੌਰ ਨੂੰ ਉਸ ਕੋਲੋਂ ਸ਼ਰਾਬ ਦੀ ਮੁਸ਼ਕ ਆਈ। ਇਹ ਕੀ! ਇਹ ਸ਼ਰਾਬ ਪੀ ਕੇ ਆ ਗਿਆ। ਗਿਆ ਕਿਹੜੇ ਕੰਮ ਸੀ! ਇਹ ਇਸ ਨੇ ਕੀ ਕੀਤਾ!

"ਤੂੰ ਸ਼ਰਾਬ ਪੀਤੀ ਐ?" ਗੁਲਾਬ ਕੌਰ ਜਰਾ ਤਲਖ ਹੋ ਕੇ ਬੋਲੀ।

"ਆਹੋ ਪੀਤੀ ਐ।" ਮਾਨ ਸਿੰਘ ਸਗੋਂ ਰੋਅਬ ਨਾਲ ਬੋਲਿਆ।

"ਤੈਨੂੰ ਨਹੀਂ ਪਤਾ ਬਈ ਸਾਡੀ ਤਾਂ ਤੁਰਨ ਦੀ ਤਿਆਰੀ ਐ। ਜਹਾਜ਼ ਆਇਆ ਖਲੋਤਾ। ਜਿਨ੍ਹਾਂ ਨੇ ਜਾਣਾ ਉਹ ਤਾਂ ਗੁਰਦੁਆਰੇ ਪਹੁੰਚ ਵੀ ਗਏ ਹੋਣਗੇ।"

"ਪਰ ਅਸੀਂ ਨਹੀਂ ਜਾਣਾ!" ਮਾਨ ਸਿੰਘ ਨੇ ਅੱਖਾਂ ਵਿਖਾਈਆਂ।

"ਅਸੀਂ ਨਹੀਂ ਜਾਣਾ! ਇਹ ਕੀ ਗੱਲ? ਗੁਲਾਬ ਕੌਰ ਦੀਆਂ ਅੱਖਾਂ ਟੱਡੀਆਂ ਰਹਿ ਗਈਆਂ। ਉਹ ਇੱਕ ਦਮ ਮਾਨ ਸਿੰਘ ਵੱਲ ਡੂੰਘਾ ਡੂੰਘਾ ਵੇਖਣ ਲੱਗੀ।

"ਗੱਲ ਭਲਾ ਕੋਈ ਹੋਵੇ। ਤੈਨੂੰ ਇੱਕ ਵਾਰ ਕਹਿ ਦਿੱਤਾ ਬਈ ਅਸੀਂ ਨਹੀਂ ਜਣਾ।"

"ਅਸੀਂ ਤਾਂ ਗੁਰਦੁਆਰੇ ਵਿੱਚ ਬੈਠ ਕੇ ਆਪਣੇ ਨਾਮ ਵੀ ਲਿਖਵਾ ਦਿੱਤੇ ਐ। ਸਭ ਨੂੰ ਪਤਾ ਜੀਵਨ ਸਿੰਘ ਹੋਰੀਂ ਸਾਨੂੰ ਕੀ ਆਖਣਗੇ।"

"ਜੋ ਮਰਜ਼ੀ ਆਖੀ ਜਾਣ। ਮੇਰਾ ਪੱਕਾ ਫੈਸਲਾ ਕਿ ਅਸੀਂ ਨਹੀਂ ਜਾਣਾ।" ਮਾਨ ਸਿੰਘ ਨੇ

ਆਪਣਾ ਸੱਜਾ ਹੱਥ ਥੱਲੇ ਨੂੰ ਮਾਰਿਆ।

"ਇਸ ਦਾ ਮਤਲਬ ਤੂੰ ਡਰਪੋਕ ਨਿਕਲਿਆ। ਤੈਨੂੰ ਪਤਾ ਲੱਗ ਗਿਆ ਕਿ ਅਜ਼ਾਦੀ ਦਾ ਰਸਤਾ ਕੰਡਿਆਂ ਵਾਲਾ ਰਸਤਾ। ਏਸ ਰਾਹ ਚੱਲਦਿਆਂ ਖਵਰੇ ਕਿੰਨੇ ਕਸ਼ਟ ਉਠਾਉਣੇ ਪੈਣ। ਪੁਲੀਸ ਦੀਆਂ ਡਾਂਗਾਂ ਖਾਣੀਆਂ ਪੈਣਗੀਆਂ। ਜੇਲ੍ਹਾਂ ਵਿੱਚ ਧੱਕੇ ਖਾਣੇ ਪੈਣਗੇ। ਕਿਸੇ ਨੂੰ ਫਾਂਸੀ ਵੀ ਲੱਗ ਸਕਦੀ ਐ। ਏਥੇ ਪੈਰ ਪੈਰ 'ਤੇ ਸਜ਼ਾਵਾਂ। ਏਥੋਂ ਤੇਰਾ ਮਨ ਡੋਲ ਗਿਆ। ਤੂੰ ਤਾਂ ਸਿਰੇ ਦਾ ਬੁਜ਼ਦਿਲ ਨਿਕਲਿਆ।"

"ਜ਼ਿਆਦਾ ਬਕਵਾਸ ਨਾ ਕਰ!" ਮਾਨ ਸਿੰਘ ਉੱਚੀ ਬੋਲਿਆ।

ਗੁਲਾਬ ਕੌਰ ਦਾ ਖ਼ੂਨ ਖੌਲ ਉਠਿਆ। ਉਹ ਗੁੱਸੇ ਵਿੱਚ ਭਰੀ ਪੀਤੀ ਬਦਲੇ ਹੋਏ ਮਾਨ ਸਿੰਘ ਵੱਲ ਵੇਖ ਰਹੀ ਸੀ। ਉਸ ਦੇ ਦਿਲ ਨੂੰ ਬਹੁਤ ਠੇਸ ਲੱਗੀ। ਐਨ ਮੌਕੇ ਉਤੇ ਇਹ ਬੰਦਾ ਪਿੱਠ ਵਿਖਾ ਗਿਆ।

"ਤੇਰਾ ਪਤਾ ਲੱਗ ਗਿਆ ਕਿ ਤੂੰ ਕੀ ਚੀਜ਼ ਐਂ। ਸ਼ਰਾਬ ਪੀ ਕੇ ਤੂੰ ਐਵੇਂ ਨਹੀਂ ਆਇਆ। ਕੰਨ ਖੋਲ੍ਹ ਕੇ ਸੁਣ ਲੈ। ਤੂੰ ਆਪਣਾ ਫੈਸਲਾ ਬਦਲ ਲਿਆ ਹੋਵੇਗਾ, ਪਰ ਮੈਂ ਆਪਣਾ ਫੈਸਲਾ ਨਹੀਂ ਬਦਲਾਂਗੀ। ਮੈਂ ਆਪਣੇ ਗ਼ਦਰੀ ਵੀਰਾਂ ਨੂੰ ਧੋਖਾ ਨਹੀਂ ਦੇਵਾਂਗੀ। ਮੈਂ ਹਰ ਹਾਲਤ ਵਿੱਚ ਜਾਵਾਂਗੀ।" ਗੁਲਾਬ ਕੌਰ ਦ੍ਰਿੜਤਾ ਨਾਲ ਬੋਲੀ। ਗੁੱਸੇ ਵਿੱਚ ਉਹ ਸਾਰੀ ਦੀ ਸਾਰੀ ਕੰਬ ਰਹੀ ਸੀ।

"ਤੂੰ ਮੇਰੀ ਘਰ ਵਾਲੀ ਐ। ਤੂੰ ਮੈਥੋਂ ਬਿਨਾਂ ਕਿਵੇਂ ਜਾਏਗੀ?" ਮਾਨ ਸਿੰਘ ਨੇ ਮਰਦਾਂ ਵਾਲਾ ਰੋਅਬ ਮਾਰਿਆ।

"ਮੈਂ ਤੈਥੋਂ ਬਿਨਾਂ ਇਕੱਲੀ ਜਾ ਸਕਦੀ ਆਂ। ਤੇਰੇ ਵਰਗੇ ਬੁਜ਼ਦਿਲ ਬੰਦੇ ਤੋਂ ਲੈਣਾ ਵੀ ਕੀ ਐ। ਮੈਨੂੰ ਤੇਰੇ ਵਰਗੇ ਬੰਦੇ ਦੀ ਕੋਈ ਲੋੜ ਨਹੀਂ, ਅਸੀਂ ਭਰੇ ਇਕੱਠ ਵਿਚ ਗ਼ਦਰ ਪਾਰਟੀ ਵਿਚ ਕੰਮ ਕਰਨ ਲਈ ਬਾਹਾਂ ਉਚੀਆਂ ਕਰਕੇ ਸਹੁੰ ਖਾਧੀ ਸੀ। ਮੈਂ ਕਿਸੇ ਵੀ ਕੀਮਤ ਉਤੇ ਆਪਣੀ ਸਹੁੰ ਨਹੀਂ ਤੋੜਾਂਗੀ। ਤੂੰ ਮੈਨੂੰ ਬਿਲਕੁਲ ਰੋਕ ਨਹੀਂ ਸਕਦਾ।" ਗੁਲਾਬ ਕੌਰ ਤਣੀ ਖਲੋਤੀ ਸੀ। ਉਸ ਦੇ ਸ਼ਬਦ ਮਾਨ ਸਿੰਘ ਦੇ ਸਿਰ ਵਿੱਚ ਠਾਹ-ਠਾਹ ਵੱਜ ਰਹੇ ਸਨ।

"ਮੈਂ ਫੇਰ ਆਖਦਾਂ ਕਿ ਤੂੰ ਮੇਰੀ ਆਗਿਆ ਤੋਂ ਬਿਨਾਂ ਨਹੀਂ ਜਾ ਸਕਦੀ।"

"ਮੈਨੂੰ ਤੇਰੀ ਆਗਿਆ ਦੀ ਕੋਈ ਲੋੜ ਨਹੀਂ। ਤੂੰ ਹੁਣ ਮੇਰਾ ਕੁੱਝ ਨਹੀਂ ਲੱਗਦਾ। ਅੱਜ ਤੋਂ ਤੇਰਾ ਮੇਰਾ ਰਿਸ਼ਤਾ ਖਤਮ। ਤੇਰਾ ਰਾਹ ਅਪਣਾ, ਮੇਰਾ ਰਾਹ ਅਪਣਾ। ਮੈਨੂੰ ਕੋਈ ਵੀ ਤਾਕਤ ਹੁਣ ਰੋਕ ਨਹੀਂ ਸਕਦੀ। ਮੈਂ ਹੁਣ ਦੇਸ਼ ਦੀ ਅਜ਼ਾਦੀ ਲਈ ਕੰਮ ਕਰਾਂਗੀ। ਮੈਨੂੰ ਜਿਨੇ ਮਰਜੀ ਕਸ਼ਟ ਉਠਾਉਣੇ ਪੈਣ। ਜਿਨੀ ਵੱਡੀ ਕੁਰਬਾਨੀ ਕਰਨੀ ਪਏ। ਮੈਂ ਹਰਗਿਜ਼ ਪਿਛਾਂਹ ਨਹੀਂ ਹਟਾਂਗੀ। ਮੈਨੂੰ ਮੌਤ ਦੀ ਵੀ ਪਰਵਾਹ ਨਹੀਂ। ਦੁਨੀਆਂ ਭਰ ਦੇ ਸੁੱਖ, ਅਰਾਮ ਤੇ ਖੁਸ਼ਹਾਲੀ ਦਾ ਮੇਰੇ ਲਈ ਕੋਈ ਅਰਥ ਨਹੀਂ। ਮੈਂ ਤਾਂ ਭਾਰਤ ਮਾਤਾ ਦੇ ਪੈਰਾਂ ਚੋ ਬੇੜੀਆਂ ਲਾਹੁਣ ਲਈ ਆਪਣੇ ਵੀਰਾਂ ਦਾ ਸਾਥ ਦਿਆਂਗੀ। ਤੂੰ ਘਰ ਵਿਚ ਅਰਾਮ ਨਾਲ ਬੈਠ। ਦੇਸ਼ ਵਿੱਚ ਬਥੇਰੇ ਡਰਪੋਕ ਬੰਦੇ ਐ। ਜਿਨ੍ਹਾਂ ਦੇ ਕਾਰਨ ਅੰਗਰੇਜ਼ ਸਾਡੇ ਉਤੇ ਰਾਜ ਕਰਦੇ ਐ। ਲੈ ਮੈਂ ਹੁਣ ਚੱਲੀ ਤੇ ਤੂੰ ਮੈਨੂੰ ਰੋਕ ਕੇ ਵਿਖਾ!" ਗੁਲਾਬ ਕੌਰ ਸ਼ੀਹਣੀ ਵਾਂਗ ਗਰਜੀ।

ਮਾਨ ਸਿੰਘ ਹੁਣ ਗੁਲਾਬ ਕੌਰ ਦੇ ਸਾਹਮਣੇ ਭਿੱਜੀ ਬਿੱਲੀ ਵਾਂਗ ਬੈਠਾ ਸੀ। ਉਸ ਦੇ ਚਿਹਰੇ ਉਤੇ ਕੋਈ ਬੇਵਸੀ ਸਾਫ ਝਲਕ ਰਹੀ ਸੀ। ਗੁਲਾਬ ਕੌਰ ਨੇ ਆਪਣੇ ਕੱਪੜਿਆਂ ਵਾਲੀ ਗੰਢੜੀ, ਪੈਸਿਆਂ ਵਾਲੀ ਪੋਟਲੀ ਤੇ ਇੱਕ ਦਰੀ ਚੁੱਕ ਕੇ ਮਾਨ ਸਿੰਘ ਵੱਲ ਫਿਰ ਵੇਖਿਆ। ਉਹ

ਨੀਵੀਂ ਪਾਈ ਬੈਠਾ ਸੀ। ਗੁਲਾਬ ਕੌਰ ਨੇ ਆਪਣੀ ਬਾਂਹ ਵਿੱਚੋਂ ਚੂੜੀਆਂ ਲਾਹ ਲਈਆਂ।

"ਆਹ ਚੁੱਕ ਚੂੜੀਆਂ ਤੇ ਇਨ੍ਹਾਂ ਨੂੰ ਪਹਿਨ ਲੈ। ਮੈਂ ਹੁਣ ਚੱਲੀ, "ਏਨੀ ਗੱਲ ਕਹਿ ਕੇ ਗੁਲਾਬ ਕੌਰ ਨੇ ਚੂੜੀਆਂ ਮਾਨ ਸਿੰਘ ਵੱਲ ਵਗਾਹ ਮਾਰੀਆਂ। ਫਿਰ ਗੁਲਾਬ ਕੌਰ ਨਿਧੜਕ ਹੋ ਕੇ ਆਪਣੀ ਮੰਜ਼ਿਲ ਵੱਲ ਤੁਰ ਪਈ।

ਨੌਂ

ਗੁਲਾਬ ਕੌਰ ਜਹਾਜ਼ ਵਿੱਚ ਚੜ੍ਹ ਗਈ। ਉਹ ਆਪਣੇ ਆਪ ਨੂੰ ਬੜੀ ਨਿਢਾਲ ਤੇ ਥੱਕੀ-ਥੱਕੀ ਮਹਿਸੂਸ ਕਰ ਰਹੀ ਸੀ। ਫਿਰ ਉਹ ਡੈਕ ਦੀ ਇੱਕ ਨੁੱਕਰ ਵਿੱਚ ਦਰੀ ਵਿਛਾ ਕੇ ਲੇਟ ਗਈ। ਉਸ ਦੇ ਦਿਲ ਦਿਮਾਗ ਵਿੱਚ ਅਨੇਕਾਂ ਖਿਆਲ ਉਠ ਰਹੇ ਸਨ। ਅੱਜ ਮਾਨ ਸਿੰਘ ਨੇ ਜਿਹੜੀ ਉਸ ਨਾਲ ਕੀਤੀ ਇਸ ਬਾਰੇ ਤਾਂ ਗੁਲਾਬ ਕੌਰ ਨੇ ਕਦੇ ਸੋਚਿਆ ਹੀ ਨਹੀਂ ਸੀ। ਬੜੇ ਹੀ ਉਤਸ਼ਾਹ ਨਾਲ ਦੋਵਾਂ ਨੇ ਦੇਸ਼ ਪਰਤਣ ਲਈ ਗ਼ਦਰੀ ਵੀਰਾਂ ਕੋਲ ਆਪਣੇ ਨਾਮ ਲਿਖਾਏ ਸੀ। ਉਨ੍ਹਾਂ ਨੇ ਦੇਸ਼ ਦੀ ਅਜ਼ਾਦੀ ਲਈ ਲੜਨ ਵਾਸਤੇ ਸਹੁੰ ਖਾਧੀ ਸੀ। ਪਰ ਅੱਜ ਮਾਨੇ ਨੂੰ ਅਚਾਨਕ ਪਤਾ ਨਹੀਂ ਕੀ ਹੋ ਗਿਆ। ਉਹ ਤਾਂ ਸਗੋਂ ਸ਼ਰਾਬ ਪੀ ਕੇ ਘਰ ਆ ਗਿਆ। ਦਬਕੇ ਮਾਰਨ ਲੱਗਾ ਕਿ ਤੂੰ ਵੀ ਮੇਰੀ ਆਗਿਆ ਬਿਨਾਂ ਨਹੀਂ ਜਾ ਸਕਦੀ। ਕਿੰਨਾ ਝੱਲਪੁਣਾ ਖਿਲਾਰਿਆ। ਅਜ਼ਾਦੀ ਸੰਗਰਾਮ ਦੇ ਰਾਹ ਪੈਣ ਤੋਂ ਡਰ ਗਿਆ। ਉਸ ਨੇ ਬੰਦਿਆਂ ਵਾਲੀ ਗੱਲ ਨਹੀਂ ਕੀਤੀ। ਮੈਨੂੰ ਤਾਂ ਉਸ ਦਾ ਆਸਰਾ ਸੀ। ਮੈਂ ਹੁਣ ਇਕੱਲੀ ਰਹਿ ਗਈ। ਕੀ ਕਰਾਂਗੀ। ਕਿਧਰ ਨੂੰ ਜਾਵਾਂਗੀ। ਪੇਕੇ ਜਾਂ ਸਹੁਰੇ ਘਰ ਗਈ। ਕੀ ਦੱਸਾਂਗੀ ਜਾ ਕੇ। ਮਾਨਾ ਤਾਂ ਮੈਨੂੰ ਅੱਧ ਵਿਚਕਾਰ ਡੋਬ ਗਿਆ। ਮੇਰਾ ਕੁੱਝ ਤਾਂ ਖਿਆਲ ਕਰਦਾ। ਅਚਾਨਕ ਉਸ ਨੇ ਸੋਚਿਆ ਕਿ ਬੰਦੇ ਦਾ ਕੀ ਪਤਾ। ਸ਼ਾਇਦ ਮੇਰੇ ਪਿੱਛੋਂ ਉਹ ਸੰਭਲ ਗਿਆ ਹੋਵੇ। ਕੀ ਪਤਾ ਪਿੱਛੇ ਆ ਰਿਹਾ ਹੋਵੇ। ਗੁਲਾਬ ਕੌਰ ਉਠ ਕੇ ਹੋਰ ਮੁਸਾਫ਼ਰਾਂ ਨੂੰ ਜਹਾਜ਼ ਵਿਚ ਚੜ੍ਹਦਿਆਂ ਵੇਖਣ ਲੱਗੀ। ਮਾਨ ਸਿੰਘ ਉਸ ਨੂੰ ਕਿਤੇ ਨਜ਼ਰ ਨਾ ਆਇਆ। ਆਸੇ ਪਾਸੇ ਹਨ੍ਹੇਰਾ ਪਸਰ ਰਿਹਾ ਸੀ। ਹੁਣ ਦੂਰੋਂ ਕੁੱਝ ਵਿਖਾਈ ਨਹੀਂ ਸੀ ਦੇ ਰਿਹਾ। ਸਮੁੰਦਰ ਦਾ ਪਾਣੀ ਡਲੁਕਾਂ ਮਾਰ ਰਿਹਾ ਸੀ। ਦੂਰ ਦੂਰ ਤੱਕ ਪਾਣੀ ਹੀ ਪਾਣੀ। ਨਿਰਾਸ਼ ਹੋਈ ਗੁਲਾਬ ਕੌਰ ਟੁੱਟੇ ਹੋਏ ਦਿਲ ਨਾਲ ਫਿਰ ਉਸੇ ਜਗ੍ਹਾ ਆ ਬੈਠੀ। ਉਹ ਕੀ ਕਰੇ। ਕੀ ਨਾ ਕਰੇ। ਉਸ ਨੂੰ ਕੁੱਝ ਨਹੀਂ ਸੀ ਸੁੱਝ ਰਿਹਾ।

ਜਹਾਜ਼ ਦੇ ਤੁਰਨ ਦਾ ਵਕਤ ਹੋ ਗਿਆ ਸੀ। ਗੁਲਾਬ ਕੌਰ ਦੇ ਦਿਲ ਦੀ ਧੜਕਣ ਹੋਰ ਤੇਜ਼ ਹੋ ਗਈ। ਗੁਲਾਬ ਕੁਰੇ ਤੂੰ ਅਜੀਬ ਜਗ੍ਹਾ ਆ ਕੇ ਖਲੋ ਗਈ। ਹੁਣ ਪਿਛੇ ਮੁੜਨਾ ਤਾਂ ਮੌਤ ਬਰਾਬਰ ਹੈ। ਤੈਨੂੰ ਆਪਣੇ ਚੁਣੇ ਹੋਏ ਰਸਤੇ ਉਤੇ ਜਾਣਾ ਹੀ ਪਏਗਾ। ਫਿਰ ਉਸ ਨੂੰ ਗੁਰਦੁਆਰੇ ਵਾਲੇ ਬਾਬੇ ਦੀਆਂ ਗੱਲਾਂ ਯਾਦ ਆ ਗਈਆਂ। ਇੱਕ ਦਿਨ ਬਾਬਾ ਵਿਖਿਆਨ ਕਰ ਰਿਹਾ ਸੀ ਕਿ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਮੁਗਲ ਫੌਜਾਂ ਨਾਲ ਲੜ ਰਹੇ ਸਨ। ਬਹੁਤ ਸਾਰੇ ਸਿੰਘ ਵੀ ਉਨ੍ਹਾਂ ਦੇ ਨਾਲ ਸਨ। ਚਾਲੀ ਸਿੰਘ ਥੱਕੇ ਟੁੱਟੇ, ਭੁੱਖੇ ਪਿਆਸੇ ਤੇ ਜੰਗ ਤੋਂ ਅੱਕ ਕੇ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਆਪੋ ਆਪਣੇ ਘਰੀ ਚਲੇ ਗਏ। ਇਸ ਗੱਲ ਦਾ ਪਤਾ ਮਾਈ ਭਾਗੋ ਨੂੰ ਲੱਗਾ ਕਿ ਬਹੁਤ ਸਿੰਘ ਗੁਰੂ ਜੀ ਨੂੰ ਮੈਦਾਨੇ ਜੰਗ ਵਿੱਚ ਇਕੱਲਿਆਂ ਛੱਡ ਕੇ ਆ ਗਏ ਸਨ। ਮਾਈ ਭਾਗੋ ਦਾ ਖ਼ੂਨ ਖੌਲ ਉਠਿਆ। ਉਸ ਨੇ ਜੰਗ ਵਿੱਚ ਜਾ ਕੇ ਗੁਰੂ ਜੀ ਦਾ ਸਾਥ ਦੇਣ ਦਾ ਦ੍ਰਿੜ੍ਹ ਫੈਸਲਾ ਕੀਤਾ। ਹੱਥ ਵਿੱਚ ਨੰਗੀ ਤਲਵਾਰ। ਦਿਲ ਵਿੱਚ ਜੂਝ ਮਰਨ ਦਾ ਅਥਾਹ ਜੋਸ਼। ਉਹ ਗੁਰੂ ਜੀ ਨੂੰ ਪਿੱਠ

ਵਿਖਾਉਣ ਵਾਲੇ ਸਿੰਘਾਂ ਦੇ ਘਰ ਪਹੁੰਚੀ। ਸ਼ੇਰਨੀ ਵਾਂਗ ਲਲਕਾਰ ਕੇ ਉਹ ਕਹਿਣ ਲੱਗੀ, "ਆਹ ਲਉ ਫੜੋ ਚੂੜੀਆਂ ਤੇ ਪਹਿਨ ਕੇ ਘਰੀਂ ਬੈਠੋ। ਮੈਂ ਚੱਲੀ ਗੁਰੂ ਜੀ ਦੇ ਨਾਲ ਸਾਥ ਨਿਭਾ ਕੇ ਜ਼ਾਲਮਾਂ ਨਾਲ ਟੱਕਰ ਲੈਣ।" ਤੇ ਫਿਰ ਉਹ ਸ਼ੇਰਨੀ ਘੋੜੇ ਤੇ ਸਵਾਰ ਹੋ ਕੇ ਮੈਦਾਨੇ ਜੰਗ ਨੂੰ ਚੱਲ ਪਈ।

ਮਾਈ ਭਾਗੋ ਦਾ ਖਿਆਲ ਆਉਣ ਨਾਲ ਹੀ ਗੁਲਾਬ ਕੌਰ ਦੇ ਟੁੱਟੇ ਹੋਏ ਦਿਲ ਵਿੱਚ ਮੁੜ ਹੌਂਸਲਾ ਜਾਗ ਪਿਆ। ਉਹ ਜੋਸ਼ ਵਿੱਚ ਉਠ ਕੇ ਬੈਠ ਗਈ। ਤੂੰ ਕਿਉਂ ਢੇਰੀ ਢਾਹ ਕੇ ਬੈਠ ਗਈ। ਹੁਣ ਇਸ ਤਰ੍ਹਾਂ ਬੈਠਣ ਦਾ ਵੇਲਾ ਨਹੀਂ। ਗੁਲਾਬ ਕੌਰ ਦਾ ਦਿਲ ਜਿਵੇਂ ਨਰੋਆ ਤੇ ਹੌਂਸਲੇ ਵਾਲਾ ਹੋ ਗਿਆ। ਫਿਰ ਉਹ ਡੈਕ ਉੱਤੇ ਇਕ ਪਾਸੇ ਖਲੋਤੇ ਹਾਫਿਜ਼ ਅਬਦੁੱਲੇ ਕੋਲ ਆ ਗਈ।

"ਵੀਰ ਅਬਦੁੱਲੇ?" ਗੁਲਾਬ ਕੌਰ ਦੀ ਹੌਲੀ ਜਿਹੀ ਅਵਾਜ਼ ਸੀ।

"ਆਉ, ਆਉ!" ਅਬਦੁੱਲਾ ਵੀ ਧੀਮੀ ਅਵਾਜ਼ ਵਿੱਚ ਬੋਲਿਆ।

"ਵੀਰ ਮਾਨਾ ਤਾਂ ਬੇਈਮਾਨ ਹੋ ਗਿਆ!" ਗੁਲਾਬ ਕੌਰ ਦਾ ਗੱਚ ਭਰ ਆਇਆ।

"ਕੀ ਗੱਲ ਹੋ ਗਈ?" ਅਬਦੁੱਲਾ ਇੱਕ ਦਮ ਹੈਰਾਨ ਹੋ ਗਿਆ।

"ਉਹ ਪਤਾ ਨਹੀਂ ਕਿਸ ਦੇ ਮਗਰ ਲੱਗ ਗਿਆ ਜਾਂ ਫਿਰ ਉਹ ਉਂਜ ਹੀ ਡਰ ਗਿਆ। ਉਸ ਨੇ ਮੇਰੇ ਨਾਲ ਆਉਣ ਤੋਂ ਨਾਂਹ ਕਰ ਦਿੱਤੀ।"

"ਇਹ ਕੀ ਗੱਲ ਹੋ ਗਈ, ਉਸ ਨੇ ਸਗੋਂ ਖੁਸ਼ ਹੋ ਕੇ ਲਿਸਟ ਵਿਚ ਆਪਣਾ ਵੀ ਤੇ ਤੁਹਾਡਾ ਵੀ ਆਪ ਨਾਮ ਲਿਖਵਾਇਆ ਸੀ।" ਅਬਦੁੱਲਾ ਹੈਰਾਨ ਸੀ।

"ਉਹ ਤਾਂ ਮੈਨੂੰ ਨਹੀਂ ਸੀ ਆਉਣ ਦਿੰਦਾ। ਬਜ਼ਾਰੋਂ ਸ਼ਰਾਬ ਪੀ ਕੇ ਘਰ ਆ ਗਿਆ। ਘਰ ਵਿੱਚ ਲੜਾਈ ਪਾ ਕੇ ਬਹਿ ਗਿਆ, ਅਖੇ ਮੈਂ ਤੈਨੂੰ ਵੀ ਜਾਣ ਨਹੀਂ ਦੇਣਾ। ਪਰ ਮੈਂ ਤਾਂ ਉਸ ਨਾਲ ਸਦਾ ਲਈ ਆਪਣਾ ਰਿਸ਼ਤਾ ਖਤਮ ਕਰਕੇ ਆ ਗਈ। ਮੈਂ ਵੀਰਾ ਤੈਨੂੰ ਧੋਖਾ ਨਹੀਂ ਦੇ ਸਕਦੀ। ਮੈਂ ਅੰਗਰੇਜ਼ਾਂ ਵਿਰੁੱਧ ਲੜਾਂਗੀ। ਪਾਰਟੀ ਦਾ ਹਰ ਹੁਕਮ ਮੇਰੇ ਸਿਰ ਮੱਥੇ। ਜਿਡੀ ਵੱਡੀ ਮਰਜ਼ੀ ਕੁਰਬਾਨੀ ਦੇਣੀ ਪਏ ਮੈਂ ਪਿੱਛੇ ਨਹੀਂ ਹਟਾਂਗੀ।"

ਗੁਲਾਬ ਕੌਰ ਦੀ ਦਲੇਰੀ ਤੇ ਉਸ ਦੇ ਲਫਜ਼ ਸੁਣ ਕੇ ਇੱਕ ਵਾਰ ਹਾਫਿਜ਼ ਅਬਦੁੱਲਾ ਤਾਂ ਡਾਹਢਾ ਹੈਰਾਨ ਰਹਿ ਗਿਆ। ਉਹ ਕਿਨਾ ਹੀ ਚਿਰ ਕੋਈ ਗੱਲ ਨਾ ਕਰ ਸਕਿਆ। ਅੱਜ ਪਹਿਲੀ ਵਾਰ ਉਸ ਦੇ ਸਾਹਮਣੇ ਇਕ ਔਰਤ ਚੰਡੀ ਦਾ ਰੂਪ ਧਾਰੀ ਖਲੋਤੀ ਸੀ। ਕਿਤੇ ਮੇਰੇ ਦੇਸ਼ ਦੀਆਂ ਔਰਤਾਂ ਭੈਣ ਗੁਲਾਬ ਕੌਰ ਵਾਂਗ ਸੋਚਣ ਲੱਗ ਜਾਣ ਤਾਂ ਫੇਰ ਅਸੀਂ ਦੂਣ ਸਵਾਏ ਹੋ ਕੇ ਲੜਾਂਗੇ। ਅੰਗਰੇਜ਼ਾਂ ਦੀ ਕੀ ਮਜ਼ਾਲ ਕਿ ਉਹ ਭਾਰਤ ਨੂੰ ਗੁਲਾਮ ਬਣਾਈ ਰੱਖਣ। "ਭੈਣ ਮੇਰੀਏ!" ਏਨਾ ਆਖਦਿਆਂ ਅਬਦੁੱਲੇ ਦਾ ਵੀ ਗੱਚ ਭਰ ਆਇਆ। ਉਸ ਤੋਂ ਅੱਗੇ ਉਹ ਇੱਕ ਵੀ ਸ਼ਬਦ ਨਾ ਬੋਲ ਸਕਿਆ। ਉਸ ਦੀਆਂ ਅੱਖਾਂ ਭਰ ਆਈਆਂ। ਇਹ ਕਿਹੋ ਜਿਹੀ ਲੜਕੀ ਹੋਈ ਜਿਹੜੀ ਆਪਣਾ ਘਰਬਾਰ, ਪਤੀ, ਸੁੱਖ ਚੈਨ ਸਾਰਾ ਕੁਝ ਛੱਡ ਆਈ। ਇਸ ਨੇ ਅਜ਼ਾਦੀ ਦੇ ਰਾਹ ਨੂੰ ਹੀ ਆਪਣਾ ਰਾਹ ਬਣਾ ਲਿਆ। ਦੇਸ਼ ਭਗਤੀ ਦੀ ਭਾਵਨਾ ਇਸ ਦੇ ਸ਼ਬਦਾਂ ਵਿਚੋਂ ਕਿਵੇਂ ਡੁੱਲ੍ਹ ਡੁੱਲ੍ਹ ਪੈਂਦੀ ਐ।

"ਵੀਰਾ ਕੀ ਹੋਇਆ ਜੇ ਮੇਰਾ ਬੰਦਾ ਬੁਜ਼ਦਿਲ ਨਿਕਲ ਗਿਆ। ਉਹ ਡਰ ਕੇ ਘਰ ਬੈਠ ਗਿਆ ਪਰ ਮੈਂ ਮਰਨ ਤੱਕ ਤੁਹਾਡਾ ਸਾਥ ਦਿਆਂਗੀ। ਮੈਂ ਆਪਣੇ ਮਾਂ-ਪਿਉ ਦੇ ਨਾਂ ਨੂੰ ਲਾਜ ਨਹੀਂ ਲੱਗਣ ਦਿਆਂਗੀ। ਮੈਂ ਬਖਸ਼ੀ ਵਾਲਾ ਪਿੰਡ ਦੀ ਧੀ ਆਂ। ਬਖਸ਼ੀ ਵਾਲੇ ਪਿੰਡ ਦੇ ਨਾਂ 'ਤੇ ਕੋਈ ਧੱਬਾ ਨਹੀਂ ਲੱਗਣ ਦਿਆਂਗੀ।"

"ਓ ਭੈਣ ਮੇਰੀਏ!" ਫਿਰ ਅਬਦੁੱਲੇ ਨੇ ਭਰੀਆਂ ਅੱਖਾਂ ਨਾਲ ਗੁਲਾਬ ਕੌਰ ਦੇ ਮੋਢਿਆਂ ਉੱਤੇ ਦੋਵੇ ਹੱਥ ਰੱਖੇ। ਉਸ ਦੀਆਂ ਅੱਖਾਂ ਵਿੱਚ ਛਮਾ-ਛਮ ਨੀਰ ਵਗ ਤੁਰਿਆ। ਗੁਲਾਬ ਕੌਰ ਦੀਆਂ ਅੱਖਾਂ ਵੀ ਛਲਕ ਰਹੀਆਂ ਸਨ। "ਗੁਲਾਬ ਕੌਰ, ਅੱਜ ਤੋਂ ਤੂੰ ਮੇਰੀ ਭੈਣ ਤੂੰ ਸਾਰੇ ਗ਼ਦਰੀਆਂ ਦੀ ਭੈਣ। ਅਸੀਂ ਸਾਰੇ ਗ਼ਦਰੀ ਤੇਰੇ ਸਿਰ ਉੱਤੇ ਹੱਥ ਰੱਖਾਂਗੇ। ਤੈਨੂੰ ਕੋਈ ਆਂਚ ਨਹੀਂ ਆਉਣ ਦਿਆਂਗੇ। ਜਿਹੜੇ ਇਨਕਲਾਬੀਆਂ ਕੋਲ ਤੇਰੇ ਵਰਗੀ ਭੈਣ ਹੋਵੇ ਉਹ ਤਾਂ ਕੁਝ ਨਾ ਕੁਝ ਕਰ ਦਿਖਾਉਣਗੇ। ਚੰਗਾ ਹੋਇਆ ਮਾਨ ਸਿੰਘ ਨਹੀਂ ਆਇਆ। ਉਸ ਦਾ ਹੁਣੇ ਹੀ ਪਤਾ ਲੱਗ ਗਿਆ। ਦੇਸ਼ ਜਾ ਕੇ ਭੈਣ ਮੇਰੀਏ ਮੈਂ ਤੇਰੇ ਕੋਲੋਂ ਆਪਣੇ ਗੁੱਟ ਉੱਤੇ ਰੱਖੜੀ ਬਨ੍ਹਾਵਾਂਗਾ।"

"ਮੈਂ ਆਪਣੇ ਵੀਰ ਅਬਦੁੱਲੇ ਦੇ ਰੱਖੜੀ ਜਰੂਰ ਬੰਨ੍ਹਾਂਗੀ। ਮੈਨੂੰ ਤਾਂ ਹੁਣ ਤੁਹਾਡਾ ਹੀ ਆਸਰਾ!" ਗੁਲਾਬ ਕੌਰ ਦੇ ਸ਼ਬਦ ਸੱਚ-ਮੁੱਚ ਪਿਆਰੀ ਭੈਣ ਦੇ ਮਿਠੜੇ ਸ਼ਬਦ ਲੱਗ ਰਹੇ ਸਨ। ਫਿਰ ਅਬਦੁੱਲੇ ਨੇ ਵੇਖਿਆ ਕਿ ਇੱਕ ਪਾਸੇ ਖਲੋਤਾ ਜਗਤ ਰਾਮ ਵੀ ਉਨ੍ਹਾਂ ਦੀਆਂ ਗੱਲਾਂ ਸੁਣਦਾ ਅੱਖਾਂ ਭਰੀ ਖਲੋਤਾ ਸੀ। ਫਿਰ ਉਹ ਵੀ ਉਨ੍ਹਾਂ ਕੋਲ ਆ ਗਿਆ, ਪਰ ਉਸ ਦੇ ਮੂੰਹੋਂ ਇੱਕ ਵੀ ਸ਼ਬਦ ਨਾ ਨਿਕਲਿਆ। ਬੱਸ ਉਸ ਦੀਆਂ ਅੱਖਾਂ ਵਿਚੋਂ ਪਾਣੀ ਵਗ ਰਿਹਾ ਸੀ। ਕੁੱਝ ਚਿਰ ਬਾਅਦ ਗੁਲਾਬ ਕੌਰ ਆਪਣੀ ਦਰੀ ਉੱਤੇ ਜਾ ਬੈਠੀ।

ਗੁਲਾਬ ਕੌਰ ਦੇ ਦਿਲ ਵਿਚ ਆ ਰਹੀ ਸੀ ਕਿ ਉਹ ਹੁਣ ਪਿਛਲਾ ਸਾਰਾ ਕੁੱਝ ਭੁੱਲ ਜਾਵੇ। ਉਸ ਨੂੰ ਪਿਛਲੀ ਕੋਈ ਵੀ ਗੱਲ ਯਾਦ ਨਾ ਆਵੇ। ਉਹ ਕਿੰਨਾ ਹੀ ਚਿਰ ਇਸੇ ਤਰ੍ਹਾਂ ਬੈਠੀ ਰਹੀ। ਉਸ ਨੂੰ ਇਹ ਨਹੀਂ ਸੀ ਪਤਾ ਕਿ ਹੁਣ ਕਿੰਨਾ ਕੁ ਵਕਤ ਹੋ ਗਿਆ ਹੋਵੇਗਾ। ਫਿਰ ਉਹ ਚੁੱਪ ਚਾਪ ਲੇਟ ਗਈ। ਕਾਫੀ ਚਿਰ ਬਾਅਦ ਉਸ ਨੂੰ ਇੱਕ ਅਵਾਜ਼ ਸੁਣਾਈ ਦਿੱਤੀ, "ਮੀਟਿੰਗ ਦਾ ਵਕਤ ਹੋ ਗਿਐ। ਸਾਰੇ ਗ਼ਦਰੀ ਰੋਟੀ ਛਕ ਕੇ ਮੀਟਿੰਗ ਵਾਲੀ ਜਗਹ ਪਹੁੰਚ ਜਾਣ!" ਮੀਟਿੰਗ ਵਿੱਚ ਤਾਂ ਉਹ ਜ਼ਰੂਰ ਜਾਏਗੀ, ਪਰ ਕੁੱਝ ਖਾਣ ਨੂੰ ਉਸ ਦਾ ਦਿਲ ਨਾ ਮੰਨਿਆ।

ਕੁੱਝ ਚਿਰ ਬਾਅਦ ਉਹ ਮੀਟਿੰਗ ਵਾਲੀ ਜਗਹ ਜਾ ਪਹੁੰਚੀ। ਕੁੱਝ ਗ਼ਦਰੀ ਪਾਰਟੀ ਦਾ ਝੰਡਾ ਲਈ ਬੈਠੇ ਸਨ। ਗੁਲਾਬ ਕੌਰ ਵੀ ਉਨ੍ਹਾਂ ਕੋਲ ਇੱਕ ਪਾਸੇ ਜਾ ਬੈਠੀ। ਥੋੜ੍ਹੇ ਚਿਰ ਵਿਚ ਸਾਰੇ ਗ਼ਦਰੀ ਘੇਰਾ ਬਣਾ ਕੇ ਬੈਠ ਗਏ। ਫਿਰ ਹਾਫਿਜ਼ ਅਬਦੁੱਲਾ ਕਹਿਣ ਲੱਗਾ, "ਸਾਡੇ ਵਿਚਕਾਰ ਸਾਡੀ ਇੱਕੋ ਇੱਕ ਭੈਣ ਗੁਲਾਬ ਕੌਰ ਵੀ ਆ ਬੈਠੀ ਐ। ਇਹ ਸਭ ਦੀ ਭੈਣ ਐ। ਮੇਰੇ ਦੇਸ਼ ਦੀ ਬਹਾਦਰ ਕੁੜੀ। ਇਸ ਨੂੰ ਅੱਜ ਬਹੁਤ ਦੁੱਖ ਹੋਇਆ ਕਿਉਂਕਿ ਇਸ ਦਾ ਪਤੀ ਮਾਨ ਸਿੰਘ ਡਰ ਦਾ ਮਾਰਿਆ ਇਸ ਦੇ ਨਾਲ ਨਹੀਂ ਆਇਆ।" "ਚੰਗਾ ਹੋਇਆ ਜੋ ਨਹੀਂ ਆਇਆ, ਉਹ ਸਾਨੂੰ ਅੱਗੇ ਜਾ ਕੇ ਧੋਖਾ ਦਿੰਦਾ। ਉਸ ਬੰਦੇ ਦਾ ਸਭ ਨੂੰ ਹੁਣੇ ਪਤਾ ਲੱਗ ਗਿਆ। ਇਸ ਕਰਕੇ ਸਾਡੀ ਇਸ ਭੈਣ ਨੂੰ ਬਿਲਕੁੱਲ ਘਬਰਾਉਣਾ ਨਹੀਂ ਚਾਹੀਦਾ।" ਜੀਵਨ ਸਿੰਘ ਦੌਲਾ ਸਿੰਘ ਵਾਲੇ ਨੇ ਗੁਲਾਬ ਕੌਰ ਦਾ ਦਿਲ ਧਰਾਉਣ ਦੀ ਕੋਸ਼ਿਸ਼ ਕੀਤੀ। "ਅੱਜ ਤਾਂ ਬੀਬੀ ਨੇ ਰੋਟੀ ਵੀ ਨਹੀਂ ਖਾਧੀ!" ਪੰਡਤ ਜਗਤ ਰਾਮ ਬੋਲਿਆ। "ਮੈਂ ਆਪਣੀ ਪਿਆਰੀ ਭੈਣ ਨੂੰ ਸਲਾਹ ਦਿਆਂਗਾ ਕਿ ਪਿਛਲਾ ਸਭ ਕੁੱਝ ਭੁੱਲ ਜਾਹ। ਅਸੀਂ ਤਾਂ ਬੜੀ ਦੂਰ ਜਾਣਾ ਹੈ। ਦੇਸ਼ ਨੂੰ ਅਜ਼ਾਦ ਕਰਵਾਉਣਾ ਹੀ ਸਾਡਾ ਨਿਸ਼ਾਨਾ ਹੈ। ਅਸੀਂ ਹਰ ਹੀਲੇ ਗੋਰਿਆਂ ਨੂੰ ਦੇਸ਼ ਵਿੱਚੋਂ ਕੱਢਣਾ ਹੈ। ਅਸੀਂ ਆਪਣੇ ਮਕਸਦ ਵਿੱਚ ਕਾਮਯਾਬ ਹੋਣਾ ਹੈ। ਬੱਸ ਹੌਂਸਲਾ ਰੱਖੋ।" ਅਮਰ ਸਿੰਘ ਕੋਟਲਾ ਨੌਧ ਸਿੰਘ ਨੇ ਬੜੇ ਉਤਸ਼ਾਹ ਨਾਲ ਗੱਲ ਕੀਤੀ।

ਗੁਲਾਬ ਕੌਰ ਵੀ ਪੂਰੇ ਉਤਸ਼ਾਹ ਨਾਲ ਵਿਖਾਈ ਦੇਣ ਲੱਗੀ। ਫਿਰ ਹਾਫਿਜ਼ ਅਬਦੁੱਲਾ

ਕਹਿਣ ਲੱਗਾ, "ਮਨੀਲਾਂ ਦੇ ਗੁਰਦੁਆਰੇ ਵਿੱਚ ਜਨਤਕ ਇਕੱਠ ਸੀ ਪਰ ਅੱਜ ਨਿਰੋਲ ਗ਼ਦਰ ਪਾਰਟੀ ਦੀ ਮੀਟਿੰਗ ਐ। ਸਭ ਤੋਂ ਪਹਿਲਾਂ ਮੈਂ ਸਪੱਸ਼ਟ ਕਰ ਦੇਵਾਂ ਕਿ ਸਾਡੀ ਲੜਾਈ ਇੱਕ ਤਾਕਤਵਰ ਤੇ ਜ਼ਾਲਮ ਸਰਕਾਰ ਨਾਲ ਐ। ਆਪਣੇ ਦੁਸ਼ਮਣ ਨੂੰ ਅਸੀਂ ਕਮਜ਼ੋਰ ਨਹੀਂ ਸਮਝਦੇ ਪਰ ਸਾਡਾ ਹੌਸਲਾ, ਦ੍ਰਿੜ ਇਰਾਦਾ ਤੇ ਏਕਾ ਸਾਡੇ ਵੱਡੇ ਹਥਿਆਰ ਨੇ। ਅੱਜ ਦੁਨੀਆਂ ਦੀ ਵੱਡੀ ਜੰਗ ਲੱਗ ਚੁੱਕੀ ਐ। ਅੰਗਰੇਜ਼ ਬੁਰੀ ਤਰ੍ਹਾਂ ਜੰਗ ਵਿਚ ਫਸਿਆ ਹੋਇਆ। ਗ਼ਦਰ ਪਾਰਟੀ ਨੇ ਦੇਸ਼ ਵਿੱਚ ਗ਼ਦਰ ਕਰਨ ਦਾ ਇਹ ਮੌਕਾ ਜਾਣ ਬੁੱਝ ਕੇ ਚੁਣਿਆ ਹੈ। ਕਿਉਂਕਿ ਸਾਡਾ ਦੁਸ਼ਮਣ ਉਲਝਿਆ ਹੋਇਆ ਹੈ ਤੇ ਸਾਡੀ ਲੜਾਈ ਨਿਰੋਲ ਹਥਿਆਰਬੰਦ ਹੋਵੇਗੀ। ਅਸੀਂ ਬੰਬ, ਪਸਤੌਲ ਤੇ ਬੰਦੂਕਾਂ ਦੀ ਵਰਤੋਂ ਕਰਾਂਗੇ। ਇਹ ਪਾਰਟੀ ਦਾ ਫੈਸਲਾ ਹੈ। ਅਸੀਂ ਵਿਦੇਸ਼ੀ ਸਾਮਰਾਜ ਤੋਂ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਇਹ ਸੰਗਰਾਮ ਸ਼ੁਰੂ ਕੀਤਾ ਹੈ। ਅਸੀਂ ਦੇਸ਼ ਵਿੱਚੋਂ ਗਰੀਬੀ, ਨਾਬਰਾਬਰੀ, ਅਨਿਆਂ, ਵਿਤਕਰੇਬਾਜ਼ੀ, ਧੱਕੇਸ਼ਾਹੀ, ਲੁੱਟ-ਖਸੁੱਟ ਤੇ ਜਬਰ ਜ਼ੁਲਮ ਨੂੰ ਖਤਮ ਕਰਨ ਦਾ ਫੈਸਲਾ ਕੀਤਾ।"

"ਵੀਰ ਅਬਦੁੱਲਾ ਤਾਂ ਬਹੁਤ ਵਧੀਆ ਭਾਸ਼ਣ ਕਰਦਾ। ਇੱਕ ਇੱਕ ਸ਼ਬਦ ਦਿਲ ਉਤੇ ਅਸਰ ਕਰ ਰਿਹਾ। ਕਾਸ਼ ਕਿਤੇ ਮੈਂ ਵੀ ਇਸੇ ਤਰ੍ਹਾਂ ਭਾਸ਼ਣ ਦੇ ਸਕਾਂ।" ਗੁਲਾਬ ਕੌਰ ਅੰਦਰ ਖਾਤੇ ਬੈਠੀ ਸੋਚ ਰਹੀ ਸੀ।

ਹਾਫਿਜ਼ ਅਬਦੁੱਲਾ ਕੁੱਝ ਰੁਕ ਕੇ ਫੇਰ ਕਹਿਣ ਲੱਗਾ, "ਭਰਾਵੋ, ਆਪਣੇ ਦੇਸ਼ ਵਿੱਚ ਵੀ ਸਾਡੀ ਭੈੜੀ ਹਾਲਤ ਤੇ ਬਿਗਾਨੇ ਦੇਸ਼ ਵਿਚ ਵੀ ਭੈੜੀ। ਬਾਹਰ ਤਾਂ ਸਾਡੇ ਭਰਾ ਥਾਂ-ਥਾਂ ਜ਼ਲੀਲ ਹੁੰਦੇ ਆ। ਕਦੇ ਕੋਈ ਪੁੱਛਦਾ ਕਿ ਤੁਹਾਡੀ ਵਸੋਂ ਕਿਨੀ ਐ? ਜਵਾਬ ਮਿਲਦਾ ਤਿੰਨ ਕਰੋੜ। ਅਗਲਾ ਫੇਰ ਪੁਛਦਾ ਕਿ ਭਾਰਤ ਵਿੱਚ ਅੰਗਰੇਜ਼ ਕਿਨੇ ਐ ਤਾਂ ਜਵਾਬ ਹੁੰਦਾ ਚਾਰ ਲੱਖ ਜਾਂ ਵੱਧ ਤੋਂ ਵੱਧ ਪੰਜ ਲੱਖ। ਫੇਰ ਅਗਲਾ ਬੋਲਦਾ ਤਾਂ ਫੇਰ ਕੁੱਝ ਸ਼ਰਮ ਕਰੋ। ਕਈ ਵਾਰ ਕੋਈ ਪੁਛਦਾ ਕਿ ਤੁਹਾਡਾ ਝੰਡਾ ਕਿਹੜਾ ਹੈ ਤਾਂ ਸਾਡੇ ਭਰਾ ਯੂਨੀਅਨ ਜੈਕ ਵੱਲ ਇਸ਼ਾਰਾ ਕਰ ਦਿੰਦੇ। ਇਹ ਤੁਹਾਡਾ ਝੰਡਾ ਨਹੀਂ। ਅਗਲਾ ਝੱਟ ਫਿੱਟ ਲਾਹਨਤ ਪਾਉਂਦਾ। ਇਸ ਤਰ੍ਹਾਂ ਦੀ ਸਮਾਜਿਕ ਹਾਲਤ ਐ ਸਾਡੀ। ਅਸੀਂ ਇਧਰ ਪੈਸਾ ਜ਼ਰੂਰ ਵੱਧ ਕਮਾ ਰਹੇ ਆਂ। ਪਰ ਸਾਡਾ ਜੀਵਨ ਕੋਈ ਨਹੀਂ। ਇਸ ਕਰਕੇ ਹੀ ਅਸੀਂ ਅੰਗਰੇਜ਼ਾਂ ਨੂੰ ਦੇਸ਼ ਵਿੱਚੋਂ ਗ਼ਦਰ ਕਰਕੇ ਬਾਹਰ ਕੱਢਣ ਦਾ ਪ੍ਰੋਗਰਾਮ ਬਣਾਇਆ ਹੈ।"

"ਵੰਦੇ ਮਾਤ੍ਰਮ!" ਕੋਈ ਗ਼ਦਰੀ ਉੱਚੀ ਬੋਲਿਆ।

"ਵੰਦੇ ਮਾਤ੍ਰਮ!" ਫਿਰ ਸਾਰਿਆਂ ਨੇ ਇਹ ਨਾਅਰਾ ਉੱਚੀ ਗੁੰਜਾਅ ਦਿੱਤਾ।

"ਲਉ ਹੁਣ ਆਖਰੀ ਗੱਲ ਕਰਨ ਲੱਗਾਂ" ਅਬਦੁੱਲਾ ਫੇਰ ਗੱਲ ਕਰਨ ਲੱਗਾ।" ਸਾਰੇ ਦੇਸ਼ਾਂ ਵਿੱਚੋਂ, ਸਾਰੀਆਂ ਥਾਵਾਂ ਤੋਂ ਸਭ ਗ਼ਦਰੀ ਦੇਸ਼ ਪਰਤਣਗੇ ਪਰ ਅਸੀਂ ਪਾਰਟੀ ਦੇ ਝੰਡੇ ਹੇਠ ਕੰਮ ਕਰਕੇ ਪਾਰਟੀ ਦੇ ਹੁਕਮ ਅਨੁਸਾਰ ਕੰਮ ਕਰਨਾ ਹੈ। ਮੁੱਖ ਗੱਲ ਇਹ ਹੈ ਕਿ ਅਸੀਂ ਹਰ ਹੀਲੇ ਲੋਕਾਂ ਵਿੱਚ ਗ਼ਦਰ ਪਾਰਟੀ ਦੇ ਪ੍ਰੋਗਰਾਮ ਦਾ ਪਰਚਾਰ ਕਰਕੇ ਲੋਕਾਂ ਨੂੰ ਨਾਲ ਜੋੜਨਾ ਹੈ। ਭਾਰਤੀ ਫੌਜਾਂ ਨੂੰ ਅਸੀਂ ਨਾਲ ਜੋੜਾਂਗੇ। ਫੌਜ ਦੀਆਂ ਛਾਉਣੀਆਂ ਵਿਚ ਕਰਤਾਰ ਸਿੰਘ ਸਰਾਭਾ ਵਰਗੇ ਸਾਡੇ ਆਗੂ ਫੌਜ ਨਾਲ ਸੰਪਰਕ ਕਾਇਮ ਕਰਨਗੇ। ਹਥਿਆਰ ਪਰਾਪਤ ਕਰਨਗੇ। ਗ਼ਦਰ ਕਰਨ ਦਾ ਦਿਨ ਬੰਨ੍ਹ ਕੇ ਸਾਨੂੰ ਸੂਚਨਾ ਦੇਣਗੇ। ਬੱਸ ਤੁਸੀਂ ਤਿਆਰੀ ਕਰੋ।"

"ਰੱਬ ਕਰੇ ਕਿ ਗ਼ਦਰ ਕਰਨ ਦਾ ਦਿਨ ਛੇਤੀ ਆਵੇ। ਮੈਂ ਵੀ ਗ਼ਦਰ ਵਿੱਚ ਆਪਣਾ

ਹਿਸਾ ਪਾ ਸਕਾਂ। ਹਾਂ ਭਾਸ਼ਣ ਕਰਨਾ ਤਾਂ ਮੈਂ ਜ਼ਰੂਰ ਸਿੱਖਾਂਗੀ।" ਗੁਲਾਬ ਕੌਰ ਆਪਣੀਆਂ ਘਾੜਤਾਂ ਘੜਣ ਲੱਗੀ। ਇੱਕ ਦਿਨ ਜਹਾਜ਼ ਵਿੱਚ ਸਫ਼ਰ ਕਰ ਰਹੇ ਇੱਕ ਗ੍ਰੰਥੀ ਸਿੰਘ ਨੇ ਗੁਲਾਬ ਕੌਰ ਦੇ ਕੋਲ ਆ ਕੇ ਕਿਹਾ, "ਲੈ ਪੁੱਤਰ ਇਹ ਕੜਾ ਪਹਿਨ ਲੈ। ਇਹ ਕੜਾ ਤੇਰੀ ਮੱਦਦ ਜ਼ਰੂਰ ਕਰੂਗਾ।" ਗੁਲਾਬ ਕੌਰ ਨੇ ਖੁਸ਼ੀ-ਖੁਸ਼ੀ ਕੜਾ ਲੈ ਕੇ ਸੱਜੇ ਹੱਥ ਵਿੱਚ ਪਹਿਨ ਲਿਆ। ਫਿਰ ਉਸ ਬਾਬੇ ਨੇ ਗੁਲਾਬ ਕੌਰ ਨੂੰ ਗ਼ਦਰ ਗੂੰਜਾਂ ਦੀਆਂ ਕਾਪੀਆਂ ਤੇ 'ਗ਼ਦਰ' ਪਰਚੇ ਦੇ ਕਈ ਅੰਕ ਦਿੱਤੇ। ਗੁਲਾਬ ਕੌਰ ਨੂੰ ਤਾਂ ਲੋਹੜੇ ਦੀ ਖੁਸ਼ੀ ਹੋਈ। ਹੁਣ ਉਹ ਇਹ ਪਰਚੇ ਲੈ ਕੇ ਪੜ੍ਹਨ ਬੈਠ ਜਾਂਦੀ। ਪਰਚਿਆਂ ਦੇ ਲੇਖ ਪੜ੍ਹਦੀ ਤੇ ਕਵਿਤਾਵਾਂ ਨੂੰ ਤਾਂ ਜ਼ਬਾਨੀ ਯਾਦ ਕਰਦੀ। ਦਿਨਾਂ ਵਿੱਚ ਹੀ ਉਸ ਨੇ ਬਹੁਤ ਕਵਿਤਾਵਾਂ ਯਾਦ ਕਰ ਲਈਆਂ।

ਇੱਕ ਦਿਨ ਜੀਵਨ ਸਿੰਘ ਦੌਲਾ ਸਿੰਘ ਵਾਲਾ ਗੁਲਾਬ ਕੌਰ ਦੇ ਕੋਲ ਆ ਗਿਆ। ਗੁਲਾਬ ਕੌਰ 'ਗ਼ਦਰ' ਪੜ੍ਹ ਰਹੀ ਸੀ।

"ਵੀਰਾ, ਆਪਣਾ ਜਹਾਜ਼ ਪਹਿਲਾਂ ਕਿਥੇ ਰੁਕੇਗਾ?" ਗੁਲਾਬ ਕੌਰ ਨੇ ਅਚਾਨਕ ਹੀ ਪੁੱਛਿਆ।

"ਆਪਾਂ ਹੁਣ ਹਾਂਗਕਾਂਗ ਰੁਕਾਂਗੇ।" ਜੀਵਨ ਸਿੰਘ ਬੋਲਿਆ।

"ਅੱਛਾ!"

"ਹਾਂਗਕਾਂਗ ਸ਼ਾਇਦ ਕਈ ਦਿਨ ਰੁਕਣਾ ਪਏ। ਉਥੋਂ ਅਸੀਂ ਹੋਰ ਜਹਾਜ਼ ਵਿੱਚ ਬੈਠਾਂਗੇ!"

"ਹਾਂਗਕਾਂਗ ਕਿਥੇ ਠਹਿਰਾਂਗੇ?"

"ਹਾਂਗਕਾਂਗ ਤਾਂ ਸਾਡਾ ਚੱਕਰ ਵੱਜਦਾ ਰਹਿੰਦਾ। ਏਥੇ ਵੀ ਅਸੀਂ ਮਨੀਲਾ ਵਾਂਗ ਹੀ ਗੁਰਦੁਆਰੇ ਵਿੱਚ ਠਹਿਰਾਂਗੇ। ਉਥੇ ਕੋਈ ਮੁਸ਼ਕਲ ਨਹੀਂ ਆਉਣੀ।"

"ਫਿਰ ਤਾਂ ਮੈਂ ਗੁਰਦੁਆਰੇ ਵਿੱਚ ਆਪਣਾ ਕੋਈ ਭਾਸ਼ਣ ਵੀ ਦੇਵਾਂਗੀ।"

"ਵਾਹ ਬਈ ਵਾਹ! ਸਦਕੇ ਜਾਈਏ ਸਾਡੀ ਪਿਆਰੀ ਭੈਣ ਦੇ। ਅਸੀਂ ਤਾਂ ਹੁਣ ਆਪਣੀ ਭੈਣ ਦੇ ਸਾਥ ਨਾਲ ਵੱਧ ਤਕੜੇ ਮਹਿਸੂਸ ਕਰਦੇ ਆਂ।" ਗੁਲਾਬ ਕੌਰ ਦੀਆਂ ਅੱਖਾਂ ਵਿਚ ਖੁਸ਼ੀ ਦੇ ਅੱਥਰੂ ਟਪਕ ਪਏ।

ਦਸ

ਨਿਧਾਨ ਸਿੰਘ ਚੁੱਘਾ, ਪਿਆਰਾ ਸਿੰਘ ਲੰਗੇਰੀ ਤੇ ਇੰਦਰ ਸਿੰਘ ਸੂਰ ਸਿੰਘ ਹਾਂਗਕਾਂਗ ਪੁੱਜਣ ਤੋਂ ਪਹਿਲਾ ਹੀ ਪਿੱਛੇ ਉਤਰ ਗਏ। ਇਨ੍ਹਾਂ ਦੀ ਡਿਊਟੀ ਸ਼ਿੰਘਾਈ ਤੋਂ ਹੋਰ ਬੰਦੇ ਲਿਆਉਣ ਦੀ ਲੱਗੀ ਹੋਈ ਸੀ। ਕੋਰੀਆ ਜਹਾਜ਼ ਹਾਂਗਕਾਂਗ ਪਹੁੰਚਿਆ ਨਹੀਂ ਸੀ ਕਿ ਨਿਧਾਨ ਸਿੰਘ ਚੁੱਘੇ ਦੀ ਇੱਕ ਤਾਰ ਹਾਫਿਜ਼ ਅਬਦੁੱਲਾ ਕੋਲ ਪਹੁੰਚ ਗਈ ਕਿ ਹਾਂਗਕਾਂਗ ਵਿਖੇ ਪੁਲੀਸ ਵੱਡੀ ਗਿਣਤੀ ਵਿੱਚ ਤਾਇਨਾਤ ਹੈ। ਉਥੇ ਜਹਾਜ਼ ਦੀ ਤਲਾਸ਼ੀ ਜ਼ਰੂਰ ਹੋਵੇਗੀ। ਇਸ ਕਰਕੇ ਜਹਾਜ਼ ਵਿੱਚ ਬੈਠੇ ਕਿਸੇ ਗ਼ਦਰੀ ਕੋਲ ਕੋਈ ਵੀ ਇਤਰਾਜ਼ ਵਸਤੂ ਨਾ ਹੋਵੇ। ਇਹ ਅਤਿ ਜ਼ਰੂਰੀ ਹੈ। ਗ਼ਦਰੀਆਂ ਵਿਚਕਾਰ ਤਾਰ ਰਾਹੀਂ ਸੰਪਰਕ ਬਣਿਆ ਰਹਿੰਦਾ ਸੀ। ਇਸੇ ਕਾਰਨ ਕੈਨੇਡਾ ਸਰਕਾਰ ਵੱਲੋਂ ਆਪਣੀ ਧਰਤੀ ਤੋਂ ਜ਼ਬਰਦਸਤੀ ਮੋੜੇ ਗਏ ਕਾਮਾਗਾਟਾਮਾਰੂ ਜਹਾਜ਼ ਬਾਰੇ ਸਭ ਖ਼ਬਰਾਂ ਪੁੱਜ ਰਹੀਆਂ ਸਨ। ਉਸ ਸਰਕਾਰ ਨੇ ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫ਼ਰਾਂ ਨਾਲ ਕਿਵੇਂ ਜ਼ਾਲਮਾਨਾ ਵਤੀਰਾ ਅਖਤਿਆਰ ਕੀਤਾ ਸੀ ਤੇ ਬਾਬਾ ਗੁਰਦਿੱਤ ਸਿੰਘ ਥੱਕੇ ਟੁੱਟੇ ਸਭ ਭਾਰਤੀ ਮੁਸਾਫਰਾਂ ਨੂੰ

ਲੈ ਕੇ ਭਾਰਤ ਵੱਲ ਚੱਲ ਪਏ ਸਨ।

ਨਿਧਾਨ ਸਿੰਘ ਚੁੱਘੇ ਦੀ ਤਾਰ ਤੋਂ ਸੁਚੇਤ ਹੋ ਕੇ ਹਾਫਿਜ਼ ਅਬਦੁੱਲਾ, ਜੀਵਨ ਸਿੰਘ ਤੇ ਅਮਰ ਸਿੰਘ ਨੇ ਸਭ ਗ਼ਦਰੀਆਂ ਤੋਂ ਗ਼ਦਰ ਦੇ ਪਰਚੇ ਲੈ ਕੇ ਸਮੁੰਦਰ ਵਿਚ ਸੁੱਟ ਦਿੱਤੇ। ਗੁਲਾਬ ਕੌਰ ਨੂੰ ਆਪਣੇ ਕੋਲ ਸਾਂਭੇ ਗ਼ਦਰ ਦੇ ਪਰਚੇ ਸਮੁੰਦਰ ਵਿੱਚ ਸੁੱਟਣ ਦਾ ਬੜਾ ਦੁੱਖ ਹੋਇਆ। ਪਹਿਲੀ ਵਾਰ ਉਸ ਨੂੰ ਇਹ ਵੀ ਅਹਿਸਾਸ ਹੋਇਆ ਕਿ ਪੁਲੀਸ ਤੋਂ ਬਚਣ ਲਈ ਕੋਈ ਕੀਮਤੀ ਚੀਜ਼ ਗੁਆਉਣੀ ਵੀ ਪੈਂਦੀ ਹੈ, ਪਰ ਉਸ ਨੂੰ ਥੋੜ੍ਹੀ ਖੁਸ਼ੀ ਇਹ ਸੀ ਕਿ ਉਸ ਨੇ ਕਈ ਪਰਚਿਆਂ ਵਿੱਚੋਂ ਬਹੁਤੀਆਂ ਕਵਿਤਾਵਾਂ ਜ਼ਬਾਨੀ ਯਾਦ ਕਰ ਲਈਆਂ ਸਨ।

ਕੋਰੀਆ ਜਹਾਜ਼ ਹਾਂਗਕਾਂਗ ਪੁੱਜ ਗਿਆ। ਗੁਲਾਬ ਕੌਰ ਹੈਰਾਨ ਰਹਿ ਗਈ। ਚਾਰੇ ਪਾਸੇ ਪੁਲੀਸ ਹੀ ਪੁਲੀਸ। ਸਭ ਦੀ ਤਲਾਸ਼ੀ ਕੀਤੀ ਗਈ। ਪਰ ਕਿਸੇ ਕੋਲ ਵੀ ਕੋਈ ਇਤਰਾਜ਼ ਯੋਗ ਵਸਤੂ ਬਰਾਮਦ ਨਾ ਹੋਈ। ਗੁਲਾਬ ਕੌਰ ਵਾਰ ਵਾਰ ਸੋਚ ਰਹੀ ਸੀ ਕਿ ਰਸਤੇ ਵਿੱਚ ਹੀ ਅੜਿੱਕਾ ਪੈਦਾ ਹੋ ਗਿਆ ਸੀ। ਚੰਗਾ ਹੋਇਆ ਕਿ ਨਿਧਾਨ ਸਿੰਘ ਨੇ ਤਾਰ ਭੇਜ ਦਿੱਤੀ। ਕਿੰਨਾ ਵੱਡਾ ਨੁਕਸਾਨ ਹੋ ਜਾਣਾ ਸੀ। ਗ਼ਦਰੀਆਂ ਦਾ ਇੱਕ ਦੂਜੇ ਨਾਲ ਮੇਲ ਮਿਲਾਪ ਤਾਂ ਬਹੁਤ ਜ਼ਰੂਰੀ ਹੈ। ਮੈਨੂੰ ਤਾਂ ਮਾਨਾ ਮਾਰ ਗਿਆ। ਅਸੀਂ ਦੋਵੇਂ ਇਕੱਠੇ ਹੁੰਦੇ। ਵੀਹ ਸਲਾਹਾਂ ਕਰਦੇ। ਚਲੋ ਠੀਕ ਹੈ। ਹੁਣ ਕਾਹਦੇ ਲਈ ਝੋਰਾ ਕਰਨਾ ਹੈ।

ਕੋਰੀਆ ਜਹਾਜ਼ ਦੇ ਸਾਰੇ ਗ਼ਦਰੀ ਮੁਸਾਫ਼ਰ ਸੁੱਖੀਂ ਸਾਂਦੀਂ ਹਾਂਗਕਾਂਗ ਦੇ ਗੁਰਦੁਆਰੇ ਪਹੁੰਚ ਗਏ। ਮੂੰਹ ਹੱਥ ਧੋ ਕੇ ਗੁਲਾਬ ਕੌਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਿਆ। ਵਾਹਿਗੁਰੂ ਦਾ ਸ਼ੁਕਰਾਨਾ ਕੀਤਾ। ਫਿਰ ਉਹ ਅਰਾਮ ਕਰਨ ਲਈ ਇੱਕ ਪਾਸੇ ਬੈਠ ਗਈ। ਦਿਲ ਵਿੱਚ ਸੋਚ ਰਹੀ ਸੀ ਕਿ ਸਿੱਖਾਂ ਦੇ ਗੁਰਦੁਆਰੇ ਆਪਸੀ ਵਿਚਾਰ ਵਟਾਂਦਰਾ ਕਰਨ ਲਈ ਕਿੰਨੇ ਵਧੀਆ ਸਥਾਨ ਹਨ। ਏਥੇ ਅਰਾਮ ਕਰਨ ਲਈ ਜਗਹ ਵੀ ਹੈ ਤੇ ਛਕਣ ਲਈ ਪਰਸ਼ਾਦਾ ਵੀ।

ਇਸ ਗੁਰਦੁਆਰੇ ਵਿੱਚ ਏਥੋਂ ਦੇ ਲੋਕਲ ਗ਼ਦਰੀਆਂ ਦੀ ਸਹਾਇਤਾ ਨਾਲ ਸ਼ਾਮ ਨੂੰ ਇੱਕ ਜਲਸਾ ਕਰਨ ਦਾ ਪ੍ਰਬੰਧ ਕੀਤਾ ਗਿਆ। ਗੁਰਦੁਆਰੇ ਵਿੱਚ ਬੜੀ ਰੌਣਕ ਸੀ। ਵੱਡੀ ਗਿਣਤੀ ਵਿੱਚ ਸੰਗਤ ਆ ਜੁੜੀ ਸੀ। ਏਥੇ ਵੀ ਹਾਫਿਜ਼ ਅਬਦੁੱਲਾ, ਜੀਵਨ ਸਿੰਘ ਤੇ ਅਮਰ ਸਿੰਘ ਨੇ ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਲੋਕਾਂ ਨੂੰ ਅਪੀਲ ਕੀਤੀ ਕਿ ਭਾਰਤ ਨੂੰ ਅਜ਼ਾਦ ਕਰਵਾਉਣ ਲਈ ਗ਼ਦਰ ਪਾਰਟੀ ਦਾ ਡਟ ਕੇ ਸਾਥ ਦਿਉ। ਦੇਸ਼ ਨੂੰ ਵਤੀਰਾਂ ਘੱਤ ਕੇ ਤੁਰ ਚੱਲੋ। ਅਸੀਂ ਹਰ ਹਾਲਤ ਵਿਚ ਉਥੇ ਗ਼ਦਰ ਕਰਕੇ ਜ਼ਾਲਮ ਅੰਗਰੇਜ਼ਾਂ ਨੂੰ ਦੇਸ਼ ਚੋਂ ਭਜਾਉਣਾ ਹੈ। ਇਨ੍ਹਾਂ ਸਾਡੇ ਦੇਸ਼ ਨੂੰ ਲੁੱਟ-ਲੁੱਟ ਕੇ ਕੰਗਾਲ ਕਰ ਦਿੱਤਾ ਹੈ। ਫਿਰ ਹਾਫਿਜ਼ ਅਬਦੁੱਲੇ ਨੇ ਗੁਲਾਬ ਕੌਰ ਨੂੰ ਦੋ ਚਾਰ ਸ਼ਬਦ ਬੋਲਣ ਲਈ ਕਿਹਾ।

ਇੱਕ ਵਾਰ ਤਾਂ ਗੁਲਾਬ ਕੌਰ ਘਬਰਾ ਗਈ। ਅੱਜ ਤੱਕ ਉਸ ਨੇ ਕਿਸੇ ਵੀ ਸਭਾ ਸੁਸਾਇਟੀ ਵਿੱਚ ਦੋ ਸ਼ਬਦ ਵੀ ਨਹੀਂ ਸੀ ਬੋਲੇ। ਫਿਰ ਵੀ ਉਹ ਹੌਂਸਲੇ ਨਾਲ ਉਠ ਖਲੋਤੀ। ਉਸ ਨੇ ਇੱਕ ਪਲ ਇਧਰ-ਉਧਰ ਝਾਤ ਮਾਰੀ। ਇਕੱਠ ਵਿੱਚ ਕੁੱਝ ਔਰਤਾਂ ਵੀ ਹਾਜ਼ਰ ਸਨ।

ਗੁਲਾਬ ਕੌਰ ਨੇ ਦੋਵੇਂ ਹੱਥ ਜੋੜ ਕੇ ਕਹਿਣਾ ਸ਼ੁਰੂ ਕੀਤਾ, "ਮੇਰੇ ਬਹੁਤ ਹੀ ਪਿਆਰੇ ਭੈਣੋ ਤੇ ਭਰਾਵੋ, ਮੈਂ ਜ਼ਿੰਦਗੀ ਵਿਚ ਅੱਜ ਪਹਿਲੀ ਵਾਰ ਇਸ ਤਰ੍ਹਾਂ ਦਿਲ ਦੇ ਦੋ ਬੋਲ ਕਹਿਣ ਲੱਗੀ ਆਂ। ਸਾਰੇ ਜਹਾਜ਼ ਵਿੱਚ ਆਪਣੇ ਗ਼ਦਰੀ ਵੀਰਾਂ ਦੇ ਨਾਲ ਆਈ ਮੈਂ ਇਕੱਲੀ ਔਰਤ ਹਾਂ। ਮੇਰਾ ਪਿਆਰਾ ਭਾਰਤ ਮਹਾਨ ਅੱਜ ਗੁਲਾਮ ਹੈ। ਅਸੀਂ ਅਜ਼ਾਦੀ ਚਾਹੁੰਦੇ ਹਾਂ। ਗ਼ਦਰ ਪਾਰਟੀ ਨੇ ਦੇਸ਼

ਨੂੰ ਅਜ਼ਾਦ ਕਰਵਾਉਣ ਲਈ ਦੇਸ਼ ਵਿੱਚ ਜਾ ਕੇ ਗ਼ਦਰ ਕਰਨ ਦਾ ਇੱਕ ਦਲੇਰੀ ਵਾਲਾ ਫੈਸਲਾ ਲਿਆ ਹੈ। ਅਸੀਂ ਜੇਕਰ ਆਪਣੇ ਦੇਸ਼ ਬਾਰੇ ਨਹੀਂ ਸੋਚਦੇ। ਪਸ਼ੂਆਂ ਵਰਗਾ ਜੀਵਨ ਜਿਉਂਦੇ ਲੋਕਾਂ ਵੱਲ ਨਿਗਾਹ ਨਹੀਂ ਮਾਰਦੇ। ਸਾਡੇ ਲੋਕ ਤਾਂ ਦਾਣੇ-ਦਾਣੇ ਨੂੰ ਤਰਸ ਰਹੇ ਐ। ਬਹੁਤਿਆਂ ਨੂੰ ਰੱਜਵੀਂ ਰੋਟੀ ਨਹੀਂ ਮਿਲਦੀ। ਹਲ਼ ਚਲਾਉਣ ਵਾਲਾ ਕਿਸਾਨ ਭੁੱਖਾ ਮਰ ਰਿਹੈ। ਕਮਾਈ ਕਰਕੇ ਸਰਦਾਰਾਂ ਦੇ ਢਿੱਡ ਭਰੀ ਜਾਂਦੇ ਆਂ। ਸਰਦਾਰਾਂ ਦੇ ਬਦਮਾਸ਼ ਸਾਡੇ ਉਤੇ ਬੜਾ ਜ਼ੁਲਮ ਕਰਦੇ ਐ। ਉਨ੍ਹਾਂ ਨੂੰ ਕੋਈ ਰੋਕ ਕੇ ਵਿਖਾਵੇ। ਲੋਕਾਂ ਦੀ ਬਹੁਤ ਬੁਰੀ ਹਾਲਤ ਐ। ਜੇ ਬੁਰੀ ਹਾਲਤ ਨਾ ਹੋਵੇ ਤਾਂ ਅਸੀਂ ਬਾਹਰਲੇ ਦੇਸ਼ਾਂ ਨੂੰ ਕਿਉਂ ਆਈਏ। ਇਧਰਲੀਆਂ ਸਰਕਾਰਾਂ ਸਾਡਾ ਔਂਡ ਲਹੂ ਪੀਂਦੀਆਂ। ਕਹਿੰਦੇ ਬਾਬਾ ਗੁਰਦਿੱਤ ਸਿੰਘ ਵਾਲਾ ਜਹਾਜ਼ ਗੋਰਿਆਂ ਨੇ ਧੱਕੇ ਨਾਲ ਪਿੱਛੇ ਮੋੜ ਦਿੱਤਾ। ਇੱਕ ਵੀ ਮੁਸਾਫ਼ਰ ਬਾਹਰ ਨਹੀਂ ਆਉਣ ਦਿੱਤਾ। ਉਹ ਜਹਾਜ਼ ਮੇਰੇ ਭਾਰਤੀ ਵੀਰਾਂ ਨੂੰ ਲੈ ਕੇ ਸਮੁੰਦਰੀ ਸਫਰ ਤਹਿ ਕਰਦਾ ਵਾਪਸ ਆ ਰਿਹਾ। ਉਨ੍ਹਾਂ ਮੁਸਾਫ਼ਰਾਂ ਦੇ ਦਿਲਾਂ ਉਤੇ ਕੀ ਬੀਤਦੀ ਹੋਵੇਗੀ। ਤੁਸੀਂ ਆਪ ਹੀ ਅੰਦਾਜ਼ਾ ਲਾ ਲਉ।"

ਕੁੱਝ ਚਿਰ ਰੁਕ ਕੇ ਗੁਲਾਬ ਕੌਰ ਨੇ ਆਪਣੀ ਗੱਲ ਫੇਰ ਸ਼ੁਰੂ ਕਰ ਲਈ, "ਭਰਾਵੋ, ਹੁਣ ਉਠਣ ਦਾ ਵੇਲਾ ਆ ਗਿਆ। ਜ਼ਾਲਮਾਂ ਨਾਲ ਅਸੀਂ ਜੰਗ ਕਰਾਂਗੇ। ਲੜਾਂਗੇ। ਮਰਾਂਗੇ। ਪਰ ਪਿੱਛੇ ਨਹੀਂ ਹਟਾਂਗੇ। ਮੈਂ ਸਾਫ ਕਹਿ ਦੇਵਾਂ ਕਿ ਮੈਂ ਆਪਣੇ ਸਭ ਸੁੱਖ ਅਰਾਮ ਛੱਡ ਦਿੱਤੇ। ਮੇਰਾ ਦੇਸ਼ ਤਾਂ ਗੁਲਾਮ ਹੈ ਤੇ ਮੈਂ ਸੁੱਖ ਅਰਾਮ ਨੂੰ ਕੀ ਕਰਨਾ। ਮੈਂ ਤਾਂ ਬੱਸ ਇੱਕੋ ਗੱਲ ਕਰਦੀ ਹਾਂ ਗ਼ਦਰ। ਗ਼ਦਰ। ਬੱਸ ਗ਼ਦਰ। ਉਠੋ ਭੈਣੋ ਭਰਾਵੋ। ਗ਼ਦਰ ਪਾਰਟੀ ਦਾ ਸਾਥ ਦਿਉ। ਅੰਗਰੇਜ਼ਾਂ ਨੂੰ ਦੇਸ਼ ਵਿੱਚੋਂ ਮਾਰ ਮਾਰ ਕੇ ਭਜਾ ਦਿਉ। ਮੈਂ ਹਰ ਕੁਰਬਾਨੀ ਦੇਣ ਲਈ ਤਿਆਰ ਹਾਂ। ਤੁਸੀਂ ਵੀ ਸਾਰੇ ਵੀਰ ਪਾਰਟੀ ਦਾ ਸਾਥ ਦਿਉ। ਜਿਹੜਾ ਬੰਦਾ ਦੇਸ਼ ਨੂੰ ਗੁਲਾਮ ਵੇਖ ਕੇ ਵੀ ਚੁੱਪ ਹੈ। ਉਠਦਾ ਨਹੀ। ਉਹ ਘਰ ਵਿੱਚ ਚੂੜੀਆਂ ਪਹਿਨ ਕੇ ਬੈਠੇ ਪਰ ਅਸੀਂ ਔਰਤਾਂ ਮਾਈ ਭਾਗੋ ਵਾਂਗ ਮੈਦਾਨ ਵਿੱਚ ਜ਼ਰੂਰ ਲੜਾਂਗੀਆਂ। ਆਖਰੀ ਦਮ ਤੱਕ ਲੜਾਂਗੀਆਂ।"

ਗੁਲਾਬ ਕੌਰ ਦੇ ਜੋਸ਼ੀਲੇ ਬੋਲਾਂ ਨੇ ਸੰਗਤ ਵਿੱਚ ਚੁੱਪ ਵਰਤਾ ਦਿੱਤੀ ਸੀ। ਹਰ ਇੱਕ ਗੁਲਾਬ ਕੌਰ ਦੇ ਬੋਲ ਧਿਆਨ ਨਾਲ ਸੁਣ ਰਿਹਾ ਸੀ। ਗੁਲਾਬ ਕੌਰ ਦੀ ਗਰਜਵੀਂ ਅਵਾਜ਼ ਨੇ ਸਭ ਦੇ ਦਿਲ ਉਤੇ ਜਾਦੂ ਵਾਂਗ ਅਸਰ ਕੀਤਾ ਸੀ। ਇਸ ਪਿੱਛੋਂ ਇੱਕ ਗ੍ਰੰਥੀ ਸਿੰਘ ਉਠ ਕੇ ਕਹਿਣ ਲੱਗਾ, "ਆਹ ਬੀਬੀ ਨੇ ਤਾਂ ਕਮਾਲ ਹੀ ਕਰ ਦਿੱਤੀ। ਇਹ ਐ ਪੰਜਾਬ ਦੀ ਬਹਾਦਰ ਬੱਚੀ। ਇਹਦੇ ਵਿੱਚ ਤਾਂ ਜਿਵੇਂ ਮਾਈ ਭਾਗੋ ਦੀ ਰੂਹ ਪਰਵੇਸ਼ ਕਰ ਗਈ ਐ। ਵਾਹ! ਜਿਉਂਦੀ ਰਹਿ ਮੇਰੀ ਬੱਚੀਏ!" ਗ੍ਰੰਥੀ ਸਿੰਘ ਨੇ ਖੁਸ਼ ਹੋ ਕੇ ਗੁਲਾਬ ਕੌਰ ਨੂੰ ਅਸੀਸ ਦਿੱਤੀ। ਸਾਰੇ ਜਣੇ ਗੁਲਾਬ ਕੌਰ ਦੀਆਂ ਗੱਲਾਂ ਕਰਨ ਲੱਗੇ। ਅਬਦੁੱਲਾ ਤੇ ਜੀਵਨ ਸਿੰਘ ਹੈਰਾਨ ਹੁੰਦੇ ਕਹਿ ਰਹੇ ਸਨ ਕਿ ਇਸ ਤਰ੍ਹਾਂ ਲੱਗਦੈ ਕਿ ਇਹ ਗੁਲਾਬ ਕੌਰ ਦਾ ਪਹਿਲਾ ਭਾਸ਼ਣ ਨਹੀਂ। ਸਾਰੇ ਜਲਸੇ ਵਿੱਚ ਪੂਰੀ ਤਰ੍ਹਾਂ ਚੁੱਪ ਛਾਈ ਹੋਈ ਸੀ।

ਅਗਲੇ ਦਿਨ ਗ਼ਦਰੀਆਂ ਨੇ ਹਾਂਗਕਾਂਗ ਤੋਂ ਤੁਰਨ ਦੀ ਤਿਆਰੀ ਕਰ ਲਈ। ਹਾਂਗਕਾਂਗ ਤੋਂ ਵੀ ਬਹੁਤ ਬੰਦੇ ਭਾਰਤ ਨੂੰ ਚੱਲਣ ਲਈ ਤਿਆਰ ਹੋ ਗਏ। ਹਾਂਗਕਾਂਗ ਤੋਂ ਅੱਗੇ ਗ਼ਦਰੀਆਂ ਨੇ ਤੋਸ਼ਾਮਾਰੂ ਜਹਾਜ਼ ਵਿੱਚ ਬੈਠਣਾ ਸੀ। ਹਾਂਗਕਾਂਗ ਤੋਂ ਕਲਕੱਤੇ ਤੱਕ ਕੋਈ ਬਾਰਾਂ ਕੁ ਦਿਨ ਦਾ ਸਫਰ ਸੀ। ਤੋਸ਼ਾਮਾਰੂ ਜਹਾਜ਼ ਗ਼ਦਰੀਆਂ ਨੂੰ ਲੈ ਕੇ ਜਦੋਂ ਹਾਂਗਕਾਂਗ ਤੋਂ ਰਵਾਨਾ ਹੋਇਆ ਤਾਂ ਸਭਨਾਂ ਦੇ ਚਿਹਰਿਆਂ ਉਤੇ ਰੌਣਕ ਆ ਗਈ। ਆਪਣੇ ਦੇਸ਼ ਪਰਤਣ ਦਾ ਸਭ ਦੇ ਦਿਲਾਂ ਵਿੱਚ

ਇੱਕ ਅਨੋਖਾ ਹੀ ਚਾਅ ਸੀ। ਕਈ ਦਿਨ ਸਾਰੇ ਹੱਸ ਹੱਸ ਗੱਲਾਂ ਕਰਦੇ ਰਹੇ ਤੇ ਫਿਰ ਹੌਲੀ ਹੌਲੀ ਇਹ ਗੱਲਾਂ ਗੰਭੀਰ ਸੁਰ ਵਿਚ ਬਦਲ ਗਈਆ। ਕੋਈ ਗੱਲ ਕਰਦਾ ਕਿ ਕਲਕੱਤੇ ਵੀ ਸਾਡੀ ਤਲਾਸ਼ੀ ਜਰੂਰ ਹੋਵੇਗੀ। ਫਿਰ ਕੋਈ ਨਾ ਕੋਈ ਪੁਲੀਸ ਤੋਂ ਬਚਣ ਦੇ ਢੰਗ ਤਰੀਕੇ ਦੱਸਦਾ।

ਇੱਕ ਪਾਸੇ ਬੈਠੀ ਗੁਲਾਬ ਕੌਰ ਸਭ ਦੀਆਂ ਗੱਲਾਂ ਸੁਣਦੀ। ਇਹ ਤਾਂ ਹੁਣ ਉਸ਼ ਨੂੰ ਵੀ ਯਕੀਨ ਹੋ ਗਿਆ ਸੀ ਕਿ ਤਲਾਸ਼ੀ ਤਾਂ ਜ਼ਰੂਰ ਹੋਵੇਗੀ ਤੇ ਫਿਰ ਉਹ ਸੋਚਦੀ ਕਿ ਪੁੱਛਗਿੱਛ ਮੌਕੇ ਮੈਂ ਕੀ ਜਵਾਬ ਦਿਆਂਗੀ। ਜੇਕਰ ਉਸ ਨੇ ਆਪਣੇ ਪੇਕੇ ਜਾਂ ਸਹੁਰੇ ਪਿੰਡ ਦਾ ਨਾਮ ਲਿਆ ਤਾਂ ਪੁਲੀਸ ਵਾਲੇ ਖਾਹਮਖਾਹ ਉਨ੍ਹਾਂ ਨੂੰ ਤੰਗ ਕਰਨਗੇ। ਹੋਰ ਤਾਂ ਹੋਰ ਸਹੁਰਾ ਪਰਿਵਾਰ ਹੀ ਮੇਰੇ ਉਤੇ ਦੋਸ਼ ਲਾਵੇਗਾ ਕਿ ਮਾਨ ਸਿੰਘ ਕਿਥੇ ਹੈ। ਜੇਕਰ ਮੈਂ ਅਸਲੀਅਤ ਦੱਸ ਵੀ ਦੇਵਾਂ ਤਾਂ ਵੀ ਕਿਸੇ ਨੇ ਮੇਰੇ ਉਤੇ ਯਕੀਨ ਨਹੀਂ ਕਰਨਾ। ਮਨਾ! ਮੈਂ ਜਿਸ ਮਕਸਦ ਲਈ ਤੁਰੀਂ ਹਾਂ ਉਸ ਨੂੰ ਕਿਵੇਂ ਪੂਰਾ ਕਰਾਂਗੀ! ਮਾਨਾ ਤਾਂ ਮੇਰੇ ਨਾਲ ਹੁਣ ਧੋਖਾ ਕਰ ਹੀ ਗਿਆ ਪਰ ਹੁਣ ਮੈਂ ਕੀ ਕਰਾਂ! ਇਕੱਲੀ ਜਨਾਨੀ। ਕਿਧਰ ਨੂੰ ਜਾਵਾਂਗੀ। ਜੇਕਰ ਮੈਂ ਸੱਚ ਆਖਾਂ ਤਾਂ ਵੀ ਖੈਰ ਨਹੀਂ। ਝੂਠ ਆਖਾਂ ਤਾਂ ਵੀ ਖਹਿੜਾ ਨਹੀਂ ਛੁਟਣਾ। ਪੁਲੀਸ ਦੇ ਅੜਿੱਕੇ ਆ ਗਈ ਤਾਂ ਫਿਰ ਅਸਲੋਂ ਹੀ ਗੱਲ ਮਾੜੀ। ਕੀਤੇ ਕਰਾਏ 'ਤੇ ਪਾਣੀ ਫਿਰ ਜਾਵੇਗਾ। ਜੇਕਰ ਮਾਨਾ ਚੰਗਾ ਹੁੰਦਾ ਤਾਂ ਮੇਰੀ ਇਹ ਹਾਲਤ ਨਾ ਹੁੰਦੀ। ਹੁਣ ਤਾਂ ਕੁੱਝ ਨਾ ਕੁੱਝ ਮੈਨੂੰ ਕਰਨਾ ਹੀ ਪਏਗਾ।

ਗੁਲਾਬ ਕੌਰ ਦੇ ਦਿਲ ਦਿਮਾਗ ਉਤੇ ਅਜੀਬ ਕਿਸਮ ਦੇ ਖਿਆਲਾਂ ਨੇ ਬੋਝ ਪਾਇਆ ਸੀ। ਉਸ ਨੂੰ ਇਹ ਨਹੀਂ ਸੀ ਪਤਾ ਲੱਗ ਰਿਹਾ ਕਿ ਉਹ ਕੀ ਕਰੇ। ਉਸ ਦੀ ਹਾਲਤ ਦੂਜੇ ਸਾਰੇ ਮੁਸਾਫ਼ਰਾਂ ਨਾਲੋਂ ਵੱਖਰੀ ਸੀ। ਇੱਕ ਦਿਨ ਦੋ ਦਿਨ। ਇਸੇ ਤਰ੍ਹਾਂ ਕਈ ਦਿਨ ਲੰਘ ਗਏ। ਉਹ ਆਮ ਤੌਰ ਤੇ ਇਕੱਲੀ ਹੀ ਬੈਠੀ ਹੁੰਦੀ ਜਾਂ ਫਿਰ ਲੇਟ ਜਾਂਦੀ। ਸੋਚਾਂ ਉਸ ਦਾ ਖਹਿੜਾ ਨਾ ਛੱਡਦੀਆਂ। ਉਸ ਦੇ ਨਾਲ ਦੇ ਗ਼ਦਰੀ ਕਈ ਵਾਰ ਉਸ ਵੱਲ ਵੇਖਦੇ। ਉਸ ਨੂੰ ਚੁੱਪ ਵੇਖ ਕੇ ਸੋਚਣ ਵੀ ਲੱਗਦੇ। ਗੁਲਾਬ ਕੌਰ ਨੀਵੀਂ ਪਾਈ ਰੱਖਦੀ। ਇੱਕ ਦਿਨ ਚੁੱਪ ਬੈਠੀ ਗੁਲਾਬ ਕੌਰ ਨੂੰ ਵੇਖ ਕੇ ਜੀਵਨ ਸਿੰਘ ਤੇ ਅਮਰ ਸਿੰਘ ਉਸ ਕੋਲ ਆ ਬੈਠੇ। "ਭੈਣੇ ਤੂੰ ਕਈ ਦਿਨਾਂ ਤੋਂ ਬੜੀ ਉਦਾਸ ਲੱਗ ਰਹੀ ਐਂ। ਸਾਰਾ ਸਾਰਾ ਦਿਨ ਪਤਾ ਨਹੀਂ ਕੀ ਸੋਚਦੀ ਐ! ਤੂੰ ਸਾਨੂੰ ਵੀ ਕੁੱਝ ਦੱਸ।"

ਗੁਲਾਬ ਕੌਰ ਉਨ੍ਹਾਂ ਵੱਲ ਵੇਖ ਕੇ ਕਹਿਣ ਲੱਗੀ, "ਮੈਂ ਤੁਹਾਡੇ ਦੋਹਾਂ ਨਾਲ ਇੱਕ ਬਹੁਤ ਜ਼ਰੂਰੀ ਗੱਲ ਕਰਨੀ ਐ ਤੇ ਤੁਹਾਨੂੰ ਮੇਰੀ ਗੱਲ ਦਾ ਜਵਾਬ ਵੀ ਦੇਣਾ ਪਏਗਾ। ਜਵਾਬ ਨਹੀਂ ਸਗੋਂ ਮੇਰੀ ਗੱਲ ਮੰਨਣੀ ਪਏਗੀ।" ਗੁਲਾਬ ਕੌਰ ਦੀ ਗੱਲ ਸੁਣ ਕੇ ਦੋਵੇਂ ਜਣੇ ਹੱਕੇ-ਬੱਕੇ ਰਹਿ ਗਏ। ਉਹ ਹੈਰਾਨ ਹੋਏ ਗੁਲਾਬ ਕੌਰ ਵੱਲ ਵੇਖਣ ਲੱਗੇ ਕਿ ਖਵਰੇ ਇਹ ਕੀ ਕਹਿਣ ਲੱਗੀ ਹੈ!

ਗਿਆਰਾਂ

"ਮੈਂ ਤੁਹਾਡੇ ਦੋਵਾਂ ਨਾਲ ਇੱਕ ਖਾਸ ਗੱਲ ਕਰਨੀ ਐ!" ਗੁਲਾਬ ਕੌਰ ਦਾ ਚਿਹਰਾ ਇੱਕ ਦਮ ਗਹਿਰ ਗੰਭੀਰ। ਉਹ ਕਿਸੇ ਡੂੰਘੀ ਸੋਚ ਵਿੱਚ ਗਵਾਚੀ ਨੀਵੀਂ ਪਾਈ ਬੈਠੀ ਸੀ, ਉਸ ਦੇ ਸਾਹਮਣੇ ਬੈਠੇ ਜੀਵਨ ਸਿੰਘ ਦੌਲਾ ਸਿੰਘ ਵਾਲਾ ਤੇ ਅਮਰ ਸਿੰਘ ਉਸ ਵੱਲ ਚੁੱਪ ਚਾਪ ਵੇਖਦੇ ਡਾਹਢੇ ਹੈਰਾਨ ਸਨ।

"ਤੁਹਾਡੀ ਦੋਹਾਂ ਦੀ ਮੈਨੂੰ ਬਹੁਤ ਲੋੜ ਐ!" ਗੁਲਾਬ ਕੌਰ ਦੀ ਅਵਾਜ਼ ਬੜੀ ਧੀਮੀ ਸੀ ਤੇ ਉਸ ਨੇ ਹਾਲੇ ਵੀ ਨੀਵੀਂ ਪਾਈ ਹੋਈ ਸੀ।

"ਭੈਣ ਮੇਰੀਏ, ਇਹ ਤੂੰ ਕੀ ਗੱਲ ਕੀਤੀ। ਤੇਰੀ ਖਾਤਰ ਅਸੀਂ ਭਲਾ ਕੀ ਕੁੱਝ ਨਹੀਂ ਕਰ ਸਕਦੇ। ਅਸੀਂ ਤਾਂ ਤੇਰੇ ਹੌਸਲੇ ਦੀ ਦਾਦ ਦੇਨੇਆਂ। ਤੂੰ ਸਾਡੀ ਭੈਣ ਨਹੀਂ ਸਾਰੇ ਗ਼ਦਰੀਆਂ ਦੀ ਭੈਣ ਐਂ।" ਜੀਵਨ ਸਿੰਘ ਉਸ ਦੇ ਸਤਿਕਾਰ ਵਿੱਚ ਬੋਲਿਆ।

"ਤੁਹਾਨੂੰ ਪਤੈ ਬਈ ਮਾਨਾ ਤਾਂ ਬੇਈਮਾਨ ਹੋ ਗਿਆ। ਜੇ ਉਹ ਕਿਸੇ ਚੱਜ ਦਾ ਹੁੰਦਾ ਤਾਂ ਮੈਨੂੰ ਕੀ ਲੋੜ ਸੀ ਵਾਧੂ ਸੋਚਣ ਦੀ। ਮੈਂ ਕਈ ਗੱਲਾਂ ਸੋਚ ਕੇ ਡਰਦੀ ਆਂ ਕਿ ਮੈਂ ਤਾਂ ਇੱਕ ਵੱਡੇ ਉਦੇਸ਼ ਲਈ ਤੁਰੀ ਆਂ। ਹਰ ਹਾਲਤ ਮਰਦੇ ਦਮ ਤੱਕ ਗ਼ਦਰੀਆਂ ਨਾਲ ਰਹਾਂਗੀ। ਅੰਗਰੇਜ਼ਾਂ ਨਾਲ ਯੁੱਧ ਕਰ ਕੇ ਦੇਸ਼ ਨੂੰ ਅਜ਼ਾਦ ਕਰਵਾਉਣ ਦਾ ਮੇਰਾ ਸੁਪਨਾ ਹੈ ਪਰ ਜੇਕਰ ਰਾਹ ਵਿੱਚ ਹੀ ਮੈਂ ਪੁਲੀਸ ਦੇ ਹੱਥ ਆ ਗਈ ਤਾਂ ਫੇਰ ਮੈਂ ਕੀ ਕਰਾਂਗੀ।" ਗੁਲਾਬ ਕੌਰ ਨੇ ਇੱਕ ਡਰ ਪ੍ਰਗਟ ਕੀਤਾ।

"ਵੇਖ ਭੈਣੇ ਇਹ ਤਾਂ ਕਿਸੇ ਨਾਲ ਵੀ ਵਾਪਰ ਸਕਦੀ ਐ। ਇਹ ਰਸਤਾ ਹੀ ਇਸੇ ਤਰ੍ਹਾਂ ਦਾ ਹੋਇਆ। ਹਾਂ ਅਸੀਂ ਹਮੇਸ਼ਾ ਤੇਰੇ ਨਾਲ ਆਂ।" ਅਮਰ ਸਿੰਘ ਨੇ ਵੀ ਦਲੇਰੀ ਵਿਖਾਈ।

"ਪਰ ਮੇਰੀ ਗੱਲ ਹੋਰ ਆ। ਮੈਂ ਤੀਵੀਂ ਮਾਨੀ ਆਂ। ਮੈਂ ਪੇਕੀਂ ਜਾਊਂਗੀ। ਸਹੁਰੀਂ ਜਾਊਂਗੀ। ਉਨ੍ਹਾਂ ਨਾਲ ਕਿਹੜੀ ਗੱਲ ਕਰੂੰਗੀ। ਮਾਨੇ ਬਾਰੇ ਕੀ ਦੱਸੂੰਗੀ। ਜੇਕਰ ਪੁਲੀਸ ਨੇ ਪੁੱਛ-ਗਿੱਛ ਕੀਤੀ ਤਾਂ ਫੇਰ ਮੇਰੇ ਅਗਲਿਆਂ ਪਿਛਲਿਆਂ ਨੂੰ ਖਿੱਚੀ ਫਿਰਨਗੇ।" ਗੁਲਾਬ ਕੌਰ ਕੁੱਝ ਰੁਕ ਗਈ। ਕੁੱਝ ਦੇਰ ਬਾਅਦ ਉਹ ਫੇਰ ਕਹਿਣ ਲੱਗੀ, "ਵੀਰ ਜੀਵਨ ਸਿੰਘ, ਤੁਸੀਂ ਮੇਰੇ ਭਰਾ ਹੋ। ਸਕੇ ਭਰਾਵਾਂ ਨਾਲੋਂ ਵੀ ਵੱਧ ਪਰ ਮੈਂ ਆਪਣੇ ਮਿਸ਼ਨ ਵਿੱਚ ਕਿਤੇ ਫੇਲ੍ਹ ਨਾ ਹੋ ਜਾਵਾਂ। ਇਸ ਕਰਕੇ ਮੈਂ ਤੁਹਾਡੇ ਵਿੱਚੋਂ ਇੱਕ ਨੂੰ ਆਪਣਾ ਪਤੀ ਬਨਾਉਣਾ ਚਾਹੁੰਦੀ ਆਂ ਤੇ ਇੱਕ ਨੂੰ ਭਰਾ!" ਗੁਲਾਬ ਕੌਰ ਨੇ ਅਜੀਬ ਗੱਲ ਕੱਢ ਮਾਰੀ। ਅਮਰ ਸਿੰਘ ਤੇ ਜੀਵਨ ਸਿੰਘ ਉਸ ਦੀ ਗੱਲ ਸੁਣ ਕੇ ਹੱਕੇ-ਬੱਕੇ ਰਹਿ ਗਏ। ਦੋਨਾਂ ਦੀਆਂ ਅੱਖਾਂ ਟੱਡੀਆਂ ਰਹਿ ਗਈਆਂ। ਉਹ ਗੁਲਾਬ ਕੌਰ ਵੱਲ ਵੇਖਦੇ ਹੀ ਰਹਿ ਗਏ। ਦੋਹਾਂ ਦੇ ਮੂੰਹੋਂ ਕੋਈ ਸ਼ਬਦ ਨਹੀਂ ਸੀ ਨਿਕਲ ਰਿਹਾ ਜਿਵੇਂ ਦੋਹਾਂ ਦੀਆਂ ਜ਼ਬਾਨਾ ਠਾਕੀਆਂ ਗਈਆਂ ਹੋਣ। ਇਨਾਂ ਦੀ ਅਜੀਬ ਹਾਲਤ ਸੀ।

"ਭੈਣੇ ਇਹ ਤੂੰ ਕੀ ਕਿਹਾ!" ਜੀਵਨ ਸਿੰਘ ਦਾ ਗੱਚ ਭਰ ਆਇਆ। ਉਸ ਦੀਆਂ ਅੱਖਾਂ ਵਿੱਚੋਂ ਅੱਥਰੂ ਵਹਿ ਤੁਰੇ।

"ਮੈਂ ਸਭ ਕੁੱਝ ਸੋਚ ਸਮਝ ਕੇ ਕਿਹਾ!" ਗੁਲਾਬ ਕੌਰ ਨੇ ਨੀਵੀਂ ਚੁੱਕ ਕੇ ਕਿਹਾ।

"ਅਸੀਂ ਤਾਂ ਤੈਨੂੰ ਆਪਣੀਆਂ ਭੈਣਾਂ ਨਾਲੋਂ ਵੀ ਵੱਧ ਸਤਿਕਾਰ ਦਿਨੇ ਆਂ। ਇਹ ਗੱਲ ਤਾਂ ਕਿਸੇ ਦੇ ਦਿਲ ਵਿੱਚ ਕਦੇ ਆਈ ਹੀ ਨਹੀਂ।" ਅਮਰ ਸਿੰਘ ਦੀਆਂ ਅੱਖਾਂ ਵਿਚੋਂ ਇੱਕ ਦਮ ਪਾਣੀ ਵਹਿ ਤੁਰਿਆ।

"ਮੈਂ ਇਕੱਲੀ ਕੀ ਕਰੂੰਗੀ? ਮੈਂ ਤਾਂ ਕਿਸੇ ਪਾਸੇ ਜੋਗੀ ਨਹੀਂ ਰਹੀ।"

"ਬੀਬੀ, ਭਲਾ ਭੈਣ ਭਰਾ ਵੀ ਕਦੇ ਤੀਵੀਂ ਆਦਮੀ ਬਣੇ ਆ। ਬੀਬੀ ਤੂੰ ਇਹ ਗੱਲ ਨਾ ਕਹਿ।" ਜੀਵਨ ਸਿੰਘ ਬੱਚਿਆਂ ਵਾਂਗ ਰੋ ਪਿਆ।

"ਤੇ ਫੇਰ ਮੈਂ ਕਿਧਰ ਨੂੰ ਜਾਵਾਂ। ਕੀ ਮੈਂ ਚੁੱਪ-ਚਾਪ ਪੁਲੀਸ ਦੇ ਹੱਥ ਆ ਜਾਵਾਂ?"

"ਭੈਣ ਮੇਰੀਏ ਤੂੰ ਇਹ ਪਾਪ ਨਾ ਕਮਾ। ਇਹ ਕੰਮ ਸਾਥੋਂ ਨਹੀਂ ਹੋਣਾ। ਅਸੀਂ ਤੈਨੂੰ ਆਪਣੀ ਧਰਮ ਦੀ ਭੈਣ ਬਣਾ ਚੁੱਕੇ ਆਂ। ਸਾਨੂੰ ਜਿਉਂਦਿਆਂ ਨੂੰ ਨਾ ਮਾਰ!" ਅਮਰ ਸਿੰਘ ਨੀਵੀਂ ਪਾਈ ਬੁਰੀ ਤਰ੍ਹਾਂ ਰੋ ਰਿਹਾ ਸੀ।

ਵੀਰੋ ਇਹ ਪਾਪ ਨਹੀਂ। ਸਗੋਂ ਤੁਸੀਂ ਮੇਰੀ ਗੱਲ ਨਾ ਮੰਨੀ ਤਾਂ ਤੁਸੀਂ ਮੇਰੇ ਨਾਲ ਬਹੁਤ ਵੱਡਾ

ਧੋਖਾ ਕਰ ਰਹੇ ਹੋਵੋਂਗੇ। ਤੁਸੀਂ ਮੈਨੂੰ ਸਮਝਣ ਦੀ ਕੋਸ਼ਿਸ਼ ਕਰੋ। ਮੈਂ ਕੋਈ ਕੰਮ ਕਰਨਾ ਹੈ। ਇਸ ਲਈ ਮੈਨੂੰ ਬਹੁਤ ਕੁੱਝ ਗਵਾਉਣਾ ਵੀ ਪਏਗਾ। ਤੁਹਾਡੇ ਵਿੱਚੋਂ ਇੱਕ ਮੇਰਾ ਪਤੀ ਤੇ ਦੂਜਾ ਭਰਾ ਹੋਵੇਗਾ। ਇਹ ਤੁਸੀਂ ਦੋਵੇਂ ਫੈਸਲਾ ਕਰ ਲਵੋ ਕਿ ਕਿਸ ਨੇ ਕੀ ਬਣਨਾ ਹੈ।" ਗੁਲਾਬ ਕੌਰ ਬੜੀ ਦ੍ਰਿੜਤਾ ਨਾਲ ਬੋਲੀ।

"ਭੈਣ ਮੇਰੀਏ ਮੈਂ ਇਹ ਗੱਲ ਕਿਵੇਂ ਵੀ ਸੁਣਨਾ ਨਹੀਂ ਚਾਹੁੰਦਾ। ਮੇਰਾ ਤਾਂ ਦਿਲ ਚੀਰਿਆ ਜਾ ਰਿਹਾ। ਮੈਂ ਤਾਂ ਇਹ ਗੱਲ ਕਦੇ ਸੁਪਨੇ ਵਿਚ ਵੀ ਨਹੀਂ ਸੀ ਸੋਚੀ।" ਅਮਰ ਸਿੰਘ ਨੇ ਮੂੰਹ ਦੂਜੇ ਪਾਸੇ ਕਰ ਲਿਆ ਤੇ ਉਹ ਗੋਡਿਆਂ ਵਿੱਚ ਸਿਰ ਦੇ ਕੇ ਹਟਕੋਰੇ ਲੈਣ ਲੱਗਾ।

"ਵੀਰ ਅਮਰ ਸਿੰਹਾਂ!" ਗੁਲਾਬ ਕੌਰ ਨੇ ਜਰਾ ਅਗਾਂਹ ਹੋ ਕੇ ਅਮਰ ਸਿੰਘ ਦੇ ਮੋਢੇ ਉੱਤੇ ਹੱਥ ਰੱਖਿਆ ਤੇ ਫਿਰ ਬੜੀ ਸ਼ਾਂਤ ਚਿਤ ਹੋ ਕੇ ਕਹਿਣ ਲੱਗੀ, "ਵੇਖੋ ਅਸੀਂ ਸਾਰੇ ਪਹਿਲਾਂ ਵਾਂਗ ਭੈਣ ਭਰਾ ਹੀ ਰਹਾਂਗੇ। ਜਿਨਾ ਚਿਰ ਸਾਡਾ ਸਾਥ ਰਿਹਾ ਅਸੀਂ ਇਸੇ ਰਿਸ਼ਤੇ ਵਿੱਚ ਬੱਝੇ ਰਹਾਂਗੇ। ਜੋ ਮੈਂ ਕਹਿ ਰਹੀ ਹਾਂ ਇਹ ਤਾਂ ਫਰਜ਼ੀ ਗੱਲਾਂ ਨੇ, ਸਿਰਫ ਪੁਲੀਸ ਦੇ ਅੱਖੀਂ ਘੱਟਾ ਪਾਉਣ ਵਾਸਤੇ। ਜੇਕਰ ਏਨੀ ਕੁ ਗੱਲ ਨਾਲ ਹੀ ਅਸੀਂ ਪੁਲੀਸ ਤੋਂ ਬਚ ਜਾਵਾਂਗੇ ਤਾਂ ਇਸ ਤੋਂ ਚੰਗੀ ਗੱਲ ਕੀ ਹੋਵੇਗੀ। ਕੀ ਤੁਸੀਂ ਚਾਹੁੰਦੇ ਹੋ ਕਿ ਮੈਂ ਜਾਣ ਸਾਰ ਪੁਲੀਸ ਦੇ ਹੱਥ ਆ ਜਾਵਾਂ ਤੇ ਦੇਸ਼ ਲਈ ਕੁੱਝ ਵੀ ਨਾ ਕਰ ਸਕਾਂ! ਕੀ ਸਾਡਾ ਮਿਸ਼ਨ ਇਹੀ ਚਾਹੁੰਦੈ। ਵੀਰੋ ਸਾਨੂੰ ਆਖਰ ਕੁਰਬਾਨੀ ਕਰਨੀ ਹੀ ਪਏਗੀ। ਮੈਂ ਦਿਲ ਵਿੱਚ ਪੱਕਾ ਫੈਸਲਾ ਕੀਤਾ ਹੈ ਕਿ ਜੀਆਂਗੀ ਤਾਂ ਦੇਸ਼ ਲਈ। ਮਰਾਂਗੀ ਤਾਂ ਦੇਸ਼ ਲਈ। ਅਸੀਂ ਤਾਂ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਤੁਰੇਆਂ। ਕਿਤੇ ਨਿੱਕੀਆਂ ਨਿੱਕੀਆਂ ਗੱਲਾਂ ਵਿੱਚ ਹੀ ਨਾ ਉਲਝ ਕੇ ਰਹਿ ਜਾਈਏ।"

ਗੁਲਾਬ ਕੌਰ ਦੇ ਇਨ੍ਹਾਂ ਸ਼ਬਦਾਂ ਨਾਲ ਤਿੰਨਾਂ ਵਿਚ ਹੀ ਇੱਕ ਖਾਮੋਸ਼ੀ ਤਣ ਗਈ। ਅਮਰ ਸਿੰਘ ਤੇ ਜੀਵਨ ਸਿੰਘ ਹਾਲੇ ਵੀ ਨੀਵੀਂ ਪਾਈ ਬੈਠੇ ਸਨ। ਜੀਵਨ ਸਿੰਘ ਅੰਦਰ ਖਾਤੇ ਸੋਚ ਰਿਹਾ ਸੀ ਕਿ ਜੇ ਡੂੰਘਾਈ ਨਾਲ ਸੋਚੀਏ ਤਾਂ ਬੀਬੀ ਬਿਲਕੁੱਲ ਠੀਕ ਕਹਿ ਰਹੀ ਐ। ਉਸ ਦੇ ਸ਼ਬਦਾਂ 'ਚੋਂ ਤਾਂ ਇਸ ਤਰ੍ਹਾਂ ਲੱਗ ਰਿਹਾ ਕਿ ਜਿਵੇਂ ਕਿ ਬਹੁਤ ਵੱਡੀ ਦੂਰ ਅੰਦੇਸ਼ੀ ਆਗੂ ਹੋਵੇ। ਦੇਸ਼ ਦੀ ਅਜ਼ਾਦੀ ਲਈ ਹਰ ਕੁਰਬਾਨੀ ਦੇਣ ਨੂੰ ਇਹ ਤਿਆਰ ਐ। ਕਮਾਲ ਦਾ ਹੌਸਲਾ ਰੱਖਦੀ ਐ ਇਹ ਕੁੜੀ। ਇਸ ਦੀ ਗੱਲ ਕਿਸੇ ਹੱਦ ਤੱਕ ਠੀਕ ਤਾਂ ਹੈ ਪਰ ਆਪਣੇ ਦਿਲ ਉਤੇ ਵੀ ਕੋਈ ਭਾਰੀ ਪੱਥਰ ਰੱਖਣਾ ਪਏਗਾ। ਭੈਣ ਭਰਾ ਦੇ ਪਵਿੱਤਰ ਰਿਸ਼ਤੇ ਉੱਤੇ ਕੋਈ ਦਾਗ ਨਹੀਂ ਲੱਗਣਾ ਚਾਹੀਦਾ। ਅਜ਼ਾਦੀ ਦਾ ਰਾਹ ਕੰਡਿਆਂ ਭਰਿਆ ਹੈ। ਏਥੇ ਤਾਂ ਬੜਾ ਕੁੱਝ ਤਿਆਗਣਾ ਪਏਗਾ। ਗੁਲਾਬ ਕੌਰ ਨੇ ਤਾਂ ਆਪਣਾ ਪਤੀ ਛੱਡ ਦਿੱਤਾ। ਘਰ ਬਾਰ ਤਿਆਗ ਦਿੱਤਾ। ਬੱਸ ਦੇਸ਼ ਦੀ ਖਾਤਰ ਮਰ ਮਿਟਣ ਦੀ ਤਾਂਘ ਹੈ। ਮਨਾ ਤੂੰ ਵੀ ਇਸ ਦਾ ਦਿਲ ਨਾ ਤੋੜ। ਇਸ ਨੂੰ ਵੀ ਅਜ਼ਾਦੀ ਸੰਗਰਾਮ ਵਿਚ ਆਪਣਾ ਯੋਗਦਾਨ ਪਾ ਲੈਣ ਦੇ। ਇਸ ਦੇ ਹੌਸਲੇ ਦੀ ਕਦਰ ਕਰਨੀ ਬਣਦੀ ਹੈ।

ਜੀਵਨ ਸਿੰਘ ਜਰਾ ਕੁ ਅਮਰ ਸਿੰਘ ਦੇ ਨੇੜੇ ਹੋਇਆ। ਉਹ ਅਮਰ ਸਿੰਘ ਦੇ ਮੋਢੇ ਉੱਤੇ ਹੱਥ ਰੱਖ ਕੇ ਕਹਿਣ ਲੱਗਾ, "ਭਰਾਵਾ, ਜੋ ਕੁੱਝ ਆਪਣੀ ਭੈਣ ਨੇ ਕਿਹਾ। ਇਸ ਨੂੰ ਠੰਢੇ ਮਨ ਨਾਲ ਵਿਚਾਰ। ਆਪਾਂ ਭੈਣ ਭਰਾ ਹੀ ਰਹਾਂਗੇ। ਆਪਾਂ ਹੀ ਹੁਣ ਤਾਂ ਗੁਲਾਬ ਕੌਰ ਦਾ ਸਾਥ ਦੇਣਾ ਹੈ। ਮਾਨਾ ਤਾਂ ਬੁਜ਼ਦਿਲ ਸੀ। ਘਰ ਬੈਠ ਗਿਆ। ਗੁਲਾਬੋ ਭੈਣ ਤਾਂ ਆਪਣੇ ਨਾਲ ਐ। ਤੂੰ ਇਸ ਦੀ ਗੱਲ ਮੰਨ ਲੈ। ਮੇਰਾ ਤਾਂ ਪਿੰਡ ਮਾਨੇ ਦੇ ਪਿੰਡ ਨਾਲ ਲੱਗਦਾ। ਦੌਲਾ ਸਿੰਘ ਵਾਲਾ ਤੇ ਜਖੇਪਲ ਦੂਰ ਨਹੀਂ। ਤੂੰ ਤਾਂ ਬੜੀ ਦੂਰ ਤੋਂ ਐਂ। ਤੂੰ ਗੁਲਾਬ ਕੌਰ ਦੀ ਬਾਂਹ ਫੜ ਲੈ। ਮੈਂ ਇਸ ਦਾ ਭਰਾ ਹਾਂ। ਭਰਾ

ਤਾਂ ਤੂੰ ਵੀ ਹੈ। ਬੱਸ ਇੱਕ ਪੁਲੀਸ ਨੂੰ ਹੀ ਉਤੋਂ ਇਹ ਕਹਿਣਾ ਹੈ ਕਿ ਅਸੀਂ ਤੀਵੀਂ ਆਦਮੀ ਆਂ। ਬੱਸ ਤੂੰ ਆਪਣੇ ਦਿਲ ਉੱਤੇ ਪੱਥਰ ਰੱਖ ਲੈ।" ਜੀਵਨ ਸਿੰਘ ਚੁੱਪ ਹੋ ਗਿਆ। ਕਿਨਾ ਹੀ ਚਿਰ ਕਿਸੇ ਨੇ ਕੋਈ ਗੱਲ ਨਾ ਕੀਤੀ। ਅਜੀਬ ਕਿਸਮ ਦੀ ਖਾਮੋਸ਼ੀ ਛਾਈ ਹੋਈ ਸੀ।

ਕੁੱਝ ਚਿਰ ਬਾਅਦ ਅਮਰ ਸਿੰਘ ਭਰੇ ਹੋਏ ਮਨ ਨਾਲ ਕਹਿਣ ਲੱਗਾ, "ਜੀਵਨ ਸਿੰਹਾਂ, ਤੂੰ ਤਾਂ ਬੀਬੀ ਦੇ ਪਿੰਡਾਂ ਦਾ ਹੈਂ। ਮੈਂ ਤਾਂ ਬੀਬੀ ਦਾ ਭਰਾ ਹੀ ਰਹੂੰਗਾ। ਮੇਰੇ ਉਤੇ ਜੋਰ ਨਾ ਪਾ। ਇਹ ਠੀਕ ਹੈ ਕਿ ਬੀਬੀ ਨੇ ਦੇਸ਼ ਲਈ ਬਹੁਤ ਵੱਡਾ ਕਦਮ ਚੁੱਕਿਆ। ਇਸ ਦੀ ਗੱਲ ਹੈ ਵੀ ਠੀਕ। ਇਸ ਨੂੰ ਕਿਸੇ ਵੇਲੇ ਵੀ ਕੋਈ ਮੁਸੀਬਤ ਆ ਸਕਦੀ ਐ। ਇਸ਼ ਕਰਕੇ ਤੂੰ ਇਸ ਨੂੰ ਇਸ ਮੁਸੀਬਤ ਵਿਚੋਂ ਕੱਢ ਲੈ, ਮੈਂ ਤੇਰੇ ਅੱਗੇ ਹੱਥ ਜੋੜਦਾਂ।" ਅਮਰ ਸਿੰਘ ਦਾ ਰੋਣ ਨਹੀਂ ਸੀ ਥੰਮ੍ਹ ਰਿਹਾ। ਅਜੀਬ ਸਥਿਤੀ ਪੈਦਾ ਹੋ ਗਈ ਸੀ। ਕੋਈ ਕੀ ਕਰੇ ਤੇ ਕੀ ਨਾ ਕਰੇ। ਕੁੱਝ ਵੀ ਪਤਾ ਨਹੀਂ ਸੀ ਲੱਗ ਰਿਹਾ। ਫਿਰ ਜੀਵਨ ਸਿੰਘ ਨੇ ਸਬਰ ਦਾ ਘੁੱਟ ਭਰਿਆ ਤੇ ਚੁੱਪ ਵੱਟ ਲਈ। ਅਮਰ ਸਿੰਘ ਤੇ ਗੁਲਾਬ ਕੌਰ ਨੇ ਜੀਵਨ ਸਿੰਘ ਦੀ ਚੁੱਪ ਨੂੰ ਹੀ ਹਾਂ ਸਮਝ ਲਿਆ। ਤਿੰਨੇ ਕਿਨੇ ਈ ਚਿਰ ਸੋਚਾਂ ਦੇ ਡੂੰਘੇ ਸਮੁੰਦਰ ਵਿਚ ਉਤਰੇ ਰਹੇ।

ਦਿਨ ਲੰਘਦੇ ਗਏ। ਆਖਰ ਕਈ ਦਿਨਾਂ ਦੇ ਲੰਬੇ ਸਫਰ ਤੋਂ ਬਾਅਦ ਤੋਸ਼ਾਮਾਰੂ ਜਹਾਜ਼ ਕਲਕੱਤੇ ਦੀ ਬੰਦਰਗਾਹ ਤੇ ਆ ਲੱਗਾ। ਕਲਕੱਤੇ ਆਉਣ ਤੋਂ ਪਹਿਲਾਂ ਹੀ ਗ਼ਦਰੀਆਂ ਨੇ ਸਫਰ ਦੌਰਾਨ ਵੱਡੇ ਆਗੂਆਂ ਨਾਲ ਸੰਪਰਕ ਕਰਨ ਲਈ ਇਕ ਕਮੇਟੀ ਦਾ ਗਠਨ ਕੀਤਾ ਸੀ। ਪ੍ਰਧਾਨ ਕੇਸਰ ਸਿੰਘ ਠਠਗੜ੍ਹ, ਮੀਤ ਪ੍ਰਧਾਨ ਜਵਾਲਾ ਸਿੰਘ ਠੱਠੀਆਂ ਤੋਂ ਬਿਨਾਂ ਨਿਧਾਨ ਸਿੰਘ ਚੁੱਘਾ, ਪੰਡਤ ਜਗਤ ਰਾਮ ਹਰਿਆਣਾ, ਭਾਈ ਅਰੂੜ ਸਿੰਘ ਚੂੜਹਚੱਕ, ਸ਼ੇਰ ਸਿੰਘ ਵੇਈਂ ਪੋਈਂ, ਅਮਰ ਸਿੰਘ ਮੋਰਾਂਵਾਲੀ (ਜਲੰਧਰ) ਤੇ ਮੂਲਾ ਸਿੰਘ ਮੀਰਾਂਕੋਟ (ਅੰਮ੍ਰਿਤਸਰ) ਇਸ ਕਮੇਟੀ ਵਿੱਚ ਸ਼ਾਮਲ ਕੀਤੇ ਗਏ। ਇਸ ਬਾਰੇ ਸਭ ਨੂੰ ਜਾਣੂ ਕਰਵਾ ਦਿੱਤਾ ਸੀ।

ਤੋਸ਼ਾਮਾਰੂ ਜਹਾਜ਼ ਕਲਕੱਤੇ ਦੀ ਬੰਦਰਗਾਹ ਉਤੇ ਕਾਫੀ ਦੇਰ ਰੁਕਿਆ ਰਿਹਾ। ਗੁਲਾਬ ਕੌਰ ਘੜੀ ਮੁੜੀ ਸੋਚਦੀ ਕਿ ਜ਼ਰੂਰ ਕੋਈ ਖਾਸ ਗੱਲ ਹੈ। ਸਾਰੇ ਮੁਸਾਫ਼ਰ ਇੱਕ ਦੂਜੇ ਨਾਲ ਧੀਮੀ ਅਵਾਜ਼ ਵਿੱਚ ਗੱਲਾਂ ਵਿੱਚ ਰੁੱਝ ਗਏ। ਕੁੱਝ ਦੇਰ ਬਾਅਦ ਪੁਲੀਸ ਬਹੁਤ ਵੱਡੀ ਗਿਣਤੀ ਵਿੱਚ ਆ ਧਮਕੀ। ਇੱਕ ਇੱਕ ਕਰਕੇ ਸਭ ਦੀ ਤਲਾਸ਼ੀ ਹੋਣ ਲੱਗੀ। ਸਿਪਾਹੀਆਂ ਦੀ ਤੱਕਣੀ ਹੀ ਵਿਗੜੇ ਹੋਏ ਪਸ਼ੂਆਂ ਵਰਗੀ ਸੀ। ਉਹ ਹਰ ਇੱਕ ਨਾਲ ਰੁੱਖੀ ਜ਼ਬਾਨ ਨਾਲ ਗੱਲ ਕਰਦੇ। ਸਿਪਾਹੀ ਜੀਵਨ ਸਿੰਘ ਤੇ ਗੁਲਾਬ ਕੌਰ ਕੋਲ ਵੀ ਪਹੁੰਚ ਗਏ।

"ਕਿਥੋਂ ਆਏ ਐਂ?" ਅੱਖਾਂ ਕੱਢਦਾ ਸਿਪਾਹੀ ਕੜਕਿਆ।

"ਜੀ ਅਸੀਂ ਮਨੀਲਾ ਤੋਂ ਆਏ ਆਂ!" ਜੀਵਨ ਸਿੰਘ ਬੋਲਿਆ।

"ਕਿਉਂ ਆਏ?" ਸਿਪਾਹੀ ਫੇਰ ਉਸੇ ਸੁਰ ਵਿੱਚ ਬੋਲਿਆ।

"ਜੀ ਅਸੀਂ ਦੋਵੇ ਪਤੀ ਪਤਨੀ ਆਂ। ਅਸੀਂ ਤਾਂ ਕਮਾਈ ਕਰਨ ਅਮਰੀਕਾ ਨੂੰ ਚੱਲੇ ਸੀ ਪਰ ਮਨੀਲਾ ਤੋਂ ਅੱਗੇ ਸਾਨੂੰ ਰਾਹਦਾਰੀ ਹੀ ਨਹੀਂ ਮਿਲੀ। ਇਸ ਕਰਕੇ ਵਾਪਸ ਦੇਸ਼ ਨੂੰ ਤੁਰ ਪਏ।" ਜੀਵਨ ਸਿੰਘ ਨੇ ਗੁਲਾਬ ਕੌਰ ਵਾਲਾ ਮੌਕਾ ਵੀ ਸੰਭਾਲ ਲਿਆ।

"ਚੱਲੇ ਸੀ ਇਹ ਅਮਰੀਕਾ ਨੂੰ! ਅਮਰੀਕਾ ਤਾਂ ਤੁਹਾਨੂੰ ਈ ਉਡੀਕਦਾ। ਲੱਗਦੇ ਹੋਏ ਅਮਰੀਕਾ ਦੇ!" ਸੜਿਆ ਬਲਿਆ ਸਿਪਾਹੀ ਅਗਾਂਹ ਹੋ ਗਿਆ। ਗੁਲਾਬ ਕੌਰ ਨੇ ਰੱਬ ਦਾ ਸ਼ੁਕਰ ਕੀਤਾ। ਇਸ ਜਹਾਜ਼ ਵਿੱਚ 173 ਮੁਸਾਫ਼ਰ ਸਨ। ਫਿਰ ਇਹ ਸਾਰੇ ਮੁਸਾਫ਼ਰ ਗੱਡੀ ਵਿੱਚ ਬਿਠਾ ਕੇ

ਰਾਏਵਿੰਡ ਲੈ ਆਂਦੇ। ਇਥੇ ਸਭ ਨੂੰ ਉਤਾਰ ਕੇ ਫਿਰ ਪੁੱਛ ਪੜਤਾਲ ਕੀਤੀ ਗਈ। ਕਈਆਂ ਨੂੰ ਗ੍ਰਿਫਤਾਰ ਵੀ ਕਰ ਲਿਆ ਪਰ ਕਈ ਗ਼ਦਰੀ ਬਚ ਵੀ ਗਏ। ਸਰਕਾਰ ਸਮਝਦੀ ਸੀ ਕਿ ਤੋਸ਼ਾਮਾਰੂ ਜਹਾਜ਼ ਵਿੱਚ ਗ਼ਦਰੀਆਂ ਦੇ ਲੀਡਰ ਆ ਰਹੇ ਹਨ। ਇਕ ਇਸ ਲਹਿਰ ਨੂੰ ਸਿੱਖਾਂ ਦੀ ਹੀ ਲਹਿਰ ਸਮਝਿਆ ਜਾ ਰਿਹਾ ਸੀ। ਜਿਸ ਕਰਕੇ ਹਿੰਦੂ, ਮੁਸਾਲਮਾਨ ਤੇ ਬਿਨਾਂ ਦਸਤਾਰ ਵਾਲੇ ਗ਼ਦਰੀ ਪੁਲੀਸ ਨੇ ਛੱਡ ਦਿੱਤੇ। ਪੰਡਤ ਜਗਤ ਰਾਮ, ਭਾਈ ਪਿਰਥੀ ਸਿੰਘ ਅਜ਼ਾਦ, ਪਰਮਾਨੰਦ ਝਾਂਸੀ ਤੇ ਅਨੇਕਾਂ ਹੋਰ ਗ਼ਦਰੀ ਬੱਚ ਕੇ ਨਿਕਲ ਵੀ ਗਏ। ਜੀਵਨ ਸਿੰਘ ਹੁਣ ਸੋਚ ਰਿਹਾ ਸੀ ਕਿ ਗੁਲਾਬ ਕੌਰ ਦੀ ਸਕੀਮ ਬੜੀ ਕੰਮ ਆਈ। ਉਹ ਵੀ ਹੁਣ ਤੱਕ ਗ੍ਰਿਫਤਾਰ ਹੋ ਗਿਆ ਹੁੰਦਾ ਤੇ ਗੁਲਾਬ ਕੌਰ ਵੀ ਔਂਡ ਖੱਜਲ ਖੁਆਰ ਹੁੰਦੀ।

ਭਾਈ ਗੁੱਜਰ ਸਿੰਘ ਭਕਨਾ, ਭਾਈ ਪ੍ਰੇਮ ਸਿੰਘ ਤੇ ਭਾਈ ਜਗਤ ਸਿੰਘ ਸੁਰ ਸਿੰਘ ਵੀ ਪੁਲੀਸ ਦੇ ਹੱਥ ਨਾ ਆਏ। ਭਾਈ ਜੀਵਨ ਸਿੰਘ ਦੌਲੇ ਸਿੰਘ ਵਾਲਾ, ਰਹਿਮਤ ਅਲੀ ਵਜੀਦ ਕੇ, ਹਾਫਿਜ਼ ਅਬਦੁੱਲਾ ਜਗਰਾਉਂ ਤੇ ਬੀਬੀ ਗੁਲਾਬ ਕੌਰ ਵੀ ਬਚਦੇ ਹੋਏ ਆਖਰ ਲੁਧਿਆਣੇ ਪਹੁੰਚ ਗਏ। ਪਰਮਾਨੰਦ ਝਾਂਸੀ, ਪੰਡਤ ਜਗਤ ਰਾਮ ਤੇ ਭਾਈ ਪਿਰਥੀ ਸਿੰਘ ਲਾਲੜੂ ਰਾਹੋਂ ਹੀ ਉਤਰ ਗਏ। ਲੁਧਿਆਣੇ ਆ ਕੇ ਗੁਲਾਬ ਕੌਰ ਨੂੰ ਪਤਾ ਲੱਗਾ ਕਿ ਭਾਈ ਸੋਹਣ ਸਿੰਘ ਭਕਨਾ ਤੇ ਦੋ ਹੋਰ ਸਾਥੀ ਲੁਧਿਆਣੇ ਵਿੱਚ ਪੁਲੀਸ ਦੀ ਨਿਗਰਾਨੀ ਵਿੱਚ ਹਨ। ਇਹ ਨਾਮਸੰਗ ਜਹਾਜ਼ ਰਾਹੀਂ ਆਏ ਸਨ। ਸੋਹਣ ਸਿੰਘ ਭਕਨੇ ਦੀ ਗ੍ਰਿਫਤਾਰੀ ਦੀ ਗੱਲ ਸੁਣ ਕੇ ਗੁਲਾਬ ਕੌਰ ਨੂੰ ਬੜਾ ਦੁੱਖ ਹੋਇਆ। ਫਿਰ ਉਸ ਨੂੰ ਇਹ ਵੀ ਪਤਾ ਲੱਗਾ ਕਿ ਕਰਤਾਰ ਸਿੰਘ ਸਰਾਭਾ ਤੇ ਉਸ ਦੇ ਕਈ ਸਾਥੀ ਤਾਂ ਉਨ੍ਹਾਂ ਤੋ ਵੀ ਪਹਿਲਾਂ ਪੰਜਾਬ ਪਹੁੰਚ ਚੁੱਕੇ ਐ। ਇਹ ਗ਼ਦਰੀ ਕਲਕੱਤੇ ਦਾ ਰਾਹ ਛੱਡ ਕੇ ਲੰਕਾ ਨੂੰ ਚਲੇ ਗਏ ਸਨ। ਕਰਤਾਰ ਸਿੰਘ ਸਰਾਭੇ ਦੀ ਗੱਲ ਸੁਣ ਕੇ ਤਾਂ ਉਸ ਨੂੰ ਹੈਰਾਨੀ ਵੀ ਹੋਈ। ਉਸ ਨੇ ਆਪਣੇ ਗ਼ਦਰੀ ਵੀਰਾਂ ਤੋਂ ਇਹ ਵੀ ਸੁਣ ਲਿਆ ਸੀ ਕਿ ਕਰਤਾਰ ਸਿੰਘ ਸਰਾਭਾ ਅਠਾਰਾਂ ਕੁ ਸਾਲ ਦਾ ਉਚਾ ਲੰਮਾ, ਪਤਲਾ ਤੇ ਬੜਾ ਹੀ ਨਿਧੜਕ ਨੌਜਵਾਨ ਹੈ। ਮੌਤ ਦਾ ਉਸ ਨੂੰ ਕੋਈ ਭੈਅ ਨਹੀਂ। ਉਹ ਸਾਰਾ ਸਾਰਾ ਦਿਨ ਬਿਨਾਂ ਕਿਸੇ ਖੌਫ ਦੇ ਤੁਰਿਆ ਫਿਰਦਾ ਹੈ। ਧੰਨ ਹੈ ਅਜਿਹਾ ਸ਼ੇਰ ਦਿਲ ਪੁੱਤਰ ਜੰਮਣ ਵਾਲੀ ਮਾਂ। ਉਸ ਦਾ ਦਿਲ ਕਰੇ ਕਿ ਉਹ ਕਰਤਾਰ ਸਿੰਘ ਸਰਾਭੇ ਨੂੰ ਮਿਲੇ ਪਰ ਇਥੇ ਵੀ ਅੰਗਰੇਜ਼ਾਂ ਦੀ ਖੁਫ਼ੀਆ ਪੁਲੀਸ ਹਰਲ ਹਰਲ ਕਰਦੀ ਫਿਰਦੀ ਸੀ।

ਜੀਵਨ ਸਿੰਘ, ਅਮਰ ਸਿੰਘ ਤੇ ਗੁਲਾਬ ਕੌਰ ਨੇ ਲੁਧਿਆਣੇ ਵਿੱਚ ਹੀ ਵਿਚਾਰ ਕੀਤੀ ਕਿ ਗ਼ਦਰੀਆਂ ਦਾ ਮੁੱਖ ਖੇਤਰ ਮਾਝਾ, ਮਾਲਵਾ ਤੇ ਜਾਂ ਫਿਰ ਦੁਆਬਾ ਹੈ। ਇਸ ਸਮੇਂ ਦੁਆਬੇ ਵਿੱਚ ਜਾਣ ਦਾ ਹੀ ਮਨ ਬਣਾਇਆ। ਪਾਰਟੀ ਦੇ ਵੱਡੇ ਆਗੂ ਏਧਰਲੇ ਪਾਸੇ ਜ਼ਿਆਦਾ ਆਉਂਦੇ ਹਨ।

"ਆਪਾਂ ਪਹਿਲਾਂ ਤੇਰੇ ਪਿੰਡ ਹੀ ਚੱਲਦੇ ਆਂ।" ਜੀਵਨ ਸਿੰਘ ਨੇ ਕਿਹਾ।

"ਨਹੀਂ ਆਪਾ ਪਹਿਲਾਂ ਬੰਤਾ ਸਿੰਘ ਕੋਲ ਉਸ ਦੇ ਪਿੰਡ ਸੰਘਵਾਲ ਚੱਲੀਏ। ਉਹ ਪਾਰਟੀ ਦਾ ਸੂਝਵਾਨ ਆਗੂ ਵੀ ਹੈ। ਇਥੇ ਪਾਰਟੀ ਨਾਲ ਸੰਪਰਕ ਕਰਾਂਗੇ ਤਾਂ ਆਪੋ ਆਪਣੀ ਡਿਊਟੀ ਕਰਾਂਗੇ।" ਗੁਲਾਬ ਕੌਰ ਦੀ ਗੱਲ ਦੋਹਾਂ ਨੇ ਮੰਨ ਲਈ ਤੇ ਉਹ ਫਿਰ ਤਿੰਨੇ ਹੀ ਬੰਤਾ ਸਿੰਘ ਕੋਲ ਉਸ ਦੇ ਪਿੰਡ ਸੰਘਵਾਲ ਨੂੰ ਚੱਲ ਪਏ।

ਬਾਰਾਂ

ਬਚਦੇ ਬਚਾਉਂਦੇ ਅਮਰ ਸਿੰਘ ਕੋਟਲਾ ਨੌਧ ਸਿੰਘ, ਜੀਵਨ ਸਿੰਘ ਦੌਲਾ ਸਿੰਘ ਵਾਲਾ ਤੇ ਬੀਬੀ ਗੁਲਾਬ ਕੌਰ ਬੰਤਾ ਸਿੰਘ ਕੋਲ ਉਸ ਦੇ ਪਿੰਡ ਸੰਘਵਾਲ ਪਹੁੰਚ ਗਏ। ਬੰਤਾ ਸਿੰਘ ਬੜਾ ਸਿਆਣਾ ਤੇ ਢੂਰ ਅੰਦੇਸ਼ੀ ਆਦਮੀ ਸੀ। ਅੰਗਰੇਜ਼ੀ ਤੇ ਉਰਦੂ ਵਿਚ ਉਸ ਨੂੰ ਬੜੀ ਮੁਹਾਰਤ ਹਾਸਲ ਸੀ। ਤਿੰਨ ਗ਼ਦਰੀਆਂ ਨੂੰ ਆਪਣੇ ਘਰ ਵੇਖ ਕੇ ਬੰਤਾ ਸਿੰਘ ਨੂੰ ਤਾਂ ਚਾਅ ਹੀ ਚੜ੍ਹ ਗਿਆ।

"ਤੁਸੀਂ ਤਿੰਨ ਨਹੀਂ ਤੇਰਾਂ ਹੋ!" ਬੰਤਾ ਸਿੰਘ ਦਾ ਤਾਂ ਸੇਰ ਲਹੂ ਵਧ ਗਿਆ।

ਇਹ ਉਹ ਸਮਾਂ ਸੀ ਜਦੋਂ ਬਾਹਰਲੇ ਦੇਸ਼ਾਂ ਤੋਂ ਗ਼ਦਰੀ ਸਮੁੰਦਰੀ ਜਹਾਜ਼ਾਂ ਰਾਹੀਂ ਦੇਸ਼ ਪਹੁੰਚ ਰਹੇ ਸਨ। ਗ਼ਦਰ ਪਾਰਟੀ ਦੇ ਆਗੂ ਤੇ ਵਰਕਰ ਵੱਡੀ ਗਿਣਤੀ ਵਿੱਚ ਆ ਰਹੇ ਸਨ। ਅੰਗਰੇਜ਼ੀ ਸਰਕਾਰ ਨੂੰ ਗ਼ਦਰੀਆਂ ਦੇ ਆਉਣ ਦੀ ਪੂਰੀ ਸੂਹ ਲੱਗ ਚੁੱਕੀ ਸੀ। ਇਸੇ ਕਰਕੇ ਸਮੁੰਦਰੀ ਘਾਟਾਂ ਉੱਤੇ ਵੱਡੇ ਪੱਧਰ ਉੱਤੇ ਹਰ ਮੁਸਾਫ਼ਰ ਦੀ ਬੜੀ ਤਲਾਸ਼ੀ ਕੀਤੀ ਜਾਂਦੀ ਸੀ। ਪੰਜਾਬ ਵਿੱਚ ਸਭ ਚੌਂਕਾਂ, ਰੇਲਵੇ ਸਟੇਸ਼ਨਾਂ, ਨਹਿਰੀ ਪੁਲਾਂ ਤੇ ਟਾਂਗਿਆਂ ਦੇ ਅੱਡਿਆਂ ਉਤੇ ਪੁਲੀਸ ਦੀਆਂ ਗਾਰਦਾਂ ਲਾ ਛੱਡੀਆਂ ਸਨ। ਸਾਰੇ ਪੰਜਾਬ ਨੂੰ ਇੱਕ ਤਰ੍ਹਾਂ ਮੈਦਾਨੇ ਜੰਗ ਹੀ ਬਣਾ ਦਿੱਤਾ ਸੀ। ਇਧਰ ਗ਼ਦਰੀ ਤਾਂ ਸਿਰਾਂ ਉੱਤੇ ਕਫ਼ਨ ਬੰਨ੍ਹ ਕੇ ਆਏ ਸਨ। ਪਾਰਟੀ ਦੇ ਵੱਡੇ ਲੀਡਰ ਫੌਜੀ ਛਾਉਣੀਆਂ ਵਿੱਚ ਜਾ ਕੇ ਭਾਰਤੀ ਜਵਾਨਾਂ ਤੋਂ ਸਹਿਯੋਗ ਦੀ ਮੰਗ ਕਰ ਰਹੇ ਸਨ। ਪਰ ਫੌਜ ਵਿੱਚੋਂ ਇਹੀ ਅਵਾਜ਼ ਆ ਰਹੀ ਸੀ ਕਿ ਗ਼ਦਰੀ ਪਹਿਲਾਂ ਵੱਧ ਤੋਂ ਵੱਧ ਹਥਿਆਰ ਇਕੱਠੇ ਕਰਨ। ਉਹ ਹੀ ਪਹਿਲਾਂ ਮੈਗਜ਼ੀਨਾਂ ਉਤੇ ਹਮਲੇ ਕਰਨਗੇ ਤੇ ਭਾਰਤੀ ਫੌਜ ਉਨ੍ਹਾਂ ਦਾ ਫੇਰ ਹੀ ਸਾਥ ਦੇਵੇਗੀ। ਭਾਰਤੀ ਫੌਜੀਆਂ ਦਾ ਸੁਨੇਹਾ ਪਾਰਟੀ ਲਈ ਇੱਕ ਚੁਣੌਤੀ ਬਣ ਗਿਆ। ਪਾਰਟੀ ਨੇ ਵੀ ਫੈਸਲਾ ਲਿਆ ਕਿ ਅੰਗਰੇਜ਼ ਇਸ ਵੇਲੇ ਜੰਗ ਵਿਚ ਫਸਣ ਨਾਲ ਕਸੂਤੀ ਸਥਿੱਤੀ ਵਿੱਚ ਹਨ। ਅੰਗੇਰਜ਼ੀ ਫੌਜ ਤਾਂ ਜੰਗ ਵਿੱਚ ਚਲੀ ਗਈ ਤੇ ਛਾਉਣੀਆਂ ਵਿੱਚ ਪਿੱਛੇ ਗੋਰੇ ਸਿਪਾਹੀ ਥੋੜ੍ਹੇ ਰਹਿ ਗਏ ਹਨ। ਇਸ ਲਈ ਹਮਲਾ ਕਰਨ ਲਈ ਇਹ ਵਧੀਆ ਮੌਕਾ ਹੈ। ਸਭ ਤੋਂ ਪਹਿਲਾਂ ਲਾਹੌਰ ਦੀ ਮੀਆਂ ਮੀਰ ਵਾਲੀ ਛਾਉਣੀ ਉੱਤੇ ਅੱਖ ਆ ਗਈ। ਕਿਉਂਕਿ ਪੰਜਾਬ ਦੀਆਂ ਛਾਉਣੀਆਂ ਇਸ ਦੇ ਅੰਡਰ ਸਨ। ਇਸ ਤੋਂ ਅੱਗੇ ਫਿਰੋਜ਼ਪੁਰ ਦੀ ਛਾਉਣੀ। ਇਹ ਉਤਰੀ ਕਮਾਂਡ ਦਾ ਮੈਗਜ਼ੀਨ ਸੀ ਜਿਥੇ ਉੱਤਰੀ ਫੌਜ਼ ਲਈ ਗੋਲੀ ਸਿੱਕਾ ਰੱਖਿਆ ਜਾਂਦਾ ਸੀ। ਪਾਰਟੀ ਸਮਝਦੀ ਸੀ ਕਿ ਇਨ੍ਹਾਂ ਛਾਉਣੀਆਂ ਉੱਤੇ ਕਬਜ਼ਾ ਹੋਣ ਨਾਲ ਅੰਗਰੇਜ਼ੀ ਸਰਕਾਰ ਨੂੰ ਜ਼ਬਰਦਸਤ ਟੱਕਰ ਦਿੱਤੀ ਜਾ ਸਕਦੀ ਹੈ। ਇਸੇ ਕਰਕੇ ਫੌਜ ਨਾਲ ਸੰਪਰਕ ਕਰਨ ਲਈ ਵੱਡੇ ਆਗੂਆਂ ਦੀਆਂ ਡਿਊਟੀਆਂ ਲੱਗ ਗਈਆਂ। ਇਸੇ ਤਰ੍ਹਾਂ ਹੋਰ ਆਗੂ ਪਿੰਡਾਂ ਵਿਚ ਪ੍ਰਚਾਰ ਕਰਕੇ ਵੱਧ ਤੋਂ ਵੱਧ ਲੋਕਾਂ ਨੂੰ ਜੋੜਨ ਲੱਗੇ।

ਬੰਤਾ ਸਿੰਘ ਖੁਸ਼ ਸੀ ਕਿਉਂਕਿ ਦੁਆਬੇ ਵਿਚ ਬਹੁਤ ਸਾਰੇ ਗ਼ਦਰੀ ਪਹੁੰਚ ਚੁੱਕੇ ਸਨ ਤੇ ਹੁਣ ਤਾਂ ਗੁਲਾਬ ਕੌਰ ਦੇ ਨਾਲ ਜੀਵਨ ਸਿੰਘ ਤੇ ਅਮਰ ਸਿੰਘ ਹੋਰੀਂ ਆ ਪਹੁੰਚੇ। ਬੰਤਾ ਸਿੰਘ ਤਾਂ ਪਾਰਟੀ ਵਿੱਚ ਪਹਿਲਾਂ ਹੀ ਬਹੁਤ ਸਰਗਰਮ ਸੀ। ਪਾਰਟੀ ਦੇ ਮਾਝਾ, ਮਾਲਵਾ ਤੇ ਦੁਆਬਾ ਇਲਾਕੇ ਵਿੱਚ ਤਿੰਨ ਮੁੱਖੀ ਥਾਪ ਦਿੱਤੇ। ਦੁਆਬੇ ਵਿੱਚ ਬੰਤਾ ਸਿੰਘ ਨੂੰ ਮੁੱਖੀ ਥਾਪ ਦਿੱਤਾ। ਇਹ ਮੁੱਖੀ ਅੱਗੇ ਜਿਲ੍ਹਿਆਂ ਵਿੱਚ ਹੇਠਲੇ ਲੀਡਰਾਂ ਨਾਲ ਸੰਪਰਕ ਰੱਖਣਗੇ। ਕੇਂਦਰੀ ਕਮੇਟੀ ਦੀ ਸੂਚਨਾ

ਹੇਠਾਂ ਤੱਕ ਪਹੁੰਚਾਉਣ ਲਈ ਇੱਕ ਕੜੀ ਕਾਇਮ ਕਰ ਦਿੱਤੀ। ਪਾਰਟੀ ਦੀਆਂ ਸਰਗਰਮੀਆਂ ਵਿੱਚ ਤੇਜ਼ੀ ਆ ਗਈ ਪਰ ਪਾਰਟੀ ਨੂੰ ਭਾਰੀ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ।

ਜਿਸ ਇਲਾਕੇ ਵਿੱਚ ਜ਼ਿਆਦਾ ਗ਼ਦਰੀ ਆਏ ਸਨ ਉਥੇ ਘੋੜ ਸਵਾਰ ਪੁਲੀਸ ਦਿਨ ਰਾਤ ਚੱਕਰ ਕੱਢਦੀ ਸੀ। ਥਾਣਿਆਂ ਦੀ ਪੁਲੀਸ, ਪਿੰਡਾਂ ਦੇ ਜ਼ੈਲਦਾਰ ਤੇ ਲੰਬੜਦਾਰਾਂ ਨੂੰ ਚੌਕਸ ਕਰ ਦਿੱਤਾ ਕਿ ਉਹ ਗ਼ਦਰੀਆਂ ਉੱਤੇ ਕਰੜੀ ਨਿਗਾਹ ਰੱਖਣ। ਪਿੰਡਾਂ ਦੇ ਧਨੀ ਕਿਸਾਨ ਤੇ ਜਾਗੀਰਦਾਰ ਅੰਗਰੇਜ਼ਾ ਦੇ ਪਿੱਠੂ ਸਨ। ਇਨ੍ਹਾਂ ਨੂੰ ਦੇਸ਼ ਨਾਲ ਕੋਈ ਪਿਆਰ ਨਹੀਂ ਸੀ। ਇਹ ਭਾਰਤ ਦੀ ਅਜ਼ਾਦੀ ਨੂੰ ਕੀ ਸਮਝਦੇ ਸਨ। ਇਹ ਤਾਂ ਆਪਣੀਆਂ ਜ਼ਮੀਨਾਂ ਜਾਂ ਹੋਰ ਜਾਇਦਾਦਾਂ ਨੂੰ ਬਚਾਉਣ ਲਈ ਅੰਗਰੇਜ਼ਾਂ ਦੇ ਪਿੱਛਲੱਗ ਬਣੇ ਹੋਏ ਸਨ। ਇਹ ਗ਼ਦਰੀਆਂ ਨੂੰ ਚੋਰ ਡਾਕੂ ਸਮਝਦੇ ਸਨ। ਅੰਗਰੇਜ਼ੀ ਰਾਜ ਦੀ ਸੇਵਾ ਇਨ੍ਹਾਂ ਦਾ ਧਰਮ ਕਰਮ ਸੀ। ਗ਼ਰੀਬ ਕਿਸਾਨ ਤੇ ਆਮ ਮਜ਼ਦੂਰ ਜਾਗੀਰਦਾਰਾਂ ਦੇ ਦਾਬੇ ਹੇਠ ਸਨ। ਪੁਲੀਸ ਵੀ ਜਾਗੀਰਦਾਰਾਂ ਦੀ ਮੱਦਦ ਕਰਦੀ ਸੀ। ਪਿੰਡਾਂ ਵਿੱਚ ਜ਼ੈਲਦਾਰ ਤੇ ਲੰਬੜਦਾਰ ਆਪਣੀਆਂ ਮਨ ਮਾਨੀਆਂ ਕਰਦੇ ਸਨ। ਇਹੀ ਕਾਰਨ ਸੀ ਕਿ ਗ਼ਦਰ ਪਾਰਟੀ ਨੂੰ ਆਪਣੀਆਂ ਸਰਗਰਮੀਆਂ ਲਈ ਬਹੁਤ ਹੀ ਕਠਿਨਾਈਆਂ ਆ ਰਹੀਆਂ ਸਨ। ਪਰ ਗ਼ਦਰੀ ਤਾਂ ਦ੍ਰਿੜ ਇਰਾਦੇ ਦੇ ਮਾਲਕ ਸਨ। ਉਹ ਸਿਰਫ ਅੱਗੇ ਵਧਣਾ ਜਾਣਦੇ ਸਨ। ਢੇਰੀ ਢਾਹ ਕੇ ਬੈਠਣ ਨੂੰ ਉਨ੍ਹਾਂ ਨੇ ਆਪਣੇ ਸੁਭਾਅ ਵਿੱਚੋਂ ਖਾਰਜ ਕਰ ਦਿੱਤਾ ਸੀ। ਉਹ ਤਾਂ ਸਿਰਫ ਦੇਸ਼ ਦੀ ਅਜ਼ਾਦੀ ਵਾਸਤੇ ਮਰ ਮਿਟਣ ਲਈ ਤਿਆਰ ਸਨ। ਇਸ ਦੀ ਖਾਤਰ ਉਨ੍ਹਾਂ ਦਾ ਇੱਕੋ ਨਿਸ਼ਾਨਾ ਸੀ-ਗ਼ਦਰ। ਬੱਸ ਗ਼ਦਰ। ਇਸੇ ਕਰਕੇ ਪਾਰਟੀ ਦੇ ਆਗੂ ਤੇ ਵਰਕਰ ਆਪੋ ਆਪਣੇ ਕੰਮਾਂ ਵਿੱਚ ਜੁਟ ਗਏ। ਪਿੰਡਾਂ ਵਿੱਚ ਮੀਟਿੰਗਾਂ ਦਾ ਸਿਲਸਿਲਾ ਲਗਾਤਾਰ ਚੱਲ ਪਿਆ।

ਇੱਕ ਦਿਨ ਬੰਤਾ ਸਿੰਘ ਦੇ ਘਰ ਹੀ ਗ਼ਦਰੀਆਂ ਦੀ ਇੱਕ ਵੱਡੀ ਮੀਟਿੰਗ ਰੱਖੀ ਹੋਈ ਸੀ। ਮਿਥੇ ਹੋਏ ਸਮੇਂ ਸਭ ਗ਼ਦਰੀ ਪਹੁੰਚ ਗਏ। ਅੱਜ ਮੀਟਿੰਗ ਵਿੱਚ ਗੁਲਾਬ ਕੌਰ ਨੇ ਪਹਿਲੀ ਵਾਰ ਭਾਗ ਲੈਣਾ ਸੀ। ਇਸ ਤੋਂ ਪਹਿਲਾਂ ਮਨੀਲਾ ਵਿੱਚ ਜਾਂ ਫਿਰ ਮਨੀਲਾ ਤੋਂ ਕਲਕੱਤੇ ਤੱਕ ਸਮੁੰਦਰੀ ਸਫਰ ਦੌਰਾਨ ਗ਼ਦਰੀਆਂ ਦੇ ਭਾਸ਼ਣ ਸੁਣਦੀ ਆਈ ਸੀ। ਗ਼ਦਰ ਦੇ ਕਈ ਅੰਕ ਉਹ ਪੜ੍ਹ ਚੁੱਕੀ ਸੀ। ਉਹ ਪੂਰੀ ਤਰ੍ਹਾਂ ਦੇਸ਼ ਭਗਤੀ ਦੇ ਰੰਗ ਵਿੱਚ ਰੰਗੀ ਜਾ ਚੁੱਕੀ ਸੀ। ਮੀਟਿੰਗ ਹਾਲੇ ਸ਼ੁਰੂ ਨਹੀਂ ਸੀ ਹੋਈ ਕਿ ਬੰਤਾ ਸਿੰਘ ਦਾ ਇੱਕ ਬੜਾ ਹਮਦਰਦ ਆਦਮੀ ਉਸ ਦੇ ਘਰ ਪਹੁੰਚ ਗਿਆ। ਉਸ ਨੇ ਬੰਤਾ ਸਿੰਘ ਨੂੰ ਦੱਸਿਆ ਕਿ ਤੁਹਾਡੀ ਮੀਟਿੰਗ ਬਾਰੇ ਪੁਲੀਸ ਨੂੰ ਸੂਹ ਮਿਲ ਗਈ ਹੈ। ਛੇਤੀ ਹੀ ਛਾਪਾ ਪੈਣ ਵਾਲਾ ਹੈ। ਛੇਤੀ ਛੇਤੀ ਆਪਣਾ ਬੰਦੋਬਸਤ ਕਰ ਲਉ। ਉਹ ਬੰਦਾ ਤਾਂ ਇਤਲਾਹ ਦੇ ਕੇ ਤੇਜ਼ੀ ਨਾਲ ਘਰੋਂ ਖਿਸਕ ਗਿਆ। ਇਧਰ ਸਾਰੇ ਗ਼ਦਰੀਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਬੰਤਾ ਸਿੰਘ ਝੱਟ ਗੁਲਾਬ ਕੌਰ ਵੱਲ ਝਾਕਿਆ।

"ਵੀਰਾ, ਤੁਸੀਂ ਮੇਰਾ ਨਾ ਫਿਕਰ ਕਰੋ। ਕਿਸੇ ਨੇ ਵੀ ਪੁਲੀਸ ਦੇ ਹੱਥ ਨਹੀਂ ਆਉਣਾ। ਨਹੀਂ ਤਾਂ ਸਾਰੇ ਮਾਰੇ ਜਾਵਾਂਗੇ। ਬੱਸ ਤੁਸੀਂ ਏਥੋਂ ਭੱਜਣ ਦੀ ਕਰੋ!" ਗੁਲਾਬ ਕੌਰ ਨੇ ਹੁਸ਼ਿਆਰੀ ਵਰਤਦਿਆਂ ਕਿਹਾ।

"ਪਰ ਭੈਣੇ ਤੂੰ?" ਅਮਰ ਸਿੰਘ ਬੋਲਿਆ।

"ਮੇਰੀ ਪਰਵਾਹ ਨਾ ਕਰੋ। ਮੈਂ ਜਾਣਾ ਤੇ ਮੇਰਾ ਕੰਮ ਜਾਣੇ। ਹੁਣ ਗੱਲਾਂ ਕਰਨ ਦਾ ਵੇਲਾ ਨਹੀਂ। ਬੱਸ ਭੱਜਣ ਦੀ ਕਰੋ!" ਗੁਲਾਬ ਕੌਰ ਉਨ੍ਹਾਂ ਨੂੰ ਉਥੋਂ ਛੇਤੀ ਆਸੇ ਪਾਸੇ ਹੋ ਜਾਣ ਲਈ ਕਹਿ ਰਹੀ ਸੀ। ਬੱਸ ਅਗਲੇ ਪਲ ਸਾਰੇ ਗ਼ਦਰੀ ਉਥੋਂ ਚੌਕਸੀ ਵਰਤਦੇ ਖਿੰਡ ਗਏ।

ਗੁਲਾਬ ਕੌਰ ਘਬਰਾਈ ਨਹੀਂ ਪਰ ਫਿਰ ਵੀ ਉਸ ਨੂੰ ਹੱਥਾਂ ਪੈਰਾਂ ਦੀ ਪੈ ਗਈ। ਸਾਰੇ ਗ਼ਦਰੀ ਆਪਣੇ ਗੁਪਤ ਕਾਰਜ਼ ਪੱਤਰ ਉਥੇ ਹੀ ਛੱਡ ਗਏ। ਕਈਆਂ ਦਾ ਅਸਲਾ ਉਥੇ ਰਹਿ ਗਿਆ। ਗੁਲਾਬ ਕੌਰ ਨੇ ਹੁਸ਼ਿਆਰੀ ਵਰਤੀ। ਛੇਤੀ ਨਾਲ ਉਹ ਨਿੱਕੀ ਟੋਕਰੀ ਚੁੱਕ ਲਿਆਈ। ਸਾਰੇ ਹਥਿਆਰ ਚੁੱਕ ਕੇ ਉਸ ਨੇ ਇੱਕ ਕੱਪੜੇ ਵਿੱਚ ਲਪੇਟੇ। ਕੱਪੜਿਆਂ ਦੀਆਂ ਇਹ ਪੋਟਲੀਆਂ ਟੋਕਰੀ ਵਿੱਚ ਰੱਖ ਦਿੱਤੀਆਂ। ਕਈ ਕੌਲੀਆਂ ਤੇ ਗਿਲਾਸ ਟੋਕਰੀ ਵਿੱਚ ਰੱਖੇ। ਇੱਕ ਮੱਘਾ ਪਾਣੀ ਦਾ ਭਰ ਕੇ ਟੋਕਰੀ ਵਿਚ ਟਿਕਾ ਲਿਆ। ਸਾਰੇ ਸਮਾਨ ਉਤੇ ਇੱਕ ਕੱਪੜਾ ਦੇ ਦਿੱਤਾ। ਉਹ ਅਕਸਰ ਹੀ ਆਪਣੇ ਘਰ ਵਾਲੇ ਦੀ ਰੋਟੀ ਲੈ ਕੇ ਖੇਤ ਨੂੰ ਜਾਇਆ ਕਰਦੀ ਸੀ। ਉਸ ਨੂੰ ਪਤਾ ਸੀ ਕਿ ਖੇਤ ਰੋਟੀ ਕਿਵੇਂ ਲਿਜਾਣੀ ਪੈਂਦੀ ਹੈ।

ਗੁਲਾਬ ਕੌਰ ਵੇਖਣ ਨੂੰ ਇੱਕ ਸਿੱਧੀ ਪੇਂਡੂ ਔਰਤ ਹੀ ਜਾਪਦੀ ਸੀ। ਉਸ ਦਾ ਪਹਿਰਾਵਾ ਵੀ ਸਾਦਾ ਹੀ ਹੁੰਦਾ। ਉਸ ਨੇ ਲੰਮਾ ਘੁੰਡ ਕੱਢ ਕੇ ਸਮਾਨ ਵਾਲੀ ਟੋਕਰੀ ਸਿਰ ਉੱਤੇ ਰੱਖੀ ਤੇ ਖੇਤਾਂ ਨੂੰ ਰੋਟੀ ਲੈ ਕੇ ਜਾਣ ਦੇ ਬਹਾਨੇ ਘਰੋਂ ਤੁਰ ਪਈ। ਉਹ ਅਰਾਮ ਨਾਲ ਚੱਲ ਰਹੀ ਸੀ। ਉਸ ਦੇ ਪੈਰ ਜਰਾ ਵੀ ਨਹੀਂ ਸਨ ਥਿੜਕਦੇ ਪਰ ਉਹ ਘੁੰਡ ਵਿੱਚੋਂ ਹੁਸ਼ਿਆਰੀ ਨਾਲ ਝਾਕਦੀ ਚੁੱਪ ਚਾਪ ਤੁਰਦੀ ਜਾ ਰਹੀ ਸੀ। ਹਾਲੇ ਤਾਂ ਉਹ ਪਿੰਡੋਂ ਬਾਹਰ ਆਈ ਹੀ ਸੀ ਕਿ ਸਾਹਮਣੇ ਤੋਂ ਪੁਲੀਸ ਆ ਰਹੀ ਸੀ। ਘੋੜ ਸਵਾਰ ਤੇਜ਼ੀ ਨਾਲ ਆ ਰਹੇ ਸਨ। ਗੁਲਾਬ ਕੌਰ ਜਰਾ ਵੀ ਨਾ ਘਬਰਾਈ। ਉਹ ਉਸੇ ਰਾਹ ਘੁੰਡ ਕੱਢੀ ਤੁਰੀ ਜਾ ਰਹੀ ਸੀ। ਪੁਲੀਸ ਵਾਲਿਆਂ ਨੇ ਉਸ ਵੱਲ ਮੂੰਹ ਵੀ ਨਾ ਕੀਤਾ। ਉਹ ਸ਼ਾਇਦ ਸੋਚਦੇ ਹੋਣ ਕਿ ਕੋਈ ਖੇਤ ਰੋਟੀ ਲੈ ਕੇ ਜਾ ਰਹੀ ਹੈ। ਗੁਲਾਬ ਕੌਰ ਅੱਗੇ ਵੱਧਦੀ ਗਈ। ਉਸ ਨੂੰ ਬੰਤਾ ਸਿੰਘ ਦੇ ਖੇਤ ਬੰਨੇ ਦਾ ਪਤਾ ਸੀ। ਉਹ ਰਾਹ ਛੱਡ ਕੇ ਉਧਰ ਨੂੰ ਇੱਕ ਡੰਡੀ ਹੋ ਤੁਰੀ। ਹੁਣ ਉਹ ਬਿਲਕੁੱਲ ਨਿਸਚਿੰਤ ਸੀ। ਅੱਜ ਉਹ ਬਹੁਤ ਖੁਸ਼ ਸੀ ਕਿ ਉਸ ਨੇ ਆਪਣੇ ਵੀਰਾਂ ਦੀ ਕੁੱਝ ਸਹਾਇਤਾ ਕੀਤੀ ਹੈ।

ਹਨ੍ਹੇਰਾ ਹੋਏ ਤੋਂ ਬੰਤਾ ਸਿੰਘ ਘਰ ਮੁੜਿਆ। ਉਹ ਗੁਲਾਬ ਕੌਰ ਦੀ ਦਲੇਰੀ ਵੇਖ ਕੇ ਹੈਰਾਨ ਰਹਿ ਗਿਆ। ਸਾਰੇ ਹਥਿਆਰ ਤੇ ਗੁਪਤ ਕਾਗਜ਼ ਗੁਲਾਬ ਕੌਰ ਨੇ ਸੰਭਾਲ ਕੇ ਸਭ ਨੂੰ ਬਚਾਅ ਵੀ ਲਿਆ। ਬੰਤਾ ਸਿੰਘ ਸੋਚ ਰਿਹਾ ਸੀ ਕਿ ਇਹ ਕੁੜੀ ਤਾਂ ਪਾਰਟੀ ਲਈ ਬਹੁਤ ਕੁੱਝ ਕਰ ਸਕਦੀ ਹੈ। ਇਸ ਤੋਂ ਨਿੱਡਰ ਤੇ ਸਿਆਣੀ ਕੁੜੀ ਹੋਰ ਕਿਥੋਂ ਮਿਲੇਗੀ।

"ਭੈਣ ਮੇਰੀਏ ਅਸੀਂ ਤੈਨੂੰ ਇਧਰ ਹੀ ਰੱਖਾਂਗੇ ਤੇ ਕਿਸੇ ਪਾਸੇ ਨਹੀਂ ਜਾਣ ਦਿਆਂਗੇ।" ਬੰਤਾ ਸਿੰਘ ਨੇ ਅਪੱਣਤ ਵਿਖਾਈ।

"ਵੀਰਾ, ਮੈਂ ਤਾਂ ਦੇਸ਼ ਦੀ ਅਜ਼ਾਦੀ ਦੀ ਖਾਤਰ ਕੰਮ ਕਰਨ ਵਾਸਤੇ ਘਰ ਬਾਰ ਛੱਡ ਕੇ ਆਈ ਆਂ। ਮੇਰੀ ਜਿਥੇ ਵੀ ਮਰਜ਼ੀ ਡਿਊਟੀ ਲਾ ਦਿਉ। ਬੱਸ ਮੈਂ ਤਾਂ ਖੁਸ਼ ਆਂ" ਗੁਲਾਬ ਕੌਰ ਨੇ ਪੂਰਾ ਭਰੋਸਾ ਪਰਗਟ ਕੀਤਾ।

ਅਗਲੇ ਦਿਨ ਜੀਵਨ ਸਿੰਘ ਤੇ ਅਮਰ ਸਿੰਘ ਆ ਗਏ। ਕੱਲ੍ਹ ਵਾਲੀ ਘਟਨਾ ਦੀ ਚਰਚਾ ਕਰਦੇ ਰਹੇ ਤੇ ਗੁਲਾਬ ਕੌਰ ਦੀ ਦਲੇਰੀ ਦੀ ਪ੍ਰਸੰਸਾ ਕਰਦੇ ਰਹੇ। ਫਿਰ ਬੰਤਾ ਸਿੰਘ ਕਹਿਣ ਲੱਗਾ, "ਅਮਰ ਸਿੰਹਾਂ, ਮੇਰੀ ਸਲਾਹ ਹੈ ਕਿ ਬੀਬੀ ਗੁਲਾਬ ਕੌਰ ਨੂੰ ਅਸੀਂ ਆਪਣੇ ਇਲਾਕੇ ਵਿੱਚ ਹੀ ਰੱਖੀਏ। ਮੈਂ ਚਾਹੁੰਦਾ ਹਾਂ ਕਿ ਇਹ ਦੋਵੇਂ ਤੁਹਾਡੇ ਕੋਲ ਹੀ ਰਹਿ ਪੈਣ।"

"ਇਸ ਤੋਂ ਚੰਗੀ ਗੱਲ ਹੋਰ ਕੀ ਹੋ ਸਕਦੀ ਐ।" ਅਮਰ ਸਿੰਘ ਨੇ ਖੁਸ਼ੀ ਜ਼ਾਹਰ ਕੀਤੀ। ਫਿਰ ਅਮਰ ਸਿੰਘ, ਜ਼ੀਵਨ ਸਿੰਘ ਤੇ ਗੁਲਾਬ ਕੌਰ ਕੋਟਲਾ ਨੌਧ ਸਿੰਘ ਵੱਲ ਚੱਲ ਪਏ।

ਤੇਰਾਂ

ਮੌਸਮ ਬਦਲੀ ਹੋਣ ਨਾਲ ਮਿੱਠੀ ਮਿੱਠੀ ਠੰਢ ਉੱਤਰ ਆਈ। ਦਿਨਾਂ ਵਿਚ ਹੀ ਫਰਕ ਪੈ ਗਿਆ ਸੀ। ਅਮਰ ਸਿੰਘ ਪਿੰਡ ਸੰਘਵਾਲ ਤੋਂ ਆਪਣੇ ਪਿੰਡ ਕੋਟਲਾ ਨੌਧ ਸਿੰਘ ਪਹੁੰਚਿਆ ਤਾਂ ਦਿਨ ਛੁਪਣ ਵਾਲਾ ਸੀ। ਉਸ ਦੇ ਨਾਲ ਆਏ ਜੀਵਨ ਸਿੰਘ ਤੇ ਗੁਲਾਬ ਕੌਰ ਨੂੰ ਵੇਖ ਕੇ ਘਰ ਦੇ ਜੀਅ ਬਹੁਤਾ ਹੈਰਾਨ ਨਹੀਂ ਹੋਏ ਕਿਉਂ ਕਿ ਅਮਰ ਸਿੰਘ ਜਦੋਂ ਦਾ ਬਾਹਰਲੇ ਦੇਸ਼ ਤੋਂ ਵਾਪਸ ਮੁੜਿਆ ਸੀ। ਉਹ ਗ਼ਦਰ ਪਾਰਟੀ ਦਾ ਪੂਰਾ ਸਰਗਰਮ ਮੈਂਬਰ ਬਣ ਗਿਆ ਸੀ। ਉਹ ਦੂਜੇ ਤੀਜੇ ਕਿਸੇ ਪਾਸੇ ਤੁਰਿਆ ਰਹਿੰਦਾ ਤੇ ਉਸ ਕੋਲ ਵੀ ਕੋਈ ਨਾ ਕੋਈ ਆਇਆ ਰਹਿੰਦਾ। ਘਰ ਦੇ ਕੰਮਾਂ ਦਾ ਤਾਂ ਉਸ ਨੂੰ ਕੋਈ ਫਿਕਰ ਨਹੀਂ ਸੀ। ਕਈ ਵਾਰ ਤਾਂ ਉਹ ਕਈ ਕਈ ਦਿਨ ਘਰ ਨਾ ਮੁੜਦਾ। ਘਰ ਦੇ ਉਸ ਨੂੰ ਵੱਡੀ ਰਾਤ ਤੱਕ ਉਡੀਕਦੇ। ਅੱਜ ਤਾਂ ਸਵੱਖਤੇ ਹੀ ਘਰ ਮੁੜਿਆ ਵੇਖ ਕੇ ਅਮਰ ਸਿੰਘ ਦੀ ਚਾਚੀ ਇੰਦਰ ਕੌਰ ਕਹਿਣ ਲੱਗੀ, "ਸ਼ੁਕਰ ਹੈ ਅੱਜ ਵੇਲ਼ੇ ਨਾਲ ਹੀ ਘਰ ਆ ਗਿਐ!"

"ਚਾਚੀ, ਇਹ ਐ ਮੇਰੀ ਪਿਆਰੀ ਭੈਣ ਗੁਲਾਬ ਕੌਰ ਤੇ ਇਹ ਇਸ ਦਾ ਘਰ ਵਾਲਾ ਜੀਵਨ ਸਿੰਘ"। ਅਮਰ ਸਿੰਘ ਨੇ ਗੁਲਾਬ ਕੌਰ ਤੇ ਜੀਵਨ ਸਿੰਘ ਦੀ ਜਾਣ ਪਹਿਚਾਣ ਕਰਵਾਈ।

ਇੰਦਰ ਕੌਰ ਝੱਟ ਗੁਲਾਬ ਕੌਰ ਨੂੰ ਨਾਲ ਦੇ ਕਮਰੇ ਵਿੱਚ ਲੈ ਗਈ। ਜੀਵਨ ਸਿੰਘ ਤੇ ਅਮਰ ਸਿੰਘ ਬਾਹਰ ਹੀ ਮੰਜੇ ਉੱਤੇ ਬੈਠ ਗਏ। ਅਮਰ ਸਿੰਘ ਦੀਆਂ ਦੋਵੇਂ ਭਰਜਾਈਆਂ ਦਿਆਲੀ ਤੇ ਨਿਹਾਲੀ ਗੁਲਾਬ ਕੌਰ ਦੇ ਕੋਲ ਆ ਕੇ ਬੈਠ ਗਈਆਂ। ਕੁੱਝ ਚਿਰ ਬਾਅਦ ਚਾਚੀ ਕਹਿਣ ਲੱਗੀ,

"ਕੁੜੇ ਬੀਬੀ ਥੱਕੀ ਆਈ ਹੋਊਗੀ। ਇੱਕ ਜਣੀ ਚਾਹ ਬਣਾਉ।"

"ਨਹੀਂ ਬੀਬੀ ਜੀ ਕੋਈ ਲੋੜ ਨਹੀਂ!" ਗੁਲਾਬ ਕੌਰ ਹੌਲੀ ਜਿਹੀ ਬੋਲੀ।

"ਨਾ ਧੀਏ। ਲੋੜ ਕਿਉਂ ਨਹੀਂ। ਸੁੱਖ ਨਾਲ ਦੁੱਧ ਬਾਧ ਘਰ ਹੈਗਾ!" ਚਾਚੀ ਨੇ ਬੜੇ ਪਿਆਰ ਨਾਲ ਕਿਹਾ। ਅਮਰ ਸਿੰਘ ਦੇ ਘਰ ਪਿਛਲੇ ਕੁੱਝ ਸਾਲਾਂ ਤੋਂ ਆਥਣ ਸਵੇਰ ਚਾਹ ਬਣਨ ਲੱਗ ਪਈ ਸੀ। ਉਂਜ ਆਏ ਗਏ ਨੂੰ ਉਹ ਜ਼ਿਆਦਾ ਕਾੜ੍ਹਨੀ ਦਾ ਦੁੱਧ ਹੀ ਕੱਢ ਕੇ ਦਿੰਦੇ ਸਨ। ਸਵੇਰ ਵੇਲੇ ਲੱਸੀ ਦੀ ਹੀ ਵਰਤੋਂ ਹੁੰਦੀ। ਚਾਚੀ ਦੇ ਕਹਿਣ ਦੀ ਦੇਰ ਸੀ ਕਿ ਦਿਆਲੀ ਝੱਟ ਚੌਂਕੇ ਵੱਲ ਚਲੀ ਗਈ। ਨਿਹਾਲੀ ਵੀ ਉਠ ਕੇ ਆਪਣੇ ਕੰਮ ਲੱਗ ਗਈ।

ਕੁੱਝ ਚਿਰ ਬਾਅਦ ਦਿਆਲੀ ਪਿੱਤਲ ਦੇ ਦੋ ਗਿਲਾਸਾਂ ਵਿੱਚ ਚਾਹ ਲੈ ਆਈ। ਚਾਚੀ ਇੱਕ ਗਿਲਾਸ ਗੁਲਾਬ ਕੌਰ ਨੂੰ ਫੜ੍ਹਾ ਕੇ ਆਪ ਵੀ ਚਾਹ ਪੀਣ ਲੱਗੀ। ਗੁਲਾਬ ਕੌਰ ਵੀ ਚਾਹ ਪੀਣ ਲੱਗੀ। ਗੁੜ ਦੀ ਚਾਹ ਉਸ ਨੂੰ ਬਹੁਤ ਚੰਗੀ ਲੱਗੀ।

"ਧੀਏ ਤੇਰਾ ਪਿੰਡ ਕਿਹੜਾ?" ਚਾਚੀ ਨੇ ਅਚਾਨਕ ਹੀ ਪੁੱਛ ਲਿਆ। ਗੁਲਾਬ ਕੌਰ ਨੂੰ ਚਾਹ ਪੀਣੀ ਭੁੱਲ ਗਈ। ਮੈਂ ਆਪਣਾ ਕਿਹੜਾ ਪਿੰਡ ਦੱਸਾਂ। ਮੇਰੇ ਤਾਂ ਨਾ ਪੇਕੇ ਤੇ ਨਾ ਸਹੁਰੇ! ਮੈਂ ਤਾਂ ਉਸ ਪਾਸੇ ਜਾਣ ਜੋਗੀ ਵੀ ਨਹੀਂ। ਚਲੋ ਮੈਂ ਤਾਂ ਜਾ ਵੀ ਸਕਦੀ ਆਂ ਪਰ ਉਧਰ ਮੇਰਾ ਕੋਈ ਸਾਥ ਦੇਣ ਵਾਲਾ ਵੀ ਹੋਵੇ। ਫਿਰ ਕੁੱਝ ਸੋਚ ਕੇ ਗੁਲਾਬ ਕੌਰ ਕਹਿਣ ਲੱਗੀ, "ਬੀਬੀ ਜੀ ਜੇ ਤੂੰ ਸੱਚ ਪੁਛਦੀ ਐਂ ਤਾਂ ਨਾ ਮੇਰਾ ਕੋਈ ਪੇਕਾ ਨਾ ਸਹੁਰਾ!"

"ਬੀਬੀ ਇਹ ਤੂੰ ਕੀ ਕਿਹਾ?" ਚਾਚੀ ਬੜੀ ਹੈਰਾਨ ਹੋਈ।

"ਮੈਂ ਠੀਕ ਕਹਿ ਰਹੀ ਆਂ ਬੀਬੀ!" ਗੁਲਾਬ ਕੌਰ ਕੁੱਝ ਭਾਵੁਕ ਹੋ ਗਈ।

"ਧੀਏ ਮੈਨੂੰ ਤੇਰੀ ਗੱਲ ਦੀ ਕੋਈ ਸਮਝ ਨਹੀਂ ਪਈ!"

ਕੁੱਝ ਚਿਰ ਗੁਲਾਬ ਕੌਰ ਚੁੱਪ ਹੀ ਰਹੀ। ਅਸਲ ਵਿੱਚ ਉਸ ਨੂੰ ਆਪਣੇ ਘਰ ਵਾਲਾ ਮਾਨ ਸਿੰਘ ਯਾਦ ਆ ਗਿਆ। ਮਨੀਲਾ ਤੋਂ ਦੇਸ਼ ਪਰਤਣ ਲਈ ਉਨ੍ਹਾਂ ਇਕੱਠਿਆਂ ਹੀ ਜਹਾਜ਼ ਫੜਨਾ ਸੀ ਪਰ ਉਸ ਦਾ ਦਿਲ ਡੋਲ ਗਿਆ ਕਿ ਗ਼ਦਰ ਪਾਰਟੀ ਨਾਲ ਜੁੜ ਕੇ ਉਹ ਤਾਂ ਆਪਣਾ ਜੀਵਨ ਬਰਬਾਦ ਕਰ ਲਵੇਗਾ। ਉਹ ਤਾਂ ਅੱਗੇ ਅਮਰੀਕਾ ਜਾਣ ਦੀ ਤਿਆਰੀ ਕਰ ਰਿਹਾ ਸੀ ਤੇ ਇਧਰ ਗੁਲਾਬ ਕੌਰ ਦੇਸ਼ ਭਗਤੀ ਦੇ ਰੰਗ ਵਿੱਚ ਪੂਰੀ ਤਰ੍ਹਾਂ ਰੰਗੀ ਗਈ ਤੇ ਗ਼ਦਰੀ ਵੀਰਾਂ ਦੇ ਨਾਲ ਰਲ਼ ਕੇ ਅਜ਼ਾਦੀ ਦੀ ਲੜਾਈ ਲੜਨ ਲਈ ਮੈਦਾਨ ਵਿੱਚ ਕੁੱਦ ਪਈ। ਆਪਣਾ ਘਰ ਬਾਰ ਤਿਆਗ ਦਿੱਤਾ ਤੇ ਜੀਵਨ ਸਿੰਘ ਨੂੰ ਆਪਣਾ ਫਰਜ਼ੀ ਪਤੀ ਬਣਾ ਕੇ ਬਚਦੀ ਹੋਈ ਕੋਟਲਾ ਨੌਧ ਸਿੰਘ ਪੁੱਜ ਗਈ। ਚਾਚੀ ਗੁਲਾਬ ਕੌਰ ਵੱਲ ਡੂੰਘਾ-ਡੂੰਘਾ ਵੇਖ ਰਹੀ ਸੀ। ਕੁੜੀ ਹੱਦ ਦਰਜੇ ਦੀ ਭੋਲ਼ੀ ਤੇ ਸਾਊ ਲੱਗ ਰਹੀ ਸੀ। ਫਿਰ ਗੁਲਾਬ ਕੌਰ ਕਹਿਣ ਲੱਗੀ, "ਬੀਬੀ ਜੀ ਤੂੰ ਮੇਰੀ ਮਾਂ ਵਰਗੀ ਐਂ। ਧੀ ਆਪਣੀ ਮਾਂ ਤੋਂ ਭਲਾ ਕੀ ਪੜਦਾ ਰੱਖੂਗੀ। ਲੈ ਸੁਣ ਮੈਂ ਮਨੀਲਾ ਤੋਂ ਆਈ ਆਂ। ਘਰੋਂ ਤਾਂ ਕਮਾਈ ਕਰਨ ਗਏ ਸੀ। ਸੋਚਿਆ ਬਾਹਰ ਜਾ ਕੇ ਘਰ ਦੀ ਹਾਲਤ ਸੁਧਾਰ ਲਵਾਂਗੇ।"

"ਇਹ ਗੱਲ ਤਾਂ ਪੁੱਤ ਠੀਕ ਐ। ਘਰ ਵਿੱਚ ਤੰਗੀ ਨਾ ਹੋਵੇ ਤਾਂ ਫਿਰ ਬਾਹਰ ਜਾ ਕੇ ਭਲਾ ਕੀ ਲੈਣਾ। ਅਮਰ ਸਿੰਘ ਵੀ ਤਾਂ ਬਾਹਰ ਗਿਆ ਸੀ।" ਚਾਚੀ ਆਪ ਮੁਹਾਰੇ ਬੋਲ ਪਈ।

ਗੁਲਾਬ ਕੌਰ ਆਪਣੀ ਗੱਲ ਕਰਦੀ ਗਈ, "ਬਾਹਰ ਜਾ ਕੇ ਹੀ ਪਤਾ ਲੱਗਾ ਕਿ ਸਾਡਾ ਦੇਸ਼ ਤਾਂ ਅੰਗਰੇਜ਼ਾਂ ਦਾ ਗੁਲਾਮ ਐ। ਸਾਡੇ ਲੋਕਾਂ ਦੀ ਕੋਈ ਜੂਨ ਨਹੀਂ। ਏਥੇ ਕੋਈ ਨਹੀਂ ਪੁੱਛਦਾ। ਜ਼ਮੀਨਾਂ ਦੱਸੋ ਕੀ ਦਿੰਦੀਆਂ? ਮਾਲੀਆ ਨਹੀਂ ਦੇ ਹੁੰਦਾ। ਲੋਕਾਂ ਕੋਲ ਕਰਨ ਨੂੰ ਕੰਮ ਹੀ ਕੋਈ ਨਹੀਂ। ਲੋਕ ਤਾਂ ਦਾਣੇ-ਦਾਣੇ ਨੂੰ ਤਰਸ ਰਹੇ ਐ। ਕਹਿੰਦੇ ਲੱਖਾਂ ਬੰਦੇ ਭੁੱਖ ਦੇਖੋ ਨਾਲ ਮਰ ਗਏ। ਉਸ ਤੋਂ ਬਹੁਤੇ ਬਿਮਾਰੀਆਂ ਨਾਲ ਮਰ ਗਏ। ਬਾਹਰਲੇ ਦੇਸ਼ਾਂ ਵਿੱਚ ਕੰਮ ਕਰਕੇ ਤਾਂ ਬੰਦਾ ਰੋਟੀ ਖਾ ਲਊਗਾ। ਏਥੇ ਉਹ ਵੀ ਹੈ ਨਹੀਂ।

"ਸੱਚੀ ਗੱਲ ਐ ਧੀਏ!" ਚਾਚੀ ਦੀ ਅਵਾਜ਼ ਆਈ। ਇਧਰ ਗੁਲਾਬ ਕੌਰ ਬਿਨਾਂ ਰੁਕੇ ਆਪਣੀ ਗੱਲ ਕਰਦੀ ਗਈ, "ਬੀਬੀ ਜੀ, ਸਭ ਤੋਂ ਵੱਡੀ ਗੱਲ ਐ ਕਿ ਅੰਗਰੇਜ਼ ਸਾਡੇ ਦੇਸ਼ ਦਾ ਸਭ ਮਾਲ ਵਲਾਇਤ ਨੂੰ ਲਈ ਜਾਂਦੇ ਐ। ਸਾਡਾ ਦੇਸ਼ ਤਾਂ ਕੰਗਾਲ ਹੋ ਗਿਆ। ਇੱਕ ਪਾਸੇ ਜੰਗ ਲੱਗੀ ਐ। ਹੁਣ ਸਾਡੇ ਪਿੰਡਾਂ ਦੇ ਮੁੰਡਿਆਂ ਨੂੰ ਫੌਜ ਵਿੱਚ ਭਰਤੀ ਕਰ ਰਹੇ ਐ। ਇਹ ਭਰਤੀ ਕੀਤੇ ਮੁੰਡੇ ਅੰਗਰੇਜ਼ ਜੰਗ ਵਿੱਚ ਝੋਕ ਦੇਣਗੇ। ਸਾਡੇ ਮੁੰਡੇ ਮਰਨ ਖਪਣ। ਜਿਧਰ ਮਰਜੀ ਜਾਣ। ਅੰਗਰੇਜ਼ਾਂ ਨੂੰ ਕੀ। ਮਰਦੇ ਐ ਤਾਂ ਸਾਡੇ ਮੁੰਡੇ ਮਰਦੇ ਐ। ਜੇ ਜਿੱਤ ਗਏ ਤਾਂ ਅੰਗਰੇਜ਼ ਜਿੱਤ ਗਏ। ਸਾਨੂੰ ਤਾਂ ਕੁੱਝ ਵੀ ਨਹੀਂ ਮਿਲਣਾ।"

ਚਾਚੀ ਇੰਦਰ ਕੌਰ ਤਾਂ ਗੁਲਾਬ ਕੌਰ ਦੀਆਂ ਗੱਲਾਂ ਸੁਣ-ਸੁਣ ਹੈਰਾਨ ਰਹਿ ਗਈ। ਉਸ ਨੂੰ ਇਹ ਤਾਂ ਪਤਾ ਸੀ ਕਿ ਅਮਰ ਸਿੰਘ ਗ਼ਦਰ ਪਾਰਟੀ ਵਿੱਚ ਕੰਮ ਕਰ ਰਿਹੈ, ਪਰ ਇਸ ਤਰ੍ਹਾਂ ਦੀਆਂ ਗੱਲਾਂ ਉਸ ਨੇ ਘਰ ਵਿੱਚ ਕਦੇ ਨਹੀਂ ਸਨ ਕੀਤੀਆਂ। ਚਾਚੀ ਨੂੰ ਚਾਹ ਪੀਣੀ ਭੁੱਲ ਗਈ ਤੇ ਉਹ ਚੁੱਪ ਚਾਪ ਗੁਲਾਬ ਕੌਰ ਨੂੰ ਗੱਲਾਂ ਕਰਦਿਆਂ ਸੁਣ ਰਹੀ ਸੀ।

"ਸਾਡੇ ਵੀਰਾਂ ਨੇ ਇਕੱਠੇ ਹੋ ਕੇ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਇੱਕ ਬੜਾ ਵੱਡਾ ਪ੍ਰੋਗਰਾਮ ਬਣਾਇਆ ਕਿ ਪਹਿਲਾਂ ਲੋਕਾਂ ਨੂੰ ਦੇਸ਼ ਦੀ ਗੁਲਾਮੀ ਦਾ ਅਹਿਸਾਸ ਕਰਵਾਇਆ ਜਾਵੇ। ਪਾਰਟੀ ਦੇ ਨਾਲ ਜੋੜਿਆ ਜਾਵੇ। ਅਸੀਂ ਇੱਕ ਦਿਨ ਸਭ ਇਕੱਠੇ ਹੋ ਕੇ ਇੱਕ ਦਿਨ

ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਕੱਢ ਦਿਆਂਗੇ। ਏਥੇ ਸਾਡਾ ਰਾਜ ਹੋਵਗਾ। ਸਾਡੀ ਸਰਕਾਰ ਹੋਵੇਗੀ।"

"ਪੁੱਤ, ਤੈਨੂੰ ਮੈਂ ਇਕ ਹੋਰ ਗੱਲ ਦੱਸਦੀਆਂ। ਸਾਡੇ ਪਿੰਡ ਵਿੱਚ ਕਈ ਬੰਦੇ ਐਹੋ ਜਿਹੇ ਐ ਜਿਹੜੇ ਅੰਗਰੇਜ਼ਾਂ ਨੂੰ ਸਲਾਹੁੰਦੇ ਨਹੀਂ ਥੱਕਦੇ। ਜੇ ਪਿੰਡ ਵਿੱਚ ਕੋਈ ਗੱਲ ਹੁੰਦੀ ਐ ਤਾਂ ਇਹ ਝੱਟ ਠਾਣੇ ਰਪਟ ਦੇ ਆਉਂਦੇ ਐ।"

"ਬੀਬੀ ਜੀ ਤੁਸੀਂ ਘਬਰਾਉ ਨਾ। ਅੰਗਰੇਜ਼ਾਂ ਦੇ ਪਿੱਠੂ ਹਰ ਥਾਂ ਬੈਠੇ ਐ। ਅਸੀਂ ਇਨ੍ਹਾਂ ਨਾਲ ਵੀ ਸਿੰਝ ਲਵਾਂਗੇ। ਹੁਣ ਤੈਨੂੰ ਇੱਕ ਆਖਰੀ ਗੱਲ ਦੱਸਦੀ ਆਂ ਬੀਬੀ ਕਿ ਮੇਰਾ ਤਾਂ ਕੋਈ ਟਿਕਾਣਾ ਨਹੀਂ। ਜਿਥੇ ਦੋ ਫੁਲਕੇ ਮਿਲੇ ਤਾਂ ਛਕ ਲਏ ਪਰ ਪੰਜਾਬ ਦਾ ਹਰ ਪਿੰਡ ਮੇਰਾ ਪਿੰਡ ਐ। ਪੰਜਾਬ ਦਾ ਹਰ ਨੌਜਵਾਨ ਮੇਰਾ ਵੀਰ ਐ। ਸਭ ਕੁੜੀਆਂ ਮੇਰੀਆਂ ਸਹੇਲੀਆਂ, ਮੇਰੀਆਂ ਭੈਣਾਂ। ਮੈਂ ਕੇਵਲ ਦੇਸ਼ ਦੀ ਅਜ਼ਾਦੀ ਲਈ ਕੰਮ ਕਰਾਂਗੀ। ਦੇਸ਼ ਲਈ ਮਰਾਂਗੀ। ਮੇਰੀ ਪਾਰਟੀ ਜਿਥੇ ਵੀ ਮੇਰੀ ਡਿਊਟੀ ਲਾਊਗੀ ਮੈਂ ਉਥੇ ਹੀ ਆਪਣੀ ਡਿਊਟੀ ਨਿਭਾਵਾਂਗੀ।"

ਚਾਚੀ ਇੰਦਰ ਕੌਰ ਨੇ ਉਠ ਕੇ ਗੁਲਾਬ ਕੌਰ ਨੂੰ ਆਪਣੀ ਬੁੱਕਲ ਵਿੱਚ ਲੈ ਲਿਆ। ਉਹ ਗੁਲਾਬ ਕੌਰ ਦੀਆਂ ਗੱਲਾਂ ਸੁਣ ਕੇ ਉਸੇ ਦੇ ਵਹਿਣਾਂ ਵਿੱਚ ਵਹਿ ਤੁਰੀ। ਉਸ ਨੂੰ ਗੁਲਾਬ ਕੌਰ ਦਾ ਬੜਾ ਮੋਹ ਆਇਆ। ਔਰਤ ਆਮ ਤੌਰ ਤੇ ਵੱਧ ਸੰਵੇਦਨਸ਼ੀਲ ਹੁੰਦੀ ਹੈ। ਮਿੱਠਤ, ਪਿਆਰ ਤੇ ਸਪੱਸ਼ਟ ਬਿਆਨੀ ਉਸ ਨੂੰ ਛੇਤੀ ਕੀਲ ਲੈਂਦੀ ਹੈ। ਕੁੱਝ ਚਿਰ ਬਾਅਦ ਚਾਚੀ ਕਹਿਣ ਲੱਗੀ, "ਧੀਏ, ਮੈਂ ਤਾਂ ਇਹ ਕਹੂੰਗੀ ਕਿ ਤੂੰ ਮੇਰੇ ਹੀ ਘਰ ਰਹਿ। ਦੋ ਰੋਟੀਆਂ ਦਾ ਕੀ ਹੁੰਦਾ। ਤੈਨੂੰ ਏਥੇ ਰੋਟੀ ਬਥੇਰੀ। ਤੂੰ ਪਾਰਟੀ ਦਾ ਕੰਮ ਕਰ ਪਰ ਇਸ ਘਰ ਨੂੰ ਆਪਣਾ ਘਰ ਸਮਝ। ਮੈਂ ਆਂ ਮਾਂ ਤੇਰੀ।" ਚਾਚੀ ਦੀਆਂ ਗੱਲਾਂ ਸੁਣ ਕੇ ਗੁਲਾਬ ਕੌਰ ਦੀਆਂ ਅੱਖਾਂ ਵਿਚ ਵੀ ਅੱਥਰੂ ਆ ਗਏ। ਉਸ ਨੂੰ ਤਾਂ ਆਸ ਹੀ ਨਹੀਂ ਸੀ ਕਿ ਉਸ ਨੂੰ ਕਿਤੇ ਮਾਂ ਵਰਗਾ ਪਿਆਰ ਵੀ ਮਿਲੇਗਾ। ਚਾਚੀ ਇੰਦਰ ਕੌਰ ਨੇ ਤਾਂ ਗੁਲਾਬ ਕੌਰ ਦਾ ਦਿਲ ਹੀ ਜਿੱਤ ਲਿਆ। ਗੁਲਾਬ ਕੌਰ ਨੂੰ ਆਪਣੀ ਮਾਂ ਯਾਦ ਆ ਗਈ। ਅੱਜ ਪਹਿਲੀ ਵਾਰ ਬਹੁਤ ਚਿਰ ਪਿੱਛੋਂ ਉਸ ਨੂੰ ਮਾਂ ਦੇ ਪਿਆਰ ਵਰਗਾ ਪਿਆਰ ਮਿਲਿਆ ਸੀ। ਕਿਨਾ ਹੀ ਚਿਰ ਦੋਵਾਂ ਤੋਂ ਕੋਈ ਵੀ ਗੱਲ ਨਾ ਕਰ ਹੋਈ।

ਦਿਆਲੀ ਉਨ੍ਹਾਂ ਦੇ ਲਾਗੇ ਆ ਕੇ ਖਲੋ ਗਈ। ਉਹ ਵੀ ਦੋਹਾਂ ਨੂੰ ਵੇਖ ਕੇ ਹੈਰਾਨ ਹੋ ਗਈ ਕਿ ਇਨ੍ਹਾਂ ਵਿੱਚ ਕਿਵੇਂ ਛੇਤੀ ਪਿਆਰ ਜਾਗ ਪਿਆ ਹੈ। ਕਮਰੇ ਵਿੱਚ ਥੋੜ੍ਹਾ ਹਨ੍ਹੇਰਾ ਹੋ ਗਿਆ। ਦਿਆਲੀ ਨੇ ਸਰ੍ਹੋਂ ਦੇ ਤੇਲ ਦਾ ਦੀਵਾ ਜਗਾ ਦਿੱਤਾ।

"ਪੁੱਤ, ਰੋਟੀ ਛੇਤੀ ਪਕਾ ਲਉ। ਕੁੜੀ ਭੁੱਖੀ ਹੋਊਗੀ।" ਚਾਚੀ ਨੇ ਨੂੰਹ ਰਾਣੀ ਨੂੰ ਕਿਹਾ। ਦਿਆਲੀ ਗਿਲਾਸ ਚੁੱਕ ਕੇ ਵਾਪਸ ਮੁੜ ਗਈ।

ਕੁੱਝ ਚਿਰ ਬਾਅਦ ਦਿਆਲੀ ਦੋ ਥਾਲੀਆਂ ਵਿੱਚ ਰੋਟੀ ਪਾ ਲਿਆਈ। ਥਾਲੀਆਂ ਫੜਦੀ ਚਾਚੀ ਗੁਲਾਬ ਕੌਰ ਨੂੰ ਕਹਿਣ ਲੱਗੀ, "ਲੈ ਧੀਏ ਪਹਿਲਾਂ ਰੋਟੀ ਖਾਹ। ਸਵੇਰ ਦੀ ਭੁੱਖੀ ਹੋਏਂਗੀ।" ਚਾਚੀ ਤੇ ਗੁਲਾਬ ਕੌਰ ਰੋਟੀ ਖਾਣ ਲੱਗੀਆਂ। ਗੁਲਾਬ ਕੌਰ ਦੀ ਸੁਰਤੀ ਫੇਰ ਆਪਣੇ ਪੇਕੇ ਪਿੰਡ ਬਖਸ਼ੀ ਵਾਲਾ ਚਲੀ ਗਈ। ਉਸ ਦੀ ਮਾਂ ਵੀ ਸੱਚਮੁੱਚ ਇਸੇ ਤਰ੍ਹਾਂ ਆਪਣੇ ਕੋਲ ਬਿਠਾ ਕੇ ਰੋਟੀ ਖਵਾਇਆ ਕਰਦੀ ਸੀ। ਮਾਂ ਦੀ ਰੋਟੀ ਦਾ ਆਨੰਦ ਹੀ ਵੱਖਰਾ ਹੁੰਦਾ ਹੈ। ਕੁੱਝ ਚਿਰ ਪਿੱਛੋਂ ਬਾਹਰੋਂ ਇੱਕ ਅਵਾਜ਼ ਆਈ, "ਚਾਚੀ, ਨੀ ਚਾਚੀ!"

"ਕੁੜੇ ਕੌਣ ਐ। ਅੰਦਰ ਆ ਜਾਹ!" ਚਾਚੀ ਨੇ ਅਵਾਜ਼ ਦਿੱਤੀ।

"ਮੈਂ ਆ ਚਾਚੀ। ਮਿੱਟੀ ਦਾ ਤੇਲ ਲੈ ਕੇ ਆਈ ਆਂ।" ਇੱਕ ਕੁੜੀ ਅੰਦਰ ਆ ਗਈ।

"ਅੱਛਾ! ਕਾਕੋ ਆ! ਮੈਂ ਕਿਹਾ ਪਤਾ ਨਹੀਂ ਕੌਣ ਐ!" ਚਾਚੀ ਨੇ ਕੁੜੀ ਨੂੰ ਪਹਿਚਾਣ ਕੇ ਕਿਹਾ।

"ਚਾਚੀ ਅੱਜ ਮੇਰੀ ਤੇਲ ਦੀ ਵਾਰੀ ਸੀ। ਮੈਂ ਕਿਹਾ ਮੈਂ ਭਾਬੀ ਨੂੰ ਭੱਜ ਕੇ ਤੇਲ ਫੜਾ ਆਵਾਂ। ਭਾਬੀ ਅੱਜ ਤ੍ਰਿੰਞਣ 'ਚ ਜਾਊਗੀ?" ਕੁੜੀ ਨੇ ਪਿੱਛੋਂ ਚਾਚੀ ਨੂੰ ਪੁੱਛਿਆ।

"ਕੁੜੇ ਮੈਨੂੰ ਤਾਂ ਪਤਾ ਨਹੀਂ। ਤੂੰ ਵਾਜ ਮਾਰ ਕੇ ਪੁੱਛ ਲੈ।"

"ਆਹੋ ਕਾਕੋ ਜਾਊਂਗੀ। ਤੂੰ ਜਾਣ ਲੱਗੀ ਮੇਰੇ ਕੋਲ ਹੋ ਕੇ ਜਾਈਂ। ਕੱਠੀਆਂ ਚੱਲ ਰਹਾਂਗੀਆਂ।" ਦਿਆਲੀ ਨੇ ਜਵਾਬ ਦਿੱਤਾ।

"ਬੀਬੀ ਜੀ ਇਹ ਤਾਂ ਚੰਗੀ ਗੱਲ ਆ ਬਈ ਆਂਢ-ਗਵਾਂਢ ਦੀਆਂ ਕੁੜੀਆਂ ਰਲ਼ ਕੇ ਤ੍ਰਿੰਞਣ ਵਿੱਚ ਕੱਤਣ ਜਾ ਲੱਗਦੀਆਂ।" ਗੁਲਾਬ ਕੌਰ ਨੇ ਕਿਹਾ।

"ਕੀ ਕਰੀਏ ਧੀਏ, ਦਿਨੇ ਕਿਥੇ ਵਿਹਲ ਮਿਲਦਾ। ਜਿਉਂ ਦਿਨ ਚੜ੍ਹਦਾ ਬੱਸ ਆਹ ਕਰ ਲੈ, ਔਹ ਕਰ ਲੈ। ਜਾਏ ਖਾਣੇ ਦਾ ਚੱਕਣ ਧਰਨ ਨੀ ਮੁਕਦਾ!" ਚਾਚੀ ਨੇ ਥਾਲੀ ਥੱਲੇ ਰੱਖ ਦਿੱਤੀ।

"ਬੀਬੀ ਜੀ ਤੂੰ ਨੂੰਹ ਰਾਣੀ ਨੂੰ ਕਹਿ ਮੈਨੂੰ ਵੀ ਉਥੇ ਲੈ ਚੱਲੇ। ਬਿੰਦ ਝੱਟ ਮੈਂ ਵੀ ਉਥੇ ਹੋ ਆਵਾਂ।"

"ਕੁੜੇ ਤੂੰ ਤਾਂ ਥੱਕੀ ਹੋਵੇਂਗੀ!"

"ਕੋਈ ਨਾ ਬੀਬੀ ਜੀ!" ਚਾਚੀ ਤਾਂ ਗੁਲਾਬ ਕੌਰ ਦੀ ਗੱਲ ਸੁਣ ਕੇ ਸਗੋਂ ਹੱਸ ਪਈ।

"ਕੋਈ ਨਾ ਧੀਏ। ਜਾ ਆ! ਤ੍ਰਿੰਞਣ ਤਾਂ ਕੁੜੀਆਂ ਨੂੰ ਰੱਬ ਦੇਵੇ। ਕੁੜੀਆਂ ਉੱਥੇ ਚਰਖਾ ਡਾਹ ਲੈਂਦੀਆਂ। ਕੱਤੀ ਵੀ ਜਾਂਦੀਆਂ ਤੇ ਗੱਲਾਂ ਵੀ ਮਾਰੀ ਜਾਂਦੀਆਂ!" ਚਾਚੀ ਨੇ ਆਪ ਮੁਹਾਰੇ ਹੀ ਗੱਲ ਕੀਤੀ। ਥੋੜ੍ਹੇ ਚਿਰ ਬਾਅਦ ਕਾਕੋ ਆਪਣੇ ਘਰੋਂ ਆ ਗਈ। ਦਿਆਲੀ, ਕਾਕੋ ਤੇ ਗੁਲਾਬ ਕੌਰ ਤ੍ਰਿੰਞਣ ਵਿੱਚ ਜਾਣ ਲਈ ਤਿਆਰ ਹੋ ਗਈਆਂ। ਉਨ੍ਹਾਂ ਦੇ ਨਾਲ ਚਾਚੀ ਇੰਦਰ ਕੌਰ ਵੀ ਉਠ ਕੇ ਤੁਰ ਪਈ। ਚਾਰੇ ਜਣੀਆਂ ਇੱਕ ਘਰ ਵਿੱਚ ਜਾ ਕੇ ਇੱਕ ਵੱਡੇ ਕਮਰੇ ਵਿੱਚ ਆ ਗਈਆਂ। ਲਾਲਟੈਨ ਦੇ ਚਾਨਣ ਨਾਲ ਕਮਰਾ ਜਗਮਗਾ ਰਿਹਾ ਸੀ। ਕਿਨੇ ਹੀ ਚਰਖੇ ਕਿਸੇ ਨੁਮਾਇਸ਼ ਵਾਂਗ ਰੱਖੇ ਪਏ ਸਨ। ਹਰੇਕ ਚਰਖੇ ਅੱਗੇ ਪੀੜ੍ਹੀ। ਕਮਰੇ ਵਿੱਚ ਬੈਠੀਆਂ ਕੁੜੀਆਂ ਗੁਲਾਬ ਕੌਰ ਵੱਲ ਵੇਖ ਕੇ ਡੂੰਘਾ-ਡੂੰਘਾ ਵੇਖਣ ਲੱਗੀਆਂ।

"ਇਹ ਮੇਰੀ ਨਵੀਂ ਧੀ ਐ!" ਚਾਚੀ ਇੰਦਰ ਕੌਰ ਨੇ ਗੁਲਾਬ ਕੌਰ ਵੱਲ ਵੇਖ ਕੇ ਕਿਹਾ। ਸਾਰੀਆਂ ਕੁੜੀਆਂ ਚੁੱਪ ਹੀ ਰਹੀਆਂ।

ਸਾਰੀਆਂ ਕੁੜੀਆਂ ਆਪੋ ਆਪਣੇ ਚਰਖਿਆਂ ਅੱਗੇ ਬੈਠ ਗਈਆਂ। ਕਾਕੋ ਨੇ ਆਪਣੇ ਛਿਕੂ ਵਿਚੋਂ ਪੂਣੀਆਂ ਕੱਢੀਆਂ। ਦੂਜੀਆਂ ਕੁੜੀਆਂ ਨੇ ਵੀ ਪੂਣੀਆਂ ਆਪੋ ਆਪਣੇ ਅੱਗੇ ਰੱਖ ਲਈਆਂ। ਚਾਚੀ ਇੰਦਰ ਕੌਰ ਇੱਕ ਪਾਸੇ ਪੀੜ੍ਹੀ ਉੱਤੇ ਬੈਠ ਗਈ। ਉਹ ਤਾਂ ਤ੍ਰਿੰਞਣ ਵਿਚ ਬਹੁਤ ਘੱਟ ਆਉਂਦੀ ਸੀ। ਅੱਜ ਤਾਂ ਉਹ ਗੁਲਾਬ ਕੌਰ ਦੀ ਕਰਕੇ ਆ ਗਈ। ਇਧਰ ਕਾਕੋ ਨੇ ਹਾਲੇ ਚਰਖੇ ਤੰਦ ਪਾਇਆ ਹੀ ਸੀ। ਉਸ ਨੇ ਝੱਟ ਆਪਣਾ ਹੱਥ ਰੋਕ ਕੇ ਕਿਹਾ, "ਲੈ ਨੀ ਭੈਣੇ, ਮੇਰਾ ਤਾਂ ਤੱਕਲਾ ਹੋਇਆ ਪਿਆ। ਰਾਤੀਂ ਤਾਂ ਚੰਗਾ ਭਲਾ ਸੀ।"

"ਤੇਰੇ ਅੱਜ ਕੱਤਣ ਦੇ ਇਰਾਦੇ ਨੀ। ਆਈ ਆ ਮਗਰੋਂ ਅਖੇ ਮੇਰਾ ਤਾਂ ਤੱਕਲਾ ਹੋਇਆ ਪਿਆ!" ਇੱਕ ਕੁੜੀ ਝੱਟ ਬੋਲ ਉਠੀ।

"ਕੁੜੇ ਮੈਂ ਜਾਣ ਕੇ ਕਹਿਨੀ ਆਂ। ਗੱਲਾਂ ਕੀ ਕਰਦੀ ਐ!" ਕਾਕੋ ਉਸ ਕੁੜੀ ਵੱਲ ਝਾਕੀ।

"ਚੰਗਾ ਤੂੰ ਹੁਣ ਚੁੱਪ ਕਰਕੇ ਚਰਖਾ ਖੜ੍ਹਾ ਕਰ ਦੇ।" ਕੋਈ ਹੋਰ ਕੁੜੀ ਹੱਸੀ।

"ਬੱਲੇ ਨੀ ਤੇਰੇ। ਐਹੋ ਜਿਹੀ ਮੱਤ ਕਿਸੇ ਹੋਰ ਨੂੰ ਦੇਈਂ!" ਕਾਕੋ ਭੱਜ ਕੇ ਪਈ।

"ਤੇਰਾ ਧਿਆਨ ਖਬਰੇ ਕਿਧਰ ਆ। ਦੋਸ਼ ਵਿਚਾਰੇ ਤੱਕਲ਼ੇ ਨੂੰ।" ਕਿਸੇ ਹੋਰ ਕੁੜੀ ਨੇ ਗੱਲ ਚੁੱਕ ਲਈ।

"ਮੇਰਾ ਧਿਆਨ ਕਿਧਰ ਐ ਭਲਾ। ਤੇਰਾਂ ਈ ਧਿਆਨ ਹੋਊਗਾ ਕਿਸੇ ਪਾਸੇ?"

"ਕੁੜੇ ਤੁਸੀਂ ਤਾਂ ਕਾਟਵਾਂ ਵਾਂਗ ਲੜਨ ਲੱਗ ਗਈਆਂ। ਆਹ!" ਚਾਚੀ ਇੰਦਰ ਕੌਰ ਹੌਲੀ ਜਿਹੀ ਬੋਲੀ।

"ਚਾਚੀ ਤੱਕਲਾ ਤਾਂ ਮੈਂ ਠੀਕ ਕਰ ਦੇਨੀ ਆਂ ਪਰ ਇਹ ਸਾਨੂੰ ਪਹਿਲਾਂ ਚਾਹ ਕਰਕੇ ਪਿਲਾਵੇ।" ਇੱਕ ਹੋਰ ਕੁੜੀ ਨੇ ਚਾਮ੍ਹਲ ਕੇ ਕਿਹਾ।

"ਪਿਉਨੀ ਆਂ ਕੇਰਾਂ ਤੈਨੂੰ ਚਾਹ! ਕੋਈ ਨਾ। ਤੇਰਾ ਲੱਗਦਾ ਕਿਹੜਾ ਖਰਾਬ ਨੀ ਹੋਣਾ। ਤੇਰੀ ਚਰਖੀ ਦੀ ਇੱਕ ਦਿਨ ਮਾਹਲ ਟੁੱਟੀ ਸੀ, ਤੈਥੋਂ ਉਹ ਨੀ ਸੀ ਲੋਟ ਹੋਈ।" ਕਾਕੋ ਖਿਝ ਕੇ ਬੋਲੀ।

ਗੁਲਾਬ ਕੌਰ ਕੁੜੀਆਂ ਦੀ ਨੋਕ ਝੋਕ ਸੁਣ ਕੇ ਖੁਸ਼ ਹੋ ਰਹੀ ਸੀ। ਉਸ ਨੂੰ ਆਪਣੇ ਪੁਰਾਣੇ ਦਿਨ ਯਾਦ ਆ ਗਏ। ਉਹ ਵੀ ਕਦੇ ਤ੍ਰਿੰਝਣ ਵਿੱਚ ਬੈਠ ਕੇ ਕੱਤਿਆ ਕਰਦੀ ਸੀ। ਵੱਡੀ ਰਾਤ ਤੱਕ ਉਹ ਆਪਣੀਆਂ ਸਹੇਲੀਆਂ ਨਾਲ ਚਰਖਾ ਕੱਤਦੀ ਰਹਿੰਦੀ। ਫਿਰ ਗੁਲਾਬ ਕੌਰ ਉਠ ਕੇ ਕਹਿਣ ਲੱਗੀ, "ਕੁੜੇ ਲਿਆ ਭੈਣ, ਮੈਂ ਵੇਖਾਂ ਤੇਰੇ ਤੱਕਲੇ ਨੂੰ ਕੀ ਹੋਇਆ।" ਉਹ ਕੁੜੀ ਚੁੱਪ ਕਰਕੇ ਪੀੜ੍ਹੀ ਤੋਂ ਉਠ ਕੇ ਲਾਗੇ ਹੀ ਬੈਠ ਗਈ। ਗੁਲਾਬ ਕੌਰ ਨੇ ਪੀੜ੍ਹੀ ਉਤੇ ਬੈਠ ਕੇ ਸੱਜੇ ਹੱਥ ਨਾਲ ਚਰਖੇ ਦੀ ਗੁੱਝ ਘੁਮਾਈ। ਤੱਕਲਾ ਸੱਚਮੁੱਚ ਅੱਗੋਂ ਸਹੀ ਨਹੀਂ ਸੀ ਘੁੰਮ ਰਿਹਾ। ਗੁਲਾਬ ਕੌਰ ਨੇ ਤੱਕਲੇ ਉੱਤੇ ਤੰਦ ਪਾਉਣਾ ਚਾਹਿਆ ਪਰ ਤੰਦ ਗਲੋਟੇ ਉਤੇ ਨਹੀਂ ਸੀ ਪੈ ਰਿਹਾ।

ਗੁਲਾਬ ਕੌਰ ਨੇ ਆਪਣੇ ਸੱਜੇ ਪੈਰ ਦੀ ਜੁੱਤੀ ਲਾਹੀ। ਫਿਰ ਉਹ ਸੱਜੇ ਹੱਥ ਨਾਲ ਹੌਲੀ ਹੌਲੀ ਚਰਖੇ ਦੀ ਗੁੱਝ ਘੁਮਾਉਂਦੀ। ਤੱਕਲ਼ੇ ਉੱਤੇ ਜਿਥੇ ਉਸ ਨੂੰ ਵਲ਼ ਪਿਆ ਲੱਗਦਾ ਉਸ ਜਗਹ ਉਹ ਜੁੱਤੀ ਮਾਰ ਛੱਡਦੀ। ਗੁੱਝ ਫੇਰ ਘੁਮਾਉਂਦੀ। ਜਿਥੇ ਵੀ ਵਲ਼ ਨਜ਼ਰ ਆਉਂਦਾ ਉਹ ਉੱਥੇ ਜੁੱਤੀ ਮਾਰਦੀ। ਇਸ ਤਰ੍ਹਾਂ ਜੁੱਤੀ ਮਾਰ-ਮਾਰ ਉਸ ਨੇ ਤੱਕਲਾ ਸਿੱਧਾ ਕਰ ਦਿੱਤਾ। ਫਿਰ ਉਸ ਨੇ ਚਰਖੇ ਉੱਤੇ ਤੰਦ ਪਾ ਕੇ ਵੇਖਿਆ। ਤੱਕਲਾ ਹੁਣ ਸਿੱਧਾ ਹੋਣ ਕਰਕੇ ਤੰਦ ਗਲੋਟੇ ਉੱਤੇ ਪੈਣ ਲੱਗ ਪਿਆ।

"ਲੈ ਭੈਣੇ ਕੱਤ ਹੁਣ ਬੈਠ ਕੇ।" ਗੁਲਾਬ ਕੌਰ ਉਠ ਕੇ ਆਪਣੀ ਥਾਂ ਆ ਬੈਠੀ। ਕਾਕੋ ਖੁਸ਼ ਹੋ ਕੇ ਕੱਤਣ ਲੱਗੀ।

"ਅੜੀਏ ਤੂੰ ਸਾਡੇ ਕੋਲ ਈ ਰਹਿ। ਕਦੇ ਚਰਖਾ ਤਾਂ ਠੀਕ ਕਰ ਦਿਆ ਕਰੇਂਗੀ।" ਕਾਕੋ ਨੇ ਖੁਸ਼ ਹੋ ਕੇ ਕਿਹਾ।

"ਅੱਜ ਕੱਲ੍ਹ ਤਾਂ ਭਾਈ ਹਰੇਕ ਕੰਮ ਜੁੱਤੀ ਨਾਲ ਲੋਟ ਆਉਂਦਾ।" ਚਾਚੀ ਵੀ ਹੱਸ ਪਈ।

"ਚਾਚੀ ਇਹ ਕੁੜੀ ਥੋਡੀ ਰਿਸ਼ਤੇਦਾਰੀ 'ਚੋਂ ਐ?" ਇੱਕ ਹੋਰ ਕੁੜੀ ਬੋਲੀ।

"ਹਾਂ ਇਹਦੇ ਨਾਲ ਤਾਂ ਸਾਡੀ ਬਹੁਤ ਡੂੰਘੀ ਰਿਸ਼ਤੇਦਾਰੀ ਐ। ਇਹ ਵੀ ਹੁਣੇ-ਹੁਣੇ ਬਾਹਰੋਂ ਆਈ ਆ।" ਚਾਚੀ ਨੇ ਦੱਸਿਆ।

"ਫੇਰ ਤਾਂ ਭੈਣੇ ਸਾਨੂੰ ਕੋਈ ਬਾਹਰਲੀ ਗੱਲ ਸੁਣਾ।" ਕਾਕੋ ਫੇਰ ਬੋਲ ਉਠੀ।

"ਕਿਹੋ ਜਿਹੀ ਗੱਲ ਸੁਣਨੀ ਐ?" ਗੁਲਾਬ ਕੌਰ ਨੇ ਸਾਧਾਰਨ ਹੀ ਪੁੱਛਿਆ।

"ਅਸੀਂ ਤਾਂ ਭੈਣੇ ਕਦੇ ਪਿੰਡੋਂ ਬਾਹਰ ਨਹੀਂ ਗਈਆਂ। ਜਿਹੜੀ ਤੈਨੂੰ ਚੰਗੀ ਲੱਗਦੀ ਆ ਸੁਣਾ।" ਕਾਕੋ ਥੋੜ੍ਹਾ ਖੁੱਲ੍ਹ ਪਈ।

ਗੁਲਾਬ ਕੌਰ ਨੂੰ ਲੱਗਾ ਕਿ ਤ੍ਰਿੰਞਣਾਂ ਵਿੱਚ ਤਾਂ ਬਹੁਤ ਵਧੀਆ ਪ੍ਰਚਾਰ ਹੋ ਸਕਦਾ। ਅਜਿਹੇ ਮੌਕੇ ਅਜਾਈਂ ਨਹੀਂ ਗਵਾਉਣੇ ਚਾਹੀਦੇ। ਫਿਰ ਗੁਲਾਬ ਕੌਰ ਕਹਿਣ ਲੱਗੀ। "ਭੈਣੇ ਮੈਂ ਇੱਕ ਅਜਿਹੀ ਥਾਂ ਤੋਂ ਆਈ ਆਂ ਜਿਥੇ ਅਮਰੀਕਾ, ਕੈਨੇਡਾ, ਸ਼ਿੰਘਾਈ, ਹਾਂਗਕਾਂਗ ਤੇ ਪਤਾ ਨਹੀਂ ਕਿਥੋਂ ਕਿਥੋਂ ਬੰਦੇ ਆ ਕੇ ਠਹਿਰਦੇ ਸੀ।" ਸਾਰੀਆਂ ਕੁੜੀਆਂ ਨੇ ਇੱਕ ਦਮ ਕੰਨ ਚੁੱਕ ਲਏ। ਇਹ ਸਾਰੇ ਬੰਦੇ ਆਪਣੇ ਈ ਭੈਣ ਭਰਾ ਸੀ। ਘਰਾਂ ਦੀ ਗ਼ਰੀਬੀ ਕਰਕੇ ਬਾਹਰ ਪੈਸਾ ਕਮਾਉਣ ਗਏ ਸੀ। ਉਥੇ ਜਾ ਕੇ ਇਨ੍ਹਾਂ ਨੂੰ ਪਤਾ ਲੱਗਾ ਬਈ ਅਸੀਂ ਤਾਂ ਅੰਗਰੇਜ਼ਾਂ ਦੇ ਗੁਲਾਮ ਆਂ। ਸਾਡੀ ਗ਼ਰੀਬੀ ਦਾ ਅਸਲੀ ਕਾਰਨ ਹੈ ਸਾਡੀ ਗੁਲਾਮੀ। ਇਨ੍ਹਾਂ ਲੋਕਾਂ ਦੀ ਬਾਹਰਲੇ ਦੇਸ਼ਾਂ ਵਾਲੇ ਬੜੀ ਬੇਇਜ਼ਤੀ ਕਰਦੇ ਬਈ ਤੁਸੀਂ ਤਾਂ ਕਿਨੇ ਕਰੋੜ। ਅੰਗਰੇਜ਼ਾਂ ਦੀ ਗਿਣਤੀ ਲੱਖਾਂ ਵਿੱਚ। ਆਖਣ ਅਤੇ ਤੁਸੀਂ ਸ਼ਰਮ ਨਾਲ ਕਿਧਰੇ ਡੁੱਬ ਮਰੋ। ਥੋੜ੍ਹੇ ਬੰਦੇ ਥੋਡੇ ਉਤੇ ਰਾਜ ਕਰਦੇ ਐ। ਉਥੇ ਜਾ ਕੇ ਸਾਡੀਆਂ ਤਾਂ ਅੱਖਾਂ ਖੁੱਲ੍ਹੀਆਂ ਬਈ ਇਹ ਲੋਕ ਤਾਂ ਸਾਡੇ ਦੇਸ਼ ਨੂੰ ਲੁੱਟ-ਲੁੱਟ ਖਾਈ ਜਾਂਦੇ ਐ ਤੇ ਸਾਡੇ ਲੋਕ ਤਾਂ ਭੁੱਖੇ ਮਰਦੇ ਐ?"

ਗੁਲਾਬ ਕੌਰ ਨੇ ਵੇਖਿਆ ਕਿ ਸਾਰੀਆਂ ਕੁੜੀਆਂ ਤਾਂ ਕੱਤਣੋਂ ਹਟ ਗਈਆਂ। ਸਾਰੀਆ ਦਾ ਧਿਆਨ ਉਸ ਦੀਆਂ ਗੱਲਾਂ ਵੱਲ ਸੀ। ਗੁਲਾਬ ਕੌਰ ਫਿਰ ਕਹਿਣ ਲੱਗੀ, "ਭੈਣ ਮੇਰੀ ਉਧਰ ਤਾਂ ਸਾਡੇ ਲੋਕ ਹੁਣ ਹੱਥਾਂ ਉੱਤੇ ਥੁੱਕੀ ਫਿਰਦੇ ਐ। ਉਹ ਆਖਦੇ ਐ ਅਤੇ ਅਸੀਂ ਅੰਗਰੇਜ਼ ਦੇਸ਼ ਵਿੱਚੋਂ ਕੱਢ ਕੇ ਦਮ ਲਵਾਂਗੇ। ਉਧਰ ਇੱਕ ਪਰਚਾ ਛਪਦਾ ਐ 'ਗ਼ਦਰ'। ਇਹ ਪਰਚਾ ਗ਼ਦਰ ਪਾਰਟੀ ਕੱਢਦੀ ਐ।"

"ਕੁੜੇ ਆਹ ਗ਼ਦਰ ਦੀ ਗੱਲ ਤਾਂ ਇੱਕ ਦਿਨ ਸਾਡੇ ਘਰ ਵੀ ਚੱਲਦੀ ਸੀ। ਮੈਨੂੰ ਤਾਂ ਕੋਈ ਸਮਝ ਨਾ ਪਈ ਬਈ ਇਹ ਕਾਹਦੀਆਂ ਗੱਲਾਂ ਕਰਦੇ ਆ।" ਕਾਕੋ ਨੇ ਬੜੀ ਹੈਰਾਨੀ ਨਾਲ ਕਿਹਾ।

"ਭੈਣ ਮੇਰੀਏ! ਗ਼ਦਰ ਪਾਰਟੀ ਨੇ ਫੈਸਲਾ ਕੀਤਾ ਕਿ ਅਸੀਂ ਲੋਕਾਂ ਨੂੰ ਹਰ ਹੀਲੇ ਆਪਣੇ ਨਾਲ ਜੋੜ ਕੇ ਪਾਰਟੀ ਮਜ਼ਬੂਤ ਕਰਾਂਗੇ। ਫਿਰ ਹਥਿਆਰ ਇਕੱਠੇ ਕਰਾਂਗੇ। ਆਪਣੀ ਫੌਜ ਨਾਲ ਜੋੜਾਂਗੇ ਤੇ ਇੱਕ ਦਿਨ ਸਾਰੇ ਦੇਸ਼ ਵਿੱਚ ਗ਼ਦਰ ਕਰਕੇ ਅੰਗਰੇਜ਼ਾਂ ਨੂੰ ਏਥੋਂ ਕੱਢ ਦਿਆਂਗੇ।" ਗੁਲਾਬ ਕੌਰ ਨੇ ਲੰਬੀ ਕਹਾਣੀ ਸੁਣਾਈ। ਸਾਰੀਆਂ ਕੁੜੀਆਂ ਗੁਲਾਬ ਕੌਰ ਦੀਆਂ ਗੱਲਾਂ ਸੁਣ ਕੇ ਬਹੁਤ ਹੈਰਾਨ ਰਹਿ ਗਈਆਂ।

"ਇਧਰ ਤਾਂ ਆਪਾਂ ਗੱਲਾਂ ਬਾਤਾਂ ਹੀ ਕੀਤੀਆਂ ਪਰ ਬਾਹਰ ਤਾਂ ਪੁੱਛੋ ਨਾ। ਪਾਰਟੀ ਦੇ ਗ਼ਦਰ ਅਖ਼ਬਾਰ ਵਿੱਚ ਬੜੇ ਗੀਤ ਤੇ ਕਵਿਤਾਵਾਂ ਛਪਦੀਆਂ। ਲੋਕ ਤਾਂ ਉਧਰ ਗ਼ਦਰ ਦੇ ਗੀਤ ਗੁਲਾਬ ਕੌਰ ਦੀਆਂ ਗੱਲਾਂ ਸੁਣ ਕੇ ਬਹੁਤ ਹੈਰਾਨ ਰਹਿ ਗਈਆਂ।

"ਇਧਰ ਤਾਂ ਆਪਾਂ ਗੱਲਾਂ ਬਾਤਾਂ ਹੀ ਕੀਤੀਆਂ ਪਰ ਬਾਹਰ ਤਾਂ ਪੁੱਛੋ ਨਾ। ਪਾਰਟੀ ਦੇ ਗ਼ਦਰ ਅਖ਼ਬਾਰ ਵਿੱਚ ਬੜੇ ਗੀਤ ਤੇ ਕਵਿਤਾਵਾਂ ਛਪਦੀਆਂ। ਲੋਕ ਤਾਂ ਉਧਰ ਗ਼ਦਰ ਦੇ ਗੀਤ ਉਚੀ ਉਚੀ ਬੋਲ ਕੇ ਸੁਣਾਉਂਦੇ ਐ। ਬੜਾ ਈ ਜੋਸ਼ ਐ ਉਧਰ ਲੋਕਾਂ ਵਿੱਚ।" ਗੁਲਾਬ ਕੌਰ ਨੇ ਗ਼ਦਰ ਵਿੱਚ ਛਪਦੀਆਂ ਜੋਸ਼ੀਲੀਆਂ ਕਵਿਤਾਵਾਂ ਦੀ ਗੱਲ ਕੀਤੀ।

"ਕੁੜੇ ਭੈਣੇ ਸਾਨੂੰ ਵੀ ਕੋਈ ਉਧਰਲਾ ਗੀਤ ਸੁਣਾ ਦੇ।" ਕਾਕੋ ਨੇ ਹੱਸ ਕੇ ਕਿਹਾ।

"ਕੁੜੇ ਬੱਸ ਕਰੋ ਹੁਣ। ਉਹ ਅੱਜ ਵਿਚਾਰੀ ਪਹਿਲੇ ਦਿਨ ਆਈ ਆ।" ਚਾਚੀ ਨੇ ਕੁੜੀਆਂ ਵੱਲ ਮੂੰਹ ਕਰਕੇ ਕਿਹਾ।

"ਚਾਚੀ ਇਹ ਭੈਣ ਤਾਂ ਸਾਨੂੰ ਮਸਾਂ ਟੱਕਰੀ ਐ। ਅਸੀਂ ਤਾਂ ਇਹਨੂੰ ਏਥੋਂ ਜਾਣ ਨਹੀਂ ਦੇਣਾ। ਤੈਨੂੰ ਹੁਣ ਦੱਸ ਦਿੱਤਾ।" ਇੱਕ ਹੋਰ ਕੁੜੀ ਬੋਲੀ।

"ਦਿਲ ਤਾਂ ਮੇਰਾ ਵੀ ਕਰਦੈ ਕਿ ਮੈਂ ਇਸ ਨੂੰ ਨਾ ਜਾਣ ਦੇਵਾਂ।" ਚਾਚੀ ਨੇ ਵੀ ਡਾਹਢੇ ਮੋਹ ਨਾਲ ਕਿਹਾ।

"ਮੇਰੀ ਗੱਲ ਸੁਣੀ ਨਹੀਂ। ਆਹ! ਚਾਚੀ ਅਸੀਂ ਤਾਂ ਭੈਣ ਕੋਲੋਂ ਕੋਈ ਬਾਹਰਲਾ ਗੀਤ ਸੁਣਨਾ।" ਕਾਕੋ ਆਪਣੀ ਗੱਲ ਫੇਰ ਦੁਹਰਾ ਗਈ।

"ਨੀ ਵਾਖਰੂ। ਮਸਾਂ ਗੱਲ ਥਿਆਈ ਇਨ੍ਹਾਂ ਨੂੰ। ਚੱਲ ਧੀਏ ਜੇ ਤੇਰੇ ਕੋਈ ਚੇਤੇ ਐ ਤਾਂ ਸੁਣਾ ਦੇ ਇਨ੍ਹਾਂ ਨੂੰ ਦੋ ਬੋਲ!" ਚਾਚੀ ਨੇ ਕੁੜੀਆਂ ਨੂੰ ਜਿਵੇਂ ਮਗਰੋਂ ਲਾਹੁਣ ਲਈ ਕਿਹਾ।

ਫਿਰ ਗੁਲਾਬ ਕੌਰ ਦੋ ਕੁ ਪਲ ਚੁੱਪ ਰਹਿ ਕੇ ਕਹਿਣ ਲੱਗੀ,

"ਲਉ ਭੈਣ ਮੇਰੀਓ ਸੁਣ ਲਉ—
ਅਸਾਂ ਵਿੱਚ ਪਾ ਕੇ ਵੀਰੋ ਖਾਨਾ ਜੰਗੀਆਂ।
ਖਾ ਲਿਆ ਹੈ ਦੇਸ਼ ਲੁੱਟ ਕੇ ਫਰੰਗੀਆਂ।
ਅੱਸੀ ਹੈ ਹਜ਼ਾਰ ਗੋਰਾ ਵਿੱਚ ਹਿੰਦ ਮੇਂ।
ਦੇਖ ਹੱਲਾ ਤੁਸਾਂ ਵਾਲਾ ਜਾਣ ਬਿੰਦ ਮੇਂ।
ਕੱਢ ਲਉ ਲੜਾਈ ਦੀਆਂ ਲਾਲ ਝੰਡੀਆਂ।
ਖਾ ਲਿਆ ਹੈ ਦੇਸ਼ ਲੁੱਟ ਕੇ ਫਰੰਗੀਆਂ।
ਤੀਹ ਡੇ ਕਰੋੜ ਹਿੰਦ ਵਾਸੀ ਵੱਸਦੇ।
ਚਾਰ ਹੀ ਕਰੋੜ ਨੇ ਫਰੰਗੀ ਦੱਸਦੇ।
ਅੱਠ ਅੱਠ ਇੱਕ ਦੀਆਂ ਪਾ ਲਉ ਵੰਡੀਆਂ।
ਖਾ ਲਿਆ ਹੈ ਦੇਸ਼ ਲੁੱਟ ਕੇ ਫਰੰਗੀਆਂ।
ਹਿੰਦੀਓ ਜੇ ਸੁੱਖਾਂ ਵਾਲੀ ਸੇਜ ਮਾਨਣੀ।
ਗੋਰਿਆਂ ਦੀ ਹਿੱਕ ਕਰ ਦਿਉ ਛਾਨਣੀ।
ਏਹਨਾਂ ਨੂੰ ਉਡਾਵੋ ਨਾਲ ਤੋਪ ਭੰਗੀਆਂ।
ਖਾ ਲਿਆ ਹੈ ਦੇਸ਼ ਲੁੱਟ ਕੇ ਫਰੰਗੀਆਂ।

ਲਉ ਭੈਣੋ ਅੱਜ ਏਨਾ ਹੀ ਬਹੁਤ।" ਏਨੀ ਆਖ ਕੇ ਗੁਲਾਬ ਕੌਰ ਚੁੱਪ ਕਰ ਗਈ। ਸਾਰੀਆਂ ਕੁੜੀਆਂ ਕਵਿਤਾ ਸੁਣ ਕੇ ਹੈਰਾਨ ਰਹਿ ਗਈਆਂ। ਕਾਕੋ ਕਹਿਣ ਲੱਗੀ, "ਚਾਚੀ, ਅਸੀਂ ਨੀ ਏਸ ਕੁੜੀ ਨੂੰ ਏਥੋਂ ਜਾਣ ਦੇਣਾ। ਸਾਡੇ ਕੋਲ ਇਹ ਰੋਜ਼ ਨਾ ਸਹੀ ਪੰਜੀਂ ਸੱਤੀਂ ਦਿਨੀਂ ਜ਼ਰੂਰ ਗੇੜਾ ਮਾਰੇ। ਨਹੀਂ ਅਸੀਂ ਨੀ ਕੱਤਣਾ।" ਕਾਕੋ ਦੀ ਗੱਲ ਸੁਣ ਕੇ ਸਾਰੀਆਂ ਕੁੜੀਆਂ ਹੱਸ ਪਈਆਂ।

"ਲੈ ਆਪਾਂ ਨੀ ਕੁੜੀ ਨੂੰ ਜਾਣ ਦਿੰਦੇ। ਹੋਰ ਦੱਸੋ।" ਸਾਰੀਆਂ ਖੁਸ਼ ਹੋ ਗਈਆਂ। "ਮੈਂ ਜ਼ਰੂਰ ਗੇੜਾ ਮਾਰੂੰਗੀ।" ਗੁਲਾਬ ਕੌਰ ਨੇ ਖੁਸ਼ ਹੋ ਕੇ ਕਿਹਾ।

ਚੌਦਾਂ

ਅੰਗਰੇਜ਼ੀ ਹਕੂਮਤ ਬਾਹਰੋਂ ਆਏ ਗ਼ਦਰੀਆਂ ਵਿੱਚੋਂ ਕਈਆਂ ਨੂੰ ਗ੍ਰਿਫਤਾਰ ਕਰ ਚੁੱਕੀ ਸੀ। ਕਈ ਪਿੰਡਾਂ ਵਿੱਚ ਜੂਹ ਬੰਦ ਕਰ ਦਿੱਤੇ। ਜ਼ੈਲਦਾਰ, ਲੰਬੜਦਾਰ ਤੇ ਪਿੰਡਾਂ ਦੇ ਚੌਂਕੀਦਾਰ ਚੌਂਕਸ ਕਰ ਦਿੱਤੇ ਕਿ ਗ਼ਦਰੀਆਂ ਉੱਤੇ ਪੂਰੀ ਨਿਗਰਾਨੀ ਰੱਖਣ। ਇਨ੍ਹਾਂ ਸਭ ਗੱਲਾਂ ਤੋਂ ਗ਼ਦਰੀ ਬਿਲਕੁੱਲ ਬੇਪਰਵਾਹ ਸਨ। ਉਨ੍ਹਾਂ ਦੇ ਹੌਂਸਲੇ ਤਾਂ ਸਗੋਂ ਤਕੜੇ ਹੁੰਦੇ ਗਏ। ਗ਼ਦਰ ਪਾਰਟੀ ਨੇ ਆਪਣਾ ਤਿਰੰਗਾ ਝੰਡਾ ਬਣਾ ਲਿਆ ਸੀ। ਲਾਲ, ਪੀਲਾ ਤੇ ਹਰਾ ਰੰਗ। ਵਿਚਕਾਰ ਦੋ ਤਲਵਾਰਾਂ। ਪਾਰਟੀ ਨੇ ਇਸ ਤਿਰੰਗੇ ਝੰਡੇ ਹੇਠ ਦੇਸ਼ ਦੀ ਅਜ਼ਾਦੀ ਦੀ ਲੜਾਈ ਆਖਰੀ ਦਮ ਤੱਕ ਲੜਨ ਦੀ ਸਹੁੰ ਖਾਧੀ। ਲੀਡਰ ਆਪਣਾ ਕੰਮ ਕਰਦੇ। ਫੌਜ ਨੂੰ ਨਾਲ ਜੋੜਨ ਲਈ ਸੰਪਰਕ ਕਰਦੇ। ਅੰਗਰੇਜ਼ੀ ਸਰਕਾਰ ਦੀ ਨੀਂਦ ਉੱਡ ਚੁੱਕੀ ਸੀ। ਸਾਰੇ ਪੰਜਾਬ ਵਿੱਚ ਗ਼ਦਰ ਪਾਰਟੀ ਦਾ ਪ੍ਰਚਾਰ ਪੂਰੇ ਜ਼ੋਰ ਸ਼ੋਰ ਨਾਲ ਚੱਲ ਰਿਹਾ ਸੀ। ਲਾਹੌਰ, ਅੰਮ੍ਰਿਤਸਰ, ਫਿਰੋਜ਼ਪੁਰ, ਲੁਧਿਆਣਾ, ਜਲੰਧਰ, ਹੁਸ਼ਿਆਰਪੁਰ ਤੇ ਗੁਰਦਾਸਪੁਰ ਵਿੱਚ ਗ਼ਦਰੀਆਂ ਦੇ ਖ਼ਾਸ ਅੱਡੇ ਸਨ। ਮਾਝਾ, ਮਾਲਵਾ ਤੇ ਦੁਆਬੇ ਵਿੱਚ ਗ਼ਦਰੀਆਂ ਦਾ ਬੜਾ ਤਾਲਮੇਲ ਸੀ। ਇਸੇ ਤਰ੍ਹਾਂ ਗੁਲਾਬ ਕੌਰ ਹੁਸ਼ਿਆਰਪੁਰ ਦੇ ਪਿੰਡਾਂ ਵਿੱਚ ਤੁਰ ਫਿਰ ਕੇ ਪਾਰਟੀ ਦਾ ਪ੍ਰਚਾਰ ਕਰਦੀ ਤੇ ਲੋਕਾਂ ਨੂੰ ਗ਼ਦਰ ਕਰਨ ਲਈ ਪ੍ਰੇਰਦੀ। ਬੰਤਾ ਸਿੰਘ ਸੰਘਵਾਲ, ਰੂੜ ਸਿੰਘ, ਤੇ ਹਰਨਾਮ ਸਿੰਘ ਟੁੰਡੀਲਾਟ ਕਪੂਰਥਲਾ ਰਿਆਸਤ ਦੇ ਪਿੰਡਾਂ ਵਿੱਚ ਪ੍ਰਚਾਰ ਕਰਦੇ ਸਨ। ਪਿਆਰਾ ਸਿੰਘ ਲੰਗੇਰੀ ਆਪਣੇ ਸਾਥੀਆਂ ਨਾਲ ਮਾਹਿਲਪੁਰ ਦੇ ਨੇੜੇ ਤੇੜੇ ਪਿੰਡਾਂ ਵਿੱਚ ਖੂਬ ਪ੍ਰਚਾਰ ਕਰਦਾ ਸੀ। ਕਦੇ ਨਾ ਕਦੇ ਗੁਲਾਬ ਕੌਰ ਨੂੰ ਬੰਤਾ ਸਿੰਘ ਤੇ ਪਿਆਰਾ ਸਿੰਘ ਲੰਗੇਰੀ ਦਾ ਸੁਨੇਹਾ ਵੀ ਮਿਲ ਜਾਂਦਾ ਸੀ ਤੇ ਗੁਲਾਬ ਕੌਰ ਉਨ੍ਹਾਂ ਦੇ ਸੁਨੇਹੇ ਅੱਗੇ ਪੁੱਜਦੇ ਕਰ ਦਿੰਦੀ।

ਗੁਲਾਬ ਕੌਰ ਨੂੰ ਕੇਵਲ ਪਾਰਟੀ ਦਾ ਕੰਮ ਦਿਸਦਾ ਸੀ। ਉਹ ਘਰੋਂ ਸਵੱਖਤੇ ਤਿਆਰ ਹੋ ਕੇ ਨੇੜ ਤੇੜ ਦੇ ਪਿੰਡਾਂ ਵਿੱਚ ਪਹੁੰਚ ਜਾਂਦੀ। ਨਿਧੜਕ ਹੋ ਕੇ ਪਾਰਟੀ ਦਾ ਪ੍ਰਚਾਰ ਕਰਦੀ। ਕਈ ਵਾਰ ਤਾਂ ਅਮਰ ਸਿੰਘ ਦੀ ਚਾਚੀ ਇੰਦਰ ਕੌਰ ਵੀ ਉਸ ਦੇ ਨਾਲ ਤੁਰ ਜਾਂਦੀ। ਉਹ ਗੁਲਾਬ ਕੌਰ ਦੀਆਂ ਗੱਲਾਂ ਸੁਣ ਕੇ ਬੜੀ ਹੈਰਾਨ ਹੁੰਦੀ। ਗੁਲਾਬ ਕੌਰ ਗੱਲ ਕਰਦੀ ਤਾਂ ਸੁਣਨ ਵਾਲੇ ਉੱਤੇ ਡੂੰਘਾ ਪ੍ਰਭਾਵ ਛੱਡਦੀ। ਗ਼ਦਰ-ਗੂੰਜਾਂ ਵਿੱਚੋਂ ਯਾਦ ਕੀਤੀਆਂ ਕਵਿਤਾਵਾਂ ਜੋਸ਼ੀਲੇ ਢੰਗ ਨਾਲ ਪੇਸ਼ ਕਰਦੀ। ਗੁਲਾਬ ਕੌਰ ਘਰ ਆ ਕੇ ਅਕਸਰ ਹੀ ਗ਼ਦਰ-ਗੂੰਜਾਂ ਪਰਚੇ ਲੈ ਕੇ ਬੈਠ ਜਾਂਦੀ। ਪੜ੍ਹਦੀ ਰਹਿੰਦੀ। ਕਵਿਤਾਵਾਂ ਯਾਦ ਕਰਦੀ। ਇਨ੍ਹਾਂ ਜੋਸ਼ੀਲੀਆਂ ਕਵਿਤਾਵਾਂ ਨਾਲ ਉਹ ਸੁਣਨ ਵਾਲਿਆਂ ਨੂੰ ਹਲੂਣ ਕੇ ਰੱਖ ਦਿੰਦੀ। ਦਿਨਾਂ ਵਿੱਚ ਹੀ ਉਸ ਦਾ ਨਾਂ ਦੂਰ-ਦੂਰ ਤੱਕ ਫੈਲ ਗਿਆ।

ਇੱਕ ਦਿਨ ਸਵੱਖਤੇ ਹੀ ਕਿਸੇ ਨੇ ਘਰ ਦਾ ਦਰਵਾਜ਼ਾ ਖੜਕਾਇਆ। ਗੁਲਾਬ ਕੌਰ ਸਮਝ ਗਈ ਕਿ ਜ਼ਰੂਰ ਉਸੇ ਨੂੰ ਕੋਈ ਮਿਲਣ ਆਇਆ ਹੋਵੇਗਾ। ਉਸ ਨੇ ਝੱਟ ਉਠ ਕੇ ਦਰਵਾਜ਼ਾ ਖੋਲ੍ਹਿਆ। ਸਾਹਮਣੇ ਜਾਣਿਆ ਪਹਿਚਾਣਿਆ ਜਗਤ ਰਾਮ ਖਲੋਤਾ ਸੀ।

"ਮੈਂ ਸੋਚਦੀ ਸੀ ਕਿ ਜ਼ਰੂਰ ਮੇਰਾ ਕੋਈ ਵੀਰ ਆਇਆ ਹੋਵੇਗਾ!" ਗੁਲਾਬ ਕੌਰ ਨੇ ਖੁਸ਼ ਹੋ ਕੇ ਕਿਹਾ। ਉਸ ਦੇ ਨਾਲ ਇੱਕ ਹੋਰ ਓਪਰਾ ਬੰਦਾ ਸੀ।

"ਜੀਵਨ ਸਿੰਘ ਘਰ ਈ ਐ?"

"ਹਾਂ, ਘਰ ਈ ਐ। ਅਮਰ ਸਿੰਘ ਵੀ ਘਰ ਐ। ਆਉ ਲੰਘ ਆਉ।"

ਤਿੰਨੇ ਜਣੇ ਅੰਦਰ ਆਏ ਤੇ ਇੱਕ ਕਮਰੇ ਵਿੱਚ ਬੈਠ ਗਏ। ਜੀਵਨ ਸਿੰਘ ਤੇ ਅਮਰ ਸਿੰਘ ਵੀ ਕੋਲ ਆ ਕੇ ਬੈਠ ਗਏ।

"ਬੀਬੀ ਜੀ, ਤੁਸੀਂ ਮੈਨੂੰ ਤਾਂ ਨਹੀਂ ਜਾਣਦੇ। ਮੈਂ ਤੁਹਾਡੇ ਬਾਰੇ ਤਾਂ ਬਹੁਤ ਸੁਣ ਚੁੱਕਾ ਹਾਂ। ਤੁਸੀਂ ਪਾਰਟੀ ਲਈ ਬੜੀ ਹਿੰਮਤ ਨਾਲ ਕੰਮ ਕਰ ਰਹੇ ਹੋ।" ਓਪਰਾ ਨੌਜਵਾਨ ਬੋਲਿਆ।

"ਬੀਬੀ, ਇਹ ਪਾਰਟੀ ਦੇ ਖਜ਼ਾਨਚੀ ਐ, ਕਾਂਸ਼ੀ ਰਾਮ ਮੜ੍ਹੌਲੀ!" ਜਗਤ ਰਾਮ ਬੋਲਿਆ।

"ਵੀਰਾ ਮੈਂ ਵੀ ਅੱਜ ਤੁਹਾਨੂੰ ਪਹਿਲੀ ਵਾਰ ਵੇਖਿਆ। ਤੁਹਾਡਾ ਨਾਂ ਤਾਂ ਬਥੇਰੀ ਵਾਰ ਸੁਣਿਆ। ਏਨੇ ਨੂੰ ਚਾਚੀ ਇੰਦਰ ਕੌਰ ਕਮਰੇ ਅੰਦਰ ਆ ਗਈ।

"ਮੈਨੂੰ ਦੱਸੋਂ ਬਈ ਕੀ ਖਾਣਾ ਪੀਣਾ?"

"ਬੀਬੀ ਜੀ, ਮੈਂ ਤਾਂ ਲੱਸੀ ਪੀਊਂਗਾ!" ਜਗਤ ਰਾਮ ਬੋਲਿਆ। ਫਿਰ ਚਾਚੀ ਸਾਰਿਆਂ ਨੂੰ ਲੱਸੀ ਦੇ ਗਿਲਾਸ ਫੜਾ ਗਈ।

ਲੱਸੀ ਪੀ ਕੇ ਕਾਂਸ਼ੀ ਰਾਮ ਕਹਿਣ ਲੱਗਾ, "ਬੀਬੀ ਜੀ ਪਾਰਟੀ ਦਾ ਇੱਕ ਹੁਕਮ ਹੈ। ਮੈਂ ਤਾਂ ਬਾਹਰੋਂ ਆ ਕੇ ਸਿਰਫ਼ ਇੱਕ ਦਿਨ ਹੀ ਘਰ ਰਿਹਾਂ। ਬੱਸ ਅਗਲੇ ਦਿਨ ਚੱਲ ਸੋ ਚੱਲ।" ਗੁਲਾਬ ਕੌਰ ਦਿਲ ਵਿਚ ਹੀ ਸੋਚਣ ਲੱਗੀ ਵੀਰਨਾ ਤੂੰ ਇਕ ਦਿਨ ਤਾਂ ਆਪਣੇ ਘਰ ਚਲਾ ਹੀ ਗਿਆ। ਮੈਂ ਮਨੀਲਾ ਤੋਂ ਆ ਕੇ ਨਾ ਪੇਕੀਂ ਗਈ ਨਾ ਸਹੁਰੀਂ। ਹੁਣ ਤਾਂ ਮੇਰਾ ਸਾਰਾ ਕੁੱਝ ਹੀ ਕੋਟਲਾ ਨੌਧ ਸਿੰਘ ਹੋ ਗਿਆ। ਅੱਗੇ ਪ੍ਰਮਾਤਮਾ ਜਾਣੇ। ਕਾਂਸ਼ੀ ਰਾਮ ਗੱਲ ਕਰਦਾ ਗਿਆ, "ਮੇਰੇ ਨਾਲ ਉਨ੍ਹਾਂ ਗ਼ਦਰੀ ਵੀਰਾਂ ਦੀ ਡਿਊਟੀ ਐ ਜਿਹੜੇ ਮਨੀਲਾ ਤੋਂ ਆਏ ਐ। ਇਸ ਕਰਕੇ ਮੈਂ ਜੀਵਨ ਸਿੰਘ ਨੂੰ ਨਾਲ ਲਿਜਾਣ ਵਾਸਤੇ ਆਇਆ!"

"ਤੇ ਮੈਂ ਵੀ ਮਨੀਲਾ ਤੋਂ ਆਈ ਆਂ।" ਗੁਲਾਬ ਕੌਰ ਨੇ ਝੱਟ ਆਪਣੀ ਗੱਲ ਕਹਿ ਦਿੱਤੀ।

"ਬੀਬੀ ਜੀ, ਪਾਰਟੀ ਤੁਹਾਡੇ ਉੱਤੇ ਬੜੀ ਖੁਸ਼ ਐ। ਤੁਹਾਡੀਆਂ ਸਰਗਰਮੀਆਂ ਦੀ ਸਾਰੀ ਰਿਪੋਰਟ ਕੇਂਦਰੀ ਕਮੇਟੀ ਕੋਲ ਪਹੁੰਚਦੀ ਐ। ਤੁਹਾਡੀਆਂ ਗੱਲਾਂ ਸੁਣ ਕੇ ਕਰਤਾਰ ਸਿੰਘ ਸਰਾਭਾ ਬਹੁਤ ਖੁਸ ਹੁੰਦਾ। ਉਹ ਤੁਹਾਨੂੰ ਛੇਤੀ ਮਿਲਣਾ ਵੀ ਚਾਹੁੰਦਾ।" ਕਾਂਸ਼ੀ ਰਾਮ ਨੇ ਕਰਤਾਰ ਸਿੰਘ ਸਰਾਭੇ ਦੀ ਗੱਲ ਸੁਣਾਈ। ਗੁਲਾਬ ਕੌਰ ਨੂੰ ਤਾਂ ਸਰਾਭੇ ਦੀ ਗੱਲ ਸੁਣ ਕੇ ਬੜੀ ਖੁਸ਼ੀ ਹੋਈ। ਕਾਂਸ਼ੀ ਰਾਮ ਫੇਰ ਕਹਿਣ ਲੱਗਾ, "ਬੀਬੀ ਜੀ ਤੁਹਾਡੀ ਡਿਊਟੀ ਤਾਂ ਇਧਰ ਪਿੰਡਾਂ ਵਿੱਚ ਤੁਰ ਫਿਰ ਕੇ ਪ੍ਰਚਾਰ ਕਰਨ ਦੀ ਐ। ਲੋਕ ਖਾਸ ਕਰਕੇ ਔਰਤਾਂ ਤਾਂ ਤੁਹਾਡੀ ਗੱਲ ਬੜੀ ਗੌਰ ਨਾਲ ਸੁਣਦੀਆਂ।" ਕਾਂਸ਼ੀ ਰਾਮ ਨੇ ਗ਼ਦਰ ਗੂੰਜਾਂ ਦੀਆਂ ਕਈ ਕਾਪੀਆਂ ਗੁਲਾਬ ਕੌਰ ਨੂੰ ਦਿੱਤੀਆਂ। ਫਿਰ ਕਾਂਸ਼ੀ ਰਾਮ ਜਗਤ ਰਾਮ ਤੇ ਜੀਵਨ ਸਿੰਘ ਉਠ ਕੇ ਤੁਰ ਪਏ। ਜਾਂਦਾ ਹੋਇਆ ਕਾਂਸ਼ੀ ਰਾਮ ਗੁਲਾਬ ਕੌਰ ਨੂੰ ਏਨੀ ਕੁ ਗੱਲ ਦੱਸ ਗਿਆ ਕਿ ਫਿਰੋਜ਼ਪੁਰ ਵਿੱਚ ਪਾਰਟੀ ਦੀ ਇੱਕ ਵਿਸ਼ੇਸ਼ ਮੀਟਿੰਗ ਰੱਖੀ ਐ।

ਇਸ ਪਿੱਛੋਂ ਗੁਲਾਬ ਕੌਰ ਆਪਣੇ ਕੰਮਾਂ ਵਿੱਚ ਰੁੱਝ ਗਈ। ਉਹ ਪਹਿਲਾਂ ਵਾਂਗ ਸਵੱਖਤੇ ਉਠਦੀ। ਨੇੜਲੇ ਪਿੰਡਾਂ ਨੂੰ ਤੁਰ ਜਾਂਦੀ। ਕਈ ਵਾਰ ਤਾਂ ਉਹ ਹਨ੍ਹੇਰਾ ਪਏ ਤੋਂ ਘਰ ਪਰਤਦੀ। ਉਸ ਨੂੰ ਕਦੇ ਵੀ ਕੋਈ ਡਰ ਭੌਅ ਨਹੀਂ ਸੀ ਲੱਗਦਾ। ਉਸ ਨੂੰ ਕਈ ਵਾਰ ਬਾਹਰਲੇ ਪਿੰਡਾਂ ਦੀਆਂ ਔਰਤਾਂ ਰੋਕ ਲੈਂਦੀਆਂ ਤਾਂ ਕਿ ਤ੍ਰਿੰਞਣ ਵਿੱਚ ਬੈਠ ਕੇ ਉਸ ਦੀਆਂ ਗੱਲਾਂ ਸੁਣੀਆਂ ਜਾਣ। ਗੁਲਾਬ ਕੌਰ ਤਾਂ ਤ੍ਰਿੰਞਣ ਵਿੱਚ ਇਕੱਠੀਆਂ ਕੁੜੀਆਂ ਨੂੰ ਜ਼ਬਾਨੀ ਯਾਦ ਕੀਤੀਆਂ ਕਵਿਤਾਵਾਂ ਸੁਣਾਉਂਦੀ। ਕਈ ਗੀਤ ਗਾ ਕੇ ਸੁਣਾਉਂਦੀ। ਵੱਡੀ ਰਾਤ ਤੱਕ ਕੁੜੀਆਂ ਉਸ ਤੋਂ ਗੀਤ ਸੁਣਦੀਆਂ। ਗੁਲਾਬ ਕੌਰ ਦਾ ਕਿਹਾ ਇੱਕ ਇੱਕ ਸ਼ਬਦ ਕੁੜੀਆਂ ਚਿੜੀਆਂ ਆਪਣੇ ਦਿਲ ਵਿੱਚ ਵਸਾ

ਲੈਂਦੀਆਂ। ਉਧਰ ਪਹਿਲੀ ਸੰਸਾਰ ਜੰਗ ਲੱਗੀ ਹੋਣ ਕਰਕੇ ਪਿੰਡਾਂ ਦੇ ਜ਼ੈਲਦਾਰ, ਲੰਬੜਦਾਰ ਤੇ ਵੱਡੀ ਧਨੀ ਲੋਕ ਆਮ ਲੋਕਾਂ ਨੂੰ ਫੌਜ ਵਿਚ ਭਰਤੀ ਹੋਣ ਲਈ ਜ਼ੋਰ ਪਾਉਂਦੇ। ਗੁਲਾਬ ਕੌਰ ਇਸ ਗੱਲ ਦਾ ਬੜਾ ਵਿਰੋਧ ਕਰਦੀ ਕਿ ਸਾਡੇ ਮੁੰਡੇ ਅੰਗਰੇਜ਼ੀ ਫੌਜ ਵਿੱਚ ਭਰਤੀ ਹੋ ਕੇ ਅੰਗਰੇਜ਼ਾਂ ਦੀ ਖਾਤਰ ਜੰਗ ਵਿਚ ਜਾ ਕੇ ਲੜਨਗੇ। ਜੇ ਕੋਈ ਲੜਾਈ ਵਿੱਚ ਮਾਰਿਆ ਵੀ ਗਿਆ ਤਾਂ ਇਹ ਕਿਸੇ ਮਾਂ ਦਾ ਪੁੱਤਰ ਹੋਵੇਗਾ। ਢਿੱਡ ਦੀ ਆਂਦਰ। ਕਿਸੇ ਮਾਂ ਜਾਈ ਦਾ ਵੀਰ ਹੋਵੇਗਾ ਤੇ ਕਿਸੇ ਦਾ ਕੰਤ ਹੋਵੇਗਾ। ਚੰਦ ਛਿੱਲੜਾਂ ਦੀ ਖਾਤਰ ਸਾਡੇ ਮੁੰਡਿਆਂ ਨੂੰ ਮੌਤ ਦੇ ਮੂੰਹ ਵਿੱਚ ਭੇਜਿਆ ਜਾ ਰਿਹਾ। ਇਸ ਦਾ ਡਟ ਕੇ ਵਿਰੋਧ ਹੋਣਾ ਹੀ ਚਾਹੀਦਾ।

ਤ੍ਰਿੰਝਣਾਂ ਵਿੱਚ ਕੁੜੀਆਂ ਤੋਂ ਬਿਨਾਂ ਘਰਾਂ ਦੀਆ ਵਹੁਟੀਆਂ ਤੇ ਵਡੇਰੀ ਉਮਰ ਦੀਆਂ ਔਰਤਾਂ ਵੀ ਹੁੰਦੀਆਂ। ਗੁਲਾਬ ਕੌਰ ਦੀਆਂ ਗੱਲਾਂ ਉਨ੍ਹਾਂ ਦੇ ਦਿਲਾਂ ਵਿੱਚ ਇਕ ਦਮ ਅਸਰ ਕਰਦੀਆਂ। ਜਿਸ ਦਿਨ ਗੁਲਾਬ ਕੌਰ ਘਰ ਹੁੰਦੀ ਤਾਂ ਉਹ ਘਰ ਦੇ ਬੂਹੇ ਅੱਗੇ ਚਰਖਾ ਡਾਹ ਕੇ ਬੈਠ ਜਾਂਦੀ। ਲੰਘਦੀਆਂ ਔਰਤਾਂ ਉਸ ਨੂੰ ਬੁਲਾਉਂਦੀਆਂ। ਕੋਈ ਗ਼ਦਰੀ ਇਧਰ ਉਧਰ ਜਾਂਦਾ ਉਸ ਨੂੰ ਕੋਈ ਸੁਨੇਹਾ ਵੀ ਦੇ ਜਾਂਦਾ। ਇਹ ਗੁਲਾਬ ਕੌਰ ਦਾ ਕੰਮ ਕਰਨ ਦਾ ਅਜ਼ੀਬ ਢੰਗ ਸੀ।

ਇਕ ਦਿਨ ਸੂਰਜ ਛੁਪਣ ਵਾਲਾ ਸੀ। ਗੁਲਾਬ ਕੌਰ ਆਪਣੇ ਕਮਰੇ ਵਿੱਚ ਬੈਠੀ ਸੀ। ਅਚਾਨਕ ਹੀ ਸੁਰਜਣ ਸਿੰਘ (ਫਤਿਹਗੜ੍ਹ) ਅੰਦਰ ਲੰਘ ਆਇਆ। ਉਸ ਦਾ ਚਿਹਰਾ ਉਤਰਿਆ ਹੋਇਆ ਸੀ। ਉਹ ਗੁਲਾਬ ਕੌਰ ਨੂੰ ਵੇਖ ਕੇ ਹੋਰ ਵੀ ਭਾਵੁਕ ਹੋ ਗਿਆ। ਉਸ ਨੇ ਮੂੰਹ ਦੂਜੇ ਪਾਸੇ ਕਰ ਲਿਆ।

"ਹੈਂ ਇਹ ਕੀ ਗੱਲ! ਸੁਰਜਣ ਸਿੰਘ ਨੇ ਤਾਂ ਇਸ ਤਰ੍ਹਾਂ ਅੱਗੇ ਕਦੇ ਨਹੀਂ ਕੀਤਾ। ਇਸ ਨੂੰ ਕੀ ਹੋ ਗਿਆ।" ਘਬਰਾਈ ਹੋਈ ਗੁਲਾਬ ਕੌਰ ਇਕ ਦਮ ਉਠ ਖਲੋਤੀ।

"ਵੀਰਾ ਕੀ ਗੱਲ ਐ?" ਗੁਲਾਬ ਕੌਰ ਡਾਹਢੀ ਹੈਰਾਨ ਸੀ।

"ਪੁੱਛ ਨਾ ਬੀਬੀ!" ਸੁਰਜਣ ਸਿੰਘ ਮਸਾਂ ਹੀ ਬੋਲਿਆ।

"ਵੀਰਾ ਕੀ ਗੱਲ ਹੋ ਗਈ। ਤੂੰ ਤਾਂ ਰੋ ਰਿਹੈਂ। ਜ਼ਰੂਰ ਕੋਈ ਅਣਹੋਣੀ ਵਾਪਰ ਗਈ ਹੋਵੇਗੀ। ਮੈਨੂੰ ਛੇਤੀ ਦੱਸ ਕੀ ਗੱਲ ਐ?"

"ਬੀਬੀ ਜੀ, ਕੀ ਦੱਸਾਂ, ਗੱਲ ਦੱਸਣ ਵਾਲੀ ਨਹੀਂ। ਬਹੁਤ ਭੈੜੀ ਘਟਨਾ ਵਾਪਰ ਗਈ।" ਸੁਰਜਣ ਸਿੰਘ ਨੀਵੀਂ ਪਾਈ ਰੋ ਰਿਹਾ ਸੀ। ਗੁਲਾਬ ਕੌਰ ਕਿੰਨਾ ਈ ਚਿਰ ਸੁਰਜਣ ਸਿੰਘ ਵੱਲ ਵੇਖਦੀ ਰਹੀ। ਫਿਰ ਉਸ ਨੇ ਸੁਰਜਣ ਸਿੰਘ ਨੂੰ ਮੋਢਿਆਂ ਤੋਂ ਫੜ ਕੇ ਮੰਜੇ ਉੱਤੇ ਬਿਠਾਇਆ।

"ਵੀਰਾ, ਕੀ ਬਿਪਤਾ ਆ ਪਈ?" ਗੁਲਾਬ ਕੌਰ ਦਾ ਦਿਲ ਜੋਰ ਨਾਲ ਧੜਕ ਰਿਹਾ ਸੀ।

"ਜੀਵਨ ਸਿੰਘ ਹੋਰਾਂ ਨੂੰ ਪੁਲੀਸ ਫੜ ਕੇ ਕੇ ਲੈ ਗਈ!"

"ਅੱਛਾ!" ਗੁਲਾਬ ਕੌਰ ਦੀਆਂ ਅੱਖਾਂ ਟੱਡੀਆਂ ਰਹਿ ਗਈਆਂ।

"ਇਨ੍ਹਾਂ ਦੇ ਨਾਲ ਦੇ ਦੋ ਬੰਦੇ ਮੌਕੇ ਤੇ ਹੀ ਮਾਰੇ ਗਏ!"

"ਓ।.....ਹੋ!" ਗੁਲਾਬ ਕੌਰ ਨੂੰ ਤਾਂ ਜਿਵੇਂ ਯਕੀਨ ਹੀ ਨਹੀਂ ਆਇਆ। ਉਹ ਫੇਰ ਹੈਰਾਨ ਹੋਈ ਕਹਿਣ ਲੱਗੀ, "ਸੁਰਜਣ ਸਿਹਾਂ ਤੂੰ ਕੀ ਕਹਿ ਰਿਹੈਂ?" ਭੌਰ ਭੌਰ ਹੋਈ ਗੁਲਾਬ ਕੌਰ ਨੂੰ ਕੁੱਝ ਨਹੀਂ ਸੀ ਸੁੱਝ ਰਿਹਾ। ਉਸ ਦੀਆਂ ਅੱਖਾਂ ਅੱਗੇ ਇੱਕ ਦਮ ਜਿਵੇਂ ਹਨ੍ਹੇਰਾ ਛਾ ਗਿਆ। ਫਿਰ ਸੁਰਜਣ ਸਿੰਘ ਨੇ ਸਾਰੀ ਗੱਲ ਛੇਤੀ ਨਾਲ ਦੱਸ ਦਿੱਤੀ। "ਬੀਬੀ ਮੈਂ ਹੁਣ ਚੱਲਦਾਂ!" ਸੁਰਜਣ ਸਿੰਘ ਉਠ ਕੇ ਖਲੋ ਗਿਆ। ਚਾਚੀ ਇੰਦਰ ਕੌਰ ਅੰਦਰ ਆ ਗਈ। ਸੁਰਜਣ ਸਿੰਘ ਭਰੇ ਹੋਏ ਮਨ

ਨਾਲ ਚੁੱਪ ਚਾਪ ਤੁਰ ਪਿਆ। "ਵੀਰ ਸੁਰਜਣ ਸਿੰਹਾਂ!" ਗੁਲਾਬ ਕੌਰ ਦੀ ਧਾਅ ਨਿਕਲ ਗਈ। ਸੁਰਜਣ ਸਿੰਘ ਤਾਂ ਚਲਾ ਗਿਆ ਪਰ ਚਾਚੀ ਨੂੰ ਤਾਂ ਹੱਥਾਂ ਪੈਰਾਂ ਦੀ ਪੈ ਗਈ। ਗੁਲਾਬ ਕੌਰ ਨੂੰ ਉਸ ਨੇ ਅੱਜ ਪਹਿਲੀ ਵਾਰ ਰੋਂਦੀ ਕੁਰਲਾਂਦੀ ਨੂੰ ਵੇਖਿਆ ਸੀ। ਉਹ ਝੱਟ ਸਮਝ ਗਈ ਕਿ ਜ਼ਰੂਰ ਕੋਈ ਵੱਡੀ ਦੁਖਦਾਈ ਘਟਨਾ ਵਾਪਰ ਗਈ ਹੈ। ਉਸ ਦੇ ਸਾਹਮਣੇ ਗੁਲਾਬ ਕੌਰ ਧਾਹਾਂ ਮਾਰ ਮਾਰ ਰੋ ਰਹੀ ਸੀ।

ਪੰਦਰਾਂ

ਗ਼ਦਰੀਆਂ ਨੇ ਫੌਜ ਨੂੰ ਨਾਲ ਜੋੜਨ ਲਈ ਦਿਨ ਰਾਤ ਭੱਜ ਨੱਠ ਕੀਤੀ। ਫੌਜ ਦਾ ਇੱਕੋ ਜਵਾਬ ਸੀ ਕਿ ਗ਼ਦਰੀ ਹਥਿਆਰ ਲੈ ਕੇ ਮੈਗਜ਼ੀਨਾਂ ਉੱਤੇ ਹਮਲੇ ਕਰਨਾ। ਫੌਜ ਇਸ ਪਿੱਛੋਂ ਜ਼ਰੂਰ ਸਾਥ ਦੇਵੇਗੀ। ਪਾਰਟੀ ਨੇ ਵੱਧ ਤੋਂ ਵੱਧ ਹਥਿਆਰ ਇਕੱਠੇ ਕਰਨ ਦਾ ਉਪਰਾਲਾ ਕੀਤਾ। ਪਾਰਟੀ ਦੀ ਅੰਮ੍ਰਿਤਸਰ ਵਿਖੇ ਇੱਕ ਮੀਟਿੰਗ ਹੋਈ। ਫਿਰ ਨਵੰਬਰ ਦੇ ਪਹਿਲੇ ਹਫਤੇ ਨਨਕਾਣਾ ਸਾਹਿਬ ਇੱਕ ਮੀਟਿੰਗ ਹੋਈ ਜਿਸ ਵਿੱਚ ਕਰਤਾਰ ਸਿੰਘ ਸਰਾਭਾ, ਜਗਤ ਸਿੰਘ ਸੁਰ ਸਿੰਘ, ਚੰਨਣ ਸਿੰਘ, ਕਾਲਾ ਸਿੰਘ ਜਗਤਪੁਰ ਤੇ ਪਿਆਰਾ ਸਿੰਘ ਲੰਗੇਰੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਫਿਰ ਇੱਕ ਮੀਟਿੰਗ ਖਾਸਾ (ਅੰਮ੍ਰਿਤਸਰ) ਵਿਖੇ ਹੋਈ ਜਿਸ ਵਿੱਚ ਗੁੱਜਰ ਸਿੰਘ ਭਕਨਾ ਤੇ ਉਨ੍ਹਾਂ ਦੇ ਸ਼ੰਘਾਈ ਵਾਲੇ ਜੱਥੇ ਦੇ ਵਰਕਰ ਹਾਜ਼ਰ ਸਨ। ਵਿਚਾਰ ਵਟਾਂਦਰੇ ਤੋਂ ਬਾਅਦ ਫੈਸਲਾ ਹੋਇਆ ਕਿ ਬਿਆਸ ਤੋਂ ਅੱਗੇ ਲਾਹੌਰ ਅੰਮ੍ਰਿਤਸਰ ਆਦਿ ਜ਼ਿਲ੍ਹਿਆਂ ਦੇ ਵਰਕਰ ਮੀਆਂ ਮੀਰ ਛਾਉਣੀ ਲਈ ਕੰਮ ਕਰਨ ਤੇ ਬਿਆਸ ਤੋਂ ਹੇਠਾਂ ਦੁਆਬਾ ਤੇ ਮਾਲਵੇ ਦੇ ਵਰਕਰ ਫਿਰੋਜ਼ਪੁਰ ਦੀ ਛਾਉਣੀ ਵਾਸਤੇ ਕੰਮ ਵਿੱਚ ਜੁੱਟ ਜਾਣ। ਪਾਰਟੀ ਦੇ ਕੰਮ ਨੂੰ ਸੰਭਾਲਣ ਲਈ ਇੱਕ ਕਮੇਟੀ ਬਣਾਈ ਗਈ ਜਿਸ ਵਿੱਚ ਕਰਤਾਰ ਸਿੰਘ ਸਰਾਭਾ, ਨਿਧਾਨ ਸਿੰਘ ਚੁੱਘਾ, ਡਾਕਟਰ ਮਥਰਾ ਦਾਸ ਢੁੱਡਿਆਲ, ਗੁੱਜਰ ਸਿੰਘ ਭਕਨਾ, ਵਿਸਾਖਾ ਸਿੰਘ ਦਦੇਹਰ, ਪੰਡਤ ਜਗਤ ਰਾਮ ਹਰਿਆਣਾ, ਪਿਆਰਾ ਸਿੰਘ ਲੰਗੇਰੀ ਤੇ ਵੀਰ ਸਿੰਘ ਬਾਹੋਵਾਲ ਨੂੰ ਲਿਆ ਗਿਆ। ਇਸ ਤੋਂ ਅੱਗੇ ਪੰਜਾਬ ਵਿੱਚ ਕਈ ਥਾਂ ਮੀਟਿੰਗਾਂ, ਹੋਈਆਂ। ਇਸੇ ਤਰ੍ਹਾਂ ਇੱਕ ਮੀਟਿੰਗ ਫਿਰੋਜ਼ਪੁਰ ਸ਼ਹਿਰ ਤੋਂ ਬਾਹਰ ਜਲਾਲਾਬਾਦ ਵਾਲੀ ਸੜਕ ਉਤੇ ਰੱਖੀ ਗਈ।

ਇਸ ਮੀਟਿੰਗ ਵਿੱਚ ਪੰਡਤ ਕਾਂਸ਼ੀ ਰਾਮ, ਰਹਿਮਤ ਅਲੀ ਵਜ਼ੀਦ ਕੇ, ਕਰਤਾਰ ਸਿੰਘ ਸਰਾਭਾ, ਗਾਂਧਾ ਸਿੰਘ ਕੱਚਰਭੰਨ, ਨਿਧਾਨ ਸਿੰਘ ਚੁੱਘਾ, ਜਗਤ ਸਿੰਘ ਬਿੰਝਲ, ਜਿਉਣ ਸਿੰਘ ਦੌਲਾ ਸਿੰਘ ਵਾਲਾ, ਜਗਤ ਸਿੰਘ ਸੁਰ ਸਿੰਘ, ਹਰੀ ਸਿੰਘ ਨਥਾਣਾ, ਵਰਿਆਮ ਸਿੰਘ ਅਮਲੀ, ਸੁਰਜਣ ਸਿੰਘ ਫਤਿਹਗੜ੍ਹ ਤੇ ਹੋਰ ਬਹੁਤ ਸਾਰੇ ਵਰਕਰ ਸ਼ਾਮਲ ਸਨ। ਅਗਲੇ ਦਿਨ ਸਾਰੇ ਗ਼ਦਰੀਆਂ ਨੇ ਇਕੱਠੇ ਹੋ ਕੇ ਫਿਰੋਜ਼ਪੁਰ ਛਾਉਣੀ ਉੱਤੇ ਹਮਲਾ ਕਰਨਾ ਸੀ। ਗ਼ਦਰੀਆਂ ਵਿੱਚ ਬੜਾ ਜੋਸ਼ ਸੀ। ਉਹ ਤਾਂ ਸਮਝਦੇ ਸਨ ਕਿ ਫਿਰੋਜ਼ਪੁਰ ਛਾਉਣੀ ਉਤੇ ਸਮਝੋ ਕਬਜ਼ਾ ਹੋ ਗਿਆ। ਮੀਟਿੰਗ ਵਿੱਚ ਨਿਧਾਨ ਸਿੰਘ ਚੁੱਘੇ ਨੇ ਗੱਲ ਸਾਫ ਕਰ ਦਿੱਤੀ ਕਿ 26 ਤਰੀਕ ਨੂੰ ਹੀ ਮੀਆਂ ਮੀਰ ਉੱਤੇ ਹੱਲਾ ਬੋਲਣਾ ਸੀ। ਗ਼ਦਰੀਆਂ ਦੇ ਨਾਲ 23 ਨੰਬਰ ਰਿਸਾਲੇ ਦੇ ਫੌਜੀ ਵੀ ਆਉਣੇ ਸਨ ਪਰ ਇਹ ਫੌਜੀ ਆ ਨਹੀਂ ਸਕੇ। ਇਸ ਕਰਕੇ ਮੀਆਂ ਮੀਰ ਉੱਤੇ ਹਮਲਾ ਨਹੀਂ ਹੋ ਸਕਿਆ। ਨਿਧਾਨ ਸਿੰਘ ਚੁੱਘੇ ਨੇ ਅੱਗੇ ਦੱਸਿਆ ਕਿ ਫਿਰੋਜ਼ਪੁਰ ਦੀ ਇੱਕ ਪਠਾਣ ਰਜਮੈਂਟ ਤੋਂ 30 ਨਵੰਬਰ ਨੂੰ ਹਥਿਆਰ ਲੈਣ ਦਾ ਬੰਦੋਬਸਤ ਕੀਤਾ ਗਿਆ ਹੈ ਜਿਸ ਕਰਕੇ ਹੁਣ ਹਮਲਾ 30 ਨਵੰਬਰ ਤਰੀਕ

ਤੋਂ ਬਾਅਦ ਹੀ ਕਿਸੇ ਦਿਨ ਹੋਵੇਗਾ। ਸੂਚਨਾ ਬਾਅਦ ਵਿੱਚ ਦੇ ਦਿੱਤੀ ਜਾਵੇਗੀ। ਫਿਰੋਜ਼ਪੁਰ ਪਹੁੰਚੇ ਗ਼ਦਰੀ ਹੁਣ ਵਾਪਸ ਮੁੜਨ ਦੀਆਂ ਤਿਆਰੀਆਂ ਕਰਨ ਲੱਗੇ।

ਕੁੱਝ ਗ਼ਦਰੀ ਤਾਂ ਫਿਰੋਜ਼ਪੁਰ ਤੋਂ ਰੇਲ ਗੱਡੀ ਵਿੱਚ ਬੈਠ ਗਏ ਤੇ ਬਾਕੀਆਂ ਨੇ ਅਗਲੇ ਦਿਨ ਟਾਂਗੇ ਕਿਰਾਏ ਉਤੇ ਲੈ ਕੇ ਘਰਾਂ ਨੂੰ ਚਾਲੇ ਪਾ ਦਿੱਤੇ। ਅੱਗੇ ਫੇਰੂ ਸ਼ਹਿਰ ਲਾਗੇ ਮਿਸ਼ਰੀਵਾਲਾ ਲਾਗਲੇ ਨਹਿਰ ਦੇ ਪੁਲ ਉੱਤੇ ਪੁਲੀਸ ਦਾ ਨਾਕਾ ਲੱਗਾ ਹੋਇਆ ਸੀ। ਇਲਾਕੇ ਦੇ ਥਾਣੇਦਾਰ, ਜੈਲਦਾਰ, ਲੰਬੜਦਾਰ ਤੇ ਹੋਰ ਵੀ ਬਹੁਤ ਸਾਰੇ ਲੋਕ ਹਾਜ਼ਰ ਸਨ। ਇਕੱਠੇ ਹੀ ਕਈ ਟਾਂਗੇ ਆਉਂਦੇ ਵੇਖ ਕੇ ਪੁਲੀਸ ਨੇ ਉਨ੍ਹਾਂ ਨੂੰ ਰੋਕ ਲਿਆ। ਸਭ ਦੀ ਤਲਾਸ਼ੀ ਲੈਣ ਵਾਸਤੇ ਪੁਲੀਸ ਉਨ੍ਹਾਂ ਦੇ ਦੁਆਲੇ ਹੋ ਗਈ। ਥਾਣੇਦਾਰ ਬੜੀ ਉੱਚੀ-ਉੱਚੀ ਅਵਾਜ਼ ਵਿੱਚ ਬੋਲ ਰਿਹਾ ਸੀ। ਉਸ ਨੇ ਆਪਣਾ ਰੋਅਬ ਵਿਖਾਉਂਦਿਆਂ ਰਹਿਮਤ ਅਲੀ ਵਜੀਦਕੇ ਦੇ ਥੱਪੜ ਕੱਢ ਮਾਰਿਆ। ਸਾਰੇ ਗ਼ਦਰੀਆਂ ਦਾ ਖ਼ੂਨ ਖੌਲ਼ ਉਠਿਆ।

"ਓ ਕੁੱਤੇ ਇਹ ਕੀ ਕੀਤਾ ਤੂੰ।" ਗਾਂਧਾ ਸਿੰਘ ਕੱਚਰ ਭੰਨ ਕੜਕਿਆ।

"ਕੌਣ ਐ ਓਏ ਤੂੰ।" ਥਾਣੇਦਾਰ ਇਕ ਦਮ ਗਾਂਧਾ ਸਿੰਘ ਨੂੰ ਭੱਜ ਕੇ ਪਿਆ। ਗਾਂਧਾ ਸਿੰਘ ਨੇ ਫੁਰਤੀ ਨਾਲ ਡੱਬ ਵਿੱਚੋਂ ਪਸਤੌਲ ਕੱਢ ਕੇ ਥਾਣੇਦਾਰ ਉੱਤੇ ਗੋਲੀ ਚਲਾ ਦਿੱਤੀ। ਅਗਲੇ ਹੀ ਪਲ ਥਾਣੇਦਾਰ ਧਰਤੀ ਉਤੇ ਚੌਫਾਲ ਪਿਆ ਸੀ। ਇਲਾਕੇ ਦਾ ਜ਼ੈਲਦਾਰ ਗਾਂਧਾ ਸਿੰਘ ਵੱਲ ਭੱਜ ਕੇ ਆਇਆ। ਗਾਂਧਾ ਸਿੰਘ ਨੇ ਝੱਟ ਇਕ ਗੋਲੀ ਉਸ ਦੀ ਛਾਤੀ ਵਿੱਚ ਠੋਕ ਦਿੱਤੀ। ਜ਼ੈਲਦਾਰ ਵੀ ਥਾਏਂ ਲੁੜ੍ਹਕ ਗਿਆ। ਪਲਾਂ ਵਿੱਚ ਹੀ ਸੜਕ ਉਤੇ ਹਫੜਾ ਦਫੜੀ ਪੈ ਗਈ। ਜਿਧਰ ਕਿਸੇ ਦਾ ਮੂੰਹ ਹੋਇਆ ਉਧਰ ਨੂੰ ਭੱਜ ਤੁਰਿਆ। ਗੋਲੀ ਦੇ ਡਰ ਕਾਰਨ ਹਰ ਕੋਈ ਜਾਨ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਕਈ ਗ਼ਦਰੀਆਂ ਨੇ ਹੁਸ਼ਿਆਰੀ ਵਰਤੀ ਤੇ ਉਹ ਭੱਜੇ ਜਾਂਦੇ ਲੋਕਾਂ ਦੇ ਨਾਲ ਹੀ ਭੱਜ ਤੁਰੇ ਪਰ ਨੌਂ ਗ਼ਦਰੀ ਨਹਿਰ ਦੇ ਕਿਨਾਰੇ ਝੱਲ ਵਿੱਚ ਚਲੇ ਗਏ। ਪੁਲੀਸ ਨੂੰ ਝੱਟ ਹੀ ਸ਼ੱਕ ਹੋਇਆ ਕਿ ਇਹ ਬੰਦੇ ਗੋਲੀ ਚਲਾਉਣ ਵਾਲੇ ਦੇ ਸਾਥੀ ਹੀ ਹੋਣਗੇ।

ਪੁਲੀਸ ਨੇ ਝੱਲ ਨੂੰ ਘੇਰਾ ਪਾ ਲਿਆ। ਲੋਕ ਵੀ ਪੁਲੀਸ ਦੀ ਮੱਦਦ ਕਰ ਰਹੇ ਸਨ। ਲੋਕ ਸਮਝ ਰਹੇ ਸਨ ਕਿ ਇਹ ਸਾਰੇ ਚੋਰ ਡਾਕੂ ਹਨ ਜਿਸ ਕਰਕੇ ਉਨ੍ਹਾਂ ਦੇ ਮਗਰ ਪੈ ਗਏ। ਪੁਲੀਸ ਵਾਲੇ ਛਹਿ ਲਾ ਕੇ ਫਾਇਰ ਕਰਨ ਲੱਗ ਪਏ। ਅੱਗੋਂ ਝੱਲ ਵਿੱਚੋਂ ਵੀ ਗ਼ਦਰੀ ਫਾਇਰ ਕਰਨ ਲੱਗੇ। ਗ਼ਦਰੀਆਂ ਕੋਲ ਤਾਂ ਪਸਤੌਲ ਸਨ ਪਰ ਪੁਲੀਸ ਕੋਲ ਰਾਈਫਲਾਂ ਸਨ। ਦੋਹਾਂ ਪਾਸਿਆਂ ਤੋਂ ਗੋਲੀ ਚੱਲਦੀ ਰਹੀ। ਕੁੱਝ ਚਿਰ ਬਾਅਦ ਪੁਲੀਸ ਨੇ ਝੱਲ ਨੂੰ ਅੱਗ ਲਾ ਦਿੱਤੀ। ਪਲਾਂ ਵਿੱਚ ਹੀ ਅੱਗ ਸਾਰੇ ਝੱਲ ਨੂੰ ਪੈ ਗਈ। ਤਿੜ ਤਿੜ ਕਰਦੀ ਅਵਾਜ਼ ਵੱਧਦੀ ਗਈ। ਝੱਲ ਵਿੱਚੋਂ ਅੱਗ ਦੀਆਂ ਲਪਟਾਂ ਉਠਣ ਲੱਗੀਆਂ। ਧੂੰਆਂ ਚਾਰ ਚੁਫੇਰੇ ਫੈਲ ਗਿਆ। ਕੋਈ ਵਾਹ ਨਾ ਜਾਂਦੀ ਵੇਖ ਕੇ ਸੱਤ ਗ਼ਦਰੀ ਝੱਲ ਵਿੱਚੋਂ ਨਿਕਲ ਕੇ ਬਾਹਰ ਨੂੰ ਭੱਜ ਤੁਰੇ ਪਰ ਉਹ ਚਾਰੇ ਪਾਸੇ ਤੋਂ ਘਿਰੇ ਹੋਏ ਸਨ ਤੇ ਫਿਰ ਪੰਡਤ ਕਾਂਸ਼ੀ ਰਾਮ ਮੜ੍ਹੌਲੀ, ਜੀਵਨ ਸਿੰਘ ਦੌਲਾ ਸਿੰਘ ਵਾਲਾ, ਰਹਿਮਤ ਅਲੀ ਵਜੀਦਕੇ, ਬਖਸ਼ੀਸ਼ ਸਿੰਘ ਖਾਨਪੁਰ, ਲਾਲ ਸਿੰਘ ਸਾਹਿਬਾਣਾ, ਜਗਤ ਸਿੰਘ ਬਿੰਝਲ ਤੇ ਧਿਆਨ ਸਿੰਘ ਉਮਰਪੁਰੀਆ ਪੁਲੀਸ ਦੇ ਕਾਬੂ ਆ ਗਏ। ਧਿਆਨ ਸਿੰਘ ਬੇਗਮੀਪੁਰਾ ਤੇ ਚੰਦਾ ਸਿੰਘ ਵੜੈਚ ਝੱਲ ਵਿੱਚ ਹੀ ਸ਼ਹਾਦਤ ਦਾ ਜਾਮ ਪੀ ਗਏ ਸਨ। ਗਾਂਧਾ ਸਿੰਘ ਕੱਚਰਭੰਨ, ਵਰਿਆਮ ਸਿੰਘ ਅਮਲੀ, ਕਿਹਰ ਸਿੰਘ ਸੈਦੋ ਕੇ, ਦਲੀਪ ਸਿੰਘ, ਸੁਰਜਣ ਸਿੰਘ ਫਤਿਹਗੜ੍ਹ, ਵਰਿਆਮ ਸਿੰਘ ਮੱਤੂ, ਸਰਦਾਰਾ ਸਿੰਘਾ ਵਾਲਾ, ਈਸ਼ਰ ਸਿੰਘ ਵੇਈਂ ਵਾਲਾ, ਕਰਤਾਰ ਸਿੰਘ ਦੁੱਕੀ ਲਤਾਲਾ,

ਵਰਿਆਮ ਸਿੰਘ ਤੇ ਬਚਨ ਸਿੰਘ ਭਿੱਖੀ ਲੋਕਾਂ ਦੀ ਭੀੜ ਵਿੱਚ ਰਲ ਕੇ ਇਧਰ ਉਧਰ ਹੋ ਗਏ।

ਇਸ ਸਾਕੇ ਨੂੰ ਅੱਖੀਂ ਵੇਖ ਕੇ ਤੇ ਸਾਫ ਬਚ ਕੇ ਆਏ ਸੁਰਜਣ ਸਿੰਘ ਨੇ ਗ਼ਦਰੀ ਗੁਲਾਬ ਕੌਰ ਨੂੰ ਸਾਰੀ ਕਹਾਣੀ ਦੱਸੀ ਤੇ ਫਿਰ ਕੋਟਲਾ ਨੌਧ ਸਿੰਘ ਤੋਂ ਬੱਚ ਕੇ ਨਿਕਲਣ ਲਈ ਤੁਰ ਪਿਆ।

ਗੁਲਾਬ ਕੌਰ ਦੀਆਂ ਧਾਹਾਂ ਸੁਣਦੀ ਚਾਚੀ ਇੰਦਰ ਕੌਰ ਆਪ ਵੀ ਬਹੁਤ ਘਬਰਾ ਗਈ। ਅਮਰ ਸਿੰਘ ਘਰ ਨਹੀਂ ਸੀ। ਗੁਲਾਬ ਕੌਰ ਦੇ ਰੋਣ ਦੀ ਅਵਾਜ਼ ਸੁਣ ਕੇ ਦਿਆਲੀ ਤੇ ਨਿਹਾਲੀ ਵੀ ਆ ਗਈਆਂ। ਉਹ ਦੋਵੇਂ ਗੁਲਾਬ ਕੌਰ ਦੇ ਆਸੀਂ ਪਾਸੀਂ ਬੈਠ ਗਈਆਂ। ਮਨ ਦੋਹਾਂ ਦਾ ਭਰ ਆਇਆ।

"ਬੀਬੀ ਜੀ ਕੀ ਗੱਲ ਹੋ ਗਈ। ਕੋਈ ਗੱਲ ਤਾਂ ਦੱਸ।" ਦਿਆਲੀ ਨੇ ਕਿਹਾ।

"ਦਿਆਲੀ, ਮੇਰੇ ਦੋ ਵੀਰ ਤਾਂ ਪੁਲੀਸ ਦੀ ਗੋਲੀ ਨਾਲ ਥਾਏਂ ਸ਼ਹੀਦ ਹੋ ਗਏ। ਜੀਵਨ ਸਿੰਘ ਹੋਰਾਂ ਨੂੰ ਪੁਲੀਸ ਫੜ ਕੇ ਲੈ ਗਈ। ਪੁਲੀਸ ਨੇ ਛੱਡਣਾ ਤਾਂ ਇਨ੍ਹਾਂ ਨੂੰ ਵੀ ਨਹੀਂ। ਆਹ ਵੀਰ ਸੁਰਜਣ ਸਿੰਘ ਉਥੋਂ ਪਤਾ ਨਹੀਂ ਕਿਵੇਂ ਬਚ ਕੇ ਆ ਗਿਆ।" ਫਿਰ ਗੁਲਾਬ ਕੌਰ ਜਿਵੇਂ ਆਪਣੇ ਆਪ ਨਾਲ ਗੱਲਾਂ ਕਰਨ ਲੱਗੀ, "ਜੀਵਨਾ, ਤੂੰ ਤਾਂ ਮੈਨੂੰ ਬਚਾਅ ਕੇ ਮਨੀਲਾ ਤੋਂ ਲੈ ਆਇਆ, ਪਰ ਮੈਂ ਤੇਰਾ ਕੋਈ ਬਚਾਅ ਨਹੀਂ ਕਰ ਸਕੀ। ਜੇ ਮੈਨੂੰ ਇਸ ਭਾਣੇ ਦਾ ਪਤਾ ਹੁੰਦਾ ਤਾਂ ਮੈਂ ਆਪ ਵੀ ਤੇਰੇ ਨਾਲ ਚੱਲਦੀ। ਕਾਂਸ਼ੀ ਰਾਮ ਨੂੰ ਮੈਂ ਤਾਂ ਕਿਹਾ ਸੀ ਬਈ ਮੈਂ ਵੀ ਮਨੀਲਾ ਤੋਂ ਆਈ ਆ। ਮੈਨੂੰ ਵੀ ਨਾਲ ਲੈ ਚੱਲ। ਅਤੇ ਤੇਰੀ ਡਿਊਟੀ ਤਾਂ ਭੈਣ ਇਧਰ ਐ। ਮੈਨੂੰ ਕੀ ਪਤਾ ਸੀ ਕਿ ਇਹ ਤਾਂ ਆਖਰੀ ਮੁਲਾਕਾਤ ਸੀ। ਵੀਰੋ ਮੈਨੂੰ ਵੀ ਆਪਣੇ ਨਾਲ ਲੈ ਜਾਂਦੇ। ਮੈਂ ਵੀ ਤੁਹਾਡੇ ਨਾਲ ਹੀ ਸ਼ਹਾਦਤ ਦਾ ਜਾਮ ਪੀ ਲੈਂਦੀ।"

"ਬੀਬੀ ਸਬਰ ਕਰ! ਜੋ ਵਾਹਿਗੁਰੂ ਦਾ ਹੁਕਮ ਐ। ਉਸ ਦਾ ਭਾਣਾ ਤਾਂ ਮੰਨਣਾ ਈ ਪੈਂਦਾ!" ਚਾਚੀ ਨੇ ਦਿਲਾਸਾ ਦੇਣ ਵਜੋਂ ਕਿਹਾ।

ਇਧਰ ਗੁਲਾਬ ਕੌਰ ਦਾ ਰੋਣ ਨਹੀਂ ਸੀ ਥੰਮ੍ਹ ਰਿਹਾ। ਦਿਆਲੀ ਤੇ ਨਿਹਾਲੀ ਉਸ ਨੂੰ ਸੰਭਾਲੀ ਬੈਠੀਆਂ ਸਨ। ਫਿਰ ਚਾਚੀ ਪਾਣੀ ਦਾ ਗਿਲਾਸ ਲੈ ਆਈ।

"ਲੈ ਧੀਏ ਘੁੱਟ ਪਾਣੀ ਪੀ।" ਚਾਚੀ ਨੇ ਕਿਹਾ ਪਰ ਗੁਲਾਬ ਕੌਰ ਨੇ ਹੱਥ ਨਾਲ ਹੀ ਗਿਲਾਸ ਪਰ੍ਹੇ ਕਰ ਦਿੱਤਾ। ਫਿਰ ਚਾਚੀ ਨੇ ਲਾਲਟੈਨ ਜਗਾ ਦਿੱਤੀ। ਕਮਰਾ ਚਾਨਣ ਨਾਲ ਭਰ ਗਿਆ।

"ਕੋਈ ਨਾ ਧੀਏ ਹੁਣ ਸਬਰ ਕਰ!" ਚਾਚੀ ਏਨਾ ਆਖ ਕੇ ਚੁੱਪ ਕਰ ਗਈ। ਉਸ ਨੂੰ ਖੁਦ ਵੀ ਕਿਸੇ ਗੱਲ ਦਾ ਪਤਾ ਨਹੀਂ ਸੀ ਲੱਗ ਰਿਹਾ। ਉਹ ਫਿਰ ਕਮਰੇ ਤੋਂ ਬਾਹਰ ਚਲੀ ਗਈ। ਉਸ ਨੇ ਪਸ਼ੂਆਂ ਵੱਲ ਨਿਗਾਹ ਮਾਰੀ। ਅਮਰ ਸਿੰਘ ਤਾਂ ਅਕਸਰ ਹੀ ਬਾਹਰ ਰਹਿੰਦਾ ਸੀ। ਸਵੇਰੇ ਸ਼ਾਮ ਪਸ਼ੂਆਂ ਦਾ ਧਿਆਨ ਰੱਖਣਾ ਉਸੇ ਦੀ ਜ਼ਿੰਮੇਵਾਰੀ ਸੀ। ਫਿਰ ਉਹ ਬਾਹਰਲਾ ਦਰਵਾਜ਼ਾ ਬੰਦ ਕਰਕੇ ਚੌਂਕੇ ਚੁੱਲ੍ਹੇ ਕੋਲ ਆ ਗਈ। ਉਸ ਨੂੰ ਹੁਣ ਵੀ ਗੁਲਾਬ ਕੌਰ ਦੇ ਰੋਣ ਦੀ ਅਵਾਜ਼ ਸੁਣਾਈ ਦੇ ਰਹੀ ਸੀ। ਉਸ ਨੂੰ ਗੁਲਾਬ ਕੌਰ ਉੱਤੇ ਬੜਾ ਤਰਸ ਆਇਆ। ਵਿਚਾਰੀ ਦੇ ਕੋਲ ਨਾ ਮਾਂ ਨਾ ਪਿਉ। ਨਾ ਕੋਈ ਭਰਾ। ਇਸ ਦੇ ਦਿਲ ਨੂੰ ਭਲਾ ਕਿਵੇਂ ਧਰਵਾਸ ਆਵੇ। ਕੋਈ ਆਪਣਾ ਹੋਵੇ ਤਾਂ ਤਾਂ ਦੁੱਖ ਵੰਡਾਵੇ। ਸੋਚਦੀ ਸੋਚਦੀ ਚਾਚੀ ਫੇਰ ਕਮਰੇ ਵਿੱਚ ਆ ਗਈ।

"ਕੁੜੇ ਤੁਸੀਂ ਦੋਵੇਂ ਰੋਟੀ ਟੁੱਕ ਵੱਲ ਹੋਵੋ। ਮੈਂ ਆਪਣੀ ਧੀ ਕੋਲ਼ ਬੈਠਦੀ ਆਂ।" ਚਾਚੀ ਦਾ ਆਪਣਾ ਦਿਲ ਵੀ ਨਹੀਂ ਸੀ ਖੜ੍ਹਦਾ। ਨਿਹਾਲੀ ਤੇ ਦਿਆਲੀ ਉਠ ਕੇ ਬਾਹਰ ਚੱਲੀਆਂ ਗਈਆਂ।

ਚਾਚੀ ਗੁਲਾਬ ਕੌਰ ਦੇ ਕੋਲ ਬੈਠ ਗਈ।

"ਬੱਸ ਮੇਰੀ ਧੀ। ਹੁਣ ਚੁੱਪ ਕਰ ਜਾਹ। ਪੁਲੀਸ ਜੇ ਜੀਵਨ ਹੋਰਾਂ ਨੂੰ ਫੜ ਕੇ ਲੈ ਗਈ ਤਾਂ ਰੱਬ ਨੇ ਚਾਹਿਆ ਉਹ ਜ਼ਰੂਰ ਘਰ ਆ ਜਾਣਗੇ। ਜਿਹੜੇ ਹੁਣ ਦੁਨੀਆਂ ਤੋਂ ਹੀ ਤੁਰ ਗਏ। ਉਨ੍ਹਾਂ ਨੇ ਤਾਂ ਮੁੜ ਕੇ ਆਉਣਾ ਨਹੀਂ। ਨਾ ਉਨ੍ਹਾਂ ਨੇ ਆਪਾਂ ਨੂੰ 'ਵਾਜ਼ ਦੇਣੀ ਆ।" ਚਾਚੀ ਹੌਲੀ-ਹੌਲੀ ਗੱਲਾਂ ਕਰਦੀ ਰਹੀ।

ਕੁੱਝ ਦੇਰ ਬਾਅਦ ਦਿਆਲੀ ਇੱਕ ਥਾਲੀ ਵਿੱਚ ਗੁਲਾਬ ਕੌਰ ਲਈ ਰੋਟੀ ਪਾ ਲਿਆਈ।

"ਲੈ ਮੇਰੀ ਧੀ ਰੋਟੀ ਖਾ!" ਚਾਚੀ ਨੇ ਥਾਲੀ ਗੁਲਾਬ ਕੌਰ ਦੇ ਅੱਗੇ ਕੀਤੀ।

"ਚਾਚੀ ਮੈਨੂੰ ਬਿਲਕੁੱਲ ਭੁੱਖ ਨਹੀਂ। ਤੁਸੀਂ ਰੋਟੀ ਖਾ ਲਉ।" ਗੁਲਾਬ ਕੌਰ ਦੀ ਅਵਾਜ਼ ਤਾਂ ਮਸਾਂ ਨਿਕਲਦੀ ਸੀ। ਉਸ ਰਾਤ ਘਰ ਦੇ ਕਿਸੇ ਜੀਅ ਨੇ ਵੀ ਰੋਟੀ ਨਾ ਖਾਧੀ। ਚਾਚੀ ਨੂੰ ਗੁਲਾਬ ਕੌਰ ਦੇ ਦੁੱਖ ਦਾ ਡੂੰਘਾ ਅਹਿਸਾਸ ਹੋਇਆ ਸੀ। ਉਹ ਅੰਦਰੋਂ ਹੈਰਾਨ ਵੀ ਸੀ ਕਿ ਸਾਡਾ ਇਸ ਕੁੜੀ ਨਾਲ ਭਲਾ ਕੀ ਰਿਸ਼ਤਾ ਹੋਇਆ। ਇਹ ਸਾਡੀ ਕਿਸੇ ਸਾਕ ਸਕੀਰੀ ਵਿੱਚੋਂ ਵੀ ਨਹੀਂ। ਇਸ ਦਾ ਮੋਹ ਆਪਣਿਆਂ ਨਾਲੋਂ ਵੀ ਵੱਧ ਆਉਂਦਾ। ਠੀਕ ਰਿਸ਼ਤੇ ਕੇਵਲ ਖ਼ੂਨ ਨਾਲ ਨਹੀਂ ਹੁੰਦੇ। ਰਿਸ਼ਤੇ ਦਿਨਾਂ ਦੇ ਵੀ ਹੁੰਦੇ ਐ।

ਇਸ ਦਿਨ ਤੋਂ ਬਾਅਦ ਗੁਲਾਬ ਕੌਰ ਸਾਰਾ ਦਿਨ ਚੁੱਪ ਹੀ ਰਹਿੰਦੀ। ਕਿਨਾ-ਕਿਨਾ ਚਿਰ ਉਹ ਇਕੱਲੀ ਬੈਠੀ ਕਿਸੇ ਡੂੰਘੀ ਸੋਚ ਵਿੱਚ ਗਵਾਚ ਜਾਂਦੀ। ਰੋਟੀ ਵੀ ਉਹ ਘੱਟ ਖਾਂਦੀ ਜਿਵੇਂ ਉਸ ਦੀ ਭੁੱਖ ਮਰ ਗਈ ਹੋਵੇ। ਚਾਚੀ ਤੇ ਉਸ ਦੀਆਂ ਦੋਵੇਂ ਨੂੰਹਾਂ ਉਸ ਨੂੰ ਮੱਲੋਮੱਲੀ ਰੋਟੀ ਖਵਾ ਦਿੰਦੀਆਂ। ਦਿਨ ਵੇਲੇ ਆਂਢ-ਗਵਾਂਢ ਦੀ ਕੋਈ ਕੁੜੀ ਉਸ ਕੋਲ ਆ ਜਾਂਦੀ। ਗੱਲ ਕਰਦੀ ਕਰਦੀ ਗੁਲਾਬ ਕੌਰ ਫਿਸ ਹੀ ਪੈਂਦੀ, ਜਿਵੇਂ ਉਸ ਦੇ ਅੰਦਰਲਾ ਦਰਦ ਇੱਕ ਦਮ ਫੁੱਟ ਪੈਂਦਾ ਸੀ। ਆਂਢ-ਗਵਾਂਢ ਦੀਆਂ ਔਰਤਾਂ ਉਸ ਨਾਲ ਆ ਕੇ ਬਥੇਰਾ ਦੁੱਖ ਸਾਂਝਾ ਕਰ ਜਾਂਦੀਆਂ। ਜਦੋਂ ਉਹ ਇਕੱਲੀ ਹੁੰਦੀ ਤਾਂ ਉਸ ਨੂੰ ਆਪਣਾ ਪਤੀ ਮਾਨ ਸਿੰਘ ਯਾਦ ਆ ਜਾਂਦਾ। ਉਸ ਨੂੰ ਮਾਨ ਸਿੰਘ ਦੀ ਯਾਦ ਰੜਕਦੀ। ਪਿੰਡ ਵਿੱਚ ਤਾਂ ਸਾਰੇ ਜੀਵਨ ਸਿੰਘ ਨੂੰ ਹੀ ਉਸ ਦਾ ਘਰਵਾਲਾ ਸਮਝਦੇ। ਉਹ ਲੋਕਾਂ ਨੂੰ ਕਿਵੇਂ ਦੱਸਦੀ ਕਿ ਜੀਵਨ ਸਿੰਘ ਤਾਂ ਉਸ ਦਾ ਵੀਰ ਹੈ, ਪਾਰਟੀ ਵਿੱਚ ਕੰਮ ਕਰਨ ਲਈ ਤੇ ਪੁਲੀਸ ਤੋਂ ਬਚਣ ਲਈ ਉਸ ਨੇ ਜੀਵਨ ਸਿੰਘ ਨੂੰ ਆਪਣਾ ਫਰਜ਼ੀ ਪਤੀ ਦੱਸਿਆ ਸੀ। ਇਹ ਰਾਜ਼ ਉਹ ਕਿਸੇ ਕੋਲ ਸਾਂਝਾ ਨਾ ਕਰਦੀ ਪਰ ਇਸ ਰਾਜ਼ ਨੇ ਉਸ ਨੂੰ ਮਾਨਸਿਕ ਤੌਰ ਤੇ ਤੰਗ ਵੀ ਕੀਤਾ ਸੀ। ਆਖਰ ਅਜਿਹਾ ਅੱਕ ਚੱਬਣਾ ਕੋਈ ਸੌਖਾ ਕੰਮ ਨਹੀਂ ਹੁੰਦਾ।

ਹੁਣ ਤਾਂ ਗੁਲਾਬ ਕੌਰ ਸਾਰਾ ਸਾਰਾ ਦਿਨ ਘਰ ਹੀ ਰਹਿੰਦੀ। ਪਹਿਲਾਂ ਵਾਂਗ ਪਾਰਟੀ ਦਾ ਪ੍ਰਚਾਰ ਕਰਨ ਬਾਹਰ ਅੰਦਰ ਨਾ ਜਾਂਦੀ। ਹਰ ਵੇਲੇ ਚੁੱਪ ਚਾਪ ਬੈਠੀ ਰਹਿੰਦੀ। ਕਿਸੇ ਡੂੰਘੀ ਸੋਚ ਵਿੱਚ ਗਲਤਾਨ। ਚਿਹਰੇ ਉੱਤੇ ਹਰ ਵੇਲੇ ਕੋਈ ਉਦਾਸੀ ਛਾਈ ਰਹਿੰਦੀ। ਇੱਕ ਦਿਨ ਚਾਚੀ ਨੇ ਅੰਦਰ ਆ ਕੇ ਕਿਹਾ, "ਬੀਬੀ ਤੈਨੂੰ ਕੋਈ ਮਿਲਣ ਵਾਲਾ ਆਇਆ!"

ਗੁਲਾਬ ਕੌਰ ਉਠ ਕੇ ਬੈਠ ਗਈ। ਅਮਰ ਸਿੰਘ ਦੇ ਨਾਲ ਇੱਕ ਭਾਈ ਅੰਦਰ ਆ ਗਿਆ। ਗੁਲਾਬ ਕੌਰ ਨੇ ਦੋਵੇਂ ਹੱਥ ਜੋੜ ਕੇ ਉਸ ਨੂੰ ਸਤਿਕਾਰ ਦਿੱਤਾ।

"ਬੀਬੀ ਇਹ ਨੇ ਹਰਨਾਮ ਸਿੰਘ ਟੁੰਡੀਲਾਟ!" ਅਮਰ ਸਿੰਘ ਨੇ ਟੁੰਡੀਲਾਟ ਵੱਲ ਇਸ਼ਾਰਾ ਕਰਕੇ ਕਿਹਾ।

"ਧੰਨ ਭਾਗ। ਤੁਹਾਡੇ ਦਰਸ਼ਨ ਹੋਏ। ਤੁਹਾਨੂੰ ਤਾਂ ਸਭ ਗ਼ਦਰੀ ਯਾਦ ਕਰਦੇ ਐ।" ਗੁਲਾਬ

ਕੌਰ ਦੇ ਚਿਹਰੇ ਉੱਤੇ ਕੁੱਝ ਰੌਣਕ ਆ ਗਈ। ਅਮਰ ਸਿੰਘ ਤੇ ਹਰਨਾਮ ਸਿੰਘ ਸਾਹਮਣੇ ਮੰਜੇ ਉੱਤੇ ਬੈਠ ਗਏ।

"ਤੁਹਾਡੀ ਬਾਂਹ ਵੇਖ ਕੇ ਮੈਨੂੰ ਕੁੱਝ ਸ਼ੱਕ ਤਾਂ ਪਈ ਸੀ।" ਗੁਲਾਬ ਕੌਰ ਨੇ ਹਾਲੇ ਗੱਲ ਵੀ ਪੂਰੀ ਨਹੀਂ ਸੀ ਕੀਤੀ। ਹਰਨਾਮ ਸਿੰਘ ਝੱਟ ਬੋਲ ਪਿਆ ਬਈ ਇਹ ਟੁੰਡੀਲਾਟ ਐ। ਗੁਲਾਬ ਕੌਰ ਵੀ ਥੋੜ੍ਹਾ ਹੱਸ ਪਈ।

"ਸ਼ੁਕਰ ਐ ਭਾਈ ਇਹ ਬੀਬੀ ਵੀ ਅੱਜ ਭੋਰਾ ਖੁਸ਼ ਹੋਈ ਐ। ਸਾਨੂੰ ਤਾਂ ਏਸੇ ਦਾ ਫਿਕਰ ਵੱਢ-ਵੱਢ ਖਾਈ ਜਾਂਦਾ?" ਚਾਚੀ ਨੇ ਦਿਲ ਦੀ ਗੱਲ ਆਖੀ।

"ਫਿਕਰ ਕਾਹਦਾ ਕਰਨਾ। ਅਸੀਂ ਬੰਬ ਬਣਾਉਂਦੇ ਸੀ। ਇਕ ਦਿਨ ਬੰਬ ਮੇਰੇ ਹੱਥ ਵਿੱਚ ਹੀ ਚੱਲ ਗਿਆ। ਆਹ ਬਾਂਹ ਕੱਟਣੀ ਪਈ। ਜੇਕਰ ਸਰੀਰ ਵੀ ਉਡ ਜਾਂਦਾ ਤਾਂ ਵੀ ਕੋਈ ਪਰਵਾਹ ਨਹੀਂ ਸੀ। ਕੋਈ ਫਿਕਰ ਬਿਲਕੁੱਲ ਨਹੀਂ ਕਰਨਾ।" ਹਰਨਾਮ ਸਿੰਘ ਟੁੰਡੀਲਾਟ ਨੇ ਹੌਂਸਲਾ ਵਧਾਊ ਗੱਲ ਕੀਤੀ। ਹਰਨਾਮ ਸਿੰਘ ਹਾਲੇ ਗੱਲ ਕਰਕੇ ਹੀ ਹਟਿਆ ਸੀ ਕਿ ਕਰਤਾਰ ਸਿੰਘ ਸਰਾਭਾ ਤੇ ਮੁਣਸ਼ਾ ਸਿੰਘ ਗ਼ਦਰੀ ਨ੍ਹੇਰੀ ਵਾਂਗ ਅੰਦਰ ਆ ਗਏ।

ਕਰਤਾਰ ਸਿੰਘ ਸਰਾਭਾ ਉੱਚਾ ਲੰਮਾ, ਛਾਂਟਵਾਂ ਸਰੀਰ। ਮੁੱਛ ਫੁੱਟ ਗੱਭਰੂ। ਅੰਤਾਂ ਦਾ ਖਿੜਿਆ ਹੋਇਆ ਚਿਹਰਾ। ਡੂੰਘੀਆਂ ਚਮਕਦਾਰ ਅੱਖਾਂ। ਉਹ ਗੁਲਾਬ ਕੌਰ ਦੇ ਬਿਲਕੁਲ ਨਜ਼ਦੀਕ ਸਾਹਮਣੇ ਖਲੋਤਾ ਸੀ। ਉਹ ਉਸੇ ਤਰ੍ਹਾਂ ਖਿੜੇ ਚਿਹਰੇ ਨਾਲ ਫੱਟ ਬੋਲਿਆ, "ਮੇਰਾ ਨਾਂ ਕਰਤਾਰ ਸਿੰਘ ਤੇ ਪਿੰਡ ਮੇਰਾ ਸਰਾਭਾ। ਮੈਨੂੰ ਇਹ ਵੀ ਪਤਾ ਤੂੰ ਸਾਡੀ ਭੈਣ ਗੁਲਾਬ ਕੌਰ।"

ਗੁਲਾਬ ਕੌਰ ਨੂੰ ਤਾਂ ਹੱਥਾਂ ਪੈਰਾਂ ਦੀ ਪੈ ਗਈ। ਕਿਨੇ ਚਿਰ ਤੋਂ ਉਹ ਕਰਤਾਰ ਸਰਾਭੇ ਨੂੰ ਮਿਲਣ ਲਈ ਤਰਸਦੀ ਸੀ। ਉਹ ਤਾਂ ਉਸ ਦੇ ਸਾਹਮਣੇ ਖਲੋਤਾ ਸੀ। ਪਲ ਦੀ ਪਲ ਤਾਂ ਗੁਲਾਬ ਕੌਰ ਨੂੰ ਯਕੀਨ ਹੀ ਨਾ ਆਇਆ ਕਿ ਸੱਚੀਂ ਕਰਤਾਰ ਉਸ ਦੇ ਸਾਹਮਣੇ ਹੈ। ਗੁਲਾਬ ਕੌਰ ਨੇ ਝੱਟ ਉਠ ਕੇ ਕਰਤਾਰ ਸਿੰਘ ਨੂੰ ਮੋਢਿਆਂ ਤੋਂ ਫੜ ਲਿਆ। ਕਿਨਾ ਹੀ ਚਿਰ ਉਹ ਕੋਈ ਗੱਲ ਨਾ ਕਰ ਸਕੀ।

"ਮੈਂ ਬਹੁਤ ਚਿਰ ਤੋਂ ਆਪਣੇ ਛੋਟੇ ਬਹਾਦਰ ਵੀਰ ਦੀਆਂ ਗੱਲਾਂ ਸੁਣ ਰਹੀ ਆਂ ਪਰ ਮੈਂ ਅੱਜ ਉਸ ਨੂੰ ਮਿਲ ਰਹੀਆਂ। ਜੁੱਗ ਜੁੱਗ ਜੀਅ ਮੇਰੇ ਨਿੱਕੇ ਵੀਰ। ਤੇਰਾ ਵਾਲ ਵੀ ਵਿੰਗਾ ਨਾ ਹੋਵੇ। ਤੇਰੀਆਂ ਕਹਾਣੀਆਂ ਤਾਂ ਦੂਰ-ਦੂਰ ਤੱਕ ਪੁੱਜ ਗਈਆਂ। ਲੋਕ ਘਰ ਘਰ ਤੇਰੀਆਂ ਗੱਲਾਂ ਕਰਦੇ ਐ। ਕਿੰਨੀ ਛੋਟੀ ਉਮਰ। ਹੌਂਸਲਾ ਤੇ ਕੰਮ। ਇਸ ਦਾ ਤਾਂ ਲੇਖਾ ਹੀ ਕੋਈ ਨਹੀਂ।"

"ਬੀਬੀ ਤੂੰ ਸਾਡੇ ਸਭ ਗ਼ਦਰੀਆਂ ਦੀ ਭੈਣ ਐਂ। ਪਾਰਟੀ ਤੇਰੇ ਕੰਮ ਦੀ ਬਹੁਤ ਸ਼ਲਾਘਾ ਕਰਦੀ ਐ।" ਕਰਤਾਰ ਸਿੰਘ ਪੂਰਾ ਖੁਸ਼ ਸੀ। ਫਿਰ ਕਰਤਾਰ ਸਿੰਘ ਨੇ ਅਮਰ ਸਿੰਘ ਵੱਲ ਨਿਗਾਹ ਕਰਕੇ ਕਿਹਾ, "ਤੁਹਾਡੀ ਇਕੋ ਡਿਊਟੀ ਐ ਕਿ ਜਿਨੀ ਛੇਤੀ ਹੋ ਸਕੇ ਤੁਸੀਂ ਬੀਬੀ ਜੀ ਨੂੰ ਲੈ ਕੇ ਅੰਮ੍ਰਿਤਸਰ ਪਹੁੰਚ ਜਾਣਾ। ਦਰਬਾਰ ਸਾਹਿਬ ਦੇ ਕੋਲ ਗੁਲਾਬ ਸਿੰਘ ਦਾ ਬੁੰਗਾ ਹੈ। ਉਥੇ ਬੀਬੀ ਨੂੰ ਛੱਡਣਾ। ਮੈਨੂੰ ਖ਼ਬਰ ਮਿਲ ਜਾਵੇਗੀ।" ਫਿਰ ਕਰਤਾਰ ਸਿੰਘ ਇਕ ਦਮ ਗੁਲਾਬ ਕੌਰ ਨੂੰ ਕਹਿਣ ਲੱਗਾ, "ਮੈਨੂੰ ਪਤਾ ਲੱਗਾ ਹੈ ਕਿ ਮੇਰੀ ਭੈਣ ਬਹੁਤ ਉਦਾਸ ਹੈ। ਵੇਖੋ ਅਸੀਂ ਤਾਂ ਦੇਸ਼ ਦੀ ਖਾਤਰ ਜਿਉਣ ਮਰਨ ਦੀ ਸਹੁੰ ਖਾਧੀ ਹੈ। ਅਸੀਂ ਅਜ਼ਾਦੀ ਲਈ ਹਰ ਕੁਰਬਾਨੀ ਲਈ ਤਿਆਰ ਆਂ। ਜੇਕਰ ਆਪਣੇ ਦੇਸ਼ ਲਈ ਫਾਂਸੀ ਵੀ ਆ ਜਾਵੇ ਤਾਂ ਮੈਂ ਖੁਸ਼ ਹੋਵਾਂਗਾ। ਫਾਂਸੀ ਦਾ ਫੰਦਾ ਮੈਂ ਆਪ ਆਪਣੇ ਗਲ਼ ਵਿੱਚ ਪਾਵਾਂਗਾ। ਮੇਰਾ ਦੇਸ਼ ਅਜ਼ਾਦ ਹੋਣਾ ਚਾਹੀਦਾ ਹੈ। ਤੂੰ ਗ਼ਦਰੀਆਂ ਦੀ ਭੈਣ।

ਤੂੰ ਕਿਉਂ ਉਦਾਸ ਹੋਵੇਂ। ਤੂੰ ਤਾਂ ਪੰਜਾਬ ਦੀ ਸ਼ੀਹਣੀ ਐਂ। ਇਕ ਬਹਾਦਰ ਕੁੜੀ। ਅੱਜ ਤੋਂ ਮੁੜ ਕੇ ਉਦਾਸ ਨਹੀਂ ਹੋਣਾ। ਅਸੀਂ ਅੰਗਰੇਜ਼ਾਂ ਤੋਂ ਆਪਣੇ ਦੇਸ਼ ਨੂੰ ਕਿਵੇਂ ਮੁਕਤ ਕਰਾਵਾਂਗੇ। ਮੈਂ ਹੁਣ ਚੱਲਦਾ। ਮੇਰੀ ਪਿਆਰੀ ਭੈਣ ਜ਼ਰੂਰ ਅੰਮ੍ਰਿਤਸਰ ਆਉਗੀ ਤੇ ਅਮਰ ਸਿੰਘ ਦੀ ਡਿਊਟੀ ਏਸੇ ਪਾਸੇ ਹੈ। ਚੰਗਾ ਮੇਰੀ ਭੈਣ।" ਕਰਤਾਰ ਸਿੰਘ ਸਰਾਭੇ ਨੇ ਗੁਲਾਬ ਕੌਰ ਅੱਗੇ ਝੁਕ ਕੇ ਛੋਟੇ ਭਰਾਵਾਂ ਵਾਲਾ ਪਿਆਰ ਦਿੱਤਾ। ਗੁਲਾਬ ਕੌਰ ਨੇ ਵੀ ਉਸ ਨੂੰ ਦੋਹਾਂ ਹੱਥਾਂ ਨਾਲ ਪਿਆਰ ਦਿੱਤਾ। ਅਗਲੇ ਹੀ ਪਲ ਕਰਤਾਰ ਸਿੰਘ ਸਰਾਭਾ ਤੇ ਮੁਣਸ਼ਾ ਸਿੰਘ ਫੁਰਤੀ ਨਾਲ ਚੱਲ ਪਏ। ਗੁਲਾਬ ਕੌਰ ਤੁਰੇ ਜਾਂਦੇ ਕਰਤਾਰ ਸਿੰਘ ਨੂੰ ਪਿਆਰ ਭਰੀਆਂ ਨਜ਼ਰਾਂ ਨਾਲ ਵੇਖਦੀ ਰਹੀ।

ਸੋਲਾਂ

ਗੁਲਾਬ ਕੌਰ ਤੇ ਅਮਰ ਸਿੰਘ ਦਿਨ ਛੁਪਾਅ ਦੇ ਨਾਲ ਅੰਮ੍ਰਿਤਸਰ ਵਿਖੇ ਸੰਤ ਗੁਲਾਬ ਸਿੰਘ ਦੀ ਧਰਮਸ਼ਾਲਾ ਵਿੱਚ ਪਹੁੰਚ ਗਏ। ਧਰਮਸ਼ਾਲਾ ਵੇਖ ਕੇ ਗੁਲਾਬ ਕੌਰ ਬਹੁਤ ਖੁਸ਼ ਹੋਈ। ਅਮਰ ਸਿੰਘ ਕੋਲੋਂ ਉਹ ਸੁਣ ਚੁੱਕੀ ਸੀ ਕਿ ਗੁਲਾਬ ਸਿੰਘ ਪਹਿਲਾਂ ਫੌਜ ਵਿੱਚ ਨੌਕਰੀ ਕਰਦਾ ਸੀ। ਪਰ ਉਹ ਅੰਗਰੇਜ਼ੀ ਸਰਕਾਰ ਨੂੰ ਬਹੁਤ ਨਫ਼ਰਤ ਕਰਦਾ ਸੀ। ਉਹ ਅੰਗਰੇਜ਼ਾਂ ਦੀ ਕੂਟਲਨੀਤੀ ਨੂੰ ਬੜੀ ਚੰਗੀ ਤਰ੍ਹਾਂ ਸਮਝਦਾ ਸੀ। ਉਸ ਦਾ ਮੱਤ ਸੀ ਕਿ ਦੇਸ਼ ਵਾਸੀਆਂ ਨੂੰ ਅਜ਼ਾਦੀ ਹਥਿਆਰਬੰਦ ਸੰਘਰਸ਼ ਤੋਂ ਬਿਨਾਂ ਨਹੀਂ ਮਿਲ ਸਕਦੀ। ਉਹ ਫੌਜ ਵਿੱਚੋ ਨਾਮ ਕਟਵਾ ਕੇ ਘਰ ਆ ਗਿਆ। ਪਰ ਉਸ ਨੇ ਅੰਮ੍ਰਿਤਸਰ ਵਿਚ ਇਕ ਧਰਮਸ਼ਾਲਾ ਬਣਵਾਈ। ਪਿੰਡਾਂ ਦੇ ਆਮ ਹੀ ਲੋਕ ਏਥੇ ਆ ਕੇ ਠਹਿਰਦੇ। ਬਹੁਤੇ ਗ਼ਦਰੀ ਵੀ ਏਥੇ ਰਾਤਾਂ ਕੱਟ ਜਾਂਦੇ। ਸੰਤ ਗੁਲਾਬ ਸਿੰਘ ਗ਼ਦਰੀਆਂ ਦੀ ਦਿਲੋਂ ਕਦਰ ਕਰਦਾ। ਗੁਲਾਬ ਕੌਰ ਤਾਂ ਅਜਿਹੇ ਬੰਦੇ ਨੂੰ ਮਿਲਣ ਲਈ ਤਾਂਘ ਰਹੀ ਸੀ।

ਅਮਰ ਸਿੰਘ ਤੇ ਗੁਲਾਬ ਕੌਰ ਨੇ ਸੰਤ ਗੁਲਾਬ ਸਿੰਘ ਨੂੰ ਮਿਲ ਕੇ ਦੱਸਿਆ ਕਿ ਉਹ ਕੋਟਲਾ ਨੌਧ ਸਿੰਘ ਤੋਂ ਆਏ ਹਨ। ਸੰਤ ਬੜੇ ਖੁਸ਼ ਹੋਏ। "ਬੀਬੀ ਮੈਂ ਸਮਝ ਗਿਆ ਤੂੰ ਤਾਂ ਸਾਡੀ ਭੈਣ ਐਂ ਗੁਲਾਬ ਕੌਰ। ਸਾਰੇ ਗ਼ਦਰੀਆਂ ਦੀ ਭੈਣ। ਤੂੰ ਤਾਂ ਆਪਣੇ ਘਰ ਆਈ ਐਂ।" ਫਿਰ ਉਹ ਗੁਲਾਬ ਕੌਰ ਤੇ ਅਮਰ ਸਿੰਘ ਨੂੰ ਇੱਕ ਕਮਰੇ ਵਿੱਚ ਲੈ ਗਿਆ। "ਬੀਬੀ ਇਹ ਰਿਹਾ ਤੇਰਾ ਕਮਰਾ। ਤੂੰ ਏਥੇ ਅਰਾਮ ਕਰ। ਅਮਰ ਸਿੰਘ ਹੋਰੀਂ ਮੇਰੇ ਕੋਲ ਠਹਿਰਨਗੇ। ਪਰਸ਼ਾਦਾ ਪਾਣੀ ਵੀ ਤੁਹਾਨੂੰ ਏਥੇ ਪੁੱਜਦਾ ਰਹੇਗਾ। ਹਾਂ ਨ੍ਹੇਰੇ ਸਵੇਰੇ ਬਿਨਾਂ ਪੁੱਛੇ ਤੋਂ ਦਰਵਾਜ਼ਾ ਨਹੀਂ ਖੋਲ੍ਹਣਾ।" ਏਨੀ ਆਖ ਕੇ ਸੰਤ ਗੁਲਾਬ ਸਿੰਘ ਤੇ ਅਮਰ ਸਿੰਘ ਇੱਕ ਹੋਰ ਕਮਰੇ ਵਿੱਚ ਚਲੇ ਗਏ।

ਗੁਲਾਬ ਕੌਰ ਨੇ ਕਮਰੇ ਅੰਦਰ ਝਾਤ ਮਾਰੀ। ਬੜਾ ਸਵੱਛ ਕਮਰਾ ਸੀ। ਅੰਦਰ ਇੱਕ ਪਲੰਘ ਪਿਆ ਸੀ। ਬਿਸਤਰਾ ਵਿਛਿਆ ਹੋਇਆ ਸੀ। ਗੁਲਾਬ ਕੌਰ ਕੁੱਝ ਦੇਰ ਬਾਹਰ ਵੱਲ ਵੇਖਦੀ ਰਹੀ। ਕਮਰੇ ਵਿੱਚ ਹੌਲੀ ਹੌਲੀ ਹਨ੍ਹੇਰਾ ਪਸਰਨ ਲੱਗਾ। ਫਿਰ ਇੱਕ ਨੌਜਵਾਨ ਪਾਣੀ ਦੀ ਗੜਵੀ ਤੇ ਰੋਟੀ ਵਾਲੀ ਥਾਲੀ ਲੈ ਆਇਆ। ਕਮਰੇ ਵਿੱਚ ਉਸ ਨੇ ਸਰ੍ਹੋਂ ਦੇ ਤੇਲ ਦਾ ਦੀਵਾ ਜਗਾ ਕੇ ਡੱਬੀ ਲਾਗੇ ਹੀ ਰੱਖ ਦਿੱਤੀ। ਗੁਲਾਬ ਕੌਰ ਨੇ ਰੋਟੀ ਛਕ ਲਈ। ਕੁੱਝ ਦੇਰ ਉਹ ਪਲੰਘ ਉਤੇ ਉਸੇ ਤਰ੍ਹਾਂ ਹੀ ਬੈਠੀ ਰਹੀ। ਠੰਢ ਵਧਣੀ ਸ਼ੁਰੂ ਹੋ ਗਈ। ਫਿਰ ਗੁਲਾਬ ਕੌਰ ਨੇ ਦਰਵਾਜ਼ਾ ਅੰਦਰੋਂ ਬੰਦ ਕਰ ਲਿਆ ਤੇ ਬਿਸਤਰੇ ਵਿੱਚ ਲੇਟ ਕੇ ਉਪਰ ਰਜ਼ਾਈ ਲੈ ਲਈ। ਸੰਤ ਗੁਲਾਬ ਸਿੰਘ ਨੂੰ ਦੱਸ ਦਿੱਤਾ ਸੀ ਕਿ ਕਰਤਾਰ ਸਿੰਘ ਸ਼ਾਇਦ ਸਵੇਰੇ ਮਿਲਣ ਆਵੇਗਾ।

ਗੁਲਾਬ ਕੌਰ ਦੀਆਂ ਅੱਖਾਂ ਅੱਗੇ ਕਰਤਾਰ ਸਿੰਘ ਸਰਾਭਾ ਘੁੰਮ ਰਿਹਾ ਸੀ। ਹੱਦ ਦਰਜੇ ਦਾ

ਫੁਰਤੀਲਾ। ਵੱਡੇ ਵੱਡੇ ਫੈਸਲੇ ਲੈਣ ਵਾਲਾ ਦੂਰ ਅੰਦੇਸ਼ੀ ਨੌਜਵਾਨ। ਕਿੰਨੀ ਛੋਟੀ ਉਮਰ। ਬੁੱਧੀ ਬੜੀ ਕਮਾਲ ਦੀ। ਡਰ ਭੈ ਭੋਰਾ ਵੀ ਨਹੀਂ। ਫਿਰ ਉਸ ਨੂੰ ਰਹਿਮਤ ਅਲੀ ਵਜੀਦਕੇ, ਜੀਵਨ ਸਿੰਘ ਦੌਲੇਵਾਲਾ, ਗਾਂਧਾ ਸਿੰਘ ਕੱਚਰਭੰਨ, ਪੰਡਤ ਕਾਂਸ਼ੀ ਰਾਮ, ਬਖ਼ਸ਼ੀਸ਼ ਸਿੰਘ, ਲਾਭ ਸਿੰਘ ਸਾਹਿਬਾਣਾ, ਜਗਤ ਸਿੰਘ ਬਿੰਝਲ ਤੇ ਧਿਆਨ ਸਿੰਘ ਹੋਰੀਂ ਯਾਦ ਆ ਗਏ। ਪੁਲੀਸ ਇਨ੍ਹਾਂ ਉੱਤੇ ਮੁਕੱਦਮਾ ਚਲਾਏਗੀ। ਫਾਂਸੀ ਤੋਂ ਘੱਟ ਇਨ੍ਹਾਂ ਨੂੰ ਸਜ਼ਾ ਨਹੀਂ ਹੋਣ ਲੱਗੀ। ਉਸ ਨੇ ਉਠ ਕੇ ਦੀਵਾ ਬੰਦ ਕਰ ਦਿੱਤਾ। ਬਿਸਤਰੇ ਵਿੱਚ ਫਿਰ ਲੇਟ ਗਈ। ਕਿਤੇ ਵੱਡੀ ਰਾਤ ਉਸ ਨੂੰ ਨੀਂਦ ਆਈ।

ਅਗਲੇ ਦਿਨ ਅਮਰ ਸਿੰਘ ਤਾਂ ਪਿੰਡ ਨੂੰ ਚਲਾ ਗਿਆ ਤੇ ਸੰਤ ਸੁੰਦਰ ਸਿੰਘ ਜਾ ਕੇ ਨਿਧਾਨ ਸਿੰਘ ਚੁੱਘੇ ਨੂੰ ਬੁਲਾ ਲਿਆਇਆ। ਗੁਲਾਬ ਕੌਰ ਨੇ ਉਸ ਨੂੰ ਦੂਰੋਂ ਹੀ ਝੱਟ ਪਹਿਚਾਣ ਲਿਆ। ਕਿਉਂਕਿ ਉਹ ਮਨੀਲਾ ਤੋਂ ਸ਼ੰਘਾਈ ਤੱਕ ਇਕੱਠੇ ਇਕੋ ਜਹਾਜ਼ ਵਿੱਚ ਆਏ ਸਨ।

"ਇਹ ਸਾਡੀ ਭੈਣ ਐ ਗੁਲਾਬ ਕੌਰ।" ਸੰਤ ਜੀ ਨੇ ਕਿਹਾ।

"ਇਹ ਤਾਂ ਸਾਡੀ ਸਭਨਾਂ ਦੀ ਭੈਣ ਐ।" ਨਿਧਾਨ ਸਿੰਘ ਚੁੱਘਾ ਖੁਸ਼ ਹੁੰਦਾ ਬੋਲਿਆ।

"ਤੁਸੀਂ ਬੀਬੀ ਏਸੇ ਕਮਰੇ ਵਿੱਚ ਰਹਿਣਾ। ਕਰਤਾਰ ਸਿੰਘ ਤੁਹਾਨੂੰ ਏਥੇ ਹੀ ਮਿਲਣ ਆਏਗਾ।" ਨਿਧਾਨ ਸਿੰਘ ਏਨੀ ਗੱਲ ਆਖ ਕੇ ਛੇਤੀ ਹੀ ਤੁਰ ਗਿਆ। ਗੁਲਾਬ ਕੌਰ ਨੇ ਤਾਂ ਕਰਤਾਰ ਸਿੰਘ ਬਾਰੇ ਬੜਾ ਕੁੱਝ ਸੁਣਿਆ ਸੀ। ਉਹ ਤਾਂ ਸਵੇਰੇ ਏਥੇ ਤੇ ਸ਼ਾਮ ਨੂੰ ਪਤਾ ਨਹੀਂ ਕਿਥੇ ਹੋਵੇਗਾ। ਉਹ ਨਾ ਅੱਕੇ ਤੇ ਨਾ ਥੱਕੇ। ਦਿਨ ਵਿੱਚ ਚਾਲੀ ਚਾਲੀ ਪੰਜਾਹ ਪੰਜਾਹ ਮੀਲ ਸਾਈਕਲ ਉੱਤੇ ਹੀ ਸਫਰ ਕਰ ਛੱਡਦਾ। ਐਹੋ ਜਿਹੇ ਨੌਜਵਾਨ ਮਿਲਣੇ ਬਹੁਤ ਮੁਸ਼ਕਲ।

ਅਮਰ ਸਿੰਘ ਨੂੰ ਗੁਲਾਬ ਕੌਰ ਨੇ ਦੱਸ ਦਿੱਤਾ ਸੀ ਕਿ ਉਹ ਮੇਰਾ ਫਿਕਰ ਨਾ ਕਰੇ ਤੇ ਪਾਰਟੀ ਦਾ ਕੰਮ ਕਰਦਾ ਰਹੇ। ਬੀਬੀ ਹੁਣ ਸਾਰਾ ਸਾਰਾ ਦਿਨ ਧਰਮਸ਼ਾਲਾ ਵਿੱਚ ਹੀ ਰਹਿੰਦੀ। ਉਸ ਦੇ ਕਮਰੇ ਦਾ ਦਰਵਾਜ਼ਾ ਅੰਦਰੋਂ ਬੰਦ ਹੁੰਦਾ। ਕਈ ਦਿਨਾਂ ਬਾਅਦ ਇਕ ਦਿਨ ਬਾਹਰੋਂ ਦਰਵਾਜ਼ਾ ਖੜਕਿਆ। ਹਾਲੇ ਸਵੱਖਤਾ ਹੀ ਸੀ।

"ਕੌਣ ਐ?" ਗੁਲਾਬ ਕੌਰ ਨੇ ਅੰਦਰੋਂ ਪੁੱਛਿਆ।

"ਫਰਿਸਕੋ!" ਬਾਹਰੋਂ ਅਵਾਜ਼ ਆਈ। ਗੁਲਾਬ ਕੌਰ ਇਹ ਸ਼ਬਦ ਸੁਣ ਕੇ ਝੱਟ ਸਮਝ ਗਈ ਕਿ ਕਰਤਾਰ ਸਿੰਘ ਆ ਗਿਆ। ਉਸ ਨੇ ਦਰਵਾਜ਼ਾ ਖੋਲ੍ਹਿਆ। ਸੱਚੀ ਬਾਹਰ ਕਰਤਾਰ ਸਿੰਘ ਖਲੋਤਾ ਸੀ।

"ਮੈਨੂੰ ਪਤਾ ਸੀ ਕਿ ਮੇਰਾ ਛੋਟਾ ਵੀਰ ਆ ਗਿਆ।" ਗੁਲਾਬ ਕੌਰ ਨੇ ਪਿਆਰ ਨਾਲ ਕਰਤਾਰ ਸਿੰਘ ਦੇ ਮੋਢੇ ਉੱਤੇ ਹੱਥ ਰੱਖਿਆ। ਕਰਤਾਰ ਸਿੰਘ ਖੁਸ਼ ਹੁੰਦਾ ਕਮਰੇ ਵਿੱਚ ਆ ਗਿਆ। ਗੁਲਾਬ ਕੌਰ ਨੇ ਝੱਟ ਦਰਵਾਜ਼ਾ ਬੰਦ ਕਰ ਦਿੱਤਾ। ਕਰਤਾਰ ਸਿੰਘ ਨੇ ਆਪਣਾ ਸਾਈਕਲ ਪਹਿਲਾਂ ਹੀ ਅੰਦਰ ਕਰ ਦਿੱਤਾ ਸੀ।

ਗੁਲਾਬ ਕੌਰ ਨੇ ਸੋਚਿਆ ਕਿ ਕਰਤਾਰ ਸਿੰਘ ਸ਼ਾਇਦ ਭੁੱਖਾ ਹੋਵੇਗਾ। ਰੋਟੀ ਨੂੰ ਤਾਂ ਚਿਰ ਲਗੇਗਾ। ਉਹ ਝੱਟ ਕਮਰਾ ਖੋਲ੍ਹ ਕੇ ਦੁੱਧ ਲੈਣ ਚਲੀ ਗਈ। ਉਸ ਨੂੰ ਇਕ ਹਲਵਾਈ ਦੀ ਦੁਕਾਨ ਦਿਸੀ। ਉਥੋ ਉਸ ਨੇ ਦੁੱਧ ਲਿਆ ਤੇ ਝੱਟ ਕਮਰੇ ਵਿੱਚ ਆ ਗਈ। ਕਰਤਾਰ ਸਿੰਘ ਮੰਜੇ ਉੱਤੇ ਬੈਠਾ ਸੀ। ਗੁਲਾਬ ਕੌਰ ਨੇ ਕਰਤਾਰ ਸਿੰਘ ਨੂੰ ਦੁੱਧ ਪਿਲਾਇਆ। ਕਰਤਾਰ ਸਿੰਘ ਕੁੱਝ ਦੇਰ ਲਈ ਪਲੰਘ ਉੱਤੇ ਲੇਟ ਗਿਆ। ਉਹ ਇਸ ਤਰ੍ਹਾਂ ਅਰਾਮ ਨਾਲ ਪਿਆ ਸੀ ਜਿਵੇਂ ਉਹ ਸੱਚਮੁੱਚ ਆਪਣੀ ਭੈਣ ਦੇ ਘਰ ਆਇਆ ਹੋਵੇ।

"ਬੀਬੀ ਆਪਾਂ ਨੂੰ ਇਕ ਕੰਮ ਐ। ਮੈਂ ਤੈਨੂੰ ਲੈਣ ਆਇਆਂ। ਆਉ ਚੱਲੀਏ!" ਕਰਤਾਰ ਸਿੰਘ ਉਠ ਕੇ ਖਲੋ ਗਿਆ।

"ਚੱਲ ਵੀਰਾ!" ਗੁਲਾਬ ਕੌਰ ਨੇ ਵੀ ਦੂਜੀ ਗੱਲ ਨਾ ਕੀਤੀ।

ਦੋਵੇ ਜਣੇ ਧਰਮਸ਼ਾਲਾ ਤੋਂ ਬਾਹਰ ਆ ਗਏ। ਗੁਲਾਬ ਕੌਰ ਕਹਿਣ ਲੱਗੀ, "ਵੀਰਾ, ਸਾਈਕਲ ਚਲਾਉਂਦਾ ਥੱਕ ਤਾਂ ਨਹੀਂ ਜਾਏਂਗਾ?"

"ਭੈਣ ਤੂੰ ਸਾਈਕਲ ਉਤੇ ਬੈਠ। ਸਾਈਕਲ ਭੱਜਦਾ ਵੇਖੀਂ।" ਕਰਤਾਰ ਸਿੰਘ ਹੱਸਿਆ। ਗੁਲਾਬ ਕੌਰ ਸਾਈਕਲ ਦੇ ਪਿੱਛੇ ਕੈਰੀਅਰ ਉੱਤੇ ਬੈਠ ਗਈ ਤੇ ਕਰਤਾਰ ਸਿੰਘ ਨੇ ਸਾਈਕਲ ਨੂੰ ਜੋਰ ਨਾਲ ਚਲਾਉਣਾ ਸ਼ੁਰੂ ਕੀਤਾ।

ਰਸਤੇ ਵਿੱਚ ਕਰਤਾਰ ਸਿੰਘ ਕਹਿਣ ਲੱਗਾ, "ਭੈਣ ਪਾਰਟੀ ਨੂੰ ਸ਼ਹਿਰ ਵਿੱਚ ਇਕ ਮਕਾਨ ਦੀ ਲੋੜ ਐ। ਇਹ ਮਕਾਨ ਪਾਰਟੀ ਦਾ ਹੈਡ ਕੁਆਟਰ ਹੋਵੇਗਾ। ਸ਼ਹਿਰ ਵਿਚੋਂ ਛੇਤੀ ਕਿਤੇ ਕੋਈ ਮਕਾਨ ਕਿਰਾਏ ਉੱਤੇ ਨਹੀਂ ਮਿਲਦਾ। ਛੜੇ ਬੰਦੇ ਨੂੰ ਤਾਂ ਮਕਾਨ ਮਿਲਦਾ ਹੀ ਨਹੀਂ। ਪਾਰਟੀ ਲਈ ਇਹ ਸਮੱਸਿਆ ਪੈਦਾ ਹੋ ਗਈ ਐ। ਭੈਣ ਤੈਨੂੰ ਇਸ ਕਰਕੇ ਤਕਲੀਫ਼ ਦਿੱਤੀ ਐ।" ਕਰਤਾਰ ਸਿੰਘ ਦੀ ਗੱਲ ਸੁਣ ਕੇ ਗੁਲਾਬ ਕੌਰ ਸਾਰੀ ਗੱਲ ਸਮਝ ਗਈ। ਉਸ ਨੇ ਦਿਲ ਵਿੱਚ ਹੀ ਵਿਚਾਰ ਕੀਤੀ ਕਿ ਇਹ ਵੀ ਇੱਕ ਕੁਰਬਾਨੀ ਹੈ ਤੇ ਸਾਨੂੰ ਪਾਰਟੀ ਲਈ ਹਰ ਕੁਰਬਾਨੀ ਲਈ ਤਿਆਰ ਰਹਿਣਾ ਪਏਗਾ।

ਗ਼ਦਰ ਪਾਰਟੀ ਦਾ ਤਾਜ਼ਾ ਫੈਸਲਾ ਸੀ ਕਿ ਅੰਮ੍ਰਿਤਸਰ ਵਿੱਚ ਪਾਰਟੀ ਦਾ ਹੈਡ ਕੁਆਟਰ ਵਜੋਂ ਇੱਕ ਦਫ਼ਤਰ ਖੋਲ੍ਹਣਾ ਹੈ। ਵਿਸ਼ਨੂੰ ਗਣੇਸ਼ ਪਿੰਗਲੇ ਪੰਜਾਬ ਆਇਆ ਸੀ। ਉਹ ਪਾਰਟੀ ਦੇ ਵੱਡੇ ਆਗੂਆਂ ਨਾਲ ਵਿਚਾਰ ਵਟਾਂਦਰਾ ਕਰਦਾ ਰਿਹਾ। ਉਸ ਦਾ ਵਿਚਾਰ ਸੀ ਕਿ ਗ਼ਦਰ ਪਾਰਟੀ ਦੇ ਮੁਖੀਆਂ ਦੀ ਸਹਾਇਤਾ ਲਈ ਬੰਗਾਲ ਤੋਂ ਰਾਸ ਬਿਹਾਰੀ ਬੋਸ ਨੂੰ ਬੁਲਾਇਆ ਜਾਵੇ। ਪੰਜਾਬ ਦੇ ਹਾਲਾਤ ਵੇਖਣ ਲਈ ਸਚਿੰਦਰ ਨਾਥ ਧਨਿਆਲ ਬੰਗਾਲ ਤੋਂ ਆ ਗਿਆ। ਸਭ ਦੀ ਰਾਏ ਬਣੀ ਕਿ ਪਾਰਟੀ ਦਾ ਮੁੱਖ ਦਫ਼ਤਰ ਤਾਂ ਹੋਣਾ ਬਹੁਤ ਜ਼ਰੂਰੀ ਹੈ ਜਿਥੋਂ ਪਾਰਟੀ ਪ੍ਰੋਗਰਾਮ ਬਾਰੇ ਦੱਸਿਆ ਜਾਵੇ ਤਾਂ ਥੱਲਿਉਂ ਰਿਪੋਰਟਾਂ ਹਾਸਲ ਕੀਤੀਆਂ ਜਾਣ। ਫਿਰ ਰਾਏ ਬਣੀ ਕਿ ਅੰਮ੍ਰਿਤਸਰ ਵਿੱਚ ਛੁਪ ਕੇ ਰਹਿਣ ਲਈ ਇੱਕ ਨਹੀਂ ਦੋ ਮਕਾਨ ਕਿਰਾਏ ਉੱਤੇ ਲੈ ਲਏ ਜਾਣ। ਇਸ ਨੂੰ ਬਹੁਤ ਜ਼ਰੂਰੀ ਸਮਝਿਆ ਗਿਆ। ਵਿਸ਼ਨੂੰ ਗਣੇਸ਼ ਪਿੰਗਲੇ ਨੇ ਕਰਤਾਰ ਸਿੰਘ ਸਰਾਭਾ, ਨਿਧਾਨ ਸਿੰਘ ਚੁੱਘਾ ਤੇ ਪਰਮਾ ਨੰਦ ਝਾਂਸੀ ਤੇ ਰਾਮ ਸ਼ਰਨ ਦਾਸ ਨਾਲ ਕਪੂਰਥਲੇ ਵਿਸ਼ੇਸ਼ ਵਿਚਾਰ ਚਰਚਾ ਕੀਤੀ। ਉਸ ਦੇ ਜ਼ਿਮੇ ਸਚਿੰਦਰ ਨਾਥ ਸਨਿਆਲ ਤੇ ਰਾਸ ਬਿਹਾਰੀ ਬੋਸ ਨਾਲ ਗੱਲਬਾਤ ਕਰਨ ਦੀ ਡਿਊਟੀ ਲਾਈ ਗਈ।

ਆਪਣੇ ਪ੍ਰੋਗਰਾਮ ਅਨੁਸਾਰ ਕਰਤਾਰ ਸਿੰਘ ਸਰਾਭਾ ਗੁਲਾਬ ਕੌਰ ਨੂੰ ਲੈ ਕੇ ਇੱਕ ਗਲੀ ਵਿੱਚ ਪਹੁੰਚ ਗਿਆ। ਅੱਗੇ ਇੰਦਰ ਸਿੰਘ ਭਸੀਨ ਤੇ ਸੱਜਣ ਸਿੰਘ ਨਾਰੰਗਵਾਲ ਪਹਿਲਾਂ ਹੀ ਖਲੋਤੇ ਸਨ। ਗੁਲਾਬ ਕੌਰ ਸੱਜਣ ਸਿੰਘ ਵੱਲ ਝਾਕੀ। ਉਹ ਤਾਂ ਇਕ ਦਮ ਹੈਰਾਨ ਰਹਿ ਗਈ। ਸੱਜਣ ਸਿੰਘ ਤਾਂ ਪੰਦਰਾਂ ਸੋਲਾਂ ਸਾਲ ਦਾ ਅਣਭੋਲ ਜਿਹਾ ਲੜਕਾ ਸੀ। ਸੋਹਣਾ ਸੁਨੱਖਾ। ਉਸ ਦੇ ਹਾਲੇ ਦਾੜ੍ਹੀ ਮੁੱਛ ਵੀ ਨਹੀਂ ਸੀ ਫੁੱਟੀ। ਗੁਲਾਬ ਕੌਰ ਨਿਆਣੇ ਜਿਹੇ ਮੁੰਡੇ ਨੂੰ ਵੇਖ ਕੇ ਸੋਚਣ ਲੱਗੀ ਏਨੇ ਛੋਟੇ ਛੋਟੇ ਲੜਕੇ ਵੀ ਜੇਕਰ ਗ਼ਦਰ ਪਾਰਟੀ ਨਾਲ ਜੁੜ ਰਹੇ ਐ ਤਾਂ ਇਹ ਸਾਡਾ ਹੌਂਸਲਾ ਵਧਾਉਣ ਵਾਲੀ ਗੱਲ ਐ। ਧੰਨ ਐ ਅਜਿਹੇ ਪੁੱਤਰਾਂ ਨੂੰ ਜਨਮ ਦੇਣ ਵਾਲੀਆਂ ਮਾਵਾਂ। ਫਿਰ

ਅਗਾਂਹ ਹੋ ਕੇ ਗੁਲਾਬ ਕੌਰ ਨੇ ਸੱਜਣ ਸਿੰਘ ਦੇ ਮੋਢੇ ਉੱਤੇ ਹੱਥ ਰੱਖ ਕੇ ਉਸ ਨੂੰ ਪਿਆਰ ਦਿੱਤਾ। ਏਨੇ ਨੂੰ ਗ਼ਦਰੀ ਸ਼ਰਨ ਦਾਸ ਤੇ ਉਸ ਦੀ ਪਤਨੀ ਸੱਤਿਆਵਤੀ ਵੀ ਪਹੁੰਚ ਗਏ।

"ਆਉ ਅੰਦਰ ਚੱਲੀਏ!" ਕਰਤਾਰ ਸਿੰਘ ਝੱਟ ਬੋਲਿਆ। ਉਸ ਨੇ ਗੁਲਾਬ ਕੌਰ ਨੂੰ ਮਕਾਨ ਮਾਲਕ ਨਾਲ ਗੱਲ ਕਰਨ ਲਈ ਸਾਰਾ ਕੁੱਝ ਦੱਸ ਦਿੱਤਾ ਸੀ।

ਸਾਰੇ ਜਣੇ ਮਕਾਨ ਦੇ ਅੰਦਰ ਆ ਗਏ। ਅੱਗੇ ਕੁਰਸੀ ਉੱਤੇ ਮਕਾਨ ਮਾਲਕ ਬੈਠਾ ਸੀ। ਉਹ ਉਠ ਕੇ ਖਲੋ ਗਿਆ।

"ਆਉ ਜੀ!" ਉਸ ਨੇ ਇੰਦਰ ਸਿੰਘ ਭਸੀਨ ਤੇ ਕਰਤਾਰ ਸਿੰਘ ਨੂੰ ਪਹਿਚਾਣ ਲਿਆ। "ਜਰਾ ਮਕਾਨ ਅੰਦਰੋਂ ਵੇਖ ਲਈਏ!" ਗੁਲਾਬ ਕੌਰ ਬੜੀ ਗੰਭੀਰ ਸੀ ਤੇ ਉਸ ਨੇ ਬੜੇ ਭਰੋਸੇ ਨਾਲ ਕਿਹਾ।

"ਵੇਖੋ ਜੀ ਵੇਖੋ। ਆਉ!" ਮਕਾਨ ਮਾਲਕ ਅੱਗੇ ਹੋ ਤੁਰਿਆ। ਸਾਰੇ ਉਸ ਦੇ ਪਿੱਛੇ ਹੋ ਤੁਰੇ। ਮਾਲਕ ਕਮਰੇ ਖੋਲ੍ਹ ਕੇ ਵਿਖਾਉਂਦਾ ਰਿਹਾ। ਮਕਾਨ ਕਾਫੀ ਵੱਡਾ ਸੀ। ਪੰਜ ਕਮਰੇ ਸਨ। ਬੜਾ ਵਧੀਆ ਮਕਾਨ।

"ਤੁਸੀਂ ਜੀ ਏਨਾ ਵੱਡਾ ਮਕਾਨ ਕਾਹਦੇ ਵਾਸਤੇ ਲੈਣਾ। ਇਕ ਦੋ ਕਮਰੇ ਲੈ ਲਉ।" ਅਚਾਨਕ ਮਕਾਨ ਮਾਲਕ ਬੋਲਿਆ। ਗੁਲਾਬ ਕੌਰ ਗੱਲ ਕਰਨ ਲਈ ਪਹਿਲਾਂ ਹੀ ਤਿਆਰ ਸੀ। ਉਹ ਝੱਟ ਕਹਿਣ ਲੱਗੀ, "ਵੀਰ ਜੀ ਅਸੀਂ ਕਪੂਰਥਲੇ ਤੋਂ ਆਂ। ਇਹ ਕੱਪੜੇ ਦੇ ਬੜੇ ਵੱਡੇ ਵਪਾਰੀ ਐ।" ਗੁਲਾਬ ਕੌਰ ਨੇ ਸ਼ਰਨਦਾਸ ਵੱਲ ਇਸ਼ਾਰਾ ਕੀਤਾ। "ਇਹ ਮੇਰੇ ਘਰ ਵਾਲਾ।" ਉਸ ਦਾ ਇਸ਼ਾਰਾ ਇੰਦਰ ਸਿੰਘ ਭਸੀਨ ਵੱਲ ਸੀ।

"ਅਸੀਂ ਕੱਪੜੇ ਦਾ ਵਪਾਰ ਕਰਦੇ ਆਂ। ਮੇਰੇ ਭਾਈ ਸਾਈਕਲ ਉੱਤੇ ਪਿੰਡਾਂ ਵਿਚ ਤੁਰ ਫਿਰ ਕੇ ਕੱਪੜੇ ਵੇਚਦੇ ਐ। ਆਹ ਛੋਟਾ ਹਾਲੇ ਪੜ੍ਹਦਾ ਵੀ ਐ।"

"ਆਹ ਤਾਂ ਜੀ ਬਹੁਤ ਚੰਗੀ ਗੱਲ ਐ। ਅੰਮ੍ਰਿਤਸਰ ਤਾਂ ਕੱਪੜੇ ਦਾ ਬਹੁਤ ਵੱਡਾ ਵਪਾਰਕ ਕੇਂਦਰ ਐ। ਏਥੋਂ ਨਾਲ ਦਾ ਕੱਪੜਾ ਭਲਾ ਹੋਰ ਕਿਥੇ? ਨਾਲੇ ਏਥੇ ਗੁਰੂ ਘਰ ਦੇ ਦਰਸ਼ਨ ਕਰੋ।" ਮਾਲਕ ਖੁਸ਼ ਹੋ ਗਿਆ। ਉਸ ਨੂੰ ਗੁਲਾਬ ਕੌਰ ਦੀਆਂ ਗੱਲਾਂ ਉੱਤੇ ਪੂਰਾ ਯਕੀਨ ਹੋ ਗਿਆ। ਮਾਲਕ ਨਾਲ ਕਿਰਾਏ ਦੀ ਗੱਲ ਤਹਿ ਹੋ ਗਈ। ਇੰਦਰ ਸਿੰਘ ਭਸੀਨ ਨੇ ਗੀਸੇ ਵਿੱਚੋਂ ਵੀਹ ਰੁਪਏ ਕੱਢ ਕੇ ਪੇਸ਼ਗੀ ਫੜਾ ਦਿੱਤੇ ਤੇ ਮਾਲਕ ਇੰਦਰ ਸਿੰਘ ਭਸੀਨ ਨੂੰ ਮਕਾਨ ਦੀਆਂ ਚਾਬੀਆਂ ਫੜਾ ਕੇ ਆਪ ਚਲਾ ਗਿਆ।

ਮਾਲਕ ਦੇ ਜਾਣ ਪਿੱਛੋਂ ਇੰਦਰ ਸਿੰਘ ਭਸੀਨ ਨੇ ਗੁਲਾਬ ਕੌਰ ਅੱਗੇ ਹੱਥ ਜੋੜ ਕੇ ਕਿਹਾ, "ਬੀਬੀ ਤੂੰ ਮਹਾਨ ਐਂ। ਸਾਡੀ ਮੁਸ਼ਕਲ ਤੂੰ ਪਲਾਂ ਵਿਚ ਹੱਲ ਕਰ ਦਿੱਤੀ।"

"ਇਹ ਤੁਹਾਡੀ ਨਹੀਂ ਸਾਡੀ ਸਾਰਿਆਂ ਦੀ ਮੁਸ਼ਕਲ ਐ। ਕੋਈ ਗੱਲ ਨਹੀਂ।" ਗੁਲਾਬ ਕੌਰ ਬੜੀ ਸ਼ਾਂਤ ਚਿੱਤ ਸੀ।

ਹੁਣ ਇਸ ਮਕਾਨ ਦਾ ਪਤਾ ਸਿਰਫ ਵੱਡੇ ਲੀਡਰਾਂ ਨੂੰ ਹੀ ਸੀ। ਸ਼ਹਿਰ ਵਿੱਚ ਇਸੇ ਤਰ੍ਹਾਂ ਹੀ ਇੱਕ ਹੋਰ ਮਕਾਨ ਵੀ ਕਿਰਾਏ ਉੱਤੇ ਲੈ ਲਿਆ। ਪਾਰਟੀ ਵੱਲੋਂ ਇਹ ਵੀ ਫੈਸਲਾ ਹੋਇਆ ਕਿ ਪਾਰਟੀ ਲੀਡਰ ਬਾਹਰੋਂ ਆਏ ਵਰਕਰਾਂ ਨਾਲ ਵਰਪਾਲਾਂ ਦੀ ਧਰਮਸ਼ਾਲਾ ਤੇ ਜਾਂ ਸੰਤ ਗੁਲਾਬ ਸਿੰਘ ਦੀ ਧਰਮਸ਼ਾਲਾ ਵਿਚ ਹੀ ਮਿਲਿਆ ਕਰਨਗੇ। ਵਰਕਰਾਂ ਦੀ ਸੌਖ ਵਾਸਤੇ ਭਾਈ ਨੌਰੰਗ ਸਿੰਘ ਦਰਜ਼ੀ ਦੀ ਦੁਕਾਨ ਤੇ ਡਾਕਟਰ ਹਰਦਿੱਤ ਸਿੰਘ ਦੀ ਦੁਕਾਨ ਦੋ ਪੁੱਛ-ਗਿੱਛ ਕੇਂਦਰ ਬਣਾ

ਦਿੱਤੇ। ਗੁਲਾਬ ਕੌਰ ਦੀ ਡਿਊਟੀ ਪਹਿਲਾਂ ਨਾਲੋਂ ਵੀ ਵੱਧ ਚੌਕਸੀ ਵਾਲੀ ਬਣ ਗਈ। ਉਹ ਆਮ ਵਰਕਰਾਂ ਨੂੰ ਮਿਲਦੀ ਤੇ ਲੀਡਰਾਂ ਨਾਲ ਸੰਪਰਕ ਕਰਕੇ ਉਨ੍ਹਾਂ ਦੀ ਮੁਲਾਕਾਤ ਕਰਵਾਉਂਦੀ। ਸੰਤ ਗੁਲਾਬ ਸਿੰਘ ਦੀ ਧਰਮਸ਼ਾਲਾ ਤੇ ਵਰਪਾਲਾਂ ਦੀ ਧਰਮਸ਼ਾਲਾ ਉਸ ਦੇ ਖਾਸ ਅੱਡੇ ਸਨ। ਗੁਲਾਬ ਕੌਰ ਨੂੰ ਉਸ ਵੇਲੇ ਬੜੀ ਖੁਸ਼ੀ ਹੋਈ ਜਦੋਂ ਨਵੇਂ ਸਾਲ ਵਿੱਚ ਜਨਵਰੀ ਦੇ ਪਿਛਲੇ ਹਫਤੇ ਸਚਿੰਦਰ ਨਾਥ ਸਨਿਆਲ ਬੰਗਾਲ ਤੋਂ ਰਾਸ ਬਿਹਾਰੀ ਬੋਸ ਨੂੰ ਅੰਮ੍ਰਿਤਸਰ ਕਿਰਾਏ ਵਾਲੇ ਮਕਾਨ ਵਿੱਚ ਲੈ ਆਇਆ।

ਸਤਾਰਾਂ

ਗ਼ਦਰ ਪਾਰਟੀ ਨੇ ਦਸ ਦਿਨ ਬਾਅਦ ਹੀ ਲਾਹੌਰ ਵਿੱਚ ਤਿੰਨ ਮਕਾਨ ਕਿਰਾਏ ਉੱਤੇ ਲੈ ਲਏ। ਇੱਕ ਮਕਾਨ ਵਿੱਚ ਰਾਸ ਬਿਹਾਰੀ ਬੋਸ ਦੀ ਰਿਹਾਇਸ਼, ਦੂਜੇ ਮਕਾਨ ਵਿੱਚ ਛਾਪਾਖਾਨਾ ਖੋਲ੍ਹਣਾ। ਪਹਿਲੇ ਮਕਾਨ ਦਾ ਤਾਂ ਥੋੜ੍ਹੇ ਲੀਡਰਾਂ ਨੂੰ ਹੀ ਪਤਾ ਸੀ। ਛਾਪਾਖਾਨਾ ਖੋਲ੍ਹਣ ਵਾਲੇ ਮਕਾਨ ਵਿੱਚ ਛੇ ਸਾਈਕਲੋਸਟਾਈਲ ਮਸ਼ੀਨਾਂ ਖਰੀਦ ਕੇ ਰੱਖ ਦਿੱਤੀਆਂ। ਇੱਕ ਥਾਂ ਤੋਂ ਦੂਜੇ ਥਾਂ ਸੁਨੇਹਾ ਦੇਣ ਦਾ ਕੰਮ ਸੱਜਣ ਸਿੰਘ ਨਾਰੰਗਵਾਲ ਤੇ ਗੁਲਾਬ ਕੌਰ ਦੇ ਜ਼ਿਮੇ ਸੀ। ਛਾਪਾਖਾਨੇ ਵਿੱਚ 'ਗ਼ਦਰ ਸੰਦੇਸ਼' ਤੇ 'ਐਲਾਨੇ ਜੰਗ' ਛਪਣਾ ਸ਼ੁਰੂ ਹੋ ਗਿਆ। ਰਾਸ ਬਿਹਾਰੀ ਬੋਸ ਦੇ ਆਉਣ ਨਾਲ ਤੇ ਪਾਰਟੀ ਦਾ ਇੱਕ ਕੇਂਦਰੀ ਦਫ਼ਤਰ ਖੁੱਲ੍ਹਣ ਨਾਲ ਪਾਰਟੀ ਦੀਆਂ ਸਰਗਰਮੀਆਂ ਵਿੱਚ ਬੜੀ ਤੇਜ਼ੀ ਆ ਗਈ। ਕੇਂਦਰੀ ਅੱਡਾ ਬਣਨ ਨਾਲ ਦਦੇਹਰ, ਝਾੜ ਸਾਹਿਬ, ਸੁਰ ਸਿੰਘ, ਵਲਟੋਹਾ, ਸੰਘਵਾਲ, ਬਿੰਝੋ ਸਾਧ ਦਾ ਡੇਰਾ, ਢੁੱਡੀਕੇ, ਲੋਹਟ ਬੱਧੀ, ਨਾਰੰਗਵਾਲ ਤੇ ਗੁੱਜਰਵਾਲ ਹੋਰ ਅੱਡੇ ਕਾਇਮ ਹੋ ਗਏ। ਲਾਹੌਰ ਵਿੱਚ ਭਾਈ ਪਰਮਾਨੰਦ ਦੀ ਦੁਕਾਨ ਤੇ ਮਦਨ ਸਿੰਘ ਗਾਗੇ ਦੀ ਤਰਖਾਣੇ ਦੀ ਦੁਕਾਨ ਗ਼ਦਰੀਆਂ ਦਾ ਵਿਸ਼ੇਸ਼ ਅੱਡਾ ਸਨ।

ਛਾਪੇਖਾਨੇ ਵਾਲੀ ਦੁਕਾਨ ਰੇਲਵੇ ਸਟੇਸ਼ਨ ਦੇ ਨੇੜੇ ਸੀ। ਗੁਲਾਬ ਕੌਰ ਸਵੱਖਤੇ ਹੀ ਆਪਣੇ ਕਮਰੇ ਦੇ ਬਾਹਰ ਚਰਖਾ ਡਾਹ ਕੇ ਬੈਠ ਜਾਂਦੀ। ਆਏ ਗਏ ਉੱਤੇ ਨਜ਼ਰ ਰੱਖਦੀ। ਬਾਹਰੋਂ ਆਏ ਗ਼ਦਰੀ ਫਰਿਸਕੋ, ਸਰਬਲੋਹ ਜਾਂ ਲੋਹਟਬੱਧੀ ਗੁਪਤ ਸ਼ਬਦ ਵਰਤਦੇ। ਗੁਲਾਬ ਕੌਰ ਝੱਟ ਸਮਝ ਜਾਂਦੀ ਤੇ ਉਨ੍ਹਾਂ ਦਾ ਸੁਨੇਹਾ ਅੱਗੇ ਪੁੱਜਦਾ ਕਰ ਦਿੰਦੀ। ਜੇ ਕੋਈ ਗ਼ਦਰੀ ਕੋਈ ਜਾਣਕਾਰੀ ਜਾਂ ਕੋਈ ਹੋਰ ਸੂਚਨਾ ਲੈਣੀ ਚਾਹੁੰਦਾ ਸੀ ਤਾਂ ਉਹ ਸੱਜਣ ਸਿੰਘ ਨਾਲ ਗੱਲ ਕਰਦੀ। ਸੱਜਣ ਸਿੰਘ ਝੱਟ ਸਾਰੇ ਕੰਮ ਕਰ ਦਿੰਦਾ।

ਗੁਲਾਬ ਕੌਰ ਦਾ ਪਹਿਰਾਵਾ ਬਿਲਕੁਲ ਸਾਦਾ ਹੁੰਦਾ। ਪੁਲੀਸ ਵਾਲਾ ਹੋਵੇ ਜਾਂ ਕੋਈ ਹੋਰ ਆਦਮੀ। ਉਹ ਸਭ ਗੁਲਾਬ ਕੌਰ ਨੂੰ ਇੱਕ ਸਾਧਾਰਨ ਔਰਤ ਸਮਝ ਕੇ ਅਗਾਂਹ ਲੰਘ ਜਾਂਦੇ। ਗੁਲਾਬ ਕੌਰ ਚੁੱਪ ਚਾਪ ਚਰਖਾ ਕੱਤਦੀ। ਕਈ ਵਾਰ ਲੋਰ ਵਿੱਚ ਆ ਕੇ ਹੌਲੀ ਹੌਲੀ ਗੁਣਗੁਣਾਨ ਲੱਗਦੀ—

ਇਹ ਚਰਖਾ ਨੀ ਚਰਖਾ ਬੜਾ ਮਹਾਨ ਕੁੜੇ।
ਚਰਖਾ ਮੇਰੀ ਜਾਨ ਕੁੜੇ।
ਇਹ ਚਰਖਾ ਨੀ।

ਉਹ ਚਰਖਾ ਵੀ ਕੱਤਦੀ ਤੇ ਆਸੇ-ਪਾਸੇ ਨਿਗਾਹ ਵੀ ਰੱਖਦੀ। ਉਹ ਸੂਤ ਵਾਲੀ ਟੋਕਰੀ ਵਿੱਚ ਭੁੱਜੇ ਹੋਏ ਦਾਣੇ ਤੇ ਗੁੜ ਰੱਖ ਲੈਂਦੀ। ਬਾਹਰੋਂ ਆਏ ਗ਼ਦਰੀ ਨੂੰ ਕਈ ਵਾਰ ਦਾਣੇ ਤੇ ਗੁੜ

ਖਾਣ ਨੂੰ ਦੇ ਦਿੰਦੀ। ਸੱਜਣ ਸਿੰਘ ਜਦੋਂ ਆਉਂਦਾ ਤਾਂ ਗੁਲਾਬ ਕੌਰ ਉਸ ਨੂੰ ਦਾਣੇ ਤੇ ਗੁੜ ਜ਼ਰੂਰ ਫੜਾ ਦਿੰਦੀ। ਵਿਚਾਰਾ ਸਾਰਾ ਸਾਰਾ ਦਿਨ ਤੁਰਿਆ ਫਿਰਦਾ। ਉਮਰ ਵੀ ਛੋਟੀ। ਦਿਲ ਵਿੱਚ ਪਾਰਟੀ ਲਈ ਕੰਮ ਕਰਨ ਦਾ ਵੱਡਾ ਉਤਸ਼ਾਹ। ਗੁਲਾਬ ਕੌਰ ਉਸ ਵੱਲ ਵੇਖ-ਵੇਖ ਬੜੀ ਹੈਰਾਨ ਹੁੰਦੀ।

ਕਈ ਵਾਰ ਕਰਤਾਰ ਸਿੰਘ ਵੀ ਉਸ ਕੋਲ ਆ ਜਾਂਦਾ। ਉਹ ਤਾਂ ਝੱਟ ਟੋਕਰੀ ਵਿੱਚੋਂ ਗੁੜ ਕੱਢ ਕੇ ਖਾ ਜਾਂਦਾ ਪਰ ਠਹਿਰਦਾ ਉਹ ਕੁੱਝ ਹੀ ਪਲ। ਉਹ ਤਾਂ ਨ੍ਹੇਰੀ ਦੇ ਬੁੱਲੇ ਵਾਂਗ ਆਉਂਦਾ। ਗੱਲ ਬਾਤ ਕਰਦਾ ਤੇ ਉਸੇ ਤਰ੍ਹਾਂ ਤੇਜ਼ੀ ਨਾਲ ਤੁਰ ਜਾਂਦਾ। ਗੁਲਾਬ ਕੌਰ ਸੋਚਦੀ ਕਿ ਕਰਤਾਰ ਸਮੇਂ ਦੀ ਬਹੁਤ ਕਦਰ ਕਰਦਾ। ਇੱਕ ਮਿੰਟ ਵੀ ਅਜਾਈਂ ਰਹੀਂ ਗਵਾਉਂਦਾ। ਇੱਕ ਦਿਨ ਗੁਲਾਬ ਕੌਰ ਨੇ ਚਰਖਾ ਚੁੱਕ ਕੇ ਕਮਰੇ ਵਿੱਚ ਰੱਖ ਲਿਆ। ਦਿਨ ਛੁੱਪ ਗਿਆ ਸੀ। ਉਦੋਂ ਹੀ ਕਿਸੇ ਨੇ ਬਾਹਰੋ ਦਰਵਾਜ਼ਾ ਆ ਖੜਕਾਇਆ। ਗੁਲਾਬ ਕੌਰ ਨੇ ਪੁੱਛ ਕੇ ਦਰਵਾਜ਼ਾ ਖੋਲ੍ਹਿਆ ਤਾਂ ਬਾਹਰ ਕਰਤਾਰ ਸਿੰਘ ਸਾਈਕਲ ਲਈ ਖਲੋਤਾ ਸੀ। ਕਰਤਾਰ ਸਿੰਘ ਨੇ ਸਾਈਕਲ ਅੰਦਰ ਕੀਤਾ ਤੇ ਕੱਪੜਿਆਂ ਵਾਲੀ ਗੰਢੜੀ ਥੱਲੇ ਰੱਖ ਦਿੱਤੀ।

"ਵੀਰੇ ਇਹ ਕੀ?" ਗੁਲਾਬ ਕੌਰ ਨੇ ਪੁੱਛਿਆ।

"ਭੈਣ ਮੇਰੀਏ ਤੈਨੂੰ ਤਕਲੀਫ ਦੇਣ ਆਇਆ!" ਕਰਤਾਰ ਹੱਸ ਪਿਆ।

"ਵੀਰ ਇਸ ਤਰ੍ਹਾਂ ਨਾ ਕਹਿ। ਮੈਂ ਤਾਂ ਆਪਣੀ ਡਿਊਟੀ ਨਿਭਾ ਰਹੀ ਆਂ।"

"ਵਾਹ ਮੇਰੀ ਬਹਾਦਰ ਭੈਣ।"

"ਹਾਂ ਵੀਰਾ ਦੱਸ ਇਹ ਕੱਪੜੇ ਕਾਹਦੇ ਵਾਸਤੇ ਐ।"

"ਭੈਣ, ਜਦੋਂ ਦਾ ਬਾਬੂ ਰਾਸ ਬਿਹਾਰੀ ਬੋਸ ਆਇਆ ਤਾਂ ਪਾਰਟੀ ਦੇ ਕੰਮ ਵਿੱਚ ਬੜੀ ਤੇਜ਼ੀ ਵੀ ਆਈ ਐ ਤੇ ਤਬਦੀਲੀ ਵੀ। ਹੁਣ ਪਾਰਟੀ ਦੀ ਗੱਲ ਆਪਣੇ ਸਾਰੇ ਵਰਕਰਾਂ ਤੱਕ ਪਹੁੰਚਦੀ ਐ। ਛਾਪਾਖਾਨਾ ਲੱਗ ਗਿਆ। ਗ਼ਦਰ ਸੰਦੇਸ਼ ਤੇ ਐਲਾਨੇ ਜੰਗ ਬਹੁਤ ਗਿਣਤੀ ਵਿੱਚ ਛਾਪ ਕੇ ਵੰਡ ਦਿੱਤੇ। ਆਪਣੇ ਫੌਜ਼ੀ ਭਰਾਵਾਂ ਨੂੰ ਵੀ ਭੇਜ ਦਿੱਤੇ। ਜਿਥੇ ਵੀ ਆਪਣੇ ਅੱਡੇ ਬਣੇ ਹੋਏ ਐ ਇਹ ਦੋਵੇਂ ਪਰਚੇ ਸਭ ਨੂੰ ਪੁੱਜਦੇ ਕਰ ਦਿੱਤੇ। ਉਸੇ ਤਰ੍ਹਾਂ ਹੁਣ ਪਾਰਟੀ ਦੇ ਝੰਡੇ ਵੀ ਭੇਜਾਂਗੇ। ਮੇਰੀ ਭੈਣ ਇੱਕ ਸੌ ਝੰਡਾ ਬਣਾ ਦੇ। ਕੋਈ ਆ ਕੇ ਇਕ ਦੋ ਦਿਨ ਵਿਚ ਇਹ ਝੰਡੇ ਲੈ ਜਾਏਗਾ।" ਏਨੀ ਗੱਲ ਕਹਿ ਕੇ ਕਰਤਾਰ ਸਿੰਘ ਨੇ ਸਾਈਕਲ ਚੁੱਕਿਆ ਤੇ ਹਨ੍ਹੇਰੇ ਵਿੱਚ ਅਲੋਪ ਹੋ ਗਿਆ।

ਗੁਲਾਬ ਕੌਰ ਹੁਣ ਚਰਖਾ ਛੱਡ ਕੇ ਸਾਰਾ ਦਿਨ ਮਸ਼ੀਨ ਚਲਾਉਂਦੀ। ਕਮਰੇ ਦਾ ਦਰਵਾਜ਼ਾ ਅੰਦਰੋਂ ਬੰਦ ਹੁੰਦਾ ਤੇ ਉਹ ਆਪਣਾ ਕੰਮ ਕਰੀ ਜਾਂਦੀ। ਜਦੋਂ ਕੋਈ ਝੰਡਾ ਤਿਆਰ ਹੋ ਜਾਂਦਾ ਤੇ ਉਹ ਝੰਡੇ ਨੂੰ ਹੱਥਾਂ ਵਿੱਚ ਫੜ ਕੇ ਵੇਖਦੀ। ਤਿੰਨ ਰੰਗਾ ਝੰਡਾ ਵਿਚਕਾਰ ਦੋ ਤਲਵਾਰਾਂ। ਸਾਰੇ ਗ਼ਦਰੀਆਂ ਨੇ ਇਸੇ ਝੰਡੇ ਦੀ ਸਹੁੰ ਖਾਧੀ ਐ ਕਿ ਦੇਸ਼ ਲਈ ਹੀ ਜੀਣਗੇ ਤੇ ਦੇਸ਼ ਲਈ ਹੀ ਮਰਨਗੇ। ਕਿਨਾ ਵੱਡਾ ਵਿਸ਼ਵਾਸ਼ ਹੈ ਗ਼ਦਰੀਆਂ ਦੇ ਦਿਲਾਂ ਵਿਚ ਕਿ ਇੱਕ ਦਿਨ ਸਾਰੇ ਭਾਰਤ ਵਿੱਚ ਗ਼ਦਰ ਕੀਤਾ ਜਾਵੇਗਾ। ਅੰਗਰੇਜ਼ਾਂ ਨੂੰ ਬਾਹਰ ਕੱਢ ਦਿੱਤਾ ਜਾਵੇਗਾ ਤੇ ਫਿਰ ਗ਼ਦਰ ਪਾਰਟੀ ਦਾ ਇਹ ਝੰਡਾ ਲਹਿਰਾਇਆ ਜਾਵੇਗਾ। ਸਾਡੀ ਆਪਣੀ ਸਰਕਾਰ ਬਣੇਗੀ। ਲੋਕਾਂ ਦੀ ਸਰਕਾਰ। ਸਭ ਲੋਕਾਂ ਨੂੰ ਕੰਮ ਮਿਲੇਗਾ। ਰੁਜ਼ਗਾਰ ਮਿਲੇਗਾ। ਪੂਰਾ ਮੁੱਲ ਮਿਲੇਗਾ। ਊਚ-ਨੀਚ ਤੇ ਛੂਤ-ਛਾਤ ਖਤਮ। ਸਭ ਥਾਂ ਬਰਾਬਰੀ ਤੇ ਸਮਾਜਿਕ ਇਜ਼ਤ ਹੋਵੇਗੀ। ਸਭ ਨੂੰ ਰੱਜਵੀਂ ਰੋਟੀ ਮਿਲੇਗੀ। ਹਰ ਕੋਈ ਸੁਖ ਚੈਨ ਨਾਲ ਵਸੇਗਾ। ਬੱਸ ਇੱਕ ਵਾਰ ਗ਼ਦਰ ਹੋ ਜਾਵੇ। ਗੁਲਾਮੀ ਦੀਆਂ

ਜ਼ੰਜੀਰਾਂ ਕੱਟੀਆਂ ਜਾਣ। ਪਾਰਟੀ ਦਾ ਇਹ ਝੰਡਾ ਝੂਲ ਜਾਵੇ।

ਗੁਲਾਬ ਕੌਰ ਨੇ ਦਿਨ ਰਾਤ ਇੱਕ ਕਰਕੇ ਝੰਡੇ ਸਿਉਣ ਦਾ ਕੰਮ ਸ਼ੁਰੂ ਕਰ ਦਿੱਤਾ। ਇਕ ਦਿਨ ਝੰਡੇ ਬਣਾਉਂਦੀ ਨੂੰ ਦਿਨ ਛੁਪ ਗਿਆ ਤੇ ਉਹ ਫਿਰ ਵੀ ਕੰਮ ਕਰਦੀ ਰਹੀ। ਰਾਤ ਕਾਫੀ ਵੱਡੀ ਹੋ ਗਈ। ਉਸ ਨੇ ਝੰਡੇ ਗਿਣੇ। ਪੂਰਾ ਇੱਕ ਸੌ ਝੰਡਾ ਤਿਆਰ ਸੀ। ਉਸ ਨੇ ਸਾਰੇ ਝੰਡੇ ਬੰਨ੍ਹ ਕੇ ਇੱਕ ਚਾਦਰ ਵਿੱਚ ਲਪੇਟ ਕੇ ਰੱਖ ਦਿੱਤੇ। ਉਹ ਕੰਮ ਕਰਦੀ ਕਾਫੀ ਥੱਕ ਗਈ ਸੀ। ਠੰਢ ਵੀ ਬਹੁਤ ਸੀ। ਉਹ ਬਿਸਤਰੇ ਵਿੱਚ ਲੇਟ ਗਈ। ਉਹ ਕਿਨਾ ਈ ਚਿਰ ਜਾਗਦੀ ਰਹੀ। ਉਸ ਦੀ ਨੀਂਦ ਖੁੰਝ ਗਈ ਸੀ। ਉਸ ਨੂੰ ਕਦੇ ਕਿਸੇ ਦੀ ਯਾਦ ਆ ਜਾਂਦੀ ਤੇ ਕਦੇ ਕਿਸੇ ਦੀ ਯਾਦ। ਦੂਰ ਦੁਰਾਡੇ ਦਾ ਸ਼ਹਿਰ ਲਾਹੌਰ। ਓਪਰਾ ਤੇ ਗੁੰਮਨਾਮ ਕਮਰਾ। ਇਕੱਲੀ ਕੁੜੀ। ਵਾਹ! ਉਸ ਨੂੰ ਤਾਂ ਕਿਸੇ ਕਿਸਮ ਦਾ ਵੀ ਕੋਈ ਡਰ ਨਹੀਂ। ਦਿਲ ਵਿੱਚ ਇੱਕੋ ਤਾਂਘ ਕਿ ਮੇਰਾ ਭਾਰਤ ਦੇਸ਼ ਮਹਾਨ ਜਿਸ ਨੂੰ ਕਦੇ ਸੋਨੇ ਦੀ ਚਿੜੀ ਵੀ ਕਿਹਾ ਜਾਂਦਾ ਸੀ ਤੇ ਹੁਣ ਜਿਸ ਨੂੰ ਜ਼ਾਲਮ ਤੇ ਦੰਭੀ ਅੰਗਰੇਜ਼ਾਂ ਨੇ ਲੁੱਟ ਕੇ ਖਾ ਲਿਆ ਹੈ। ਦੇਸ਼ ਦਾ ਸਭ ਕੁੱਝ ਲੁੱਟ ਕੇ ਉਸ ਨੇ ਵਲਾਇਤ ਪੁਜਦਾ ਕਰ ਦਿੱਤਾ। ਬੱਸ ਗ਼ਦਰ ਪਾਰਟੀ ਗ਼ਦਰ ਕਰੇ। ਬੱਸ ਗ਼ਦਰ। ਹਥਿਆਰਬੰਦ ਘੋਲ ਬਿਨਾਂ ਸਾਨੂੰ ਅਜ਼ਾਦੀ ਦੀ ਪ੍ਰਾਪਤੀ ਨਹੀਂ ਹੋ ਸਕਦੀ। ਕਾਸ਼! ਮੇਰੇ ਦੇਸ਼ ਦੇ ਲੋਕ ਗ਼ਦਰ ਪਾਰਟੀ ਦਾ ਸਾਥ ਦੇ ਦੇਣ। ਰਲ਼ ਕੇ ਗ਼ਦਰ ਮਚਾ ਦੇਣ। ਅੰਗਰੇਜ਼ ਕੌਣ ਐ ਜੋ ਸਾਡੇ ਉੱਤੇ ਬਾਹਰੋਂ ਆ ਕੇ ਰਾਜ ਕਰਨ। ਗੁਲਾਬ ਕੌਰ ਦੇ ਦਿਮਾਗ ਵਿੱਚ ਬੜੇ ਖਿਆਲ ਘੁੰਮਦੇ।

ਅਚਾਨਕ ਦਰਵਾਜ਼ੇ ਉੱਤੇ ਠੱਕ ਠੱਕ ਹੋਈ। ਰਾਤ ਵੀ ਕਾਫੀ ਲੰਘ ਗਈ ਸੀ। ਇਸ ਵੇਲੇ ਭਲਾ ਕੌਣ ਹੋਇਆ। ਉਸ ਨੇ ਉਠ ਕੇ ਦਰਵਾਜ਼ੇ ਕੋਲ ਆ ਕੇ ਕਿਹਾ, "ਕੌਣ ਐ?"

"ਬੀਬੀ ਸਰਬਲੋਹ!" ਅਵਾਜ਼ ਆਈ। ਲੈ ਇਹ ਤਾਂ ਸੱਜਣ ਸਿੰਘ ਲੱਗਦਾ। ਗੁਲਾਬ ਕੌਰ ਨੇ ਝੱਟ ਦਰਵਾਜ਼ਾ ਖੋਲ੍ਹ ਦਿੱਤਾ। ਸੱਚੀਂ ਬਾਹਰ ਸੱਜਣ ਸਿੰਘ ਖਲੋਤਾ ਸੀ। ਸੱਜਣ ਸਿੰਘ ਅੰਦਰ ਆਇਆ। ਗੁਲਾਬ ਕੌਰ ਨੇ ਦਰਵਾਜ਼ਾ ਬੰਦ ਕਰ ਦਿੱਤਾ। ਸਰ੍ਹੋਂ ਦੇ ਤੇਲ ਦਾ ਦੀਵਾ ਜਗਾ ਕੇ ਇੱਕ ਖੂੰਜੇ ਰੱਖ ਦਿੱਤਾ।

"ਵੀਰਾ ਤੂੰ ਇਸ ਵੇਲੇ?"

"ਬੀਬੀ ਮੈਂ ਝੰਡੇ ਲੈਣ ਆਇਆਂ। ਨਾਲੇ ਆਪਣੇ ਕੰਮ ਤਾਂ ਹੁਣ ਰਾਤਾਂ ਨੂੰ ਹੀ ਵੱਧ ਹੁੰਦੇ ਐ।" ਸੱਜਣ ਸਿੰਘ ਬੋਲਿਆ।

"ਵੀਰਾਂ ਤੈਨੂੰ ਭੁੱਖ ਤਾਂ ਨਹੀਂ ਲੱਗੀ?"

"ਬੀਬੀ ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ। ਜੇ ਲੋੜ ਹੋਈ ਤਾਂ ਮੈਂ ਆਪਣੀ ਭੈਣ ਤੋਂ ਮੰਗ ਕੇ ਲੈ ਲਵਾਂਗਾ!" ਸੱਜਣ ਸਿੰਘ ਨਿਮਰਤਾ ਤੇ ਪਿਆਰ ਨਾਲ ਬੋਲਿਆ।

ਗੁਲਾਬ ਕੌਰ ਨੇ ਉਠ ਕੇ ਝੰਡਿਆਂ ਵਾਲੀ ਗੰਢੜੀ ਸੱਜਣ ਸਿੰਘ ਨੂੰ ਫੜਾ ਦਿੱਤੀ। ਸੱਜਣ ਸਿੰਘ ਨੇ ਗੰਢੜੀ ਸਾਈਕਲ ਦੇ ਪਿਛੇ ਬੰਨ੍ਹ ਲਈ। ਬਾਹਰ ਤਾਂ ਜ਼ੋਰ ਦੀ ਹਵਾ ਚੱਲ ਰਹੀ ਸੀ। ਪੂਰੇ ਜੋਰ ਦੀ ਠੰਢ ਤੇ ਹੁਣ ਤਾਂ ਨਿੱਕੀ ਨਿੱਕੀ ਕਣੀ ਵੀ ਡਿਗਣ ਲੱਗ ਪਈ। ਸੱਜਣ ਸਿੰਘ ਨੇ ਕਮਰੇ ਤੋਂ ਬਾਹਰ ਆ ਕੇ ਵੇਖਿਆ ਹਵਾ ਤਾਂ ਜਿਵੇਂ ਛਾਤੀ ਚੀਰ ਰਹੀ ਸੀ।

"ਵੀਰਾ ਤੂੰ ਕਿਵੇਂ ਜਾਏਗਾ?" ਗੁਲਾਬ ਕੌਰ ਫਿਕਰਮੰਦ ਸੀ।

"ਬੀਬੀ ਤੂੰ ਫਿਕਰ ਨਾ ਕਰ। ਏਨੀ ਕੁ ਠੰਢ ਭਲਾ ਸਾਨੂੰ ਕੀ ਕਰ ਦੇਵੇਗੀ।" ਸੱਜਣ ਸਿੰਘ ਨੇ ਬੇਫਿਕਰੀ ਨਾਲ ਕਿਹਾ।

"ਇੱਕ ਗੱਲ ਬੀਬੀ ਬੜੀ ਮਾੜੀ ਹੋਈ ਐ।" ਸੱਜਣ ਸਿੰਘ ਚਾਣਚੱਕ ਬੋਲਿਆ। ਉਸ ਦੀ ਅਵਾਜ਼ ਵਿੱਚ ਇੱਕ ਦਮ ਉਦਾਸੀ ਭਰ ਗਈ ਸੀ।

"ਕੀ ਗੱਲ ਹੋ ਗਈ?" ਗੁਲਾਬ ਕੌਰ ਵੀ ਹੈਰਾਨ ਹੋ ਗਈ।

"ਮਨੀਲੇ ਵਾਲਿਆਂ ਨੂੰ ਸਾਰਿਆਂ ਨੂੰ ਫਾਂਸੀ ਦਾ ਹੁਕਮ ਹੋ ਗਿਆ!"

"ਹੈ! ਜੀਵਨ ਸਿੰਘ ਹੋਰਾਂ ਨੂੰ?

"ਹਾਂ!" ਸੱਜਣ ਸਿੰਘ ਵੀ ਏਨਾ ਹੀ ਆਖ ਸਕਿਆ। ਗੁਲਾਬ ਕੌਰ ਤਾਂ ਸੁੰਨ ਹੀ ਹੋ ਗਈ। ਉਸ ਤੋਂ ਕੋਈ ਵੀ ਗੱਲ ਨਾ ਕਰ ਹੋਈ। ਸੱਜਣ ਸਿੰਘ ਸਾਈਕਲ ਚੁੱਕ ਕੇ ਤੁਰ ਪਿਆ। ਤੇਜ਼ ਹਵਾ ਉਸੇ ਤਰ੍ਹਾਂ ਚੱਲ ਰਹੀ ਸੀ ਤੇ ਕਣੀ ਵੀ ਡਿਗ ਰਹੀ ਸੀ। ਫਿਰ ਗੁਲਾਬ ਕੌਰ ਕਮਰੇ ਦਾ ਦਰਵਾਜ਼ਾ ਬੰਦ ਕਰਕੇ ਬਿਸਤਰੇ ਵਿੱਚ ਲੇਟ ਗਈ। ਜੀਵਨ ਸਿੰਘ ਹੋਰਾਂ ਦੀ ਸਜ਼ਾ ਸੁਣ ਕੇ ਤਾਂ ਉਹ ਬੁਰੀ ਤਰ੍ਹਾਂ ਘਬਰਾ ਗਈ। ਇੱਕ ਇੱਕ ਕਰਕੇ ਸਾਰੇ ਗ਼ਦਰੀ ਉਸ ਦੀਆਂ ਅੱਖਾਂ ਅੱਗੇ ਘੁੰਮਣ ਲੱਗੇ। ਪੰਡਤ ਕਾਂਸ਼ੀ ਰਾਮ ਪਹਿਲੀ ਵਾਰ ਕੋਟਲਾ ਨੌਧ ਸਿੰਘ ਵਿਚ ਮਿਲਿਆ ਸੀ। ਪਾਰਟੀ ਦਾ ਖਜ਼ਾਨਚੀ। ਬੜਾ ਸੂਝਵਾਨ। ਰਹਿਮਤ ਅਲੀ ਵਜ਼ੀਦਕੇ, ਬਖ਼ਸ਼ੀਸ਼ ਸਿੰਘ, ਲਾਭ ਸਿੰਘ ਸਾਹਿਬਾਣਾ, ਜਗਤ ਸਿੰਘ ਬਿੰਝਲ, ਧਿਆਨ ਸਿੰਘ ਤੇ ਜੀਵਨ ਸਿੰਘ ਦੌਲਾ ਸਿੰਘ ਵਾਲਾ। ਮੇਰਾ ਮਾਨਾ ਤਾਂ ਮੈਨੂੰ ਛੱਡ ਗਿਆ ਸੀ। ਜੀਵਨ ਸਿੰਘ ਨੂੰ ਫਰਜ਼ੀ ਪਤੀ ਬਣਾ ਲਿਆ।

ਉਹ ਸਮਾਂ ਯਾਦ ਕਰਕੇ ਗੁਲਾਬ ਕੌਰ ਦਾ ਮਨ ਭਰ ਆਇਆ। ਉਸ ਵੇਲੇ ਤਾਂ ਜੀਵਨ ਸਿੰਘ ਧਾਹੀਂ ਰੋ ਪਿਆ ਸੀ। ਉਹ ਕਹਿ ਰਿਹਾ ਸੀ ਕਿ ਭੈਣ ਭਰਾ ਤੀਵੀਂ ਆਦਮੀ ਕਿਵੇਂ ਬਣ ਸਕਦੇ ਆ। ਪਰ ਇਹ ਤਾਂ ਪੁਲੀਸ ਤੋਂ ਬਚਣ ਲਈ ਇੱਕ ਢੰਗ ਵਰਤਿਆ ਸੀ। ਜੀਵਨਾ ਅਸੀਂ ਮਨੀਲਾ ਤੋਂ ਇਕੱਠੇ ਆਏ। ਇਕੱਠੇ ਦੇਸ਼ ਦੀ ਅਜ਼ਾਦੀ ਲਈ ਕੰਮ ਕਰਨ ਲੱਗੇ। ਤੂੰ ਤਾਂ ਮੈਨੂੰ ਛੱਡ ਕੇ ਪਹਿਲਾਂ ਹੀ ਤੁਰ ਪਿਆ। ਕਾਸ਼! ਮੈਨੂੰ ਵੀ ਫਾਂਸੀ ਦੀ ਸਜ਼ਾ ਹੋ ਜਾਂਦੀ। ਮੇਰੇ ਨਾਲ ਦੇ ਸਾਰੇ ਵੀਰਾਂ ਨੂੰ ਫਾਂਸੀ ਬੋਲ ਗਈ। ਮੈਂ ਰਹਿ ਗਈ। ਮੇਰੇ ਲਈ ਇਹ ਸਭ ਕੁੱਝ ਸਹਿਣਾ ਬਹੁਤ ਔਖਾ ਹੈ। ਦੁੱਖ ਮੌਕੇ ਆਪਣੇ ਵੱਧ ਯਾਦ ਆਉਂਦੇ ਐ। ਫਿਰ ਗੁਲਾਬ ਕੌਰ ਨੂੰ ਅਮਰ ਸਿੰਘ ਕੋਟਲਾ ਨੌਧ ਸਿੰਘ, ਉਸ ਦੀ ਚਾਚੀ ਤੇ ਉਸ ਦੀਆਂ ਦੋਵੇਂ ਭਰਜਾਈਆਂ ਦੀ ਬੜੀ ਯਾਦ ਆਈ। ਉਹ ਦਾ ਜੀਅ ਕਰੇ ਕਿ ਉਹ ਭੱਜ ਕੇ ਕੋਟਲਾ ਨੌਧ ਸਿੰਘ ਚਲੀ ਜਾਵੇ। ਅਮਰ ਸਿੰਘ ਨੇ ਵੀ ਕਦੇ ਗੇੜਾ ਨਹੀਂ ਮਾਰਿਆ।

ਨੀਂਦ ਤਾਂ ਕਿਵੇਂ ਆਉਣੀ ਸੀ। ਗੁਲਾਬ ਕੌਰ ਉਸੇ ਤਰ੍ਹਾਂ ਬਿਸਤਰੇ ਵਿੱਚ ਪਈ ਰਹੀ। ਉਣੀਂਦਰੇ ਤੇ ਠੰਢ ਨੇ ਉਸ ਦਾ ਬੁਰਾ ਹਾਲ ਕਰ ਦਿੱਤਾ। ਉਸ ਨੂੰ ਲੱਗਾ ਕਿ ਜਿਵੇਂ ਉਸ ਨੂੰ ਬੁਖ਼ਾਰ ਹੋ ਗਿਆ ਹੋਵੇ। ਸਰੀਰ ਵਿੱਚ ਜਿਵੇਂ ਜਾਨ ਨਹੀਂ ਸੀ। ਇੱਕ ਪਲ ਵੀ ਉਸ ਨੂੰ ਨੀਂਦ ਨਾ ਆਈ। ਉਸ ਨੂੰ ਲੇਟੀ ਨੂੰ ਕਾਫੀ ਚਿਰ ਹੋ ਗਿਆ ਸੀ। ਹੁਣ ਤਾਂ ਦਿਨ ਚੜ੍ਹਨ ਵਾਲਾ ਹੋਵੇਗਾ। ਕਮਰੇ ਦਾ ਦਰਵਾਜ਼ਾ ਖੜਕਿਆ। ਗੁਲਾਬ ਕੌਰ ਬਿਸਤਰੇ ਵਿੱਚੋਂ ਮਸਾਂ ਉਠੀ ਤੇ ਆ ਕੇ ਪੁੱਛਿਆ, "ਕੌਣ ਐ?"

"ਫਰਿਸਕੋ!" ਲੈ ਇਹ ਤਾਂ ਕਰਤਾਰ ਵੀਰ ਆ ਗਿਆ। ਗੁਲਾਬ ਕੌਰ ਨੇ ਝੱਟ ਦਰਵਾਜ਼ਾ ਖੋਲ੍ਹਿਆ।

"ਠੀਕ ਐਂ ਵੀਰ!" ਗੁਲਾਬ ਕੌਰ ਦੀ ਲਿੱਸੀ ਜਿਹੀ ਅਵਾਜ਼ ਸੀ।

"ਭੈਣ, ਅੱਜ ਤੂੰ 'ਐਲਾਨੇ ਜੰਗ' ਤੇ 'ਗ਼ਦਰ ਸੰਦੇਸ਼ਾ' ਦੀਆਂ ਚਾਲੀ ਪੰਜਾਬ ਕਾਪੀਆਂ

ਅੰਮ੍ਰਿਤਸਰ ਸੰਤ ਗੁਲਾਬ ਸਿੰਘ ਦੀ ਧਰਮਸ਼ਾਲਾ ਵਿੱਚ ਲੈ ਕੇ ਜਾਣੀਆਂ।"

"ਕੋਈ ਨਾ ਵੀਰਾ ਬੇਫਿਕਰ ਰਹਿ!" ਗੁਲਾਬ ਕੌਰ ਨੇ ਦਲੇਰੀ ਨਾਲ ਜਵਾਬ ਦਿੱਤਾ।

ਅਠਾਰਾਂ

ਲਾਹੌਰ ਵਿੱਚ ਰਹਿਣ ਕਰਕੇ ਗੁਲਾਬ ਕੌਰ ਦੀ ਮੁਲਾਕਾਤ ਗ਼ਦਰ ਪਾਰਟੀ ਦੇ ਕੇਂਦਰੀ ਕਮੇਟੀ ਦੇ ਨੇਤਾਵਾਂ ਨਾਲ ਵੀ ਹੋ ਜਾਂਦੀ। ਸਾਰੇ ਹੀ ਗ਼ਦਰੀ ਲੀਡਰ ਗੁਲਾਬ ਕੌਰ ਦਾ ਬਹੁਤ ਸਤਿਕਾਰ ਕਰਦੇ ਤੇ ਉਸ ਉੱਤੇ ਪੂਰਾ ਵਿਸ਼ਵਾਸ਼ ਵੀ ਕਰਦੇ। ਕਈ ਲੀਡਰ ਤਾਂ ਉਨ੍ਹਾਂ ਕੋਲੋਂ ਕੋਈ ਸਲਾਹ ਵੀ ਲੈ ਲੈਂਦੇ। ਗੁਲਾਬ ਕੌਰ ਨੂੰ ਪਾਰਟੀ ਦੀ ਹਰ ਸਰਗਰਮੀ ਦੀ ਪੂਰੀ ਖ਼ਬਰ ਹੁੰਦੀ ਪਰ ਪਾਰਟੀ ਜੋ ਉਸ ਦੀ ਡਿਊਟੀ ਲਾਉਂਦੀ ਉਹ ਡਿਊਟੀ ਪੂਰੀ ਤਰ੍ਹਾਂ ਨਿਭਾਉਂਦੀ। ਜੋ ਹਦਾਇਤ ਪਾਰਟੀ ਵੱਲੋਂ ਆਉਂਦੀ ਉਹੋ ਹੀ ਉਹ ਅੱਗੇ ਪੁੱਜਦੀ ਕਰਦੀ। ਗੁਲਾਬ ਕੌਰ ਨੂੰ ਪੂਰੀ ਖ਼ਬਰ ਸੀ ਕਿ ਪਾਰਟੀ ਨੇ ਝੰਡੇ ਤੇ 'ਐਲਾਨੇ ਜੰਗ' ਵਰਗੇ ਕਿਤਾਬ 'ਚ ਛਾਪ ਕੇ ਆਮ ਵਰਕਰਾਂ ਤੱਕ ਪੁੱਜਦੇ ਨਹੀਂ ਕੀਤੇ। 'ਐਲਾਨੇ ਜੰਗ' ਤੇ 'ਗ਼ਦਰ ਸੰਦੇਸ਼ਾਂ' ਪਰਚੇ ਤਾਂ ਫੌਜਾਂ ਵਿੱਚ ਵੀ ਵੰਡੇ ਜਾ ਚੁੱਕੇ ਹਨ। ਸਭ ਛਾਉਣੀਆਂ ਵਿੱਚ ਕਰਤਾਰ ਸਿੰਘ, ਮਥਰਾ ਦਾਸ, ਨਿਧਾਨ ਸਿੰਘ ਚੁੱਘਾ, ਪਿਆਰਾ ਸਿੰਘ ਲੰਗੇਰੀ, ਹਰਨਾਮ ਸਿੰਘ ਕਹੂਟਾ, ਗੁਰਮੁੱਖ ਸਿੰਘ ਲਲਤੋਂ, ਊਧਮ ਸਿੰਘ ਵੜਿੰਗ ਰਾਵਲ-ਪਿੰਡੀ, ਜਿਹਲਮ, ਹੋਤੀ ਮਰਦਾਨ ਤੇ ਪਿਸ਼ਾਵਰ ਛਾਉਣੀਆਂ ਵਿੱਚ ਸੰਪਰਕ ਕਾਇਮ ਕਰ ਆਏ। ਲਾਹੌਰ, ਮੇਰਠ, ਫਿਰੋਜ਼ਪੁਰ, ਲਖਨਊ ਤੇ ਬੰਨੂ ਵਿੱਚ ਪਾਰਟੀ ਦਾ ਮੇਲ ਮਿਲਾਪ ਚੰਗਾ ਬਣ ਗਿਆ। ਸ਼ਰਤ ਇੱਕੋ ਸੀ ਕਿ ਪਹਿਲਾਂ ਗ਼ਦਰੀ ਹਥਿਆਰਾਂ ਨਾਲ ਛਾਉਣੀਆਂ ਉੱਤੇ ਹਮਲਾ ਕਰ ਦੇਣ। ਪਿੱਛੋਂ ਭਾਰਤੀ ਫੌਜੀ ਜਵਾਨ ਹੱਲਾ ਬੋਲ ਦੇਣਗੇ। ਹਾਂਗਕਾਂਗ, ਸਿੰਘਾਪੁਰ, ਪੀਨਾਂਗ, ਰੰਗੂਨ ਤੇ ਬਰ੍ਹਮਾ ਵਿਚ ਬੈਠੀਆਂ ਸਾਡੀਆਂ ਫੌਜ਼ਾਂ ਵਿੱਚ ਵੀ ਗ਼ਦਰੀ ਤਾਲਮੇਲ ਪੈਦਾ ਕਰ ਆਏ। ਸਭ ਥਾਂ 'ਐਲਾਨੇ ਜੰਗ' ਤੇ 'ਗ਼ਦਰ ਸੰਦੇਸ਼ਾ' ਪਰਚੇ ਪੁੱਜਦੇ ਕਰ ਦਿੱਤੇ। ਇਹ ਦੋਵੇਂ ਪਰਚੇ ਦੇਸ਼ ਭਗਤੀ ਦਾ ਜ਼ਜ਼ਬਾ ਪੈਦਾ ਕਰਦੇ ਤੇ ਗ਼ਦਰ ਲਈ ਹਲੂਣਾ ਦਿੰਦੇ।

ਗੁਲਾਬ ਕੌਰ ਸੋਚਦੀ ਸੀ ਕਿ ਨਵੰਬਰ ਮਹੀਨੇ ਵਿੱਚ ਗ਼ਦਰ ਕਰਨ ਦੇ ਪਾਰਟੀ ਦੇ ਤਿੰਨੇ ਯਤਨ ਸਫ਼ਲ ਨਹੀਂ ਸੀ ਹੋਏ ਪਰ ਇਸ ਵਾਰ ਪਾਰਟੀ ਪੂਰੀ ਤਰ੍ਹਾਂ ਸਫਲ ਹੋਵੇਗੀ। ਪਾਰਟੀ ਦੇ ਵੱਡੇ ਅੱਡਿਆਂ ਉਹ ਝੰਡੇ ਵੀ ਚਲੇ ਗਏ ਤੇ ਐਲਾਨੇ ਜੰਗ ਦੀਆਂ ਕਾਪੀਆਂ ਵੀ। ਲਾਹੌਰ, ਫਿਰੋਜ਼ਪੁਰ, ਲੁਧਿਆਣਾ, ਜਲੰਧਰ ਤੇ ਹੁਸ਼ਿਆਰਪੁਰ ਦੇ ਕਈ ਗ਼ਦਰੀ ਤਾਂ ਕਈ ਵਾਰ ਉਸ ਨੂੰ ਮਿਲ ਵੀ ਪੈਂਦੇ ਸਨ। ਗਦਰੀਆਂ ਵਿਚ ਏਨਾ ਉਤਸ਼ਾਹ ਸੀ ਕਿ ਸਾਰੇ ਹੀ ਗ਼ਦਰ ਦਾ ਦਿਨ ਉਡੀਕ ਰਹੇ ਸਨ। ਹਰ ਕੋਈ ਸੋਚਦਾ ਸੀ ਕਿ ਉਹ ਦਿਨ ਕਦੋਂ ਆਵੇ ਜਦੋਂ ਉਹ ਅੰਗਰੇਜ਼ਾਂ ਨਾਲ ਡਟ ਕੇ ਮੁਕਾਬਲਾ ਕਰਨ। ਉਨ੍ਹਾਂ ਨੂੰ ਦੇਸ਼ ਵਿੱਚੋਂ ਭਜਾ ਕੇ ਆਪਣੀ ਸਰਕਾਰ ਬਨਾਉਣ। ਪਾਰਟੀ ਦਾ ਝੰਡਾ ਝੂਲਦਾ ਨਜ਼ਰ ਆਵੇ। ਗੁਲਾਮੀ ਦੀਆਂ ਜ਼ੰਜ਼ੀਰਾਂ ਕੱਟੀਆਂ ਜਾਣ। ਦੇਸ਼ ਅਜ਼ਾਦ ਹੋਵੇ। ਬੱਸ ਗ਼ਦਰ ਤੇ ਬੱਸ ਗ਼ਦਰ। ਹਰ ਗ਼ਦਰੀ ਦੀ ਇਹੋ ਚਾਹ ਸੀ।

ਆਪਣੇ ਫੌਜੀ ਭਰਾਵਾਂ ਨਾਲ ਗੱਲ ਹੋ ਗਈ। ਪਾਰਟੀ ਦੇ ਸਭ ਅੱਡਿਆਂ ਉੱਤੇ ਸੰਪਰਕ ਕਰਕੇ ਵਰਕਰਾਂ ਨੂੰ ਤਿਆਰ ਕਰ ਲਿਆ। ਝੰਡੇ ਤੇ ਪਾਰਟੀ ਦੇ ਪਰਚੇ ਥਾਂ-ਥਾਂ ਪੁੱਜ ਗਏ। ਅੰਗਰੇਜ਼ ਜੰਗ ਵਿੱਚ ਫਸੇ ਹੋਏ ਸਨ। ਫੌਜੀ ਛਾਉਣੀਆਂ ਵਿੱਚ ਗੋਰੇ ਸਿਪਾਹੀਆਂ ਦੀ ਗਿਣਤੀ ਘੱਟ ਹੋ ਗਈ ਸੀ। ਇਨ੍ਹਾਂ ਸਭ ਗੱਲਾਂ ਨੂੰ ਵਿਚਾਰ ਕੇ ਗ਼ਦਰ ਪਾਰਟੀ ਦੀ ਕੇਂਦਰੀ ਕਮੇਟੀ ਨੇ 21 ਫਰਵਰੀ

1915 ਨੂੰ ਦੇਸ਼ ਵਿੱਚ ਭਾਰਤ ਨੂੰ ਅਜ਼ਾਦ ਕਰਵਾਉਣ ਲਈ ਗ਼ਦਰ ਕਰਨ ਦਾ ਪ੍ਰੋਗਰਾਮ ਬਣਾ ਲਿਆ। ਪਾਰਟੀ ਦੀ ਬੁੱਕਲ ਵਿੱਚ ਇਕ ਕੁਲਹਿਣਾ ਸੱਪ ਆ ਗਿਆ ਸੀ। ਪਾਰਟੀ ਨੂੰ ਇਸ ਦਾ ਪਤਾ ਨਾ ਲੱਗਾ। ਇਹ ਸੱਪ ਸੀ ਕਿਰਪਾਲ ਸਿੰਘ।

ਗ਼ਦਰ ਪਾਰਟੀ ਦੇ ਕਈ ਲੀਡਰ ਗ੍ਰਿਫਤਾਰ ਹੋ ਚੁੱਕੇ ਸਨ। ਅੰਗਰੇਜ਼ਾਂ ਦੀ ਖੁਫੀਆ ਪੁਲੀਸ ਨੂੰ ਗ਼ਦਰ ਪਾਰਟੀ ਦੇ ਮਨਸੂਬਿਆਂ ਦੀ ਜਾਣਕਾਰੀ ਹੋ ਚੁੱਕੀ ਸੀ। ਸਰਕਾਰ ਨੂੰ ਹੱਥਾਂ ਪੈਰਾਂ ਦੀ ਪੈ ਗਈ ਸੀ। ਪੁਲੀਸ ਬੁਖਲਾਈ ਫਿਰਦੀ ਸੀ। ਅੰਮ੍ਰਿਤਸਰ ਦੇ ਸੀ.ਆਈ.ਡੀ. ਦੇ ਡਿਪਟੀ ਸੁਪਰਡੈਂਟ ਲਿਆਕਤ ਹਿਯਾਤ ਖਾਂ ਨੇ ਗ਼ਦਰ ਪਾਰਟੀ ਦੀ ਸੂਹ ਰੱਖਣ ਲਈ ਇਕ ਗ਼ਦਾਰ ਕਿਸਮ ਦਾ ਬੰਦਾ ਲੱਭ ਕੇ ਪਾਰਟੀ ਵਿੱਚ ਭੇਜਣ ਬਾਰੇ ਸੋਚਿਆ। ਉਸ ਦੀ ਸਕੀਮ ਕਾਮਯਾਬ ਰਹੀ। ਉਸ ਨੇ ਫਰਵਰੀ ਦੇ ਸ਼ੁਰੂ ਵਿਚ ਹੀ ਜ਼ੈਲਦਾਰ ਬੇਲਾ ਸਿੰਘ ਨੂੰ ਬੁਲਾ ਕੇ ਆਪਣੀ ਸਕੀਮ ਦੱਸੀ। ਬੇਲਾ ਸਿੰਘ ਨੇ ਆਪਣੇ ਇੱਕ ਨਜ਼ਦੀਕੀ ਕਿਰਪਾਲ ਸਿੰਘ ਨੂੰ ਤਿਆਰ ਕਰ ਲਿਆ ਤੇ ਉਸ ਦੇ ਯਤਨਾਂ ਨਾਲ ਹੀ ਕਿਰਪਾਲ ਸਿੰਘ ਗ਼ਦਰ ਪਾਰਟੀ ਵਿੱਚ ਘੁਸਪੈਠ ਕਰ ਗਿਆ ਤੇ ਉਹ ਲਾਹੌਰ ਵਿੱਚ ਹੀ ਰਹਿਣ ਲੱਗਾ।

ਗ਼ਦਰ ਪਾਰਟੀ ਦੇ ਪਾਸ ਲਾਹੌਰ ਵਿੱਚ ਹੀ ਤਿੰਨ ਮਕਾਨ ਸੀ। ਜਿਸ ਮਕਾਨ ਵਿੱਚ ਰਾਸ ਬਿਹਾਰੀ ਬੋਸ ਦੀ ਰਿਹਾਇਸ਼ ਸੀ ਉਸ ਦਾ ਤਾਂ ਕਰਤਾਰ ਸਿੰਘ ਤੇ ਗਿਣਤੀ ਦੇ ਹੀ ਗ਼ਦਰੀਆਂ ਨੂੰ ਪਤਾ ਸੀ। ਇੱਕ ਹੋਰ ਮਕਾਨ ਵਿੱਚ ਉਹ ਹੋਰ ਲੀਡਰਾਂ ਤੇ ਵਰਕਰਾਂ ਨਾਲ ਮੁਲਾਕਾਤ ਕਰਦਾ ਸੀ। ਪਾਰਟੀ ਲੀਡਰਾਂ ਨੇ ਕਿਰਪਾਲ ਸਿੰਘ ਉੱਤੇ ਪੂਰਾ ਵਿਸ਼ਵਾਸ਼ ਕਰ ਲਿਆ। ਪਾਰਟੀ ਨੇ ਕਿਰਪਾਲ ਸਿੰਘ ਨੂੰ 21 ਫਰਵਰੀ ਦਾ ਸੁਨੇਹਾ ਦੇ ਕੇ ਦਦੇਹਰ ਦੇ ਗ਼ਦਰੀਆਂ ਪਾਸ ਭੇਜ ਦਿੱਤਾ। ਕਿਰਪਾਲ ਸਿੰਘ ਨੂੰ ਪੂਰੀ ਤਸੱਲੀ ਹੋ ਗਈ ਕਿ ਗ਼ਦਰ ਪਾਰਟੀ ਤਾਂ 21 ਫਰਵਰੀ ਨੂੰ ਦੇਸ਼ ਵਿੱਚ ਗ਼ਦਰ ਕਰਨ ਜਾ ਰਹੀ ਹੈ। ਦਦੇਹਰ ਜਾ ਕੇ ਉਹ ਸੁਨੇਹਾ ਦੇ ਆਇਆ ਤੇ ਮੁੜ ਪਾਰਟੀ ਦੇ ਦਫ਼ਤਰ ਪਹੁੰਚ ਗਿਆ। ਕਿਰਪਾਲ ਸਿੰਘ 21 ਫਰਵਰੀ ਬਾਰੇ ਹੋਰ ਵੀ ਜਾਣਕਾਰੀ ਹਾਸਲ ਕਰਨੀ ਚਾਹੁੰਦਾ ਸੀ। ਇਸ ਕਰਕੇ ਉਹ ਪਾਰਟੀ ਦੀ ਨਿੱਕੀ ਨਿੱਕੀ ਗੱਲ ਉੱਤੇ ਧਿਆਨ ਦਿੰਦਾ।

ਇਸੇ ਦਿਨ ਮੋਚੀ ਦਰਵਾਜੇ ਦੇ ਇੱਕ ਮਕਾਨ ਵਿੱਚ ਪਾਰਟੀ ਦੀ ਇੱਕ ਵਿਸ਼ੇਸ਼ ਮੀਟਿੰਗ ਰੱਖੀ ਹੋਈ ਸੀ। ਕਰਤਾਰ ਸਿੰਘ ਸਰਾਭਾ, ਨਿਧਾਨ ਸਿੰਘ ਚੁੱਘਾ, ਡਾ. ਮਥਰਾ ਸਿੰਘ, ਜਗਤ ਸਿੰਘ ਸੁਰ ਸਿੰਘ, ਹਿਰਦੇ ਰਾਮ, ਖੜਕ ਸਿੰਘ, ਜਵੰਦ ਸਿੰਘ ਨੰਗਲ, ਬਲਵੰਤ ਸਿੰਘ ਸਚਿਆਲਾ, ਹਰਨਾਮ ਸਿੰਘ ਸਿਆਲਕੋਟੀਆ, ਵਿਸ਼ਨੂੰ ਗਣੇਸ਼ ਪਿੰਗਲੇ, ਪਰਮਾਨੰਦ ਝਾਂਸੀ, ਅਰਜਣ ਸਿੰਘ ਖੁਖਰਾਣਾ, ਸੱਜਣ ਸਿੰਘ ਨਾਰੰਗਵਾਲ, ਕਿਰਪਾਲ ਸਿੰਘ ਬੋਪਾਰਾਏ, ਗੁਰਮੁੱਖ ਸਿੰਘ ਲਲਤੋਂ, ਹਰਨਾਮ ਸਿੰਘ ਟੁੰਡੀਲਾਟ ਤੇ ਰਾਸ ਬਿਹਾਰੀ ਬੋਸ ਵਿਸ਼ੇਸ਼ ਤੋਰ ਤੇ ਹਾਜ਼ਰ ਸਨ। ਮੀਟਿੰਗ ਚੱਲ ਰਹੀ ਸੀ। ਗ਼ਦਰ ਕਰਨ ਵਾਸਤੇ ਵਿਚਾਰ ਵਟਾਂਦਰਾ ਚੱਲ ਰਿਹਾ ਸੀ। ਕਿਰਪਾਲ ਸਿੰਘ ਚੁੱਪ ਚਾਪ ਉਥੋਂ ਖਿਸਕ ਗਿਆ। ਰੇਲਵੇ ਸਟੇਸ਼ਨ ਉੱਤੇ ਆ ਕੇ ਉਸ ਨੇ ਅੰਮ੍ਰਿਤਸਰ ਦੀ ਪੁਲੀਸ ਨੂੰ ਤਾਰ ਦੇ ਦਿੱਤੀ ਕਿ ਲਾਹੌਰ ਵਿੱਚ ਫਲਾਣੀ ਥਾਂ ਉੱਤੇ ਗ਼ਦਰ ਪਾਰਟੀ ਦੀ ਮੀਟਿੰਗ ਚੱਲ ਰਹੀ ਹੈ। ਆਉ ਤੇ ਛਾਪਾ ਮਾਰੋ ਪਰ ਕਿਰਪਾਲ ਸਿੰਘ ਲਾਹੌਰ ਦਾ ਨਹੀਂ ਅੰਮ੍ਰਿਤਸਰ ਪੁਲੀਸ ਦਾ ਮੁਖ਼ਬਰ ਸੀ। ਤਾਰ ਲੇਟ ਹੋ ਗਈ। ਪੁਲੀਸ 14 ਤਰੀਕ ਨੂੰ ਆ ਨਾ ਸਕੀ। ਪਾਰਟੀ ਲੀਡਰ ਉਥੋਂ ਚਲੇ ਗਏ। ਅਗਲੇ ਦਿਨ ਫਿਰ ਪਾਰਟੀ ਨੇ ਕਿਰਪਾਲ ਸਿੰਘ ਦੀ ਹੀ ਡਿਊਟੀ ਲਾਈ ਕਿ ਮੀਆਂ ਮੀਰ ਛਾਉਣੀ ਵਿੱਚ 23 ਵੇਂ ਰਸਾਲੇ ਵਿੱਚ ਇਹ ਸੂਚਨਾ ਭੇਜਣੀ ਹੈ ਕਿ ਗ਼ਦਰ ਦਾ ਦਿਨ ਆ ਗਿਆ ਹੈ। ਤਿਆਰੀ ਕਰੋ।

ਇਸ ਕੰਮ ਵਾਸਤੇ ਕਿਰਪਾਲ ਸਿੰਘ ਨੂੰ ਮਦਨ ਸਿੰਘ ਗਾਗੇ ਦੀ ਦੁਕਾਨ ਉੱਤੇ ਭੇਜਿਆ ਗਿਆ ਕਿਉਂਕਿ ਗਾਗੇ ਦੀ ਦੁਕਾਨ ਪਾਰਟੀ ਦਾ ਗੁਪਤ ਅੱਡਾ ਸੀ। ਪਾਰਟੀ ਦਾ ਸੁਨੇਹਾ ਲੈ ਕੇ ਕਿਰਪਾਲ ਸਿੰਘ ਚੱਲ ਪਿਆ।

ਬੁੱਕਲ ਦੇ ਸੱਪ ਦਾ ਪਤਾ ਨਹੀਂ ਲੱਗਦਾ ਕਿ ਉਸ ਨੇ ਕਦੋਂ ਡੰਗ ਚਲਾ ਦੇਣਾ ਹੈ। ਪਾਰਟੀ ਕਿਰਪਾਲ ਸਿੰਘ ਉੱਤੇ ਵਿਸ਼ਵਾਸ਼ ਕਰਦੀ ਰਹੀ ਪਰ ਕਿਸੇ ਨੂੰ ਕੀ ਪਤਾ ਸੀ ਕਿ ਇਹ ਤਾਂ ਅੰਗਰੇਜ਼ਾਂ ਦਾ ਝੋਲੀ ਚੁੱਕ ਹੈ। ਦੇਸ਼ ਦਾ ਗ਼ਦਾਰ। ਇਨ੍ਹਾਂ ਵਰਗੇ ਲੋਕਾਂ ਦੇ ਸਿਰ ਉੱਤੇ ਹੀ ਅੰਗਰੇਜ਼ ਰਾਜ ਕਰ ਰਹੇ ਹੈ। ਕਿਰਪਾਲ ਸਿੰਘ ਨੂੰ ਭੇਜਿਆ ਤਾਂ ਸੀ ਮਦਨ ਸਿੰਘ ਗਾਗੇ ਦੀ ਦੁਕਾਨ ਉੱਤੇ ਪਰ ਉਹ ਦੁਕਾਨ ਉੱਤੇ ਜਾਣ ਦੀ ਥਾਂ ਰੇਲਵੇ ਸਟੇਸ਼ਨ ਉੱਤੇ ਆ ਗਿਆ ਤਾਂ ਕਿ ਅੰਮ੍ਰਿਤਸਰ ਪੁਲੀਸ ਨੂੰ ਦਿੱਤੀ ਹੋਈ ਤਾਰ ਦਾ ਪਤਾ ਕੀਤਾ ਜਾ ਸਕੇ। ਕਿਰਪਾਲ ਸਿੰਘ ਬੜੀ ਕਾਹਲ ਵਿੱਚ ਸੀ। ਚਿਹਰਾ ਘਬਰਾਇਆ ਹੋਇਆ। ਇਧਰ ਉਸ ਨੂੰ ਨਿਧਾਨ ਸਿੰਘ ਤੇ ਡਾ. ਮਥਰਾ ਸਿੰਘ ਨੇ ਵੇਖ ਲਿਆ ਦੋਹਾਂ ਨੂੰ ਕਿਰਪਾਲ ਸਿੰਘ ਉੱਤੇ ਕੁੱਝ ਸ਼ੱਕ ਹੋਇਆ। ਉਹ ਇੱਕ ਪਾਸੇ ਛੁਪ ਕੇ ਖਲੋ ਗਏ। ਕਿਰਪਾਲ ਸਿੰਘ ਉੱਤੇ ਉਨ੍ਹਾਂ ਨਿਗਾਹ ਰੱਖੀ।

ਕੁੱਝ ਚਿਰ ਬਾਅਦ ਡਾ. ਮਥਰਾ ਸਿੰਘ ਤੇ ਨਿਧਾਨ ਸਿੰਘ ਮੋਚੀ ਬਜ਼ਾਰ ਵਾਲੇ ਮਕਾਨ ਵਿੱਚ ਆ ਗਏ। ਪਰ ਸਭ ਲੀਡਰ ਏਥੋਂ ਜਾ ਚੁੱਕੇ ਸਨ। ਪਤਾ ਲੱਗਾ ਕਿ ਉਨ੍ਹਾਂ ਦੇ ਜਾਣ ਤੋਂ ਬਾਅਦ ਪੁਲੀਸ ਆਈ ਸੀ ਪਰ ਉਥੇ ਤਾਂ ਬੰਦੇ ਹੀ ਤਿੰਨ ਸਨ। ਪੁਲੀਸ ਚੁੱਪ ਚਾਪ ਮੁੜ ਗਈ। ਹੁਣ ਮਥਰਾ ਸਿੰਘ ਤੇ ਨਿਧਾਨ ਸਿੰਘ ਨੇ ਪਾਰਟੀ ਨੂੰ ਕਿਰਪਾਲ ਸਿੰਘ ਦੇ ਸ਼ੱਕੀ ਹੋਣ ਬਾਰੇ ਰਿਪੋਰਟ ਕਰ ਦਿੱਤੀ। ਪਾਰਟੀ ਨੇ ਸ਼ੱਕ ਦੂਰ ਕਰਨ ਲਈ 17 ਤਾਰੀਕ ਨੂੰ ਗ਼ਦਰ ਦੀ ਤਰੀਕ ਦੱਸ ਕੇ ਕਿਰਪਾਲ ਸਿੰਘ ਨੂੰ ਦਦੇਹਰ ਦੇ ਵਰਕਰਾਂ ਕੋਲ ਭੇਜ ਦਿੱਤਾ। ਇਧਰ ਪਾਰਟੀ ਨੇ ਸੱਜਣ ਸਿੰਘ ਨਾਰੰਗਵਾਲ ਨੂੰ ਰੇਲਵੇ ਸਟੇਸ਼ਨ ਤੱਕ ਉਸ ਉੱਤੇ ਕਰੜੀ ਨਜ਼ਰ ਰੱਖਣ ਲਈ ਭੇਜਿਆ। ਪਾਰਟੀ ਦਾ ਸ਼ੱਕ ਸਹੀ ਨਿਕਲਿਆ। ਕਿਰਪਾਲ ਸਿੰਘ ਸਟੇਸ਼ਨ ਉੱਤੇ ਜਾਣ ਦੀ ਥਾਂ ਸੀ.ਆਈ.ਡੀ. ਦੇ ਦਫ਼ਤਰ ਪਹੁੰਚ ਗਿਆ। ਸੱਜਣ ਸਿੰਘ ਨੇ ਸਾਰੀ ਸੂਚਨਾ ਪਾਰਟੀ ਨੂੰ ਦੇ ਦਿੱਤੀ। ਪਾਰਟੀ ਨੂੰ ਹੁਣ ਪੱਕਾ ਸਬੂਤ ਮਿਲ ਗਿਆ ਕਿ ਕਿਰਪਾਲ ਸਿੰਘ ਪੁਲੀਸ ਦਾ ਮੁਖ਼ਬਰ ਹੈ। ਪਾਰਟੀ ਨੇ ਮੁੜ ਇੱਕ ਮੀਟਿੰਗ ਕਰਕੇ 21 ਤਾਰੀਖ ਦੀ ਥਾਂ ਗ਼ਦਰ ਕਰਨ ਦੀ ਤਾਰੀਖ 19 ਫਰਵਰੀ ਕਰ ਦਿੱਤੀ ਤੇ ਕਿਰਪਾਲ ਸਿੰਘ ਨੂੰ ਮੁਖ਼ਬਰ ਜਾਣ ਕੇ ਉਸ ਉੱਤੇ ਕਰੜੀ ਨਿਗਾਹ ਰੱਖੀ ਜਾਣ ਲੱਗੀ। ਕਈ ਗ਼ਦਰੀਆਂ ਦਾ ਵਿਚਾਰ ਸੀ ਕਿ ਕਿਰਪਾਲ ਸਿੰਘ ਵਰਗੇ ਗ਼ਦਾਰ ਦੀ ਤਾਂ ਅਲਖ ਮੁਕਾ ਦੇਣੀ ਚਾਹੀਦੀ ਹੈ ਪਰ ਕਈਆਂ ਦਾ ਵਿਚਾਰ ਸੀ ਕਿ ਇਸ ਨੂੰ ਖਤਮ ਕਰਨ ਨਾਲ ਕਿਤੇ ਪਾਰਟੀ ਕਿਸੇ ਮੁਸੀਬਤ ਵਿੱਚ ਨਾ ਫਸ ਜਾਵੇ। ਕਿਉਂ ਕਿ ਗ਼ਦਰ ਦੀ ਤਾਰੀਕ ਤਾਂ ਨੇੜ ਹੈ। ਬੱਸ ਕਿਰਪਾਲ ਸਿੰਘ ਉੱਤੇ ਨਿਗਾਹ ਰੱਖੀ ਜਾਣ ਲੱਗੀ। ਉਸ ਨੂੰ ਕਮਰੇ ਤੋਂ ਬਾਹਰ ਘੱਟ ਜਾਣ ਦਿੱਤਾ ਜਾਂਦਾ। ਫਰਵਰੀ ਮਹੀਨੇ ਦੀ ਅਠਾਰਾਂ ਤਾਰੀਕ ਸੀ। ਰਾਸ ਬਿਹਾਰੀ ਬੋਸ ਨੇ ਕੁਝ ਬੰਦੇ ਛਾਉਣੀ 19 ਤਾਰੀਕ ਦੀ ਇਤਲਾਹ ਦੇਣ ਵਾਸਤੇ ਭੇਜੇ ਸਨ। ਉਹ ਬੰਦੇ ਵਾਪਸ ਆ ਗਏ। ਉਸ ਵੇਲੇ ਕਿਰਪਾਲ ਸਿੰਘ ਵੀ ਰਾਸ ਬਿਹਾਰੀ ਦੇ ਕੋਲ਼ ਬੈਠਾ ਸੀ। ਉਹ ਬੰਦੇ ਆ ਕੇ ਕਹਿਣ ਲੱਗੇ ਕਿ ਅਸੀਂ ਉਨੀ ਤਾਰੀਕ ਦੀ ਇਤਲਾਹ ਦੇ ਆਏ ਹਾਂ। ਇਹ ਗੱਲ ਸੁਣ ਕੇ ਕਿਰਪਾਲ ਸਿੰਘ ਦੇ ਕੰਨ ਖੜ੍ਹੇ ਹੋ ਗਏ। ਉਹ ਦਿਲ ਵਿੱਚ ਹੀ ਕਮਰੇ ਤੋਂ ਬਾਹਰ ਜਾਣ ਬਾਰੇ ਸੋਚਣ ਲੱਗਾ।

ਦੁਪਹਿਰ ਵੇਲੇ ਬਹੁਤੇ ਆਗੂ ਖਾਣਾ ਖਾਣ ਚਲੇ ਗਏ। ਕਿਰਪਾਲ ਸਿੰਘ ਦਾ ਦਾਅ ਲੱਗ

ਗਿਆ ਤੇ ਉਹ ਝੱਟ ਕਮਰੇ ਵਿੱਚੋਂ ਬਾਹਰ ਨਿਕਲ ਗਿਆ। ਮਕਾਨ ਤੋਂ ਬਾਹਰ ਆ ਕੇ ਕਿਰਪਾਲ ਸਿੰਘ ਨੇ ਵੇਖਿਆ ਕਿ ਇੱਕ ਖੁਫੀਆ ਪੁਲੀਸ ਦਾ ਸਿਪਾਹੀ ਸਾਦੇ ਕੱਪੜੇ ਪਹਿਨੀ ਸਾਈਕਲ ਉੱਤੇ ਉਸ ਵੱਲ ਆ ਰਿਹਾ ਹੈ। ਕਿਰਪਾਲ ਸਿੰਘ ਨੇ ਉਸ ਨੂੰ ਗ਼ਦਰ ਦੀ ਤਾਰੀਕ 19 ਫਰਵਰੀ ਦੱਸ ਦਿੱਤੀ। ਬੱਸ ਕੁਝ ਸਮੇਂ ਪਿੱਛੋਂ ਪੁਲੀਸ ਨੇ ਛਾਪਾ ਮਾਰ ਦਿੱਤਾ। ਸੱਤ ਅੱਠ ਗ਼ਦਰੀ ਫੜੇ ਗਏ ਪਰ ਜਿਸ ਮਕਾਨ ਵਿੱਚ ਰਾਸ ਬਿਹਾਰੀ ਬੋਸ ਦੀ ਰਿਹਾਇਸ਼ ਸੀ ਉਸ ਬਾਰੇ ਕਿਰਪਾਲ ਸਿੰਘ ਨੂੰ ਜਾਣਕਾਰੀ ਨਹੀਂ ਸੀ। ਜਿਸ ਕਰਕੇ ਉਥੇ ਬੈਠੇ ਬਹੁਤੇ ਗ਼ਦਰੀ ਗ੍ਰਿਫਤਾਰੀ ਤੋਂ ਬਚ ਗਏ।

ਗੁਲਾਬ ਕੌਰ ਕੋਲ ਪਲ ਪਲ ਦੀ ਖ਼ਬਰ ਪਹੁੰਚ ਜਾਂਦੀ। ਉਸ ਕੋਲ ਕਿਰਪਾਲ ਸਿੰਘ ਦੀ 19 ਫਰਵਰੀ ਦੀ ਮੁਖਬਰੀ ਦਾ ਵੀ ਪਤਾ ਲੱਗ ਗਿਆ। ਉਹ ਆਪਣੇ ਕਮਰੇ ਵਿੱਚ ਸੁੰਨ ਹੋਈ ਬੈਠੀ ਸੀ। ਉਸ ਦੀ ਕੋਈ ਪੇਸ਼ ਨਹੀਂ ਸੀ ਜਾਂਦੀ। ਉਹ ਇਸ ਵੇਲੇ ਭਲਾ ਕੀ ਕਰ ਸਕਦੀ ਸੀ। ਕਿਰਪਾਲ ਸਿੰਘ ਦੀ ਗ਼ਦਾਰੀ ਨੇ ਉਸ ਦਾ ਦਿਲ ਹੀ ਤੋੜ ਦਿੱਤਾ। ਫਿਰ ਉਸ ਨੂੰ ਯਾਦ ਆਇਆ ਕਿ ਕਰਤਾਰ ਸਿੰਘ ਨੇ ਆਪਣੇ ਜੱਥੇ ਨਾਲ ਫਿਰੋਜ਼ਪੁਰ ਛਾਉਣੀ ਉੱਤੇ ਹਮਲਾ ਕਰਨਾ ਸੀ। ਉਸ ਦੇ ਨਾਲ ਮਾਝੇ 'ਚੋਂ, ਦੁਆਬੇ 'ਚੋਂ, ਫਿਰੋਜ਼ਪੁਰ ਤੋਂ ਤੇ ਲੁਧਿਆਣੇ ਤੋਂ ਬੰਦੇ ਆਉਣੇ ਸਨ। ਕਿਸੇ ਤਰੀਕੇ ਨਾਲ ਕਰਤਾਰ ਸਿੰਘ ਦਾ ਪਤਾ ਕੀਤਾ ਜਾਵੇ। ਉਸ ਨੇ ਮਿਲਣ ਵਾਲੇ ਕਈ ਗ਼ਦਰੀਆਂ ਤੋਂ ਉਸ ਬਾਰੇ ਪੁੱਛਿਆ ਪਰ ਲੱਗਦਾ ਸੀ ਕਿ ਕਰਤਾਰ ਸਿੰਘ ਤਾਂ ਆਪਣੀਆਂ ਤਿਆਰੀਆਂ ਕਰਦਾ ਕਿਤੇ ਬਾਹਰ ਹੀ ਹੈ। ਉਸ ਨੂੰ ਅਠਾਰਾਂ ਤਰੀਕ ਮਸਾਂ ਲੰਘੀ। ਅਗਲਾ ਦਿਨ ਚੜ੍ਹਿਆ। ਹੁਣ ਤਾਂ ਸਾਰੇ ਸ਼ਹਿਰ ਵਿੱਚ ਪੁਲੀਸ ਮਾਰੋ ਮਾਰ ਕਰਦੀ ਫਿਰ ਰਹੀ ਸੀ। ਥਾਂ ਥਾਂ ਛਾਪੇ, ਥਾਂ ਥਾਂ ਨਾਕਾਬੰਦੀ ਤੇ ਤਲਾਸ਼ੀ ਦਾ ਸਿਲਸਿਲਾ ਸ਼ੁਰੂ ਹੋ ਗਿਆ ਸੀ। ਗੁਲਾਬ ਕੌਰ ਕੀ ਕਰੇ। ਕਿਧਰ ਜਾਵੇ। ਉਸ ਨੂੰ ਕੁਝ ਨਹੀਂ ਸੀ ਸੁੱਝ ਰਿਹਾ। ਸਾਰੇ ਲੀਡਰ ਤੇ ਵਰਕਰ ਖਿੰਡ ਪੁੰਡ ਗਏ। ਗੁਲਾਬ ਕੌਰ ਲਈ ਇੱਕ ਇੱਕ ਪਲ ਗੁਜ਼ਾਰਨਾ ਮੁਸ਼ਕਲ ਹੋ ਗਿਆ। ਚੁੱਪ ਚਾਪ ਕਿਧਰੇ ਤੁਰ ਜਾਣਾ ਵੀ ਉਸ ਨੂੰ ਕਾਇਰਤਾ ਵਾਲੀ ਗੱਲ ਲੱਗਦੀ। ਵੀਰਾਂ ਉੱਤੇ ਦੁੱਖਾ ਦੇ ਪਹਾੜ ਟੁੱਟ ਪਏ ਹੋਣ ਤੇ ਉਹ ਕਿਸੇ ਨੂੰ ਬਿਨਾਂ ਦੱਸੇ ਚੁੱਪ ਚਪੀਤੀ ਚਲੀ ਜਾਵੇ। ਵੀਰ ਕੀ ਕਹਿਣਗੇ ਕਿ ਸਾਡੀ ਭੈਣ ਡਰਪੋਕ ਨਿਕਲੀ। ਇਸ ਤਰ੍ਹਾਂ ਮੈਂ ਨਹੀਂ ਜਾਵਾਂਗੀ। ਇੱਕੋ ਇੱਕ ਗ਼ਦਾਰ ਬੰਦੇ ਨੇ ਸਾਰੇ ਪ੍ਰੋਗਰਾਮ ਦੀ ਜੜ੍ਹ ਵੱਢ ਦਿੱਤੀ। ਇਹ ਲੋਕ ਆਪਣੇ ਆਪ ਨੂੰ ਭਾਰਤ ਮਾਂ ਦੇ ਜਾਏ ਅਖਵਾਉਣ ਦੇ ਹੱਕਦਾਰ ਵੀ ਨਹੀਂ। ਇਹ ਤਾਂ ਕਪੁੱਤ ਨਿਕਲੇ ਜਿਨ੍ਹਾਂ ਨੇ ਭਾਰਤ ਮਾਂ ਦੇ ਪੈਰਾਂ ਦੀਆਂ ਬੇੜੀਆਂ ਹੋਰ ਵੀ ਭਾਰੀਆਂ ਕਰ ਦਿੱਤੀਆਂ। ਗ਼ਦਰੀ ਦੇਸ਼ ਲਈ ਕੁਰਬਾਨੀਆਂ ਦੇਣ ਲਈ ਤਿਆਰ। ਦੇਸ਼ ਲਈ ਮਰ-ਮਿਟਣ ਨੂੰ ਤਿਆਰ। ਇੱਕ ਗ਼ਦਾਰ ਨੇ ਸਾਰੇ ਕੰਮ ਵਿਗਾੜ ਦਿੱਤਾ। ਮਾਵਾਂ ਪੁੱਤਾਂ ਨੂੰ ਤਾਂ ਜਨਮ ਦੇਣ ਪਰ ਗ਼ਦਾਰਾਂ ਨੂੰ ਜਨਮ ਨਾ ਦੇਣ।

ਗੁਲਾਬ ਕੌਰ ਦਾ ਸਾਰਾ ਦਿਨ ਮਸਾਂ ਲੰਘਿਆ। ਸਿਆਲ ਖ਼ਤਮ ਹੋ ਰਿਹਾ ਸੀ। ਪਰ ਰਾਤ ਦੀ ਠੰਢ ਵਿੱਚ ਬਹੁਤੀ ਕਮੀ ਨਹੀਂ ਸੀ ਆਈ। ਸਾਰਾ ਦਿਨ ਅੱਜ ਗੁਲਾਬ ਕੌਰ ਨੇ ਕੁੱਝ ਨਹੀਂ ਸੀ ਖਾਧਾ। ਉਹ ਆਪਣੇ ਬਿਸਤਰੇ ਵਿੱਚ ਲੇਟ ਗਈ ਪਰ ਨੀਂਦ ਤਾਂ ਉਸ ਦੀ ਕਿਧਰੇ ਉਡ ਗਈ ਸੀ। ਉਸ ਦੀ ਸੁਰਤ ਮੁੜ-ਮੁੜ ਉਥੇ ਹੀ ਚਲੀ ਜਾਂਦੀ। ਕਿਹੋ ਜਿਹੇ ਚੰਦਰੇ ਦਿਨ ਵੇਖਣੇ ਪੈ ਗਏ। ਸਭ ਨੂੰ ਹੌਂਸਲਾ ਸੀ ਕਿ ਆਈ ਉਨੀ ਫਰਵਰੀ। ਉਨੀ ਫਰਵਰੀ ਨੂੰ ਦੇਸ਼ ਅਜ਼ਾਦ ਹੋ ਜਾਵੇਗਾ। ਗ਼ਦਰ ਪਾਰਟੀ ਦਾ ਝੰਡਾ ਝੁੱਲੇਗਾ। ਗ਼ਦਰ ਪਾਰਟੀ ਦੀ ਸਰਕਾਰ ਬਣੇਗੀ। ਕੀ ਪਤਾ ਸੀ ਕਿ ਗ਼ਦਾਰ ਬੰਦੇ ਪਾਰਟੀ ਵਿੱਚ ਰਲ਼ੇ ਫਿਰਦੇ ਐ। ਇਹ ਮਿੱਠੇ ਜ਼ਾਲਮ ਮਾਰ ਕੇ ਸੁੱਟ ਗਏ। ਰਾਤ ਕਾਫੀ ਬੀਤ ਗਈ

ਸੀ ਪਰ ਉਸ ਨੂੰ ਨੀਂਦ ਕਿਥੇ!

ਫਿਰ ਉਸ ਨੂੰ ਖਿਆਲ ਆਇਆ ਕਿ ਹੁਣ ਲਾਹੌਰ ਵਿੱਚ ਰਹਿਣਾ ਖਤਰੇ ਤੋਂ ਖਾਲੀ ਨਹੀਂ। ਇਸ ਬਾਰੇ ਤਾਂ ਕੁੱਝ ਕਰਨਾ ਹੀ ਪਏਗਾ। ਹੁਣ ਤੱਕ ਕੋਈ ਨਾ ਕੋਈ ਵੀਰ ਤਾਂ ਜ਼ਰੂਰ ਪਹੁੰਚਦਾ। ਜ਼ਰੂਰ ਸਾਰੇ ਮੁਸੀਬਤਾਂ ਵਿੱਚ ਹੋਣਗੇ। ਕਿਹੋ ਜਿਹੇ ਦਿਨ ਆ ਗਏ। ਕੀ ਸੋਚਦੇ ਸੀ ਤੇ ਕੀ ਹੋ ਗਿਆ। ਅਚਾਨਕ ਦਰਵਾਜ਼ਾ ਖੜਕਿਆ। ਗੁਲਾਬ ਕੌਰ ਨੇ ਸੋਚਿਆ ਹੁਣ ਤਾਂ ਵੱਡਾ ਤੜਕਾ ਹੋਵੇਗਾ। ਇਸ ਵੇਲੇ ਭਲਾ ਕੌਣ ਹੋਇਆ। ਕਿਤੇ ਪੁਲੀਸ ਨਾ ਹੋਵੇ। ਦਰਵਾਜ਼ਾ ਫੇਰ ਹੌਲੀ ਜਿਹੀ ਖੜਕਿਆ। ਗੁਲਾਬ ਕੌਰ ਬਿਸਤਰੇ ਵਿੱਚੋਂ ਉਠੀ ਤੇ ਉਸ ਨੇ ਦਰਵਾਜ਼ੇ ਲਾਗੇ ਆ ਕੇ ਕਿਹਾ, "ਕੌਣ ਐ?"

"ਲੋਹਟਬੱਧੀ!"

ਗੁਲਾਬ ਕੌਰ ਝੱਟ ਸਮਝ ਗਈ ਕਿ ਇਹ ਤਾਂ ਸੱਜਣ ਸਿੰਘ ਐ। ਉਸ ਨੇ ਝੱਟ ਦਰਵਾਜ਼ਾ ਖੋਲ੍ਹ ਦਿੱਤਾ।

"ਮੈਂ ਸੱਜਣ ਆਂ।" ਸੱਜਣ ਸਿੰਘ ਬੋਲਿਆ।

"ਅੰਦਰ ਆ ਜਾਹ ਵੀਰ।" ਗੁਲਾਬ ਕੌਰ ਨੇ ਝੱਟ ਦਰਵਾਜ਼ਾ ਬੰਦ ਕਰ ਦਿੱਤਾ। ਫੇਰ ਉਸ ਨੇ ਡੱਬੀ ਲੱਭ ਕੇ ਸਰ੍ਹੋਂ ਦੇ ਤੇਲ ਦਾ ਦੀਵਾ ਜਗਾ ਦਿੱਤਾ। ਸਾਹਮਣੇ ਸੱਜਣ ਸਿੰਘ ਬੇਹੱਦ ਉਦਾਸੀ ਵਿੱਚ ਖਲੋਤਾ ਸੀ।

"ਵੀਰਾ ਪਹਿਲਾਂ ਬਹਿ ਜਾਹ! ਦੱਸ ਕੀ ਗੱਲ ਐ?"

"ਭੈਣ, ਬੜੀ ਮੁਸੀਬਤ ਆ ਪਈ। ਬਹੁਤੇ ਗ਼ਦਰੀ ਫੜੇ ਗਏ। ਥਾਂ-ਥਾਂ ਛਾਪੇ ਵੱਜ ਰਹੇ ਐ। ਪੁਲੀਸ ਹਰਲ ਹਰਲ ਕਰਦੀ ਫਿਰ ਰਹੀ ਐ।" ਸੱਜਣ ਸਿੰਘ ਬਹੁਤ ਘਬਰਾਇਆ ਹੋਇਆ ਸੀ।

ਗੁਲਾਬ ਕੌਰ ਨੂੰ ਕੁੱਝ ਨਹੀਂ ਸੀ ਸੁੱਝ ਰਿਹਾ ਕਿ ਉਹ ਕੀ ਕਰੇ। ਕਿਧਰ ਜਾਵੇ। ਸੱਜਣ ਸਿੰਘ ਕਿਵੇਂ ਬੱਚ ਕੇ ਆ ਗਿਆ। ਭੋਰਾ ਭਰ ਮੁੰਡਾ। ਕੁੱਝ ਨਾ ਕੁੱਝ ਤਾਂ ਕਰਨਾ ਚਾਹੀਦਾ। ਏਥੇ ਰਹਿਣਾ ਬਿਲਕੁੱਲ ਠੀਕ ਨਹੀਂ। ਘੱਟੋ ਘੱਟ ਸੱਜਣ ਸਿੰਘ ਨੂੰ ਤਾਂ ਬਚਾਉਣਾ ਹੀ ਪਏਗਾ। ਗੁਲਾਬ ਕੌਰ ਦੇ ਦਿਮਾਗ ਵਿੱਚ ਬੜੇ ਖਿਆਲ ਘੁੰਮ ਰਹੇ ਸਨ ਕਿ ਉਹ ਕੀ ਢੰਗ ਤਰੀਕਾ ਵਰਤੇ। ਉਸ ਨੂੰ ਆਪਣਾ ਨਹੀਂ ਸਗੋਂ ਸੱਜਣ ਸਿੰਘ ਦਾ ਵੱਧ ਫਿਕਰ ਹੋ ਰਿਹਾ ਸੀ।

ਉੱਨੀ

ਕਮਰੇ ਵਿੱਚ ਦੀਵਾ ਜਗ ਰਿਹਾ ਸੀ। ਨਿੰਮ੍ਹਾ-ਨਿੰਮ੍ਹਾ ਚਾਨਣ ਪਸਰਿਆ ਹੋਇਆ ਸੀ। ਕਮਰੇ ਵਿੱਚ ਖਾਮੋਸ਼ੀ ਛਾਈ ਹੋਈ ਸੀ। ਦੋ ਗ਼ਦਰੀ ਭੈਣ ਭਰਾ ਟੁੱਟੇ ਹੋਏ ਦਿਲਾਂ ਨਾਲ ਬੜੇ ਉਦਾਸ ਬੈਠੇ ਸਨ। ਗੁਲਾਬ ਕੌਰ ਨੇ ਸੱਜਣ ਸਿੰਘ ਵੱਲ ਪਿਆਰ ਨਾਲ ਵੇਖਿਆ। ਬੜੀ ਨਿਆਣੀ ਉਮਰ। ਏਨੀ ਛੋਟੀ ਉਮਰ ਵਿੱਚ ਦੇਸ਼ ਭਗਤੀ ਦੀ ਭਾਵਨਾ। ਮੁੰਡੇ ਦੇ ਹੌਂਸਲੇ ਦੀ ਕਦਰ ਕਰਨੀ ਬਣਦੀ ਐ। ਹਾਲੇ ਤਾਂ ਇਸ ਦੇ ਮੁੱਛ ਦਾਹੜੀ ਵੀ ਨਹੀਂ ਫੁੱਟੀ। ਇਹ ਪੜ੍ਹਨ ਲਿਖਣ ਤੇ ਖੇਡਣ ਦੀ ਉਮਰ ਹੁੰਦੀ ਐ। ਪਰ ਵੇਖਿਆ ਜਾਵੇ ਤਾਂ ਕਰਤਾਰ ਦੀ ਉਮਰ ਕਿਹੜਾ ਬਹੁਤੀ ਐ। ਪਰ ਉਹ ਤਾਂ ਪਾਰਟੀ ਦੀ ਜ਼ਿੰਦ ਜਾਨ ਐ। ਇਨ੍ਹਾਂ ਭਰਾਵਾਂ ਦੀ ਵੱਡੀ ਸੋਚ ਨੂੰ ਸਲਾਮ। ਆਹ ਚੰਦਰੇ ਗ਼ਦਾਰਾਂ ਨੇ ਪਾਰਟੀ ਦਾ ਪ੍ਰੋਗਰਾਮ ਹੀ ਫੇਲ੍ਹ ਕਰ ਦਿੱਤਾ। ਹੁਣ ਤਾਂ ਪੁਲੀਸ ਵਾਲੇ ਗ਼ਦਰੀਆਂ ਦੇ ਪਿੱਛੇ ਹੱਥ ਧੋ ਕੇ ਪੈ

ਜਾਣਗੇ। ਸਾਰਾ ਲਾਹੌਰ ਹੀ ਹੁਣ ਤਾਂ ਪੁਲੀਸ ਨਾਲ ਭਰਿਆ ਪਿਆ। ਆਹ ਸੱਜਣ ਸਿੰਘ ਬੜਾ ਬਚ ਕੇ ਆ ਗਿਆ। ਫਿਰ ਅਚਾਨਕ ਉਸ ਨੂੰ ਇਕ ਗੱਲ ਸੁੱਝੀ ਕਿ ਸੱਜਣ ਤਾਂ ਬਿਲਕੁੱਲ ਕੁੜੀਆਂ ਵਰਗਾ ਲੱਗਦਾ। ਮੁੱਛ ਦਾਹੜੀ ਵੀ ਹਾਲੇ ਨਹੀਂ ਆਈ। ਬੱਸ ਗੱਲ ਬਣ ਗਈ।

"ਵੀਰਾ ਤੂੰ ਘਬਰਾ ਨਾ। ਆਪਾਂ ਏਥੋਂ ਜਲੰਧਰ ਚਲੇ ਚੱਲਦੇ ਆਂ। ਅਗੇ ਵੇਖੀ ਜਾਊ।" ਗੁਲਾਬ ਕੌਰ ਨੇ ਹੌਂਸਲੇ ਨਾਲ ਕਿਹਾ।

"ਮੈਂ ਆਪਣੇ ਪਿੰਡਾਂ ਵੱਲ ਚਲਾ ਜਾਉਂਗਾ। ਉਧਰ ਮੈਂ ਆਪਣੇ ਹੋਰ ਸਾਥੀਆਂ ਨੂੰ ਖ਼ਬਰਦਾਰ ਕਰ ਦਿਆਂਗਾ।" ਸੱਜਣ ਸਿੰਘ ਨੂੰ ਵੀ ਕੁੱਝ ਹੌਂਸਲਾ ਹੋ ਗਿਆ।

ਗੁਲਾਬ ਕੌਰ ਨੇ ਫਿਰ ਆਪਣਾ ਇਕ ਸੂਟ ਚੁੱਕ ਕੇ ਕਿਹਾ, "ਵੀਰਾ ਤੂੰ ਆਹ ਮੇਰੇ ਵਾਲਾ ਸੂਟ ਪਹਿਨ ਲੈ। ਪੁਲੀਸ ਤੈਨੂੰ ਬਿਲਕੁੱਲ ਪਹਿਚਾਣ ਨਹੀਂ ਸਕਦੀ। ਵੇਖਣ ਵਾਲੇ ਆਪਾਂ ਨੂੰ ਬੱਸ ਭੈਣਾਂ ਹੀ ਸਮਝਣਗੇ।" ਸੱਜਣ ਸਿੰਘ ਨੇ ਆਪਣੇ ਕੱਪੜੇ ਉਤਾਰ ਦਿੱਤੇ ਤੇ ਗੁਲਾਬ ਕੌਰ ਵਾਲਾ ਸਲਵਾਰ ਕਮੀਜ਼ ਪਹਿਨ ਲਿਆ। ਫਿਰ ਗੁਲਾਬ ਕੌਰ ਨੇ ਸੱਜਣ ਸਿੰਘ ਦਾ ਜੂੜਾ ਖੋਲ੍ਹ ਕੇ ਕੰਘੀ ਨਾਲ ਉਸ ਦੇ ਵਾਲ ਪਿਛਾਂਹ ਨੂੰ ਵਾਹ ਦਿੱਤੇ। ਸੱਜਣ ਸਿੰਘ ਦੇ ਲੰਮੇ ਕੇਸ ਵਾਹ ਕੇ ਗੁਲਾਬ ਕੌਰ ਨੇ ਉਸ ਦੇ ਗੁੱਤ ਕਰ ਦਿੱਤੀ।

"ਵੀਰ ਉਠ ਕੇ ਖਲੋ!" ਗੁਲਾਬ ਕੌਰ ਨੇ ਕਿਹਾ।

ਸੱਜਣ ਸਿੰਘ ਆਪਣੇ ਵੱਲ ਵੇਖ ਕੇ ਕੁੱਝ ਸ਼ਰਮਾ ਵੀ ਗਿਆ ਤੇ ਹੱਸ ਵੀ ਪਿਆ।

"ਹੁਣ ਤੂੰ ਬਿਲਕੁੱਲ ਮੇਰੀ ਭੈਣ ਹੀ ਲੱਗਦੈਂ। ਅੱਛਾ! ਆਪਾਂ ਹੁਣ ਸਟੇਸ਼ਨ ਵੱਲ ਚੱਲਣਾ। ਤੂੰ ਬਹੁਤਾ ਕਿਸੇ ਵੱਲ ਵੇਖੀਂ ਨਾ ਪਰ ਆਸੇ ਪਾਸੇ ਡੂੰਘੀ ਨਜ਼ਰ ਜ਼ਰੂਰ ਰੱਖਣਾ। ਮੈਨੂੰ ਭੈਣ ਕਹਿ ਕੇ ਬੁਲਾਉਣਾ। ਉਹ ਵੀ ਬਹੁਤ ਹੌਲੀ।" ਗੁਲਾਬ ਕੌਰ ਨੇ ਸੱਜਣ ਸਿੰਘ ਨੂੰ ਕੁੱਝ ਸਾਵਧਾਨ ਰਹਿਣ ਲਈ ਕਿਹਾ। ਫਿਰ ਉਸ ਨੇ ਦੀਵਾ ਬੁਝਾ ਦਿੱਤਾ। ਉਸ ਨੇ ਕਮਰੇ ਦੇ ਬਾਹਰ ਆ ਕੇ ਵੇਖਿਆ। ਸੱਚੀਂ ਦਿਨ ਚੜ੍ਹਨ ਵਾਲਾ ਸੀ। ਉਸ ਨੇ ਕਮਰੇ ਨੂੰ ਜਿੰਦਰਾ ਮਾਰਿਆ ਤੇ ਫਿਰ ਦੋਵੇਂ ਭੈਣ ਭਰਾ ਹੌਲੀ ਹੌਲੀ ਸਟੇਸ਼ਨ ਵੱਲ ਚੱਲ ਪਏ। ਸਟੇਸ਼ਨ ਉਤੇ ਆ ਕੇ ਉਨ੍ਹਾਂ ਨੂੰ ਕਾਫੀ ਬੈਠਣਾ ਪਿਆ। ਦਿਨ ਚੜ੍ਹਦੇ ਨਾਲ ਕਾਫੀ ਆਵਾਜਾਈ ਹੋ ਗਈ। ਸਿਆਲ ਖਤਮ ਹੋ ਗਿਆ ਸੀ ਪਰ ਫੇਰ ਵੀ ਆਥਣ ਸਵੇਰ ਹਾਲੇ ਠੰਢ ਪੈ ਰਹੀ ਸੀ। ਦੋਵੇਂ ਭੈਣ ਭਰਾ ਚੁੱਪ ਚਾਪ ਬੈਠੇ ਰਹੇ। ਗੁਲਾਬ ਕੌਰ ਦੀ ਨਿਗਾਹ ਆਸੇ ਪਾਸੇ ਸੀ। ਸ਼ਾਇਦ ਕੋਈ ਗ਼ਦਰੀ ਆਉਂਦਾ ਜਾਂਦਾ ਨਜ਼ਰੀਂ ਪੈ ਜਾਵੇ। ਪਰ ਉਸ ਨੂੰ ਕੋਈ ਵੀ ਗ਼ਦਰੀ ਨਾ ਮਿਲਿਆ। ਉਨ੍ਹਾਂ ਨੇ ਜਲੰਧਰ ਦੀਆਂ ਦੋ ਟਿਕਟਾਂ ਲਈਆਂ। ਗੱਡੀ ਆਈ ਤਾਂ ਦੋਵੇਂ ਗੱਡੀ ਵਿਚ ਆ ਬੈਠੇ। ਕੁੱਝ ਦੇਰ ਬਾਅਦ ਸੀਟੀ ਵੱਜੀ। ਗੱਡੀ ਨੇ ਹੌਲੀ ਹੌਲੀ ਚੱਲ ਕੇ ਰਫਤਾਰ ਫੜ ਲਈ।

ਗੁਲਾਬ ਕੌਰ ਤੇ ਸੱਜਣ ਸਿੰਘ ਬਾਰੀ ਦੇ ਕੋਲ ਬੈਠੇ ਸਨ। ਗੁਲਾਬ ਕੌਰ ਬਾਹਰ ਵੱਲ ਵੇਖਣ ਲੱਗੀ। ਲਾਹੌਰ ਅੱਜ ਉਹ ਛੱਡ ਚੱਲੀ ਸੀ। ਪਤਾ ਨਹੀਂ ਉਸ ਦੇ ਹੋਰ ਕਿਨੇ ਭਰਾ ਲਾਹੌਰ ਛੱਡ ਗਏ ਹੋਣ। ਇਹ ਵੀ ਪਤਾ ਨਹੀਂ ਪੁਲੀਸ ਨੇ ਕਿਨੇ ਗ੍ਰਿਫਤਾਰ ਕਰ ਲਏ। ਕਰਤਾਰ ਸਿੰਘ ਦਾ ਕੋਈ ਪਤਾ ਨਹੀਂ। ਰਾਸ ਬਿਹਾਰੀ ਦਾ ਕੋਈ ਪਤਾ ਨਹੀਂ। ਬੰਤਾ ਸਿੰਘ ਸੰਘਵਾਲ, ਨਿਧਾਨ ਸਿੰਘ ਚੁੱਘਾ, ਪਰੇਮ ਸਿੰਘ, ਜਗਤ ਸਿੰਘ, ਅਰਜਣ ਸਿੰਘ। ਇਹ ਸਾਰੇ ਪਤਾ ਨਹੀਂ ਕਿਥੇ ਹੋਣਗੇ। ਇੱਕ ਗ਼ਦਾਰ ਬੰਦੇ ਨੇ ਕਿੰਨਾ ਕੰਮ ਖਰਾਬ ਕਰ ਦਿੱਤਾ। ਕੀ ਥੁੜਿਆ ਪਿਆ ਐਹੋ ਜਿਹੇ ਪੁੱਤਾਂ ਬਿਨਾਂ। ਇਨ੍ਹਾਂ ਗ਼ਦਾਰਾਂ ਨੂੰ ਆਪਣੇ ਦੇਸ਼ ਨਾਲ ਧੋਖਾ ਕਰਦਿਆਂ ਸ਼ਰਮ ਨਹੀਂ ਆਉਂਦੀ। ਡੁੱਬ ਮਰੋ ਤੁਸੀਂ ਐਹੋ ਜਿਹੇ। ਜੇਕਰ

ਪਾਰਟੀ ਨੂੰ ਕਿਰਪਾਲ ਮੁਖ਼ਬਰ ਦਾ ਪਤਾ ਲੱਗ ਗਿਆ ਸੀ ਤਾਂ ਉਸ ਨੂੰ ਨੂੜ ਕੇ ਕਿਸੇ ਕ਼ਮਰੇ ਵਿੱਚ ਸੁੱਟ ਦੇਣਾ ਸੀ ਪਰ ਕੀ ਪਤਾ ਹਾਲਾਤ ਕੀ ਸਨ। ਆਗੂ ਤਾਂ ਬਥੇਰੇ ਸਿਆਣੇ ਸਨ। ਇਹ ਤਾਂ ਸਾਡੇ ਲੋਕ ਹੀ ਅਜਿਹੇ ਨਿਕਲੇ। ਉਹ ਵੀ ਮੇਰੇ ਦੇਸ਼ ਦੇ ਲੋਕ ਐ ਜਿਹੜੇ ਆਪਣਾ ਸਭ ਕੁੱਝ ਬਾਹਰ ਲੁਟਾ ਆਏ। ਏਥੇ ਆਜ਼ਾਦੀ ਦੀ ਖਾਤਰ ਭੁੱਖੇ ਤਿਹਾਏ ਵੀ ਦਿਨ ਰਾਤ ਕੰਮ ਕਰੀ ਜਾਂਦੇ ਐ। ਜੇਕਰ ਉਨ੍ਹਾਂ ਦਾ ਸਾਥ ਨਹੀਂ ਦੇਣਾ ਤਾਂ ਉਨ੍ਹਾਂ ਦੇ ਪੈਰਾਂ ਨੂੰ ਤਾਂ ਨਾ ਵਾਹੋ।

ਅੱਜ ਉਸ ਲਾਹੌਰ ਤੋਂ ਕਿਵੇਂ ਜਾ ਰਹੇ ਆਂ ਜਿਥੇ ਬਹੁਤ ਵੱਡੀਆਂ ਆਸਾਂ ਲੈ ਕੇ ਆਏ ਸੀ। ਹੁਣ ਲਾਹੌਰ ਖਬਰੇ ਆ ਹੋਵੇਗਾ ਕਿ ਨਹੀਂ। ਜੇ ਆਵਾਂਗੇ ਤਾਂ ਪਤਾ ਨਹੀਂ ਕਿਸ ਹਾਲਤ ਵਿੱਚ। ਫਿਰ ਗੁਲਾਬ ਕੌਰ ਨੇ ਸੱਜਣ ਸਿੰਘ ਵੱਲ ਵੇਖਿਆ। ਉਹ ਬਿਲਕੁੱਲ ਹੀ ਕਿਸੇ ਸੁਨੱਖੀ ਮੁਟਿਆਰ ਦਾ ਭੁਲੇਖਾ ਪਾ ਰਿਹਾ ਸੀ, ਪਰ ਉਸ ਦੀਆਂ ਅੱਖਾਂ ਵਿੱਚ ਘੋਰ ਨਿਰਾਸ਼ਤਾ ਸੀ। ਚਿਹਰਾ ਉਤਰਿਆ ਹੋਇਆ, ਅੱਖਾਂ ਬੁਝੀਆਂ ਹੋਈਆ। ਫਿਰ ਉਸ ਨੂੰ ਆਪਣੇ ਘਰ ਵਾਲਾ ਮਾਨ ਸਿੰਘ ਯਾਦ ਆ ਗਿਆ। ਮਾਨਿਆ ਤੇਰੇ ਨਾਲ ਹੁਣ ਮੇਰਾ ਰਿਸ਼ਤਾ ਤਾਂ ਕੋਈ ਨਹੀਂ ਪਰ ਤੂੰ ਮਰਦੇ ਦਮ ਤੱਕ ਭੁੱਲਣਾ ਵੀ ਨਹੀਂ। ਆਹ ਸੱਜਣ ਸਿੰਘ ਮੇਰੇ ਕੋਲ ਬੈਠਾ। ਭੋਰਾ ਭਰ ਜਵਾਕ। ਇਹਵੀ ਕਿਸੇ ਮਾਂ ਦਾ ਜਾਇਆ ਹੈ। ਕਿੰਨੀ ਛੋਟੀ ਉਮਰ ਪਰ ਇਸ ਦਾ ਹੌਂਸਲਾ ਵੇਖ। ਤੂੰ ਤਾਂ ਅਸਲੋਂ ਗਿਆ ਗੁਜ਼ਰਿਆ ਨਿਕਲਿਆ। ਤੂੰ ਵੱਧ ਤੋਂ ਵੱਧ ਚੰਗੀ ਰੋਟੀ ਖਾ ਲੈਂਦਾ ਹੋਵੇਗਾ। ਚੰਗਾ ਪਹਿਨ ਲੈਂਦਾ ਹੋਵੇਗਾ। ਤੇਰੀ ਸੋਚ ਤੈਨੂੰ ਮੁਬਾਰਕ। ਮੈਂ ਤਾਂ ਆਖਰੀ ਸਾਹ ਤੱਕ ਦੇਸ਼ ਲਈ ਜੀਆਂਗੀ ਤੇ ਦੇਸ਼ ਲਈ ਮਰਾਂਗੀ। ਕਾਸ਼ ਮੇਰਾ ਪਿਆਰਾ ਭਾਰਤ ਛੇਤੀ ਹੀ ਅੰਗੇਰਜ਼ਾਂ ਤੋਂ ਮੁਕਤੀ ਪਾ ਲਵੇ। ਸਾਨੂੰ ਅਜ਼ਾਦੀ ਪ੍ਰਾਪਤ ਹੋ ਜਾਵੇ। ਮੇਰਾ ਇਹੋ ਸੁਪਨਾ ਹੈ। ਮੈਨੂੰ ਹੋਰ ਕੁੱਝ ਨਹੀਂ ਚਾਹੀਦਾ।

ਫਿਰ ਉਹ ਬਾਹਰ ਵੱਲ ਵੇਖਣ ਲੱਗੀ। ਹਰੇ ਭਰੇ ਰੁੱਖ ਜਿਵੇਂ ਘੁੰਮ ਰਹੇ ਸਨ। ਗੱਡੀ ਪੂਰੀ ਰਫਤਾਰ ਨਾਲ ਚੱਲ ਰਹੀ ਸੀ। ਅੰਮ੍ਰਿਤਸਰ ਆ ਗਿਆ। ਕਈ ਸਵਾਰੀਆਂ ਉਤਰ ਗਈਆਂ ਤੇ ਕਈ ਜਣੇ ਹੋਣ ਆ ਗਏ। ਗੁਲਾਬ ਕੌਰ ਨੇ ਨਿਗਾਹ ਮਾਰੀ। ਸਭ ਅਣਜਾਣੇ ਬੰਦੇ। ਜਾਣ ਪਹਿਚਾਣ ਵਾਲਾ ਕੋਈ ਬੰਦਾ ਨਜ਼ਰ ਨਾ ਆਇਆ। ਗੱਡੀ ਫੇਰ ਚੱਲ ਪਈ। ਸੱਜਣ ਸਿੰਘ ਤਾਂ ਚੁੱਪ ਬੈਠਾ ਸੀ। ਸ਼ਾਇਦ ਉਹ ਕੁੱਝ ਬੋਲਣ ਤੋਂ ਜਕਦਾ ਸੀ। ਬੱਸ ਇਸੇ ਤਰ੍ਹਾਂ ਉਹ ਜਲੰਧਰ ਆ ਗਏ। ਗੁਲਾਬ ਕੌਰ ਦਾ ਦਿਲ ਥੋੜ੍ਹਾ ਹੋਣ ਲੱਗਾ। ਉਸ ਨੂੰ ਲੱਗਾ ਕਿ ਸੱਜਣ ਸਿੰਘ ਹੁਣ ਦਾ ਵਿਛੜਿਆ ਪਤਾ ਨਹੀਂ ਫੇਰ ਕਦੋਂ ਮਿਲੇਗਾ।

"ਚੰਗਾ, ਆਪਣਾ ਖਿਆਲ ਰੱਖੀਂ।" ਗੁਲਾਬ ਕੌਰ ਨੇ ਪਿਆਰ ਨਾਲ ਸੱਜਣ ਸਿੰਘ ਦਾ ਮੱਥਾ ਚੁੰਮਿਆ। ਸੱਜਣ ਸਿੰਘ ਦੀਆਂ ਅੱਖਾਂ ਵਿੱਚ ਅੱਥਰੂ ਆ ਗਏ ਪਰ ਉਹ ਚੁੱਪ ਹੀ ਰਿਹਾ। ਫਿਰ ਗੁਲਾਬ ਕੌਰ ਆਪਣੇ ਕੱਪੜਿਆਂ ਵਾਲੀ ਗੰਢੜੀ ਚੁੱਕ ਕੇ ਗੱਡੀ ਤੋਂ ਥੱਲੇ ਆ ਗਈ।

ਗੁਲਾਬ ਕੌਰ ਨੂੰ ਕੁੱਝ ਤਾਂ ਧਰਵਾਸ ਹੋਈ ਕਿ ਉਹ ਸੱਜਣ ਸਿੰਘ ਨੂੰ ਬਲ਼ਦੀ ਅੱਗ ਵਿੱਚੋਂ ਕੱਢ ਲਿਆਈ ਹੈ। ਹੁਣ ਉਹ ਸੁੱਖੀਂ ਸਾਂਦੀ ਆਪਣੇ ਟਿਕਾਣੇ ਪਹੁੰਚ ਜਾਏਗਾ। ਫਿਰ ਉਸ ਨੂੰ ਆਪਣੀ ਫਿਕਰ ਹੋਈ। ਉਸ ਨੇ ਸੋਚਿਆ ਕਿ ਪੁਲੀਸ ਤਾਂ ਆਸੇ ਪਾਸੇ ਸਾਰੇ ਹੀ ਫਿਰਦੀ ਹੋਵੇਗੀ। ਜਿਥੇ ਗ਼ਦਰੀਆਂ ਦੇ ਗੜ੍ਹ ਐ। ਉਥੇ ਤਾਂ ਪੁਲੀਸ ਛਾਪਾ ਜ਼ਰੂਰ ਮਾਰੂਗੀ। ਇਸ ਕਰਕੇ ਮੇਰਾ ਕੋਟਲਾ ਨੌਧ ਸਿੰਘ ਜਾਣਾ ਠੀਕ ਨਹੀਂ। ਉਥੇ ਤਾਂ ਮੇਰੇ ਅੱਡੇ ਦਾ ਸਭ ਨੂੰ ਪਤਾ ਹੈ। ਫਿਰ ਉਸ ਨੇ ਵਿਚਾਰ ਕੀਤੀ ਕਿ ਏਥੋਂ ਧਾਮੀਆਂ ਪਿੰਡ ਜਾਇਆ ਜਾਵੇ। ਧਾਮੀਆਂ ਪਿੰਡ ਵਿੱਚ ਅਮਰ ਸਿੰਘ ਦੀ ਰਿਸ਼ਤੇਦਾਰੀ ਸੀ ਤੇ ਧਾਮੀਆਂ ਵਾਲਾ ਸਾਰਾ ਪਰਿਵਾਰ ਉਸ ਨੂੰ ਜਾਣਦਾ ਸੀ ਸਗੋਂ ਉਸ ਦੀ ਬੜੀ

ਕਦਰ ਕਰਦਾ ਸੀ। ਬੱਸ ਉਹ ਸ਼ਾਮ ਨੂੰ ਪਿੰਡ ਧਾਮੀਆਂ ਪਹੁੰਚ ਗਈ। ਗੁਲਾਬ ਕੌਰ ਨੂੰ ਵੇਖ ਕੇ ਤਾਂ ਸਾਰੇ ਪਰਿਵਾਰ ਨੂੰ ਕੋਈ ਚਾਅ ਹੀ ਚੜ੍ਹ ਗਿਆ।

ਇਹ ਰਿਸ਼ਤਿਆਂ ਦੇ ਰੰਗ ਵੀ ਕਿਹੋ ਜਿਹੇ ਹੁੰਦੇ ਐ। ਗੁਲਾਬ ਕੌਰ ਕਿਧਰ ਦੀ ਜੰਮੀ ਜਾਈ। ਕਿਥੇ ਪਲ਼ੀ। ਕਿਥੇ ਵਿਆਹੀ ਪਰ ਉਸ ਦਾ ਰੈਣ ਬਸੇਰਾ ਨਾ ਪੇਕੇ ਨਾ ਸਹੁਰੇ। ਅਮਰ ਸਿੰਘ ਦੇ ਪਿੰਡ ਕੋਟਲਾ ਨੌਧ ਸਿੰਘ ਆ ਕੇ ਰਹਿਣ ਲੱਗੀ। ਅਮਰ ਸਿੰਘ ਉਸ ਨੂੰ ਭੈਣ ਤੋਂ ਵੱਧ ਸਤਿਕਾਰ ਦਿੰਦਾ ਤੇ ਹੁਣ ਅੱਗੇ ਉਸ ਦੀ ਰਿਸ਼ਤੇਦਾਰੀ। ਇਹ ਰਿਸ਼ਤੇਦਾਰ ਵੀ ਗੁਲਾਬ ਕੌਰ ਨੂੰ ਦਿਲੋਂ ਪਿਆਰ ਸਤਿਕਾਰ ਕਰਦੇ। ਧਾਮੀਆਂ ਪਿੰਡ ਵਿਚ ਗੁਲਾਬ ਕੌਰ ਬਹੁਤ ਦਿਨ ਰਹੀ ਪਰ ਉਹ ਸਾਰਾ ਦਿਨ ਘਰ ਦੇ ਅੰਦਰ ਹੀ ਰਹਿੰਦੀ। ਉਸ ਨੂੰ ਬਾਹਰਲੀ ਦੁਨੀਆਂ ਦੀ ਕੋਈ ਖ਼ਬਰ ਨਾ ਮਿਲਦੀ। ਉਹ ਹਰ ਰੋਜ਼ ਸੋਚਦੀ ਕਿ ਕਿਸੇ ਪਾਸਿਉਂ ਉਸ ਨੂੰ ਗ਼ਦਰੀ ਵੀਰਾਂ ਦਾ ਕੋਈ ਸੁੱਖ ਸੁਨੇਹਾ ਮਿਲ ਜਾਵੇ। ਉਹ ਹਰ ਵੇਲੇ ਸਾਰਿਆਂ ਲਈ ਸੁੱਖਾਂ ਸੁੱਖਦੀ। ਇੱਕ ਦਿਨ ਸਵੱਖਤੇ ਹੀ ਅਮਰ ਸਿੰਘ ਤੇ ਸੁਰਜਣ ਸਿੰਘ ਹੋਰੀਂ ਆ ਗਏ। ਉਨ੍ਹਾਂ ਨੂੰ ਵੇਖ ਕੇ ਗੁਲਾਬ ਕੌਰ ਬੜੀ ਖੁਸ਼ ਹੋਈ। ਸੁਰਜਣ ਸਿੰਘ ਵੀ ਤਾਂ ਮੌਤ ਦੇ ਮੂੰਹ ਵਿੱਚੋਂ ਮਸਾਂ ਹੀ ਬਚਿਆ ਸੀ। ਪਿੰਡ ਮਿਸ਼ਰੀ ਵਾਲੇ ਕੋਲ ਗ਼ਦਰੀਆਂ ਦੀ ਪੁਲੀਸ ਨਾਲ ਝੜਪ ਹੋ ਗਈ। ਦੋ ਗ਼ਦਰੀ ਤਾਂ ਉਥੇ ਹੀ ਸ਼ਹੀਦ ਹੋ ਗਏ ਸਨ। ਸੱਤ ਜਣੇ ਗ੍ਰਿਫਤਾਰ ਕਰ ਲਏ ਸਨ। ਉਨ੍ਹਾਂ ਨੂੰ ਫਾਂਸੀ ਦੀ ਸਜ਼ਾ ਹੋ ਗਈ। ਸੁਰਜਣ ਸਿੰਘ ਤੇ ਹੋਰ ਕਈ ਜਣੇ ਉਥੋਂ ਬਚ ਕੇ ਭੱਜ ਆਏ ਸਨ। ਅੱਜ ਸੁਰਜਣ ਸਿੰਘ ਉਸ ਦੇ ਸਾਹਮਣੇ ਬੈਠਾ ਸੀ।

ਫਿਰ ਗੁਲਾਬ ਕੌਰ ਆਪ ਉਠ ਕੇ ਉਨ੍ਹਾਂ ਦੋਹਾਂ ਲਈ ਰੋਟੀ ਤਿਆਰ ਕਰਨ ਲੱਗ ਪਈ। ਰੋਟੀ ਪਕਾ ਕੇ ਉਸ ਨੇ ਦੋਹਾਂ ਅੱਗੇ ਲਿਆ ਰੱਖੀ। ਦਹੀਂ, ਮੱਖਣ ਤੇ ਲੱਸੀ। ਅਮਰ ਸਿੰਘ ਤੇ ਸੁਰਜਣ ਸਿੰਘ ਨੇ ਖੁਸ਼ ਹੋ ਕੇ ਰੋਟੀ ਖਾਧੀ।

"ਭੈਣ ਹੁਣ ਤੂੰ ਮੇਰੇ ਨਾਲ ਚੱਲ!" ਰੋਟੀ ਖਾ ਕੇ ਅਮਰ ਸਿੰਘ ਬੋਲਿਆ।

"ਵੇਖ ਲੈ ਵੀਰਾ!" ਗੁਲਾਬ ਕੌਰ ਬੋਲੀ।

"ਭੈਣ ਸਾਡਾ ਤਾਂ ਜੀਅ ਨਹੀਂ ਲੱਗਦਾ ਤੇਰੇ ਬਿਨਾਂ, ਬੱਸ ਆਪਾਂ ਚੱਲਣਾ ਹੈ।" ਅਮਰ ਸਿੰਘ ਨੇ ਜ਼ੋਰ ਨਾਲ ਕਿਹਾ। ਥੋੜ੍ਹੇ ਚਿਰ ਬਾਅਦ ਉਹ ਤਿੰਨੇ ਜਣੇ ਕੋਟਲਾ ਨੌਧ ਸਿੰਘ ਨੂੰ ਤੁਰ ਪਏ।

ਵੀਹ

ਪਿੰਡ ਧਾਮੀਆਂ ਤੋਂ ਕੋਟਲਾ ਨੌਧ ਸਿੰਘ ਆ ਕੇ ਬੀਬੀ ਗੁਲਾਬ ਕੌਰ ਚੁੱਪ ਹੀ ਰਹਿਣ ਲੱਗ ਪਈ। ਪਹਿਲਾਂ ਵਾਂਗ ਉਹ ਕਿਤੇ ਵੀ ਨਾ ਜਾਂਦੀ। ਅੱਗੇ ਤਾਂ ਕਦੇ ਪੰਡੋਰੀ, ਕਦੇ ਧਾਮੀਆਂ ਤੇ ਕਦੇ ਹਰਿਆਣੇ। ਬਹੁਤੀ ਵਾਰ ਤਾਂ ਉਸ ਨੂੰ ਆਉਣ ਸਮੇਂ ਹਨ੍ਹੇਰਾ ਹੋ ਜਾਂਦਾ ਪਰ ਉਸ ਨੇ ਕਦੇ ਪਰਵਾਹ ਨਾ ਕੀਤੀ। ਉਸ ਨੂੰ ਤਾਂ ਆਪਣੀ ਡਿਊਟੀ ਨਿਭਾਉਣ ਦਾ ਫਿਕਰ ਹੁੰਦਾ ਸੀ ਪਰ ਹੁਣ ਉਸ ਦਾ ਪਾਰਟੀ ਨਾਲ ਤਾਲਮੇਲ ਟੁੱਟ ਗਿਆ। ਇਸੇ ਗੱਲ ਦੀ ਉਸ ਨੂੰ ਵੱਡੀ ਚਿੰਤਾ ਸੀ। ਉਸ ਦੀ ਸੁਰਤੀ ਤਾਂ ਹਰ ਵੇਲੇ ਲਾਹੌਰ ਵਿੱਚ ਹੁੰਦੀ। ਉਹ ਅਕਸਰ ਸੋਚਦੀ ਕਿ ਸਭ ਗ਼ਦਰੀ ਵੀਰਾਂ ਉਤੇ ਵੱਡੀ ਬਿਪਤਾ ਆ ਪਈ ਹੈ। ਕਿਸੇ ਪਾਸਿਉਂ ਤਾਂ ਕੋਈ ਜਾਣਕਾਰੀ ਮਿਲਦੀ। ਅਮਰ ਸਿੰਘ ਹਰ ਰੋਜ਼ ਬਾਹਰ ਅੰਦਰ ਚਲਾ ਜਾਂਦਾ। ਘਰ ਵਿੱਚ ਰਹਿਣਾ ਤਾਂ ਪੁਲੀਸ ਨੂੰ ਸੱਦਾ ਦੇਣਾ ਸੀ ਪਰ ਉਸ ਦਾ ਵੀ ਕਿਤੇ ਸੰਪਰਕ ਨਾ ਹੁੰਦਾ। ਉੱਨੀ ਫਰਵਰੀ ਨੂੰ ਗ਼ਦਰ ਪਾਰਟੀ ਆਪਣੇ ਫੈਸਲੇ ਅਨੁਸਾਰ ਦੇਸ਼ ਵਿਚ ਗ਼ਦਰ ਨਾ ਕਰ ਸਕੀ। ਕਿਰਪਾਲ ਗ਼ਦਾਰ ਨੇ ਪਾਰਟੀ ਦਾ ਸਾਰਾ ਭੇਦ ਅੰਗਰੇਜ਼ੀ ਸਰਕਾਰ ਨੂੰ ਦੇ

ਕੇ ਇਸ ਦੀਆਂ ਜੜ੍ਹਾਂ ਵਿੱਚ ਤੇਲ ਦੇ ਦਿੱਤਾ। ਗ਼ਦਰੀਆਂ ਦੇ ਸੁਪਨੇ ਚਕਨਾਚੂਰ ਹੋ ਗਏ। ਪੁਲੀਸ ਨੇ ਥਾਂ-ਥਾਂ ਛਾਪਾ ਮਾਰਨੇ ਸ਼ੁਰੂ ਕਰ ਦਿੱਤੇ। ਅੰਗਰੇਜ਼ੀ ਸਰਕਾਰ ਦੀ ਪੁਲੀਸ ਗ਼ਦਰੀਆਂ ਪਿੱਛੇ ਇਸ ਤਰ੍ਹਾਂ ਹੱਥ ਧੋ ਕੇ ਪੈ ਗਈ ਜਿਵੇਂ ਉਸ ਦਾ ਇਹੋ ਇੱਕ ਮੁੱਖ ਕੰਮ ਸੀ।

ਖ਼ਬਰ ਆ ਗਈ ਕਿ ਕਰਤਾਰ ਸਿੰਘ ਸਰਾਭਾ, ਜਗਤ ਸਿੰਘ ਸੁਰ ਸਿੰਘ ਤੇ ਹਰਨਾਮ ਸਿੰਘ ਟੁੰਡੀਲਾਟ ਸਰਗੋਧੇ ਤੋਂ ਪੁਲੀਸ ਨੇ ਗ੍ਰਿਫ਼ਤਾਰ ਕਰ ਲਏ ਹਨ। ਇਹ ਖ਼ਬਰ ਸੁਣ ਕੇ ਗੁਲਾਬ ਕੌਰ ਦੇ ਅੰਦਰੋਂ ਜਿਵੇਂ ਰੁੱਗ ਭਰਿਆ ਗਿਆ। ਉਸ ਦੀਆਂ ਅੱਖਾਂ ਸਾਹਮਣੇ ਤਿੰਨੇ ਗ਼ਦਰੀ ਸੂਰਬੀਰਾਂ ਦੀਆਂ ਤਸਵੀਰਾਂ ਘੁੰਮਣ ਲੱਗੀਆਂ। ਕਰਤਾਰ ਸਿੰਘ ਸਰਾਭੇ ਵਰਗਾ ਨੌਜਵਾਨ ਤਾਂ ਕੋਈ ਵਿਰਲਾ ਹੀ ਹੋਵੇਗਾ। ਹਰ ਵੇਲੇ ਹਸੂੰ ਹਸੂੰ ਕਰਦਾ। ਮੌਤ ਨੂੰ ਮਖੌਲਾਂ ਕਰਨ ਵਾਲਾ। ਕਿੰਨੀ ਛੋਟੀ ਉਮਰੇ ਹੈਰਾਨੀ ਭਰੇ ਕੰਮ ਕੀਤੇ!

19 ਫਰਵਰੀ ਨੂੰ ਕਰਤਾਰ ਸਿੰਘ ਸਰਾਭਾ ਆਪਣੇ ਬਹੁਤ ਸਾਰੇ ਸਾਥੀਆਂ ਨਾਲ ਫਿਰੋਜ਼ਪੁਰ ਛਾਉਣੀ ਉੱਤੇ ਹਮਲਾ ਕਰਨ ਦੇ ਪ੍ਰੋਗਰਾਮ ਅਨੁਸਾਰ ਫਿਰੋਜ਼ਪੁਰ ਪਹੁੰਚ ਗਿਆ ਸੀ। ਮਾਝੇ ਤੋਂ, ਦੁਆਬੇ ਤੋਂ, ਪਿੰਡ ਢੁੱਡੀਕੇ ਤੋਂ ਤੇ ਸੰਤ ਰਨਧੀਰ ਸਿੰਘ ਨਾਰੰਗਵਾਲ ਆਪਣੇ ਜੱਥੇ ਸਮੇਤ ਜਾ ਪਹੁੰਚੇ ਸਨ। ਉੱਥੇ ਜਾ ਕੇ ਹੀ ਪਤਾ ਲੱਗਾ ਕਿ ਕਿਰਪਾਲ ਸਿੰਘ ਮੁਖ਼ਬਰ ਰਾਹੀਂ ਅੰਗਰੇਜ਼ ਦੀ ਪੁਲੀਸ ਨੂੰ ਸਾਰੀ ਸੂਹ ਮਿਲ ਚੁੱਕੀ ਹੈ। ਕਰਤਾਰ ਸਿੰਘ ਨੇ ਸਭ ਨੂੰ ਪਿੱਛੇ ਮੁੜਨ ਲਈ ਕਹਿ ਦਿੱਤਾ ਤੇ ਆਪ ਤਿੰਨੇ ਜਣੇ ਲਾਹੌਰ ਆ ਗਏ। ਏਥੇ ਕਰਤਾਰ ਸਿੰਘ ਸਰਾਭਾ ਬੰਗਾਲੀ ਬਾਬੂ ਰਾਸ ਬਿਹਾਰੀ ਬੋਸ ਨੂੰ ਉਸ ਦੇ ਰਿਹਾਇਸ਼ੀ ਮਕਾਨ ਵਿੱਚ ਮਿਲਿਆ। ਉਨ੍ਹਾਂ ਨੇ ਭਰੇ ਹੋਏ ਮਨ ਨਾਲ ਉਥੋਂ ਚਲੇ ਜਾਣ ਬਾਰੇ ਵਿਚਾਰ ਕੀਤੀ। ਫਿਰ 21 ਫਰਵਰੀ ਦੀ ਰਾਤ ਨੂੰ ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਤੇ ਜਗਤ ਸਿੰਘ ਸੁਰ ਸਿੰਘ ਤਿੰਨੇ ਜਣੇ ਗੱਡੀ ਫੜ ਕੇ ਲਾਇਲਪੁਰ ਪੁੱਜ ਗਏ। ਉਥੋਂ ਆਪਣੇ ਇੱਕ ਜਾਣਕਾਰ ਹਰਚੰਦ ਸਿੰਘ ਲਾਇਲਪੁਰੀ ਤੋਂ ਸੌ ਰੁਪਏ ਲੈ ਕੇ ਸਰਹੱਦ ਵੱਲ ਚਲੇ ਗਏ। ਪਿਸ਼ਾਵਰ ਤੋਂ ਅੱਗੇ ਸਰਹੱਦ ਵੱਲ ਜਾ ਕੇ ਕਰਤਾਰ ਸਿੰਘ ਸਰਾਭੇ ਨੇ ਆਪਣੇ ਸਾਥੀਆਂ ਨੂੰ ਕਿਹਾ ਕਿ ਆਪਾਂ ਤਾਂ ਦੇਸ਼ ਵਿਚੋਂ ਬਚ ਕੇ ਆ ਗਏ। ਪਿੱਛੇ ਸਾਡੇ ਵੀਰਾਂ ਨਾਲ ਖ਼ਬਰੇ ਕੀ ਬੀਤੀ ਹੋਵੇਗੀ। ਸਾਨੂੰ ਇਸ ਤਰ੍ਹਾਂ ਆਪਣਾ ਦੇਸ਼ ਛੱਡ ਕੇ ਨਹੀਂ ਜਾਣਾ ਚਾਹੀਦਾ। ਅਸੀਂ ਤਾਂ ਆਪਣੇ ਦੇਸ਼ ਨੂੰ ਅਜ਼ਾਦ ਕਰਵਾਉਣ ਤੁਰੇ ਸੀ ਪਰ ਹੁਣ ਅਸੀਂ ਤਾਂ ਆਪਣੇ ਦੇਸ਼ ਦੀ ਅਜ਼ਾਦੀ ਨੂੰ ਭੁਲਾ ਦਿੱਤਾ। ਆਪਾਂ ਨੂੰ ਹਰ ਹਾਲਤ ਵਿੱਚ ਦੇਸ਼ ਵਾਪਸ ਜਾਣਾ ਚਾਹੀਦਾ ਹੈ। ਅਸੀਂ ਅਜ਼ਾਦੀ ਦੀ ਇੱਕ ਜੰਗ ਸ਼ੁਰੂ ਕੀਤੀ ਸੀ ਤੇ ਸਾਨੂੰ ਹਰ ਹਾਲਤ ਉਹ ਜੰਗ ਜਾਰੀ ਰੱਖਣੀ ਚਾਹੀਦੀ ਹੈ। ਫਿਰ ਕਰਤਾਰ ਸਿੰਘ ਨੇ ਬੜੀ ਬੇਫਿਕਰੀ ਨਾਲ ਕਿਹਾ "ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ।" ਕਰਤਾਰ ਸਿੰਘ ਦੀ ਗੱਲ ਸੁਣ ਕੇ ਸਾਥੀਆਂ ਨੇ ਵਾਪਸ ਦੇਸ਼ ਪਰਤ ਕੇ ਅਜ਼ਾਦੀ ਦੀ ਜੰਗ ਨੂੰ ਜਾਰੀ ਰੱਖਣ ਦਾ ਫ਼ੈਸਲਾ ਕਰ ਲਿਆ।

ਪਿਸ਼ਾਵਰ ਤੋਂ ਚੱਲ ਕੇ ਤਿੰਨੇ ਗ਼ਦਰੀ ਸਰਗੋਧੇ ਦੀ ਬਾਰ ਚੱਕ ਨੰਬਰ ਪੰਜ ਵਿੱਚ ਪਹੁੰਚ ਗਏ। ਏਥੇ ਜਗਤ ਸਿੰਘ ਦਾ ਇੱਕ ਦੋਸਤ ਰਜਿੰਦਰ ਸਿੰਘ ਸੀ। ਤਿੰਨੇ ਉਸ ਕੋਲ ਆ ਪੁੱਜੇ। ਕੈਨੇਡਾ ਜਾਣ ਤੋਂ ਪਹਿਲਾਂ ਜਗਤ ਸਿੰਘ ਬਾਈਵੀਂ ਕਵੈਲਰੀ ਵਿੱਚ ਨੌਕਰੀ ਕਰਦਾ ਰਿਹਾ ਸੀ। ਰਾਜਿੰਦਰ ਸਿੰਘ ਨੇ ਜਗਤ ਸਿੰਘ ਨੂੰ ਗਦਰ ਵਾਸਤੇ ਬੰਦੂਕਾਂ ਦੇਣ ਦਾ ਵਾਅਦਾ ਕੀਤਾ ਹੋਇਆ ਸੀ। ਜਗਤ ਸਿੰਘ ਨੇ ਆ ਕੇ ਰਾਜਿੰਦਰ ਸਿੰਘ ਨੂੰ ਉਸਦਾ ਵਾਅਦਾ ਯਾਦ ਕਰਵਾ ਕੇ ਬੰਦੂਕਾਂ ਦੇਣ ਲਈ ਕਿਹਾ। ਰਾਜਿੰਦਰ ਸਿੰਘ ਇਸ ਤੋਂ ਪਹਿਲਾਂ ਰਸਾਲਦਾਰ ਗੰਡਾ ਸਿੰਘ ਗੰਡੀਵਿੰਡ ਨੂੰ ਇਹ ਸਾਰੀ

ਗੱਲ ਦੱਸ ਚੁੱਕਾ ਸੀ। ਰਸਾਲਦਾਰ ਨੇ ਇਹ ਇਤਲਾਹ ਚੋਰੀ ਚੋਰੀ ਆਪਣੇ ਸੀ.ਓ. ਨੂੰ ਤੇ ਸਰਗੋਧੇ ਦੇ ਪੁਲੀਸ ਅਫ਼ਸਰ ਨੂੰ ਦੇ ਦਿੱਤੀ ਸੀ। ਜਗਤ ਸਿੰਘ ਹੋਰਾਂ ਦੇ ਆਉਣ ਦੀ ਦੇਰ ਸੀ ਕਿ ਗੰਡਾ ਸਿੰਘ ਨੇ ਝੱਟ ਪੁਲੀਸ ਮੰਗਵਾ ਲਈ। ਪੁਲੀਸ ਨੇ ਮਕਾਨ ਨੂੰ ਘੇਰਾ ਪਾ ਲਿਆ। ਕਹਿੰਦੇ ਉਸ ਵੇਲੇ ਕਰਤਾਰ ਸਿੰਘ ਮੰਜੇ ਉੱਤੇ ਬੈਠਾ ਆਪਣੇ ਦੁਆਲੇ ਜੁੜੇ ਲੋਕਾਂ ਨੂੰ ਜੋਸ਼ੀਲੀਆਂ ਕਵਿਤਾਵਾਂ ਸੁਣਾ ਰਿਹਾ ਸੀ। ਬੱਸ ਤਿੰਨੇ ਗ਼ਦਰੀਆਂ ਨੂੰ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ। ਇਸ ਤੋਂ ਪਹਿਲਾਂ ਪੰਜਾਬ ਦੇ ਲੈਂਫਟੀਨੈਂਟ ਗਵਰਨਰ ਮਾਈਕਲ ਓਡਵਾਇਰ ਨੇ ਗਵਰਨਮੈਂਟ ਹਾਊਸ ਲਾਹੌਰ ਵਿੱਚ ਸਿੱਖ ਸਰਦਾਰਾਂ ਦੀ ਇੱਕ ਮੀਟਿੰਗ ਬੁਲਾਈ ਸੀ ਜਿਸ ਵਿੱਚ ਬਹੁਤੇ ਸਰਦਾਰਾਂ ਨੇ ਕਿਹਾ ਕਿ ਉਹ ਤਾਂ ਅੰਗਰੇਜ਼ੀ ਰਾਜ ਦੀ ਸੇਵਾ ਕਰਨੀ ਆਪਣਾ ਧਰਮ ਸਮਝਦੇ ਹਨ। ਗ਼ਦਰ ਪਾਰਟੀ ਦੇ ਸਭ ਆਗੂ ਫੜ ਕੇ ਜੇਲ੍ਹਾਂ ਵਿੱਚ ਡੱਕ ਦਿਉ। ਬੱਸ ਫਿਰ ਤਾਂ ਮਾਈਕਲ ਓਡਵਾਇਰ ਨੇ ਵਾਇਸਰਾਏ ਲਾਰਡ ਹਾਰਡਿੰਗ ਤੋਂ ਵਿਸ਼ੇਸ਼ ਸ਼ਕਤੀਆਂ ਵਾਲਾ ਐਕਟ ਪਾਸ ਕਰਵਾ ਲਿਆ।

ਕਰਤਾਰ ਸਿੰਘ ਸਰਾਭੇ ਹੋਰਾਂ ਦੀ ਗ੍ਰਿਫ਼ਤਾਰੀ ਨੂੰ ਬਹੁਤ ਦਿਨ ਨਹੀਂ ਸੀ ਹੋਏ ਕਿ ਇੱਕ ਹੋਰ ਦੁਖਦਾਈ ਖ਼ਬਰ ਨੇ ਗੁਲਾਬ ਕੌਰ ਨੂੰ ਝੰਜੋੜ ਕੇ ਰੱਖ ਦਿੱਤਾ। ਗ਼ਦਰ ਪਾਰਟੀ ਦੇ ਖ਼ਜ਼ਾਨਚੀ ਕਾਂਸੀ ਰਾਮ ਮੜ੍ਹੌਲੀ, ਵਜੀਦਕੇ ਪਿੰਡ ਦੇ ਰਹਿਮਤ ਅਲੀ, ਬਖਸ਼ੀਸ਼ ਸਿੰਘ ਖਾਨਪੁਰ, ਲਾਲ ਸਿੰਘ ਸਾਹਬਾਣਾ, ਧਿਆਨ ਸਿੰਘ ਪਿੰਡ ਉਮਰਪੁਰਾ, ਜਗਤ ਸਿੰਘ ਬਿੰਝਲ ਤੇ ਜੀਵਨ ਸਿੰਘ ਦੌਲਾ ਸਿੰਘ ਵਾਲਾ ਅੰਗਰੇਜ਼ ਸਰਕਾਰ ਨੇ ਫਾਂਸੀ ਉੱਤੇ ਲਟਕਾ ਦਿੱਤੇ। ਗੁਲਾਬ ਕੌਰ ਦਾ ਕੋਈ ਹਾਲ ਨਾ ਰਿਹਾ। ਇਕੱਠੇ ਛੇ ਗ਼ਦਰੀ ਵੀਰਾਂ ਨੂੰ ਫਾਂਸੀ। ਜੀਵਨ ਸਿੰਘ ਉਸ ਨੂੰ ਰਹਿ ਰਹਿ ਕੇ ਯਾਦ ਆਉਂਦਾ। ਮੱਲੋਮੱਲੀ ਉਸ ਦੀਆਂ ਅੱਖਾਂ ਵਿੱਚੋਂ ਨੀਰ ਵਹਿ ਤੁਰਦਾ। ਮਨੀਲਾ ਤੋਂ ਉਸ ਨੂੰ ਬਚਾ ਕੇ ਲਿਆਉਣ ਵਾਲਾ। ਸਕੇ ਭਰਾਵਾਂ ਵਾਂਗ ਪਿਆਰ ਸਤਿਕਾਰ ਦੇਣ ਵਾਲਾ। ਦੇਸ਼ ਦੀ ਖਾਤਰ ਆਪਣੀ ਜਾਨ ਵਾਰ ਗਿਆ। ਉਸ ਨੇ ਕਈ ਦਿਨ ਰੋਟੀ ਨਾ ਖਾਧੀ। ਅਮਰ ਸਿੰਘ ਦੀ ਚਾਚੀ ਅਕਸਰ ਆਖਦੀ ਕਿ ਇਹ ਕੁੜੀ ਤਾਂ ਗਰਾਹੀ ਮੂੰਹ ਉਤੇ ਨਹੀਂ ਧਰਦੀ। ਦਿਨੋ ਦਿਨ ਕਮਜ਼ੋਰ ਹੋ ਰਹੀ ਐ। ਸਾਨੂੰ ਤਾਂ ਇਸ ਦਾ ਸਰਾਪ ਮਾਰ ਜਾਊ। ਕਦੇ ਉਹ ਰੋਟੀ ਖਾਣ ਲੱਗਦੀ ਤਾਂ ਉਸ ਕੋਲੋਂ ਰੋਟੀ ਖਾ ਹੀ ਨਾ ਹੁੰਦੀ। ਉਸ ਦਾ ਮਨ ਭਰ ਆਉਂਦਾ। ਜਿਵੇਂ ਉਸਦੀ ਭੁੱਖ ਹੀ ਮਰ ਗਈ ਹੋਵੇ।

ਇੱਕ ਦਿਨ ਅਮਰ ਸਿੰਘ ਰਾਤ ਨੂੰ ਘਰ ਮੁੜਿਆ ਤੇ ਉਸ ਨੇ ਗੁਲਾਬ ਕੌਰ ਨੂੰ ਇੱਕ ਹੋਰ ਦੁਖਦਾਈ ਖ਼ਬਰ ਸੁਣਾ ਦਿੱਤੀ ਕਿ ਪਿਆਰਾ ਸਿੰਘ ਲੰਗੇਰੀ ਨੂੰ ਚੰਦਾ ਸਿੰਘ ਜ਼ੈਲਦਾਰ ਨੇ ਬਿੰਝੋ ਦੇ ਡੇਰੇ ਵਿੱਚੋਂ ਸੂਹ ਦੇ ਕੇ ਗ੍ਰਿਫ਼ਤਾਰ ਕਰਵਾ ਦਿੱਤਾ। ਗੁਲਾਬ ਕੌਰ ਸਿਰ ਫੜ ਕੇ ਬੈਠ ਗਈ। ਹੁਣ ਅੰਗਰੇਜ਼ਾਂ ਦੇ ਪਿੱਠੂ ਇਹੋ ਕੁੱਝ ਕਰਨਗੇ। ਬਿੰਝੋ ਵਾਲੇ ਡੇਰੇ ਦਾ ਸਾਧ ਬਹੁਤ ਚੰਗਾ ਸੀ। ਇਹ ਡੇਰਾ ਪਿੰਡ ਤੋਂ ਬਾਹਰ ਸੀ। ਗ਼ਦਰੀ ਏਥੇ ਆ ਕੇ ਲੁਕ ਛੁਪ ਕੇ ਮੀਟਿੰਗਾਂ ਕਰਦੇ ਤੇ ਅਰਾਮ ਵੀ ਕਰਦੇ। ਸਾਧ ਉਨ੍ਹਾਂ ਨੂੰ ਰੋਟੀ ਪਾਣੀ ਵੀ ਛਕਾ ਦਿੰਦਾ। ਕਹਿੰਦੇ ਜਦੋਂ ਪੁਲੀਸ ਪਿਆਰ ਸਿੰਘ ਲੰਗੇਰੀ ਨੂੰ ਗ੍ਰਿਫ਼ਤਾਰ ਕਰਨ ਆਈ ਤਾਂ ਉਸ ਦਿਨ ਪਿਆਰਾ ਸਿੰਘ ਖਾਲੀ ਹੱਥ ਸੀ। ਉਸ ਕੋਲ ਇਕ ਟਾਕੂਆ ਹੀ ਸੀ ਤੇ ਉਸ ਟਾਕੂਏ ਨਾਲ ਹੀ ਪੁਲੀਸ ਦਾ ਸਾਹਮਣਾ ਕਰਦਾ ਰਿਹਾ। ਪਰ ਅਖੀਰ ਪੁਲੀਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲੀਸ ਤਾਂ ਗ਼ਦਰੀਆਂ ਪਿੱਛੇ ਬੁਰੀ ਤਰ੍ਹਾਂ ਹੱਥ ਧੋ ਕੇ ਪੈ ਗਈ। ਹਾਲੇ ਕੁੱਝ ਦਿਨ ਹੋਰ ਲੰਘੇ ਸਨ ਕਿ ਕਮਾਲਪੁਰਾ ਪਿੰਡ ਵਿੱਚੋਂ ਨਿਧਾਨ ਸਿੰਘ ਚੁੱਘਾ ਤੇ ਰੂੜ ਸਿੰਘ ਚੂਹੜਚੱਕ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਤਰ੍ਹਾਂ ਦੀਆਂ ਖ਼ਬਰਾਂ ਨੇ ਗੁਲਾਬ ਕੌਰ ਨੂੰ ਬੁਰੀ ਤਰ੍ਹਾਂ ਹਿਲਾ ਕੇ ਰੱਖ ਦਿੱਤਾ। ਉਹ ਬੈਠੀ ਸੋਚਦੀ ਕਿ ਹੁਣ ਸਭ ਗ਼ਦਰੀਆਂ ਦੀ ਸ਼ਾਮਤ ਆ

ਗਈ ਹੈ। ਗ਼ਦਰੀਆਂ ਨੂੰ ਤਾਂ ਬੱਸ ਅੰਗਰੇਜ਼ਾਂ ਦੇ ਝੋਲੀਚੁੱਕ ਹੀ ਮੁਖ਼ਬਰੀ ਕਰਕੇ ਗ੍ਰਿਫ਼ਤਾਰ ਕਰਵਾ ਰਹੇ ਐ ਤੇ ਗ਼ਦਰੀ ਬਚਣਗੇ ਭਲਾ ਕਿਵੇਂ?

ਨਿਧਾਨ ਸਿੰਘ ਚੁੱਘੇ ਤੇ ਰੂੜ ਸਿੰਘ ਦੀ ਗ੍ਰਿਫ਼ਤਾਰੀ ਤੋਂ ਬਾਅਦ ਹੀ ਖ਼ਬਰ ਆ ਗਈ ਕਿ ਗ਼ਦਰੀਆਂ ਨੇ ਚੰਦਾ ਸਿੰਘ ਜ਼ੈਲਦਾਰ ਨੂੰ ਉਸ ਦੇ ਘਰ ਵਿਚ ਹੀ ਮਾਰ ਮੁਕਾਇਆ ਹੈ। ਹੁਣ ਗੁਲਾਬ ਕੌਰ ਸੋਚਦੀ ਕਿ ਇਸ ਤੋਂ ਬਿਨਾਂ ਅੰਗਰੇਜ਼ਾਂ ਦੇ ਝੋਲੀਚੁੱਕਾਂ ਨੇ ਬਾਜ਼ ਨਹੀਂ ਆਉਣਾ। ਇਨ੍ਹਾਂ ਨੂੰ ਕਿਸੇ ਵੀ ਸੂਰਤ ਵਿਚ ਬਖਸ਼ਣਾ ਨਹੀਂ ਚਾਹੀਦਾ। ਇਹ ਲੋਕ ਨੇ ਗ਼ਦਰ ਲਹਿਰ ਨੂੰ ਦਬਾਉਣ ਵਾਲੇ। ਗੁਲਾਬ ਕੌਰ ਬੱਸ ਸਾਰਾ ਦਿਨ ਕਮਰੇ ਵਿਚ ਬੈਠੀ ਰਹਿੰਦੀ। ਕਦੇ ਕਿਸੇ ਗ਼ਦਰੀ ਨੂੰ ਯਾਦ ਕਰਦੀ ਤੇ ਕਦੇ ਕਿਸੇ ਗ਼ਦਰੀ ਨੂੰ। ਇਕ ਨਹੀਂ ਕਈ ਮਹੀਨੇ ਗੁਜ਼ਰ ਗਏ। ਕਪੂਰਥਲੇ ਦਾ ਕਾਂਡ ਵਾਪਰ ਗਿਆ। ਜਿਸ ਕਰਕੇ ਬੂਟਾ ਸਿੰਘ ਅਕਾਲਗੜ੍ਹ, ਵੀਰ ਸਿੰਘ ਬਾਹੋਵਾਲ, ਅਰਜਣ ਸਿੰਘ ਜਗਰਾਉਂ, ਕਪੂਰ ਸਿੰਘ ਕਾਉਂਕੇ ਤੇ ਹੋਰ ਕਈ ਗ਼ਦਰੀ ਫੜੇ ਗਏ। ਫਿਰ ਅੰਮ੍ਰਿਤਸਰ ਲਾਗੇ ਵੱਲਾ ਪੁਲ ਤੋਂ ਗ਼ਦਰੀਆਂ ਨੇ ਇਕ ਫੌਜੀ ਗਾਰਦ ਤੋਂ 6 ਰਫਲਾਂ ਤੇ 450 ਕਾਰਤੂਸ ਖੋਹ ਲਏ ਤੇ ਸਾਰੇ ਹੀ ਬਚ ਬਚਾ ਕੇ ਨਿਕਲ ਗਏ। ਕਈ ਪਿੱਛੋਂ ਫੜੇ ਵੀ ਗਏ। ਬੱਸ ਦੁੱਖ ਵਾਲੀ ਗੱਲ ਇੱਕੋ ਸੀ ਕਿ ਅੰਗਰੇਜ਼ਾਂ ਦੇ ਝੋਲੀਚੁੱਕ ਮੁਖ਼ਬਰੀ ਕਰਦੇ ਸਨ।

ਇੱਕ ਦਿਨ ਕਰਤਾਰ ਸਿੰਘ ਸਰਾਭੇ ਦੀ ਹੱਥ ਲਿਖਤ ਚਿੱਠੀ ਬੀਬੀ ਗੁਲਾਬ ਕੌਰ ਕੋਲ ਪਹੁੰਚੀ। ਅੱਜ ਤਾਂ ਗੁਲਾਬ ਕੌਰ ਨੂੰ ਕੋਈ ਚਾਅ ਹੀ ਚੜ੍ਹ ਗਿਆ। ਕਰਤਾਰ ਸਿੰਘ ਸਰਾਭੇ ਦਾ ਨਾਮ ਪੜ੍ਹਕੇ ਗੁਲਾਬ ਕੌਰ ਨੇ ਚਿੱਠੀ ਨੂੰ ਮੱਥੇ ਨਾਲ ਛੁਹਾਇਆ। ਉਸ ਦੀਆਂ ਅੱਖਾਂ ਵਿਚ ਅੱਥਰੂ ਆ ਗਏ। ਕਰਤਾਰ ਸਿੰਘ ਸਰਾਭੇ ਦੀ ਤਸਵੀਰ ਉਸ ਦੀਆਂ ਅੱਖਾਂ ਅੱਗੇ ਘੁੰਮਣ ਲੱਗੀ ਤੇ ਬੜੇ ਹੌਂਸਲੇ ਨਾਲ ਚਿੱਠੀ ਪੜ੍ਹਨ ਲੱਗੀ। ਚਿੱਠੀ ਪੜ੍ਹਦਿਆਂ ਗੁਲਾਬ ਕੌਰ ਦੀਆਂ ਅੱਖਾਂ ਹੋਰ ਵੀ ਛਲਕ ਪਈਆਂ। ਲਿਖਿਆ ਸੀ ਕਿ ਸਾਡੀ ਪਿਆਰੀ ਭੈਣ। ਬੇਸ਼ੱਕ ਅਸੀਂ ਗ਼ਦਰ ਕਰਨ ਵਿਚ ਸਫ਼ਲ ਨਹੀਂ ਹੋ ਸਕੇ ਪਰ ਇਸ ਗੱਲ ਉੱਤੇ ਬਿਲਕੁੱਲ ਨਹੀਂ ਘਬਰਾਉਣਾ। ਦੇਸ਼ ਦੀ ਆਜ਼ਾਦੀ ਲਈ ਸਾਡੀ ਜੰਗ ਜਾਰੀ ਰਹੇਗੀ। ਮੇਰੀ ਗ਼ਦਰੀਆਂ ਨੂੰ ਸਲਾਹ ਹੈ ਕਿ ਉਠੋ। ਇਕੱਠੇ ਹੋਵੋ। ਹਥਿਆਰ ਇਕੱਠੇ ਕਰੋ। ਗ਼ਦਰ ਕਰਨ ਦੀਆਂ ਤਿਆਰੀਆਂ ਕਰੋ। ਮੈਨੂੰ ਆਪਣੀ ਗ੍ਰਿਫ਼ਤਾਰੀ ਦੀ ਕੋਈ ਚਿੰਤਾ ਨਹੀਂ। ਮੈਨੂੰ ਜੇਕਰ ਫਾਂਸੀ ਵੀ ਆਵੇ ਤਾਂ ਮੈਂ ਫਾਂਸੀ ਦਾ ਫੰਦਾ ਹੱਸ ਹੱਸ ਕੇ ਆਪ ਹੀ ਗੱਲ ਵਿਚ ਪਵਾਂਗਾ।

ਇਕ ਖਾਸ ਗੱਲ ਕਿ ਅੰਗਰੇਜ਼ਾਂ ਦੇ ਝੋਲੀਚੁੱਕਾਂ ਨੂੰ ਮਾਫ਼ ਨਾ ਕਰੋ। ਇਨ੍ਹਾਂ ਦਾ ਤਾਂ ਸਫਾਇਆ ਹੋਣਾ ਚਾਹੀਦਾ ਹੈ। ਮੈਂ ਆਪਣੀ ਭੈਣ ਦੀ ਇੱਕ ਡਿਊਟੀ ਲਾਉਂਦਾ ਹਾਂ। ਇਹ ਡਿਊਟੀ ਮੇਰੀ ਭੈਣ ਹੀ ਨਿਭਾ ਸਕਦੀ ਹੈ। ਇਕ ਲੜਕੀ ਹੈ ਰਘਬੀਰ ਕੌਰ ਬੀਰੀ। ਮੈਂ ਇਸ ਨੂੰ ਪਿਆਰ ਕਰਦਾ ਹਾਂ। ਇਸ ਦਾ ਪੂਰਾ ਪਤਾ ਲਿਖ ਦਿੱਤਾ ਹੈ। ਇਹ ਚਿੱਠੀ ਮੇਹਰਬਾਨੀ ਕਰਕੇ ਆਪਣੇ ਹੱਥੀਂ ਬੀਰੀ ਨੂੰ ਫੜਾ ਆਵੀਂ। ਬਾਕੀ ਉਹ ਮੇਰੀ ਚਿੰਤਾ ਨਾ ਕਰੇ। ਉਂਜ ਉਹ ਦਲੇਰ ਕੁੜੀ ਹੈ।

ਗੁਲਾਬ ਕੌਰ ਨੇ ਚਿੱਠੀ ਘੁੱਟ ਕੇ ਆਪਣੀ ਛਾਤੀ ਨਾਲ ਲਾ ਲਈ। ਫਿਰ ਉਸ ਨੇ ਅੰਦਰਖਾਤੇ ਹੀ ਫੈਸਲਾ ਕਰ ਲਿਆ ਕਿ ਮੇਰੇ ਪਿਆਰੇ ਛੋਟੇ ਵੀਰ ਤੇਰੀ ਇਹ ਚਿੱਠੀ ਹਰ ਹਾਲਤ ਬੀਰੀ ਨੂੰ ਆਪਣੇ ਹੱਥੀਂ ਫੜਾ ਕੇ ਆਵਾਂਗੀ। ਮੈਨੂੰ ਚਾਹੇ ਜਿਨੀ ਮਰਜ਼ੀ ਤਕਲੀਫ਼ ਉਠਾਉਣੀ ਪਏ। ਮੈਂ ਬੀਰੀ ਕੋਲ ਜ਼ਰੂਰ ਜਾਵਾਂਗੀ। ਮੇਰੇ ਪਿਆਰੇ ਵੀਰ ਮੈਂ ਜ਼ਰੂਰ ਜਾਵਾਂਗੀ। ਗੁਲਾਬ ਕੌਰ ਦੇ ਦਿਲ ਵਿਚ ਸੁੱਤੀ ਸ਼ਕਤੀ ਜਿਵੇਂ ਇੱਕ ਦਮ ਜਾਗ ਪਈ।

ਇੱਕੀ

ਦੋ ਸੂਟ ਤੇ ਦੋ ਚਾਦਰਾਂ ਲੈ ਕੇ ਗੁਲਾਬ ਕੌਰ ਨੇ ਅੰਮ੍ਰਿਤਸਰ ਨੂੰ ਚਾਲੇ ਪਾ ਦਿੱਤੇ। ਕੋਟਲਾ ਨੌਧ ਸਿੰਘ ਤੋਂ ਤੁਰਨ ਲੱਗਿਆਂ ਉਸ ਨੇ ਸਾਰੀ ਗੱਲ ਅਮਰ ਸਿੰਘ ਨੂੰ ਦੱਸ ਦਿੱਤੀ ਸੀ ਕਿ ਉਹ ਕਰਤਾਰ ਸਿੰਘ ਦਾ ਭੇਜਿਆ ਖ਼ਤ ਰਘਬੀਰ ਕੌਰ ਬੀਰੀ ਨੂੰ ਉਸ ਦੇ ਪਿੰਡ ਜ਼ਰੂਰ ਦੇ ਕੇ ਆਵੇਗੀ। ਬੀਰੀ ਦਾ ਪਿੰਡ ਜ਼ਿਲ੍ਹਾ ਜਿਹਲਮ ਦੀ ਤਹਿਸੀਲ ਦਾਦਨ ਖਾਂ ਵਿੱਚ ਪੈਂਦਾ ਸੀ ਹਰਨਪੁਰ ਸੋਢੀਆਂ। ਜਿਹਲਮ ਦੇ ਆਸੇ-ਪਾਸੇ ਕਈ ਪਿੰਡਾਂ ਵਿੱਚ ਗੁਲਾਬ ਕੌਰ ਬਹੁਤ ਵਾਰ ਜਾ ਚੁੱਕੀ ਸੀ ਪਰ ਹਰਨਪੁਰ ਸੋਢੀਆਂ ਵਿੱਚ ਉਹ ਕਦੇ ਨਹੀਂ ਸੀ ਗਈ। ਬੱਸ ਉਹ ਤਾਂ ਆਪਣੇ ਬੋਲ ਪੁਗਾਉਣ ਲਈ ਤੇ ਆਪਣੇ ਜ਼ਿੰਮੇ ਲੱਗੀ ਇੱਕ ਡਿਊਟੀ ਨਿਭਾਉਣ ਤੁਰੀ ਸੀ। ਪਹਿਲੀ ਰਾਤ ਉਹ ਅੰਮ੍ਰਿਤਸਰ ਸੰਤ ਗੁਲਾਬ ਸਿੰਘ ਦੀ ਧਰਮਸ਼ਾਲਾ ਵਿੱਚ ਠਹਿਰੀ। ਅਗਲੇ ਦਿਨ ਦਿਲ ਦਾ ਭੇਦ ਦਿਲ ਵਿੱਚ ਹੀ ਰੱਖ ਕੇ ਉਹ ਸ਼ਹਿਰ ਦੇ ਬਜ਼ਾਰ ਵਿੱਚ ਆਈ। ਇੱਕ ਵਧੀਆ ਟੋਕਰੀ ਖਰੀਦੀ। ਕਈ ਨਾਪ ਵਾਲੀਆਂ ਤੇ ਸੋਹਣੇ ਰੰਗਾਂ ਵਾਲੀਆਂ ਵੰਗਾਂ ਚੂੜੀਆਂ ਖਰੀਦ ਕੇ ਟੋਕਰੀ ਭਰ ਲਈ। ਟੋਕਰੀ ਦੇ ਥੱਲੇ ਉਸ ਨੇ ਇੱਕ ਚਾਦਰ ਰੱਖ ਕੇ ਉਸ ਵਿੱਚ ਕੱਪੜੇ ਵਿੱਚ ਲਪੇਟ ਕੇ ਰੱਖੀ ਕਰਤਾਰ ਸਿੰਘ ਦੀ ਚਿੱਠੀ ਤੇ ਗੋਲੀਆਂ ਨਾਲ ਭਰਿਆ ਪਸਤੌਲ ਸਾਵਧਾਨੀ ਨਾਲ ਸੰਭਾਲ ਕੇ ਰੱਖ ਦਿੱਤਾ। ਅੰਮ੍ਰਿਤਸਰ ਤੋਂ ਉਹ ਲਾਹੌਰ ਪਹੁੰਚੀ ਤੇ ਅੱਗੇ ਉਹ ਜਿਹਲਮ ਪਹੁੰਚ ਗਈ।

ਜਿਹਲਮ ਤੋਂ ਇੱਕ ਵਣਜਾਰਨ ਵਜੋਂ ਉਸ ਦਾ ਸਫ਼ਰ ਸ਼ੁਰੂ ਹੋ ਗਿਆ। ਸਫ਼ਰ ਬੜਾ ਔਖਾ ਤੇ ਲੰਬਾ ਸੀ। ਬੀਰੀ ਦੇ ਪਿੰਡ ਦਾ ਨਾਮ ਉਹ ਕਿਸੇ ਕੋਲ ਵੀ ਨਹੀਂ ਸੀ ਲੈਣਾ ਚਾਹੁੰਦੀ। ਕਈ ਪਿੰਡਾਂ ਦਾ ਸਫ਼ਰ ਉਸ ਨੂੰ ਪੈਦਲ ਚੱਲ ਕੇ ਕਰਨਾ ਪਿਆ। ਕਈ ਰਾਤਾਂ ਉਸ ਨੇ ਆਪਣੇ ਜਾਣਕਾਰ ਗ਼ਦਰੀ ਵੀਰਾਂ ਦੇ ਘਰ ਕੱਟੀਆਂ। ਵੇਖਣ ਵਾਲਿਆਂ ਨੂੰ ਉਹ ਇੱਕ ਦਮ ਵਣਜਾਰਨ ਹੀ ਲੱਗਦੀ। ਰਸਤੇ ਵਿੱਚ ਆਉਂਦੇ ਪਿੰਡਾਂ ਵਿੱਚ ਉਹ ਚਲਵਾਂ ਗੇੜਾ ਹੀ ਕੱਢਦੀ। ਕਈ ਦਿਨਾਂ ਦੇ ਸਫ਼ਰ ਤੋਂ ਬਾਅਦ ਗੁਲਾਬ ਕੌਰ ਬੀਰੀ ਦੇ ਪਿੰਡ ਪਹੁੰਚ ਗਈ। ਗੁਲਾਬ ਕੌਰ ਨੇ ਦੂਰੋਂ ਹੀ ਘੋਖਵੀਂ ਨਜ਼ਰ ਨਾਲ ਪਿੰਡ ਨੂੰ ਵੇਖਿਆ। ਪਿੰਡ ਕਾਫੀ ਵੱਡਾ ਲੱਗਦਾ ਸੀ। ਧੜਕਦੇ ਦਿਲ ਨਾਲ ਗੁਲਾਬ ਕੌਰ ਪਿੰਡ ਦੇ ਨੇੜੇ ਆ ਗਈ। ਪਿੰਡ ਦੀਆਂ ਗਲੀਆਂ ਤੋਂ ਅਣਜਾਣ ਇੱਕ ਵਣਜਾਰਨ ਵਜੋਂ ਗੁਲਾਬ ਕੌਰ ਪਿੰਡ ਵਿੱਚ ਦਾਖ਼ਲ ਹੋ ਗਈ। ਇੱਕ ਖੁੱਲ੍ਹਾ ਰਸਤਾ ਪਿੰਡ ਦੇ ਵਿਚਕਾਰ ਨੂੰ ਜਾ ਰਿਹਾ ਸੀ। ਘਰਾਂ ਵਿੱਚ ਆ ਕੇ ਗੁਲਾਬ ਕੌਰ ਨੇ ਬਿਨਾਂ ਕਿਸੇ ਘਬਰਾਹਟ ਦੇ ਹੋਕਾ ਦਿੱਤਾ, "ਵੰਗਾਂ ਚੂੜੀਆਂ ਚੜ੍ਹਾ ਲਉ, ਵੰਗਾਂ ਚੂੜੀ......ਆਂ। ਨਵੇਂ ਰੰਗ ਦੀਆਂ ਸੋਹਣੀਆਂ ਚੂੜੀ......ਆਂ।"

ਚੂੜੀਆਂ ਦਾ ਹੋਕਾ ਸੁਣ ਕੇ ਕਈ ਕੁੜੀਆਂ ਘਰਾਂ ਵਿੱਚੋਂ ਨਿਕਲ ਕੇ ਦਰਾਂ ਅੱਗੇ ਆ ਖਲੋਤੀਆਂ। ਗੁਲਾਬ ਕੌਰ ਨੇ ਉਨ੍ਹਾਂ ਨੂੰ ਤਾੜਦਿਆਂ ਫਿਰ ਹੋਕਾ ਦਿੱਤਾ, "ਚੂੜੀਆਂ ਚੜ੍ਹਾ ਲਉ ਕੁੜੇ ਚੂੜੀਆਂ, ਸੋਹਣੀਆਂ ਨਵੀਆਂ ਚੂੜੀਆਂ।" ਗੁਲਾਬ ਕੌਰ ਅਰਾਮ ਨਾਲ ਹੋਕਾ ਦਿੰਦੀ ਹੌਲੀ ਹੌਲੀ ਚੱਲ ਰਹੀ ਸੀ। ਅੱਗੇ ਇੱਕ ਮੋੜ ਆਇਆ। ਏਥੋਂ ਦੋ ਰਸਤੇ ਨਿਕਲਦੇ ਸਨ। ਉਸ ਨੇ ਇੱਕ ਰਸਤੇ ਪੈ ਕੇ ਫਿਰ ਵੰਗਾਂ ਚੂੜੀਆਂ ਦਾ ਹੋਕਾ ਦਿੱਤਾ। ਕੁੜੀਆਂ ਘਰਾਂ 'ਚੋਂ ਬਾਹਰ ਆ ਕੇ ਵਣਜਾਰਨ ਨੂੰ ਵੇਖਣ ਲੱਗਦੀਆਂ। ਕਈ ਨਿੱਕੀਆਂ ਕੁੜੀਆਂ ਵੰਗਾਂ ਦਾ ਹੋਕਾ ਸੁਣ ਕੇ ਖ਼ੁਸ਼ੀ ਨਾਲ ਵਣਜਾਰਨ ਵੱਲ ਵੇਖਦੀਆਂ। ਵਣਜਾਰਨ ਆਸੇ ਪਾਸੇ ਵੇਖਦੀ। ਹੌਲੀ ਹੌਲੀ ਹੋਕਾ ਦਿੰਦੀ ਅਰਾਮ ਨਾਲ ਚੱਲ ਰਹੀ ਸੀ। ਉਸ ਦੇ ਦਿਲ ਵਿੱਚ ਕਈ ਤਰ੍ਹਾਂ ਦੇ ਖਿਆਲ ਵੀ ਉਠ ਰਹੇ ਸਨ ਕਿ ਬੀਰੀ ਦੇ ਪਿਉ

ਸੁਖਦੇਵ ਸਿੰਘ ਦੇ ਘਰ ਦਾ ਕਿਵੇਂ ਪਤਾ ਕਰਾਂ। ਬੀਰੀ ਨੂੰ ਕਿਵੇਂ ਲੱਭਿਆ ਜਾਵੇ। ਉਸ ਨੂੰ ਕਿਵੇਂ ਦੱਸਾਂ ਕਿ ਮੈਨੂੰ ਕਰਤਾਰ ਸਿੰਘ ਨੇ ਤੇਰੇ ਕੋਲ ਸਪੈਸ਼ਲ ਭੇਜਿਆ ਹੈ। ਪਹਿਲਾਂ ਤਾਂ ਕੁੜੀ ਨੂੰ ਲੱਭਣਾ ਜ਼ਰੂਰੀ ਹੈ। ਫਿਰ ਉਸ ਦੇ ਦਿਲ ਵਿੱਚ ਆਈ ਕਿ ਬੀਰੀ ਦਾ ਪਿਉ ਕਹਿੰਦੇ ਬਹੁਤ ਵੱਡਾ ਜ਼ਿਮੀਂਦਾਰ ਹੈ ਤੇ ਉਹ ਹੈ ਵੀ ਅੰਗਰੇਜ਼ਾਂ ਦਾ ਪੱਕਾ ਜੀ ਹਜ਼ੂਰੀਆ। ਵੱਡਾ ਜ਼ਿਮੀਂਦਾਰ ਹੋਣ ਕਰਕੇ ਜ਼ਰੂਰ ਉਸ ਦੀ ਹਵੇਲੀ ਵੀ ਵੱਡੀ ਵਲ਼ੀ ਹੋਵੇਗੀ। ਦਿਲ ਵਿੱਚ ਕਈ ਸੋਚਾਂ ਸੋਚਦੀ ਤੇ ਆਸੇ ਪਾਸੇ ਤਾੜ ਰੱਖਦੀ ਨੇ ਫਿਰ ਹੋਕਾ ਦਿੱਤਾ, "ਵੰਗਾਂ ਚੂੜੀਆਂ, ਨਵੇਂ ਨਵੇਂ ਰੰਗਾਂ ਦੀਆਂ ਵੰਗਾਂ ਚੂੜੀਆਂ।"

ਗੁਲਾਬ ਕੌਰ ਨੇ ਅੱਗੇ ਵੇਖਿਆ ਕਿ ਸਾਹਮਣਾ ਮਕਾਨ ਕਾਫੀ ਵੱਡਾ ਹੈ। ਇਹ ਸੱਚਮੁੱਚ ਕਿਸੇ ਸਰਦਾਰ ਦਾ ਮਕਾਨ ਹੈ। ਮਕਾਨ ਦੇ ਨੇੜੇ ਜਾ ਕੇ ਗੁਲਾਬ ਕੌਰ ਨੇ ਫਿਰ ਹੋਕਾ ਦਿੱਤਾ, "ਵੰਗਾਂ ਚੂੜੀਆਂ ਚੜ੍ਹਾ ਲਉ, ਕੁੜੇ ਵੰਗਾਂ ਚੂੜੀ........ਆਂ। ਨਵੀਆਂ ਵੰਗਾਂ। ਸੋਹਣੀਆਂ ਵੰਗਾਂ।" ਗੁਲਾਬ ਕੌਰ ਦੇ ਦਿਲ ਨੇ ਹਾਮੀ ਭਰੀ ਕਿ ਏਡਾ ਵੱਡਾ ਮਕਾਨ ਪਿੰਡ ਵਿੱਚ ਹੋਰ ਕੋਈ ਨਜ਼ਰ ਨਹੀਂ ਆਇਆ। ਇਹ ਜ਼ਰੂਰ ਸੁਖਦੇਵ ਸਿੰਘ ਸੋਢੀ ਦਾ ਮਕਾਨ ਈ ਹੋਵੇਗਾ। ਮਕਾਨ ਦੇ ਬੂਹੇ ਤੋਂ ਥੋੜ੍ਹਾ ਅੱਗੇ ਲੰਘ ਕੇ ਗੁਲਾਬ ਕੌਰ ਨੇ ਵੰਗਾਂ ਚੂੜੀਆਂ ਦਾ ਫਿਰ ਹੋਕਾ ਦਿੱਤਾ ਤੇ ਸਿਰ ਉਤੋਂ ਟੋਕਰੀ ਲਾਹ ਕੇ ਭੁੰਜੇ ਹੀ ਬੈਠ ਗਈ। ਵੇਖਣ ਨੂੰ ਗੁਲਾਬ ਕੌਰ ਥੱਕੀ ਜਾਪਦੀ ਸੀ। ਉਸ ਨੇ ਹੌਲੀ ਜਿਹੀ ਫਿਰ ਹੋਕਾ ਦਿੱਤਾ। ਅਚਾਨਕ ਮਕਾਨ ਅੰਦਰੋਂ ਇੱਕ ਨੌਜਵਾਨ ਕੁੜੀ ਬਾਹਰ ਆਈ। ਚੰਗਾ ਕੱਦ ਕਾਠ। ਗੋਰਾ ਨਿਛੋਹ ਰੰਗ। ਝੀਲ ਡੂੰਘੀਆਂ ਅੱਖਾਂ। ਚਿਹਰਾ ਇੱਕ ਦਮ ਗੰਭੀਰ। ਉਸ ਨੇ ਚੂੜੀਆਂ ਦੀ ਟੋਕਰੀ ਵੱਲ ਨਿਗਾਹ ਮਾਰੀ। "ਕੁੜੇ ਬੀਬੀ ਵੰਗਾਂ ਲੈ ਲੈ। ਬਹੁਤ ਹੀ ਸੋਹਣੇ ਰੰਗਾਂ ਦੀਆਂ ਨਵੀਆਂ ਨਕੋਰ ਵੰਗਾਂ।" ਗੁਲਾਬ ਕੌਰ ਪੂਰੀ ਦੀ ਪੂਰੀ ਵਣਜਾਰਨ ਬਣੀ ਬੈਠੀ ਸੀ। ਕੁੜੀ ਨੇ ਇੱਕ ਟੱਕ ਗੁਲਾਬ ਕੌਰ ਵੱਲ ਵੇਖਿਆ ਤੇ ਫਿਰ ਆ ਕੇ ਉਹ ਉਸ ਕੋਲ ਬੈਠ ਕੇ ਵੰਗਾਂ ਵੇਖਣ ਲੱਗ ਪਈ।

ਗੁਲਾਬ ਕੌਰ ਨੇ ਕੁੜੀ ਦਾ ਚਿਹਰਾ ਤਾੜਿਆ। ਕੁੜੀ ਇਕ ਦਮ ਗਹਿਰ ਗੰਭੀਰ ਲੱਗ ਰਹੀ ਸੀ। ਆਮ ਕੁੜੀਆਂ ਵਾਂਗ ਉਹ ਵੰਗਾਂ ਦੇਖ ਕੇ ਹੱਸ ਨਹੀਂ ਸੀ ਰਹੀ। ਫਿਰ ਵੀ ਉਸ ਨੇ ਵੰਗਾਂ ਦੇ ਕਈ ਗੁੱਛੇ ਚੁੱਕ ਕੇ ਵੇਖੇ। ਗੁਲਾਬ ਕੌਰ ਨੇ ਕੁੜੀ ਵੱਲ ਡੂੰਘਾ ਵੇਖਦਿਆਂ ਕਿਹਾ, "ਬੀਬੀ ਤੂੰ ਤਾਂ ਜਿਹੜਾ ਮਰਜ਼ੀ ਰੰਗ ਪਾ ਲੈ ਤੈਨੂੰ ਤਾਂ ਉਹੀ ਜਚ ਜਾਣਾ। ਸੁੱਖ ਨਾਲ ਤੇਰੀਆਂ ਬਾਹਾਂ ਬੜੀਆਂ ਸੋਹਣੀਆਂ। ਰੱਬ ਤੇਰੀਆਂ ਮੁਰਾਦਾਂ ਪੂਰੀਆਂ ਕਰੇ। ਤੈਨੂੰ ਘਰ ਦੇ ਭਾਗ ਲੱਗਣ। ਸਦਾ ਸੁੱਖੀ ਰਹੇਂ।"

ਕੁੜੀ ਇਕ ਦਮ ਗੁਲਾਬ ਕੌਰ ਵੱਲ ਝਾਕੀ। ਉਹ ਹਾਲੇ ਵੀ ਬੜੀ ਗੰਭੀਰ ਲੱਗ ਰਹੀ ਸੀ। ਗੁਲਾਬ ਕੌਰ ਫੇਰ ਕਹਿਣ ਲੱਗੀ, "ਬੀਬੀ ਚੂੜੀਆਂ ਜ਼ਿਆਦਾ ਮਹਿੰਗੀਆਂ ਨਹੀਂ। ਜਿਹੜੀਆਂ ਵੀ ਤੈਨੂੰ ਪਸੰਦ ਆਉਂਦੀਆਂ ਲੈ ਲੈ।"

"ਭੈਣਾਂ ਤੇਰੇ ਆਪਣੇ ਤਾਂ ਕੋਈ ਚੂੜੀ ਨਹੀਂ ਪਾਈ।" ਕੁੜੀ ਨੇ ਗੁਲਾਬ ਕੌਰ ਵੱਲ ਵੇਖ ਕੇ ਕਿਹਾ।

"ਬੀਬੀ, ਮੈਂ ਚੂੜੀਆਂ ਤਾਂ ਪਾ ਲਵਾਂ ਪਰ ਮੇਰਾ ਇੱਕ ਨਿੱਕਾ ਵੀਰ ਪੁਲੀਸ ਨੇ ਫੜ ਲਿਆ। ਉਸ ਦਾ ਮੁਹਾਂਦਰਾ ਬਿਲਕੁੱਲ ਤੇਰੇ ਨਾਲ ਮਿਲਦਾ। ਉਚਾ ਲੰਮਾ। ਪਤਲਾ ਸਰੀਰ। ਰੰਗ ਗੋਰਾ। ਬਹੁਤ ਫੁਰਤੀਲਾ। ਕੰਮਾਂ ਨੂੰ ਤਾਂ ਉਹ ਮੂਹਰੇ ਲਾਈ ਫਿਰਦਾ ਸੀ। ਜਿਸ ਦਿਨ ਤੋਂ ਉਸ ਨੂੰ ਪੁਲੀਸ ਨੇ ਫੜਿਆ ਹੋਇਆ ਮੈਨੂੰ ਕੁੱਝ ਵੀ ਚੰਗਾ ਨਹੀਂ ਲੱਗਦਾ। ਰੋਟੀ ਖਾਣ ਨੂੰ ਜੀ ਨਹੀਂ ਕਰਦਾ। ਆਪਣੇ ਕੰਮ ਧੰਦੇ ਤਾਂ ਕਰਨੇ ਈ ਹੋਏ।" ਗੁਲਾਬ ਕੌਰ ਦੇ ਬੋਲਾਂ ਵਿੱਚ ਡੂੰਘਾ ਦਰਦ ਸੀ।

"ਬੀਬੀ ਤੇਰੇ ਭਰਾ ਨੂੰ ਪੁਲੀਸ ਕਿਉਂ ਫੜ ਕੇ ਲੈ ਗਈ?" ਕੁੜੀ ਗੁਲਾਬ ਕੌਰ ਦੀਆਂ

ਗੱਲਾਂ ਸੁਣ ਕੇ ਉਸ ਦੇ ਗਮ ਵਿੱਚ ਵਹਿ ਤੁਰੀ।

"ਬੀਬੀ ਪੁਲੀਸ ਨੇ ਉਸ ਨੂੰ ਕੀ ਫੜਨਾ ਸੀ। ਉਸ ਨੂੰ ਤਾਂ ਇੱਕ ਮੁਖ਼ਬਰ ਨੇ ਜਾਣ ਬੁੱਝ ਕੇ ਸੂਹ ਦੇ ਕੇ ਫੜਾ ਦਿੱਤਾ।"

"ਹਾਏ! ਹੁਣ ਫਿਰ?"

"ਹੁਣ ਤਾਂ ਬੀਬੀ ਡਾਹਢੇ ਦੇ ਹੱਥ ਡੋਰ ਐ ਪਰ ਮੈਨੂੰ ਉਸ ਮੁਖ਼ਬਰ ਉੱਤੇ ਬਹੁਤ ਗੁੱਸਾ ਆਉਂਦਾ ਕਿ ਅਸੀਂ ਤੇਰਾ ਤਾਂ ਕੁੱਝ ਨਹੀਂ ਸੀ ਵਿਗਾੜਿਆ। ਤੂੰ ਸਾਡਾ ਘਰ ਕਿਉਂ ਉਜਾੜਿਆ।"

"ਬੀਬੀ ਤੇਰਾ ਭਰਾ ਵਿਆਹਿਆ ਹੋਇਆ?" ਕੁੜੀ ਦਾ ਚਿਹਰਾ ਇੱਕ ਦਮ ਨਰਮ ਪੈ ਗਿਆ।

"ਕੁੜੇ! ਰਾਣੀਏ ਵਿਆਹ ਤਾਂ ਇੱਕ ਪਾਸੇ ਉਹ ਤਾਂ ਹਾਲੇ ਮੰਗਿਆ ਵੀ ਨਹੀਂ। ਉਂਜ ਸਾਨੂੰ ਪਤਾ ਸੀ ਉਹ ਇੱਕ ਬਹੁਤ ਸੋਹਣੀ ਕੁੜੀ ਨੂੰ ਪਿਆਰ ਕਰਦਾ ਸੀ। ਕਹਿੰਦੇ ਉਹ ਸੋਹਣੀ ਕੁੜੀ ਵੀ ਮੇਰੇ ਭਰਾਂ ਨੂੰ ਅੰਤਾਂ ਦਾ ਪਿਆਰ ਕਰਦੀ ਐ। ਮੈਂ ਤਾਂ ਉਸ ਕੁੜੀ ਦੀ ਅੱਜ ਤੱਕ ਸ਼ਕਲ ਵੀ ਨਹੀਂ ਵੇਖੀ। ਕਦੇ ਉਹ ਕੁੜੀ ਮੈਨੂੰ ਮਿਲ ਜਾਵੇ ਸਹੀ ਜਿਸ ਨੂੰ ਮੇਰਾ ਪਿਆਰਾ ਵੀਰ ਅੰਤਾਂ ਦਾ ਮੋਹ ਕਰਦੈ। ਮੁਖ਼ਬਰ ਨੇ ਸਾਡਾ ਘਰ ਨਹੀਂ ਪੱਟਿਆ ਸਗੋਂ ਉਸ ਕੁੜੀ ਦਾ ਵੀ ਦਿਲ ਤੋੜ ਕੇ ਰੱਖ ਦਿੱਤਾ। ਉਸ ਕੁੜੀ ਦੀ ਵੀ ਜ਼ਿੰਦਗੀ ਬਰਬਾਦ ਕਰ ਦਿੱਤੀ।"

ਗੁਲਾਬ ਕੌਰ ਦੀਆਂ ਗੱਲਾਂ ਸੁਣ ਕੇ ਕੁੜੀ ਦੀਆਂ ਅੱਖਾਂ ਭਰ ਆਈਆਂ। ਉਸ ਨੇ ਹੌਕਾ ਲੈ ਕੇ ਮੂੰਹ ਪਾਸੇ ਕਰ ਲਿਆ। "ਬੀਬੀ ਤੈਨੂੰ ਕੀ ਹੋ ਗਿਆ। ਤੂੰ ਕਿਉਂ ਅੱਖਾਂ ਭਰ ਆਈ?" ਗੁਲਾਬ ਕੌਰ ਨੇ ਕੁੜੀ ਵੱਲ ਨੀਝ ਨਾਲ ਵੇਖਿਆ। ਫਿਰ ਉਹ ਆਸੇ ਪਾਸੇ ਗੌਰ ਨਾਲ ਝਾਕੀ। ਕੁੜੀ ਤਾਂ ਜਿਵੇਂ ਅੰਦਰਲੇ ਗਮ ਨਾਲ ਬੁਰੀ ਤਰ੍ਹਾਂ ਟੁੱਟੀ ਪਈ ਸੀ। ਫਿਰ ਉਹ ਭਰੀਆਂ ਅੱਖਾਂ ਨਾਲ ਗੁਲਾਬ ਕੌਰ ਵੱਲ ਵੇਖ ਕੇ ਕਹਿਣ ਲੱਗੀ, "ਬੀਬੀ, ਮੈਂ ਵੀ ਕਿਸੇ ਨੂੰ ਪਿਆਰ ਕਰਦੀ ਆਂ। ਉਹ ਵੀ ਜੇਲ੍ਹ ਅੰਦਰ ਐ ਤੇ ਉਸ ਨੂੰ ਵੀ ਕਿਸੇ ਮੁਖ਼ਬਰ ਨੇ ਗ੍ਰਿਫ਼ਤਾਰ ਕਰਵਾਇਆ।"

"ਆਏ ਹਾਏ! ਕਿਸੇ ਕੁੜੀ ਦਾ ਦਿਲ ਨਾ ਟੁੱਟੇ। ਕਿਸੇ ਦੀ ਦੁਨੀਆਂ ਨਾ ਉਜੜੇ। ਬੀਬੀ ਸਾਡੇ ਦੇਸ਼ ਦੇ ਮੁਖ਼ਬਰ ਲੋਕਾਂ ਦੇ ਗ਼ਦਾਰ ਐ। ਪੱਕੇ ਦੁਸ਼ਮਣ। ਇਨ੍ਹਾਂ ਨੂੰ ਕਿਸੇ ਵੀ ਸੂਰਤ ਵਿੱਚ ਬਖਸ਼ਣਾ ਨਹੀਂ ਚਾਹੀਦਾ।"

"ਕੌਣ ਐ ਉਹ ਐਹੋਂ ਜਿਹਾ ਨਿਕੰਮਾ ਬੰਦਾ?"

"ਬੀਬੀ ਮੈਨੂੰ ਉਸ ਮੁਖ਼ਬਰ ਦਾ ਅੱਜ ਤੱਕ ਪਤਾ ਨਹੀਂ ਲੱਗਾ ਜਿਸ ਨੇ ਸਾਡੀ ਦੁਨੀਆਂ ਹੀ ਉਜਾੜ ਦਿੱਤੀ।" ਕੁੜੀ ਨੇ ਫੇਰ ਹੌਕਾ ਲਿਆ। ਕੁੜੀ ਹੱਥਾਂ ਵਿੱਚ ਵੰਗਾਂ ਦਾ ਗੁੱਛਾ ਫੜੀ ਆਪਣੇ ਘਰ ਵੱਲ ਵੀ ਝਾਕੀ ਸ਼ਾਇਦ ਉਹ ਘਰੋਂ ਕਿਸੇ ਦੇ ਆਉਣ ਦੇ ਖਿਆਲ ਨਾਲ ਝਾਕੀ। ਉਹ ਹੱਥ ਵਿੱਚ ਵੰਗਾਂ ਫੜੀ ਉਂਜ ਹੀ ਵੇਖ ਰਹੀ ਸੀ।

"ਬੀਬੀ ਤੂੰ ਵੰਗਾਂ ਤਾਂ ਪਾ ਲੈ?" ਗੁਲਾਬ ਕੌਰ ਨੇ ਮੋਹ ਨਾਲ ਕਿਹਾ।

"ਬੀਬੀ ਤੂੰ ਹੀ ਦੱਸ ਮੈਂ ਵੰਗਾਂ ਪਾ ਕੇ ਕਿਸ ਨੂੰ ਵਿਖਾਵਾਂਗੀ! ਮੇਰਾ ਦਿਲ ਐਵੇਂ ਵਾਧੂ ਖ਼ਰਾਬ ਹੋਵੇਗਾ। ਬੀਬੀ ਮੈਂ ਤਾਂ ਤੇਰਾ ਵੀ ਵਕਤ ਖ਼ਰਾਬ ਕੀਤਾ।"

"ਨਾ ਬੀਬੀ ਇਸ ਤਰ੍ਹਾਂ ਨਾ ਕਹਿ। ਰੱਬ ਨੇ ਚਾਹਿਆਂ ਤਾਂ ਤੁਸੀਂ ਮਿਲ ਵੀ ਸਕਦੇ ਹੋ।"

"ਸਰਕਾਰ ਨੇ ਉਸ ਨੂੰ ਬਿਲਕੁੱਲ ਨਹੀਂ ਛੱਡਣਾ ਕਿਉਂਕਿ ਸਰਕਾਰ ਦੀਆਂ ਨਜ਼ਰਾਂ ਵਿੱਚ ਉਹ ਬਹੁਤ ਵੱਡਾ ਇਨਕਲਾਬੀ ਹੈ ਤੇ ਇਹਦੇ ਵਿੱਚ ਕੋਈ ਸ਼ੱਕ ਵੀ ਨਹੀਂ। ਉਸ ਨੂੰ ਤਾਂ ਸਾਰਾ

ਪੰਜਾਬ ਜਾਣਦਾ ਏ। ਉਸ ਦੀਆਂ ਤਾਂ ਘਰ ਘਰ ਗੱਲਾਂ ਹੁੰਦੀਆਂ ਨੇ।

"ਕੌਣ ਹੋਇਆ ਇਸ ਤਰ੍ਹਾਂ ਦਾ ਬੰਦਾ!" ਗੁਲਾਬ ਕੌਰ ਬੜੀ ਹੈਰਾਨੀ ਨਾਲ ਝਾਕੀ। ਉਹ ਕੁੜੀ ਵੀ ਗੁਲਾਬ ਕੌਰ ਵੱਲ ਇਸ ਤਰ੍ਹਾਂ ਵੇਖਣ ਲੱਗੀ ਜਿਵੇਂ ਉਹ ਕਹਿ ਰਹੀ ਹੋਵੇ ਅੜੀਏ, ਦੱਸ ਚਾਹੇ ਨਾ ਦੱਸ। ਤੂੰ ਕੋਈ ਸਾਧਾਰਨ ਔਰਤ ਨਹੀਂ।

ਫਿਰ ਕੁੜੀ ਨੇ ਆਸੇ ਪਾਸੇ ਗਹੁ ਨਾਲ ਵੇਖ ਕੇ ਕਿਹਾ, "ਬੀਬੀ ਉਸ ਦਾ ਨਾਂ ਏ ਕਰਤਾਰ ਸਿੰਘ ਸਰਾਭਾ। ਉਹੋ ਜਿਹਾ ਨਿਧੜਕ ਤੇ ਹੌਂਸਲੇ ਵਾਲਾ ਨੌਜਵਾਨ ਹਰ ਕੋਈ ਨਹੀਂ ਹੋ ਸਕਦਾ। ਉਹ ਮੇਰੀਆਂ ਅੱਖਾਂ ਅੱਗੇ ਹਰ ਵੇਲੇ ਘੁੰਮਦਾ। ਮੈਨੂੰ ਉਹਦੇ ਬਿਨਾਂ ਕੋਈ ਚੀਜ਼ ਚੰਗੀ ਨਹੀਂ ਲੱਗਦੀ। ਉਹ ਤਾਂ ਦੇਸ਼ ਲਈ ਕੁਰਬਾਨੀ ਦੇ ਰਾਹ ਪੈ ਗਿਆ। ਕਾਸ਼ ਕਿਤੇ ਮੈਂ ਵੀ ਉਸ ਦੇ ਨਾਲ ਹੁੰਦੀ। ਮੈਂ ਵੀ ਉਸ ਵਾਂਗ ਆਪਣੇ ਦੇਸ਼ ਲਈ ਕੁੱਝ ਕਰ ਸਕਦੀ।"

"ਕੁੜੀਏ ਜੇ ਤੇਰੇ ਉਸ ਦਾ ਨਾਂ ਕਰਤਾਰ ਸਿੰਘ ਸਰਾਭਾ ਹੈ ਤਾਂ ਮੇਰੇ ਵੀ ਪਿਆਰੇ ਵੀਰ ਦਾ ਨਾਂ ਕਰਤਾਰ ਸਿੰਘ ਸਰਾਭਾ ਹੈ!" ਗੁਲਾਬ ਕੌਰ ਨੇ ਬੜੇ ਭਰੋਸੇ ਨਾਲ ਕਿਹਾ।

"ਹੈਂ......ਅ!" ਕੁੜੀ ਦੀਆਂ ਅੱਖਾਂ ਟੱਡੀਆਂ ਰਹਿ ਗਈਆਂ ਤੇ ਉਹ ਕਿਨਾਂ ਹੀ ਚਿਰ ਗੁਲਾਬ ਕੌਰ ਵੱਲ ਇੱਕ ਟੱਕ ਵੇਖੀ ਗਈ।

"ਤੂੰ ਕਰਤਾਰ ਸਿੰਘ ਸਰਾਭੇ ਦੀ ਭੈਣ!"

"ਹਾਂ। ਉਹ ਮੇਰਾ ਪਿਆਰਾ ਵੀਰ ਆ। ਉਸ ਦੇ ਨਾਲ ਜਗਤ ਸਿੰਘ ਸੁਰ ਸਿੰਘ ਤੇ ਹਰਨਾਮ ਸਿੰਘ ਕੋਟਲਾ ਨੌਧ ਸਿੰਘ ਵੀ ਗ੍ਰਿਫ਼ਤਾਰ ਹੋਏ ਐ। ਹਰਨਾਮ ਸਿੰਘ ਦਾ ਪਿੰਡ ਤਾਂ ਮੇਰਾ ਪਿੰਡ ਆ।"

"ਅੱਛਾ! ਤੂੰ ਸਾਰਿਆਂ ਨੂੰ ਜਾਣਦੀ ਏਂ?"

"ਬਹੁਤ ਚੰਗੀ ਤਰ੍ਹਾਂ। ਕਰਤਾਰ ਸਿੰਘ ਨੂੰ ਤਾਂ ਮੈਂ ਆਪਣੇ ਛੋਟੇ ਵੀਰਾਂ ਵਾਂਗ ਪਿਆਰ ਕਰਦੀ ਆਂ। ਮੈਨੂੰ ਇਹ ਵੀ, ਪਤਾ ਕਿ ਇਨ੍ਹਾਂ ਤਿੰਨਾਂ ਨੂੰ ਕਿਸ ਨੇ ਗ੍ਰਿਫ਼ਤਾਰ ਕਰਵਾਇਆ।"

"ਤੈਨੂੰ ਪਤਾ! ਬੀਬੀ ਮੈਨੂੰ ਜ਼ਰੂਰ ਦੱਸ।" ਕੁੜੀ ਕਾਹਲੀ ਪੈ ਗਈ।

"ਇਨ੍ਹਾਂ ਤਿੰਨਾਂ ਨੂੰ ਸਰਗੋਧੇ ਦੀ ਬਾਰ ਚੱਕ ਨੰ. 5 ਵਿੱਚ ਰਸਾਲਦਾਰ ਗੰਡਾ ਸਿੰਘ ਗੰਡੀਵਿੰਡ ਨੇ ਪੁਲੀਸ ਨੂੰ ਸੂਹ ਦੇ ਕੇ ਗ੍ਰਿਫ਼ਤਾਰ ਕਰਵਾ ਦਿੱਤਾ ਸੀ।

ਗੁਲਾਬ ਕੌਰ ਦੀ ਗੱਲ ਸੁਣ ਕੇ ਕੁੜੀ ਦੀਆਂ ਅੱਖਾਂ ਵਿੱਚ ਖ਼ੂਨ ਉੱਤਰ ਆਇਆ। ਉਸ ਦਾ ਚਿਹਰਾ ਇੱਕ ਦਮ ਭਖ ਗਿਆ।

"ਕੁੜੀਏ! ਤੂੰ ਆਪਣਾ ਨਾਂ ਨਹੀਂ ਦੱਸੇਗੀ?"

ਕੁੜੀ ਸਿੱਧੀ ਗੁਲਾਬ ਕੌਰ ਵੱਲ ਵੇਖਣ ਲੱਗੀ। ਜਿਵੇਂ ਕਹਿ ਰਹੀ ਹੋਵੇ ਅੜੀਏ ਹਾਲੇ ਵੀ ਕੋਈ ਸ਼ੱਕ ਰਹਿ ਗਈ। ਹੁਣ ਕਰਨ ਵਾਲੀ ਭਲਾ ਕਿਹੜੀ ਗੱਲ ਰਹਿ ਗਈ। ਫਿਰ ਵੀ ਕੁੜੀ ਦਲੇਰੀ ਨਾਲ ਕਹਿਣ ਲੱਗੀ, "ਮੇਰਾ ਨਾਂ ਏ ਰਘਬੀਰ ਕੌਰ ਬੀਰੀ।"

"ਮੈਂ ਆਉਣ ਸਾਰ ਤੇਰਾ ਨਾਂ ਤੇਰੀਆਂ ਅੱਖਾਂ 'ਚੋਂ ਪੜ੍ਹ ਲਿਆ ਸੀ ਤੇ ਮੇਰਾ ਨਾਂ ਹੈ ਗੁਲਾਬ ਕੌਰ। ਸਭ ਗ਼ਦਰੀਆਂ ਦੀ ਭੈਣ। ਕਰਤਾਰ ਸਿੰਘ ਸਰਾਭੇ ਨੇ ਮੈਨੂੰ ਇੱਕ ਚਿੱਠੀ ਭੇਜੀ ਐ। ਤੂੰ ਕੁੱਝ ਵੰਗਾਂ ਵੀ ਲੈ ਲੇ ਤੇ ਸਰਾਭੇ ਦੀ ਚਿੱਠੀ ਵੀ ਸੰਭਾਲ ਕੇ ਲੈ ਜਾਹ!" ਗੁਲਾਬ ਕੌਰ ਨੇ ਬੀਰੀ ਨੂੰ ਸਾਰੀ ਗੱਲ ਸਮਝਾਈ। ਫਿਰ ਇੱਕ ਕੱਪੜੇ ਵਿੱਚੋਂ ਕਰਤਾਰ ਸਿੰਘ ਦੀ ਚਿੱਠੀ ਕੱਢ ਕੇ ਹੌਲੀ ਜਿਹੀ ਬੀਰੀ ਨੂੰ ਫੜਾ ਦਿੱਤੀ ਤੇ ਚਿੱਠੀ ਉਸ ਨੇ ਆਪਣੀ ਮੁੱਠੀ ਵਿੱਚ ਘੁੱਟ ਲਈ। ਗੁਲਾਬ ਕੌਰ ਨੇ ਉਸ ਦੇ

ਨਾਪ ਦੀਆਂ ਕੁਝ ਚੂੜੀਆਂ ਉਸ ਨੂੰ ਫੜਾਈਆਂ।

"ਭੈਣ ਮੇਰੀਏ ਤੂੰ ਮੇਰੇ ਉੱਤੇ ਬਹੁਤ ਵੱਡਾ ਅਹਿਸਾਨ ਕੀਤਾ। ਮੈਂ ਤੇਰਾ ਗੁਣ ਕਦੇ ਨਹੀਂ ਭੁਲਾ ਸਕਦੀ ਪਰ ਮੈਂ ਤੇਰੀ ਕੋਈ ਸੇਵਾ ਨਹੀਂ ਕਰ ਸਕੀ।"

"ਤੂੰ ਬੇਫ਼ਿਕਰ ਰਹਿ। ਮੈਨੂੰ ਬਹੁਤ ਖ਼ੁਸ਼ੀ ਐ ਕਿ ਮੈਂ ਆਪਣੇ ਪਿਆਰੇ ਵੀਰ ਦੇ ਬੋਲ ਪੁਗਾ ਦਿੱਤੇ। ਬੱਸ ਮੈਂ ਤਾਂ ਆਪਣੀ ਇੱਕ ਡਿਊਟੀ ਨਿਭਾਈ ਐ। ਇਹ ਮੇਰਾ ਫਰਜ਼ ਸੀ।"

"ਭੈਣ ਮੇਰੀਏ ਹੁਣ ਮੈਂ ਆਪਣਾ ਫਰਜ਼ ਨਿਭਾਵਾਂਗੀ।" ਏਨਾ ਆਖ ਕੇ ਬੀਰੀ ਨੇ ਇੱਕ ਲੰਬਾ ਸਾਹ ਲਿਆ। ਗੁਲਾਬ ਕੌਰ ਸੋਚ ਰਹੀ ਸੀ ਕਿ ਇਸ ਲੰਬੇ ਸਾਹ ਦੇ ਖ਼ਬਰੇ ਕੀ ਅਰਥ ਹੋਣਗੇ। ਅਰਥ ਹੋਣਗੇ। ਜ਼ਰੂਰ ਡੂੰਘੇ ਅਰਥ ਹੋਣਗੇ।

ਬਾਈ

ਗੁਲਾਬ ਕੌਰ ਨੂੰ ਅੰਗਰੇਜ਼ੀ ਸਰਕਾਰ ਨੇ ਗ੍ਰਿਫ਼ਤਾਰ ਕਰਕੇ ਲਾਹੌਰ ਦੇ ਸ਼ਾਹੀ ਕਿਲ੍ਹੇ ਵਿੱਚ ਬੰਦ ਕਰ ਦਿੱਤਾ। ਗ੍ਰਿਫ਼ਤਾਰੀ 'ਡੀਫੈਂਸ ਆਫ ਇੰਡੀਆ' ਐਕਟ ਤਹਿਤ ਕੀਤੀ ਗਈ ਸੀ। ਜਿਹਲਮ ਵੱਲ ਕਈ ਦਿਨ ਲਾ ਕੇ ਉਹ ਜਦੋਂ ਕੋਟਲਾ ਨੌਧ ਸਿੰਘ ਪਿੰਡ ਪਰਤੀ ਤਾਂ ਉਸ ਨੂੰ ਪਤਾ ਲੱਗਾ ਕਿ ਉਸ ਦੀ ਗ੍ਰਿਫ਼ਤਾਰੀ ਲਈ ਇਨਾਮ ਰੱਖਿਆ ਗਿਆ ਹੈ ਪਰ ਉਹ ਬਿਲਕੁੱਲ ਨਾ ਘਬਰਾਈ। ਉਸ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਇਧਰਲੇ ਇਲਾਕੇ ਵਿੱਚ ਵੀ ਅੰਗਰੇਜ਼ਾਂ ਦੇ ਪਿੱਠੂ ਜ਼ੈਲਦਾਰ, ਸਫੈਦਪੋਸ਼ ਤੇ ਲੰਬੜਦਾਰ ਖੁਫੀਆ ਪੁਲੀਸ ਕੋਲ ਗ਼ਦਰੀਆਂ ਬਾਰੇ ਮੁਖ਼ਬਰੀ ਕਰ ਰਹੇ ਹਨ। ਸਗੋਂ ਇਧਰ ਤਾਂ ਬੇਲਾ ਸਿੰਘ ਤੇ ਬਾਵਾ ਸਿੰਘ ਵਰਗੇ ਕੌਮੀ ਗ਼ਦਾਰ ਘੁੰਮਦੇ ਫਿਰਦੇ ਹਨ। ਬੇਲਾ ਸਿੰਘ ਤਾਂ ਉਹ ਗ਼ਦਾਰ ਸੀ ਜਿਸ ਨੇ ਵੈਨਕੋਵਰ ਦੇ ਗੁਰਦੁਆਰੇ ਵਿੱਚ ਭਾਈ ਭਾਗ ਸਿੰਘ ਤੇ ਭਾਈ ਬਦਨ ਸਿੰਘ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਸੀ ਤੇ ਹੁਣ ਵੀ ਉਹ ਗ਼ਦਰੀਆਂ ਪਿੱਛੇ ਹੱਥ ਧੋ ਕੇ ਪਿਆ ਸੀ। ਉੱਨੀ ਫਰਵਰੀ ਨੂੰ ਗ਼ਦਰ ਦੀ ਸਕੀਮ ਫੇਲ੍ਹ ਹੋ ਗਈ ਸੀ ਤੇ ਹੁਣ ਪੁਲੀਸ ਗ਼ਦਾਰਾਂ ਦੀ ਸਹਾਇਤਾ ਨਾਲ ਗ਼ਦਰੀਆਂ ਨੂੰ ਧੜਾ ਧੜ ਗ੍ਰਿਫ਼ਤਾਰ ਕਰ ਰਹੀ ਸੀ। ਗੁਲਾਬ ਕੌਰ ਨੂੰ ਆਪਣੀ ਹੋਣੀ ਦਾ ਪਹਿਲਾਂ ਹੀ ਪਤਾ ਸੀ।

ਨਿੱਕੀ ਜਿਹੀ ਕੋਠੜੀ। ਬਾਹਰੋਂ ਦਰਵਾਜ਼ਾ ਬੰਦ। ਹਨ੍ਹੇਰੀ ਕੋਠੜੀ ਵਿੱਚ ਬੰਦ ਗੁਲਾਬ ਕੌਰ ਦੇ ਦਿਲ ਵਿਚ ਬੜੇ ਖਿਆਲ ਉਠਣ ਲੱਗੇ। ਹੁਣੇ ਪੁਲੀਸ ਵਾਲੇ ਆਉਣਗੇ। ਉਸ ਉੱਤੇ ਤਸ਼ੱਦਦ ਹੋਵੇਗਾ। ਮੇਰੇ ਕੋਲੋਂ ਪੁੱਛ-ਗਿੱਛ ਕੀਤੀ ਜਾਵੇਗੀ। ਹੋਰ ਗ਼ਦਰੀ ਵੀਰਾਂ ਬਾਰੇ ਪੁੱਛਣਗੇ। ਉਨ੍ਹਾਂ ਦੇ ਥਾਂ ਟਿਕਾਣੇ ਬਾਰੇ ਪੁੱਛਣਗੇ। ਗ਼ਦਰ ਪਾਰਟੀ ਬਾਰੇ ਸਵਾਲ ਕਰਨਗੇ। ਗੁਲਾਬ ਕੌਰ ਸੋਚਣ ਲੱਗੀ ਕਿ ਮਰਨਾ ਮਨਜ਼ੂਰ ਪਰ ਉਹ ਗ਼ਦਰ ਪਾਰਟੀ ਬਾਰੇ ਜਾਂ ਗ਼ਦਰੀ ਵੀਰਾਂ ਬਾਰੇ ਮੂੰਹ ਨਹੀਂ ਖੋਲ੍ਹੇਗੀ। ਏਨੇ ਨੂੰ ਦਰਵਾਜ਼ਾ ਖੁੱਲ੍ਹਿਆ। ਇੱਕ ਦੈਤ ਵਰਗਾ ਬੰਦਾ ਅੰਦਰ ਆਇਆ।

"ਕੀ ਨਾਂ ਤੇਰਾ?"

"ਗੁਲਾਬ ਕੌਰ!"

"ਕਿਨੇ ਮੋਟੇ ਕੜੇ ਪਾਏ ਐ।" ਉਹ ਬੰਦਾ ਗੁਲਾਬ ਕੌਰ ਦੇ ਹੱਥਾਂ ਵੱਲ ਝਾਕਿਆ। ਫਿਰ ਅਗਲੇ ਪਲ ਉਸ ਨੇ ਗੁਲਾਬ ਕੌਰ ਦਾ ਹੱਥ ਫੜਿਆ ਤੇ ਜੋਰ ਨਾਲ ਕੜਾ ਲਾਹ ਲਿਆ। ਦੂਜੇ ਹੱਥ ਵਿੱਚੋਂ ਵੀ ਉਸ ਨੇ ਕੜਾ ਉਤਾਰ ਲਿਆ।

"ਤੂੰ ਗ਼ਦਰ ਪਾਰਟੀ ਵਿੱਚ ਕਿੰਨੇ ਚਿਰ ਤੋਂ ਕੰਮ ਕਰਦੀ ਐਂ?" ਉਸ ਬੰਦੇ ਦੀ ਬੜੀ ਰੁੱਖੀ

ਬੋਲੀ ਸੀ ਤੇ ਉਹ ਪਸ਼ੂਆਂ ਵਾਂਗ ਫੁੰਕਾਰੇ ਮਾਰ ਰਿਹਾ ਸੀ।

"ਮੈਂ ਤਾਂ ਆਪ ੇ ਘਰ ਦਾ ਕੰਮ ਕਰਦੀ ਆਂ।" ਗੁਲਾਬ ਕੌਰ ਦਾ ਸੰਖੇਪ ਜਵਾਬ ਸੀ।

"ਤੇਰੇ ਕੋਲ ਬਥੇਰੇ ਗ਼ਦਰੀ ਆਉਂਦੇ ਐ। ਚੁੱਪ ਕਰਕੇ ਸਾਰਿਆਂ ਦੇ ਥਾਂ ਟਿਕਾਣੇ ਦੱਸ ਦੇ।"

"ਮੈਂ ਤਾਂ ਕਿਸੇ ਗ਼ਦਰੀ ਨੂੰ ਨਹੀਂ ਜਾਣਦੀ।"

"ਸਾਨੂੰ ਸਾਰਾ ਕੁੱਝ ਪੁੱਛਣਾ ਆਉਂਦਾ। ਚੁੱਪ ਕਰਕੇ ਸਭ ਦੇ ਨਾਂ ਦੱਸ ਦੇ ਤੇ ਤੈਨੂੰ ਅਸੀਂ ਚੁੱਪ ਕਰਕੇ ਛੱਡ ਦਿਆਂਗੇ। ਜੇ ਤੂੰ ਜ਼ਿਦ ਫੜੀ ਰੱਖੀ ਤਾਂ ਫਿਰ ਤੂੰ ਬਕਣ ਲਈ ਤਿਆਰ ਰਹਿ। ਏਥੇ ਤਾਂ ਅਸੀਂ ਵੱਡਿਆਂ-ਵੱਡਿਆਂ ਦੇ ਵਲ਼ ਕੱਢ ਦਿੱਤੇ ਐ ਤੇ ਤੂੰ ਕਿਹੜੇ ਬਾਗ਼ ਦੀ ਮੂਲ਼ੀ ਐਂ!"

ਗੁਲਾਬ ਕੌਰ ਨੂੰ ਪਤਾ ਸੀ ਕਿ ਇਸ ਕਿਲ੍ਹੇ ਵਿੱਚ ਦੇਸ਼ ਭਗਤਾਂ ਉਤੇ ਬੜਾ ਤਸ਼ੱਦਦ ਕੀਤਾ ਜਾਂਦਾ। ਉਹ ਤਾਂ ਜਬਰ ਜ਼ੁਲਮ ਸਹਿਣ ਲਈ ਆਪਣੇ ਆਪ ਨੂੰ ਤਿਆਰ ਕਰ ਰਹੀ ਸੀ। ਇਧਰ ਉਸ ਬੰਦੇ ਨੇ ਵੇਖ ਲਿਆ ਕਿ ਇਹ ਔਰਤ ਸਿੱਧੀ ਤਰ੍ਹਾਂ ਕੁੱਝ ਨਹੀਂ ਦੱਸੇਗੀ। ਉਸ ਦਾ ਪਹਿਲਾ ਯਤਨ ਅਸਫ਼ਲ ਸੀ ਤੇ ਉਹ ਫੁੰਕਾਰੇ ਮਾਰਦਾ ਕੋਠੜੀ ਵਿਚੋਂ ਚਲਾ ਗਿਆ।

ਅਗਲਾ ਦਿਨ ਲੰਘ ਗਿਆ। ਰਾਤ ਨੂੰ ਉਹੀ ਬੰਦਾ ਫਿਰ ਕੋਠੜੀ ਵਿੱਚ ਆ ਗਿਆ। ਉਸ ਨੇ ਪਹਿਲਾਂ ਵਾਲੇ ਪ੍ਰਸ਼ਨ ਫੇਰ ਕੀਤੇ। ਕੁੱਝ ਸਮੇਂ ਬਾਅਦ ਪਿਛਲੇ ਜਵਾਬ ਸੁਣ ਕੇ ਉਹ ਬਾਹਰ ਨਿਕਲ ਗਿਆ। ਥੋੜ੍ਹੇ ਚਿਰ ਬਾਅਦ ਇਕ ਉੱਚੀ ਲੰਮੀ ਤੇ ਮੋਟੀ ਔਰਤ ਕੋਠੜੀ ਵਿੱਚ ਆ ਗਈ। ਉਸ ਦੇ ਨਾਲ ਚਾਰ ਹੋਰ ਔਰਤਾਂ ਸਨ। ਮੋਟੀ ਦੀਆਂ ਅੱਖਾਂ ਵਿੱਚੋਂ ਤਾਂ ਜਿਵੇਂ ਚੰਗਿਆੜੇ ਨਿਕਲ ਰਹੇ ਸਨ।

"ਖੜ੍ਹੀ ਹੋ ਨੀ!" ਮੋਟੀ ਕਿਸੇ ਬਘਿਆੜੀ ਵਾਂਗ ਚਿਲਾਈ। ਗੁਲਾਬ ਕੌਰ ਉੱਠ ਕੇ ਖਲੋ ਗਈ। ਮੋਟੀ ਜ਼ਾਲਮ ਨੇ ਸਾਰੇ ਜ਼ੋਰ ਨਾਲ ਆਪਣੀ ਸੱਜੀ ਲੱਤ ਗੁਲਾਬ ਕੌਰ ਦੇ ਢਿੱਡ ਵਿੱਚ ਕੱਢ ਮਾਰੀ। ਗੁਲਾਬ ਕੌਰ ਗਸ਼ ਖਾ ਕੇ ਫਰਸ਼ ਉੱਤੇ ਡਿੱਗ ਪਈ। ਉਸ ਦਾ ਢਿੱਡ 'ਕੱਠਾ ਹੋ ਗਿਆ।

"ਉਠ ਕੇ ਖੜ੍ਹੀ ਹੋ!" ਮੋਟੀ ਫੇਰ ਚੀਖੀ ਪਰ ਗੁਲਾਬ ਕੌਰ ਵਿੱਚ ਉੱਠਣ ਦੀ ਹਿੰਮਤ ਨਾ ਰਹੀ। ਏਨੇ ਨੂੰ ਉਹ ਬੁੱਚੜ ਔਰਤ ਗੁਲਾਬ ਕੌਰ ਦੇ ਉੱਤੇ ਬੈਠ ਗਈ। ਦੋ ਔਰਤਾਂ ਨੇ ਗੁਲਾਬ ਕੌਰ ਦੀਆਂ ਲੱਤਾਂ ਤੇ ਦੂਜੀਆਂ ਨੇ ਉਸ ਦੀਆਂ ਬਾਹਾਂ ਨੱਪ ਲਈਆਂ।

ਗੁਲਾਬ ਕੌਰ ਨੂੰ ਪੰਜ ਬੁੱਚੜ ਔਰਤਾਂ ਨੇ ਬਿਲਕੁੱਲ ਜਕੜ ਲਿਆ। ਉਸ ਨੂੰ ਸਾਹ ਆਉਣਾ ਔਖਾ ਹੋ ਗਿਆ।

"ਹਾਂ ਫੇਰ। ਛੇਤੀ ਬੋਲ ਕਿਹੜੇ ਕਿਹੜੇ ਗ਼ਦਰੀਆਂ ਕੋਲ ਫਿਰਦੀ ਰਹੀ ਐਂ?" ਮੋਟੀ ਬੁੱਚੜ ਨੇ ਗੁਲਾਬ ਕੌਰ ਦੇ ਇਕ ਜੋਰ ਦਾ ਥੱਪੜ ਜੜ ਦਿੱਤਾ। ਪਰ ਉਹ ਤਾਂ ਉਸੇ ਤਰ੍ਹਾਂ ਚੁੱਪ ਗੜੁੱਪ ਸੀ।

"ਠਹਿਰ ਜਾ। ਤੂੰ ਤਾਂ ਭੋਰਾ ਭੋਰਾ ਗੱਲ ਬਕੇਂਗੀ।" ਮੋਟੀ ਦੀ ਰੁੱਖੀ ਅਵਾਜ਼ ਆਈ। ਫਿਰ ਉਹ ਉਠ ਕੇ ਚਾਰ ਜਣੀਆਂ ਦੀ ਘੁੱਟ ਕੇ ਨੱਪੀ ਗੁਲਾਬ ਕੌਰ ਦੇ ਢਿੱਡ ਵਿੱਚ ਜ਼ੋਰ ਨਾਲ ਲੱਤਾਂ ਮਾਰਨ ਲੱਗ ਪਈ। ਗੁਲਾਬ ਕੌਰ ਦੇ ਢਿੱਡ ਵਿੱਚ ਪਹਿਲੀ ਲੱਤ ਵੱਜਣ ਨਾਲ ਹੀ ਜਿਵੇਂ ਸਿਰ ਫਟਣ ਵਾਲਾ ਹੋ ਗਿਆ। ਉਹ ਜੋਰ ਦੀ ਲੱਤਾਂ ਮਾਰਦੀ ਰਹੀ। ਉਹ ਲੱਤਾਂ ਕਦੇ ਢਿੱਡ ਉਤੇ ਤੇ ਕਦੇ ਛਾਤੀ ਉੱਤੇ ਮਾਰਦੀ। ਗੁਲਾਬ ਕੌਰ ਦੀ ਕੋਈ ਪੇਸ਼ ਨਹੀਂ ਸੀ ਜਾਂਦੀ। ਉਸ ਨੂੰ ਸਾਹ ਵੀ ਔਖਾ ਆਉਂਦਾ। ਲੱਤਾਂ ਦੀ ਪੀੜ ਨਾਲ ਢਿੱਡ ਦੀਆਂ ਨਾੜਾਂ ਜਿਵੇਂ ਪਾਟਦੀਆਂ। ਲਹੂ ਬਾਹਰ ਨੂੰ ਆਉਂਦਾ। ਸਾਰਾ ਸਰੀਰ ਜਿਵੇਂ ਘੁਲਾੜੀ ਵਿੱਚ ਆ ਗਿਆ ਹੋਏ। ਲੱਤਾਂ ਵੱਜਣ ਨਾਲ ਢਿੱਡ

'ਕੱਠਾ ਹੁੰਦਾ ਪਰ ਚਾਰੇ ਜਣੀਆਂ ਉਸ ਨੂੰ ਜੋਰ ਨਾਲ ਨੱਪ ਕੇ ਰੱਖਦੀਆਂ। ਮੋਟੀ ਬੁੱਚੜ ਦਾ ਸਾਹ ਚੜ੍ਹ ਗਿਆ। ਉਹ ਹਫਕੇ ਇੱਕ ਪਾਸੇ ਹੋ ਗਈ ਪਰ ਦੂਜੀਆਂ ਨੇ ਗੁਲਾਬ ਕੌਰ ਨੂੰ ਉਸੇ ਤਰ੍ਹਾਂ ਨੱਪੀ ਰੱਖਿਆ।

ਗੁਲਾਬ ਕੌਰ ਦੀਆਂ ਨਾੜਾਂ ਜਿਵੇਂ ਟੁੱਟਣ 'ਤੇ ਆ ਗਈਆਂ। ਫਿਰ ਉਸ ਦੇ ਸਾਹਮਣੇ ਕਰਤਾਰ ਸਿੰਘ ਸਰਾਭਾ, ਜਗਤ ਸਿੰਘ ਸੁਰ ਸਿੰਘ, ਹਰਨਾਮ ਸਿੰਘ ਟੁੰਡੀਲਾਟ, ਜੀਵਨ ਸਿੰਘ ਦੌਲਾ ਸਿੰਘ ਵਾਲਾ, ਹਾਫਿਜ਼ ਅਬਦੁੱਲਾ, ਰਹਿਮਤ ਅਲੀ ਵਜੀਦਕੇ, ਲਾਲ ਸਿੰਘ ਸਾਹਿਬਾਨਾ, ਜਗਤ ਸਿੰਘ ਬਿੰਝਲ, ਸੁਰਜਣ ਸਿੰਘ, ਬੰਤਾ ਸਿੰਘ ਸੰਘਵਾਲ, ਪਿਆਰਾ ਸਿੰਘ ਲੰਗੇਰੀ ਤੇ ਨਿਧਾਨ ਸਿੰਘ ਚੁੱਘਾ ਵਰਗੇ ਗ਼ਦਰੀ ਆ ਗਏ। ਉਸ ਨੂੰ ਕਰਤਾਰ ਸਿੰਘ ਸਰਾਭੇ ਦੇ ਸ਼ਬਦ ਯਾਦ ਆਏ—

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,
ਗੱਲਾਂ ਕਰਨੀਆਂ ਢੇਰ ਸੁੱਖਲੀਆਂ ਨੇ।
ਜਿਨ੍ਹਾਂ ਦੇਸ਼ ਸੇਵਾ ਵਿੱਚ ਪੈਰ ਪਾਇਆ,
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

ਮਨਾ ਇਹ ਅਜ਼ਾਦੀ ਦਾ ਰਾਹ ਹੈ। ਮਨੀਲਾ ਤੋਂ ਤੁਰਨ ਲੱਗਿਆਂ ਦੇਸ਼ ਦੀ ਅਜ਼ਾਦੀ ਦੀ ਖਾਤਰ ਹਰ ਕੁਰਬਾਨੀ ਦੇਣ ਦੀ ਸਹੁੰ ਖਾਧੀ ਸੀ। ਇਹ ਜ਼ਾਲਮ ਮੇਰੇ ਸਰੀਰ ਦਾ ਭਲਾ ਅੰਗ ਅੰਗ ਭੰਨ ਦੇਣ ਪਰ ਮੈਂ ਸੀਅ ਨਹੀਂ ਕਰਾਂਗੀ। "ਨੀ ਕੁਝ ਬਕ ਦੇ ਮੂੰਹੋਂ। ਕਿੰਨੇ ਗ਼ਦਰੀ ਲੁਕੇ ਫਿਰਦੇ ਆ। ਕਿੱਥੇ ਰਹਿੰਦੇ ਐ। ਸਭ ਦੇ ਨਾਂ ਤੇ ਟਿਕਾਣੇ ਦੱਸ ਦੇ। ਨਹੀਂ ਤਾਂ ਮੈਂ ਤੇਰੇ ਹੱਡ ਤੋੜ ਕੇ ਛੱਡਾਂਗੀ।" ਉਸ ਜ਼ਾਲਮ ਔਰਤ ਨੇ ਗੁਲਾਬ ਕੌਰ ਨੂੰ ਵਾਲਾਂ ਤੋਂ ਫੜ ਕੇ ਝੰਜੋੜਿਆ ਪਰ ਗੁਲਾਬ ਕੌਰ ਦੀ ਤਾਂ ਜਿਵੇਂ ਜ਼ਬਾਨ ਹੀ ਬੰਦ ਹੋ ਗਈ। ਉਹ ਬਿਲਕੁੱਲ ਚੁੱਪ ਰਹੀ।

"ਇਹਦੇ ਕੱਪੜੇ ਲਾਹ ਦਿਉ। ਇਸ ਨੇ ਐਵੇਂ ਨਹੀਂ ਮੰਨਣਾ।" ਜ਼ਾਲਮ ਇਨਸਾਨੀਅਤ ਤੋਂ ਵੀ ਨੀਵੀਂ ਚਲੀ ਗਈ। ਦੋ ਜਣੀਆਂ ਨੇ ਗੁਲਾਬ ਕੌਰ ਦੇ ਕੱਪੜੇ ਉਤਾਰ ਦਿੱਤੇ। ਉਹ ਤਾਂ ਨਿਰਜਿੰਦ ਹੋਈ ਪਈ ਸੀ। ਉਹ ਮੁੜ ਮੁੜ ਆਪਣੇ ਗ਼ਦਰੀ ਵੀਰਾਂ ਨੂੰ ਯਾਦ ਕਰਦੀ।

ਉਸ ਬੁੱਚੜ ਔਰਤ ਨੇ ਫਿਰ ਪੂਰੇ ਜੋਰ ਨਾਲ ਗੁਲਾਬ ਕੌਰ ਦੇ ਢਿੱਡ ਉੱਤੇ, ਛਾਤੀ ਉੱਤੇ ਤੇ ਲੱਤਾਂ ਉਤੇ ਲੱਤਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਉਸ ਚੰਡਾਲ ਔਰਤ ਵਿੱਚ ਭੋਰਾ ਵੀ ਇਨਸਾਨੀਅਤ ਦੀ ਕਣੀ ਨਹੀਂ ਸੀ ਜਾਪਦੀ। ਗੁਲਾਬ ਕੌਰ ਦੀਆਂ ਨਾੜਾਂ ਟੁੱਟਣ ਲੱਗੀਆਂ। ਸਿਰ ਫਟਣ ਲੱਗਾ। ਸਾਰਾ ਲਹੂ ਜਿਵੇਂ ਮੂੰਹ ਰਾਹੀਂ ਬਾਹਰ ਆ ਰਿਹਾ ਸੀ। ਜੋਰ ਦੀ ਮਾਰ ਨਾਲ ਗੁਲਾਬ ਕੌਰ ਬੇਹੋਸ਼ ਹੋ ਗਈ। ਮੂੰਹ ਵਿੱਚੋਂ ਖ਼ੂਨ ਦੀਆਂ ਉਲਟੀਆਂ ਆਉਣ ਲੱਗੀਆਂ। ਸਿਰ ਇੱਕ ਪਾਸੇ ਨੂੰ ਲੁਟਕ ਗਿਆ ਸੀ। ਮੂੰਹ ਵਿੱਚੋਂ ਲਗਾਤਾਰ ਖ਼ੂਨ ਵਗਣ ਲੱਗ ਪਿਆ। ਫਿਰ ਜ਼ਾਲਮ ਔਰਤ ਘਬਰਾ ਗਈ।

"ਇਹ ਤਾਂ ਮਰ ਗਈ ਲੱਗਦੀ ਐ।" ਇੱਕ ਜਣੀ ਬੋਲੀ।

"ਇਹ ਤਾਂ ਭੋਰਾ ਵੀ ਨਹੀਂ ਹਿਲਦੀ ਜੁਲਦੀ।" ਇੱਕ ਹੋਰ ਦੀ ਅਵਾਜ਼ ਆਈ।

"ਚਲੋ, ਭੱਜ ਚੱਲੀਏ!" ਜ਼ਾਲਮ ਔਰਤ ਕੰਬਣ ਲੱਗ ਪਈ।

"ਇਹਦੇ ਕੱਪੜੇ ਤਾਂ ਪਾ ਦੇਈਏ।

"ਚਲੋ ਛੇਤੀ ਕਰੋ!"

ਫਿਰ ਸਾਰੀਆਂ ਨੇ ਛੇਤੀ ਛੇਤੀ ਗੁਲਾਬ ਕੌਰ ਦੇ ਕੱਪੜੇ ਪਾ ਦਿੱਤੇ। ਗੁਲਾਬ ਕੌਰ ਨੂੰ ਫਿਰ ਖ਼ੂਨ ਦੀ ਉਲਟੀ ਆਈ।

"ਇਹ ਨੀ ਹੁਣ ਬੱਚਦੀ। ਭੱਜ ਚੱਲੋ।" ਪੰਜੇ ਜਣੀਆਂ ਖ਼ੂਨ ਨਾਲ ਲੱਥ ਪੱਥ ਤੇ ਬੇਹੋਸ਼ ਪਈ ਗੁਲਾਬ ਕੌਰ ਨੂੰ ਛੱਡ ਕੇ ਭੱਜ ਤੁਰੀਆਂ। ਗੁਲਾਬ ਕੌਰ ਦਾ ਦਿਲ ਕਹਿ ਰਿਹਾ ਸੀ ਕਿ ਬੱਸ ਲਾ ਲਿਆ ਜੋਰ। ਵੱਧ ਤੋਂ ਵੱਧ ਜ਼ੁਲਮ ਕਰ ਕੇ ਵੇਖ ਲਿਆ। ਵੇਖ ਜ਼ਾਲਮੋ ਮੈਂ ਮੌਤ ਤੋਂ ਨਹੀਂ ਡਰਦੀ। ਤੁਹਾਡੇ ਤਸ਼ੱਦਦ ਤੋਂ ਨਹੀਂ ਡਰਦੀ। ਤੁਸੀਂ ਬੁਜ਼ਦਿਲ। ਕਾਇਰ। ਪੂਰੀ ਤਰ੍ਹਾਂ ਗਿਰੀਆਂ। ਦਿਲ ਤਾਂ ਤੁਹਾਡਾ ਕੰਬ ਰਿਹਾ। ਮੇਰਾ ਦਿਲ ਨਹੀਂ ਡੋਲਦਾ। ਜੇਕਰ ਮੇਰਾ ਦਿਲ ਡੋਲਦਾ ਹੁੰਦਾ ਤਾਂ ਮਨੀਲਾ ਤੋਂ ਨਾ ਤੁਰਦੀ।

ਗੁਲਾਬ ਕੌਰ ਨੇ ਉਠਣ ਦੀ ਕੋਸ਼ਿਸ਼ ਕੀਤੀ ਪਰ ਉਸ ਕੋਲੋਂ ਤਾਂ ਸਿਰ ਵੀ ਨਾ ਚੁੱਕ ਹੋਇਆ। ਖ਼ੂਨ ਦੀਆਂ ਉਲਟੀਆਂ ਨਾਲ ਉਸ ਦਾ ਸਾਹ ਵੀ ਜਿਵੇਂ ਬੰਦ ਹੋ ਗਿਆ। ਢਿੱਡ ਵਿੱਚ ਲੋਹੜੇ ਦਾ ਦਰਦ ਉਠ ਰਿਹਾ ਸੀ। ਹੱਥਾਂ ਪੈਰਾਂ ਵਿੱਚ ਜਿਵੇਂ ਜਾਨ ਹੀ ਨਹੀਂ ਸੀ। ਮੂੰਹ ਵਿਚੋਂ ਵਗੇ ਖ਼ੂਨ ਨੂੰ ਪੂੰਝਣ ਦੀ ਵੀ ਉਸ ਵਿੱਚ ਹਿੰਮਤ ਨਹੀਂ ਸੀ। ਉਹ ਕਿਸ ਨੂੰ ਅਵਾਜ਼ ਮਾਰੇ। ਕਿਸ ਨੂੰ ਆਪਣਾ ਦੁੱਖ ਦੱਸੇ। ਇਹ ਤਾਂ ਉਹ ਸ਼ਾਹੀ ਕਿਲ੍ਹਾ ਹੈ ਜਿਥੇ ਦੇਸ਼ ਭਗਤਾਂ ਲਾਲ ਅਜਿਹਾ ਅਣਮਨੁੱਖੀ ਵਰਤਾਉ ਆਮ ਹੁੰਦਾ ਹੈ।

ਕੁੱਝ ਚਿਰ ਬਾਅਦ ਕੋਠੜੀ ਵਿੱਚ ਪੈੜ ਚਾਲ ਹੋਈ। ਗੁਲਾਬ ਕੌਰ ਬੇਹੋਸ਼ੀ ਦੀ ਹਾਲਤ ਵਿੱਚ ਸੀ। ਉਸ ਦੀਆਂ ਅੱਖਾਂ ਦੀ ਜੋਤ ਤਾਂ ਜਿਵੇਂ ਖ਼ਤਮ ਹੋ ਗਈ ਸੀ। ਅੱਖਾਂ ਅੱਗੇ ਘੁੱਪ ਹਨ੍ਹੇਰਾ ਸੀ। ਜ਼ਾਲਮ ਫਿਰ ਆ ਗਏ। ਕੋਈ ਗੱਲ ਨਹੀਂ। ਇਹ ਆਪਣਾ ਜੋਰ ਲਾ ਲੈਣ। ਜਾਨ ਦੇਣੀ ਮਨਜ਼ੂਰ ਪਰ ਜ਼ਾਲਮਾਂ ਅੱਗੇ ਝੁਕਾਂਗੀ ਨਹੀਂ। ਇਸ ਤੋਂ ਅੱਗੇ ਇਹ ਮੈਨੂੰ ਕੀ ਕਰ ਦੇਣਗੇ। ਕਿਸੇ ਨੇ ਗੁਲਾਬ ਕੌਰ ਦਾ ਹੱਥ ਫੜ ਲਿਆ। ਇਹ ਤਾਂ ਕੋਈ ਜਿਵੇਂ ਨਬਜ਼ ਟੋਹ ਰਿਹਾ ਸੀ। ਫਿਰ ਉਸ ਨੇ ਗੁਲਾਬ ਕੌਰ ਦੇ ਸਿਰ ਉਤੇ ਹੱਥ ਫੇਰਿਆ। ਸਾਰਾ ਮੂੰਹ ਖ਼ੂਨ ਨਾਲ ਭਰਿਆ ਪਿਆ ਸੀ। ਵੇਖਣ ਵਾਲੇ ਦਾ ਹੱਥ ਕੰਬ ਰਿਹਾ ਸੀ। ਗੁਲਾਬ ਕੌਰ ਦੀ ਭੈੜੀ ਹਾਲਤ ਬਾਰੇ ਜੇਲ੍ਹਰ ਨੂੰ ਖ਼ਬਰ ਹੋ ਗਈ ਸੀ। ਉਸ ਨੇ ਤੁਰੰਤ ਆ ਕੇ ਗੁਲਾਬ ਕੌਰ ਨੂੰ ਵੇਖਿਆ। ਸਾਹਮਣੇ ਤਾਂ ਜਿਵੇਂ ਲਾਸ਼ ਪਈ ਸੀ। ਬੁਰੀ ਤਰ੍ਹਾਂ ਨਾਲ ਮਾਰੀ ਕੁੱਟੀ ਇਕ ਔਰਤ ਨੂੰ ਵੇਖ ਕੇ ਜੇਲ੍ਹਰ ਨੂੰ ਹੱਥਾਂ ਪੈਰਾਂ ਦੀ ਪੈ ਗਈ। ਇਸ ਨੇ ਬਿਲਕੁਲ ਨਹੀਂ ਬਚਣਾ। ਗੁਲਾਬ ਕੌਰ ਨੇ ਨਾ ਤਾਂ ਜ਼ੁਬਾਨ ਖੋਲ੍ਹੀ ਤੇ ਨਾ ਹੀ ਕੋਈ ਭੇਦ ਦਿੱਤਾ ਸੀ। ਹੁਣ ਤੱਕ ਉਸ ਦਾ ਇੱਕ ਵੀ ਗੁਨਾਹ ਸਾਬਤ ਨਹੀਂ ਸੀ ਹੋਇਆ। ਜੇਲ੍ਹਰ ਦਾ ਦਿਮਾਗ ਘੁੰਮ ਗਿਆ। ਕੁੱਟ ਮਾਰ ਲਈ ਭੇਜੀ ਨੂੰਰਾਂ ਲੰਬੜਦਾਰਨੀ ਉਤੇ ਉਸ ਨੂੰ ਬੜਾ ਗੁੱਸਾ ਆ ਰਿਹਾ ਸੀ ਪਰ ਉਸ ਨੇ ਸਭ ਤੋਂ ਪਹਿਲਾਂ ਜੇਲ੍ਹ ਦੇ ਡਾਕਟਰ ਨੂੰ ਬੁਲਾ ਲਿਆ। ਡਾਕਟਰ ਨੇ ਆ ਕੇ ਗੁਲਾਬ ਕੌਰ ਦੀ ਹਾਲਤ ਵੇਖੀ ਤੇ ਉਸ ਨੂੰ ਛੇਤੀ ਨਾਲ ਹੋਰ ਬੰਦੇ ਬੁਲਾ ਕੇ ਹਸਪਤਾਲ ਦਾਖਲ ਕਰਵਾ ਦਿੱਤਾ।

ਹਸਪਤਾਲ ਵਿੱਚ ਗੁਲਾਬ ਕੌਰ ਦਾ ਇਲਾਜ ਚੱਲ ਪਿਆ। ਪਰ ਉਸ ਦਾ ਖ਼ੂਨ ਵਗਣਾ ਬੰਦ ਨਹੀਂ ਸੀ ਹੋ ਰਿਹਾ। ਜੇਲ੍ਹਰ ਨੇ ਲੰਬੜਦਾਰਨੀ ਨੂੰ ਸੱਦ ਲਿਆ।

"ਆਹ ਤੂੰ ਕੀ ਕੀਤਾ?" ਜੇਲ੍ਹਰ ਲੋਹਾ ਲਾਖਾ ਸੀ।

"ਮੈਨੂੰ ਤਾਂ ਖਾਨ ਸਾਹਿਬ ਨੇ ਮਾਰ ਕੁੱਟ ਕਰਨ ਲਈ ਭੇਜਿਆ ਸੀ।" ਨੂਰਾਂ ਕੰਬ ਰਹੀ ਸੀ।

"ਤੂੰ ਇਸ ਨੂੰ ਮਾਰਨਾ ਤਾਂ ਨਹੀਂ ਸੀ।" ਪਰ ਨੂਰਾਂ ਪੂਰੀ ਤਰ੍ਹਾਂ ਡਰੀ ਹੋਈ ਸੀ। ਕੰਬਦੀ ਨੂੰ ਕੋਈ ਗੱਲ ਨਹੀਂ ਸੀ ਔੜ ਰਹੀ।

ਡਾਕਟਰ ਨੇ ਗੁਲਾਬ ਕੌਰ ਦਾ ਬੜੇ ਗੌਰ ਨਾਲ ਇਲਾਜ਼ ਸ਼ੁਰੂ ਕੀਤਾ। ਇੱਕ ਦਿਨ, ਦੋ ਦਿਨ। ਬਹੁਤ ਦਿਨ ਲੰਘ ਗਏ। ਹੌਲੀ ਹੌਲੀ ਗੁਲਾਬ ਕੌਰ ਦੀ ਸਿਹਤ ਵਿੱਚ ਸੁਧਾਰ ਹੋਣ ਲੱਗ ਪਿਆ। ਕੁੱਝ ਦਿਨਾਂ ਬਾਅਦ ਗੁਲਾਬ ਕੌਰ ਥੋੜ੍ਹਾ ਥੋੜ੍ਹਾ ਭੋਜਣ ਖਾਣ ਲੱਗੀ। ਜੱਦ ਉਹ ਤੁਰਨ ਫਿਰਨ ਜੋਗੀ ਹੋ ਗਈ ਤਾਂ ਉਸ ਨੂੰ ਮੁੜ ਕੇ ਫਿਰ ਜੇਲ੍ਹ ਵਿਚ ਲਿਆਂਦਾ ਗਿਆ। ਏਥੇ ਕਈ ਦਿਨ ਲੰਘ ਗਏ ਪਰ ਹੁਣ ਉਸ ਕੋਲੋਂ ਜੇਲ੍ਹ ਦਾ ਕੋਈ ਕਰਮਚਾਰੀ ਪੁੱਛ ਗਿੱਛ ਕਰਨ ਨਹੀਂ ਸੀ ਆਉਂਦਾ। ਲੰਬੜਦਾਰਨੀ ਨੂਰਾਂ ਗੁਲਾਬ ਕੌਰ ਨੂੰ ਵੇਖ ਕੇ ਦੂਰੋਂ ਹੀ ਪਾਸਾ ਵੱਟ ਲੈਂਦੀ। ਉਸ ਨੂੰ ਆਪਣੀ ਕੀਤੀ ਉਤੇ ਜਿਵੇਂ ਪਛਤਾਵਾਂ ਹੋ ਰਿਹਾ ਸੀ। ਉਹ ਗੁਲਾਬ ਕੌਰ ਅੱਗੇ ਅੱਖ ਨਹੀਂ ਸੀ ਚੁੱਕਦੀ।

ਇੱਕ ਦਿਨ ਨੂਰਾਂ ਸਵੱਖਤੇ ਹੀ ਗੁਲਾਬ ਕੌਰ ਕੋਲ ਆ ਗਈ। ਉਸ ਦੀਆਂ ਅੱਖਾਂ ਵਿੱਚ ਨੀਰ ਵਗ ਤੁਰਿਆ। ਉਸ ਨੇ ਆਪਣਾ ਮੂੰਹ ਦੂਜੇ ਪਾਸੇ ਕਰ ਲਿਆ। ਗੁਲਾਬ ਕੌਰ ਉਸ ਵੱਲ ਵੇਖਦੀ ਰਹੀ। ਜ਼ਾਲਮ ਔਰਤ ਉਸ ਦੇ ਸਾਹਮਣੇ ਖੜੋਤੀ ਕੰਬ ਰਹੀ ਸੀ।

"ਬੀਬੀ ਮੈਂ ਤੇਰੇ ਨਾਲ ਬਹੁਤ ਧੱਕਾ ਕੀਤਾ। ਮੈਂ ਆਪਣੀ ਕੀਤੀ ਉਤੇ ਪਛਤਾ ਰਹੀ ਆਂ। ਬੀਬੀ ਤੂੰ ਮੈਨੂੰ ਜੋ ਮਰਜ਼ੀ ਸਜ਼ਾ ਦੇ ਦੇ। ਮੈਂ ਭੁਗਤਣ ਲਈ ਤਿਆਰ ਆਂ। ਬੱਸ ਇਕ ਵਾਰ ਆਪਣੇ ਮੂੰਹੋਂ ਜ਼ਰੂਰ ਕਹਿ ਦੇ ਕਿ ਤੈਨੂੰ ਮਾਫ ਕੀਤਾ। ਬੀਬੀ ਮੈਨੂੰ ਮਾਫ ਕਰਦੇ।" ਤੇ ਫਿਰ ਨੂਰਾਂ ਫੁੱਟ ਫੁੱਟ ਕੇ ਰੋ ਪਈ।

"ਭੈਣ ਮੇਰੀਏ। ਤੇਰੇ ਵੱਸ ਦੀ ਗੱਲ ਨਹੀਂ। ਇਹ ਜ਼ਾਲਮਾਂ ਦੀ ਸਰਕਾਰ ਐ। ਆਮ ਲੋਕਾਂ ਉੱਤੇ ਜ਼ੁਲਮ ਹੋ ਰਿਹਾ। ਕੈਦੀਆਂ ਤੋਂ ਹੀ ਕੈਦੀਆਂ ਦੀ ਮਾਰ ਕੁਟਾਈ ਹੋ ਰਹੀ ਐ। ਇਹ ਵੀ ਜ਼ਾਲਮਾਂ ਦੀ ਇੱਕ ਕੋਝੀ ਚਾਲ ਐ। ਅਫ਼ਸਰਾਂ ਜੇ ਆਪ ਕੁੱਝ ਨਹੀਂ ਕੀਤਾ। ਤੇਰੇ ਵਰਗੀਆਂ ਨੂੰ ਮੂਹਰੇ ਕਰ ਦਿੱਤਾ। ਭੈਣ ਮੈਂ ਤਾਂ ਤੈਨੂੰ ਕੁੱਝ ਨਹੀਂ ਕਹਿਣਾ। ਮੈਂ ਤਾਂ ਤੈਨੂੰ ਮਾਫ ਕਰਦੀ ਆਂ।"

"ਬੀਬੀ ਤੂੰ ਕਿੱਡੀ ਮਹਾਨ ਐ।" ਨੂਰਾਂ ਭਰੀਆਂ ਅੱਖਾਂ ਨਾਲ ਹੱਥ ਬੰਨ੍ਹੀ ਖਲੋਤੀ ਸੀ।

ਨੂਰਾਂ ਹੁਣ ਹਰ ਰੋਜ਼ ਗਰਮ ਪਾਣੀ ਤੇ ਸਰੋਂ ਦਾ ਤੇਲ ਗੁਲਾਬ ਕੌਰ ਨੂੰ ਨਹਾਉਣ ਵਾਸਤੇ ਦੇ ਜਾਂਦੀ। ਗੁਲਾਬ ਕੌਰ ਦਾ ਉਹ ਹਰ ਤਰ੍ਹਾਂ ਖਿਆਲ ਰੱਖਦੀ। ਗੁਲਾਬ ਕੌਰ ਤਾਂ ਸਾਰਾ ਦਿਨ ਚੁੱਪ ਚਾਪ ਬੈਠੀ ਰਹਿੰਦੀ। ਆਪਣੇ ਗ਼ਦਰੀ ਵੀਰਾਂ ਨੂੰ ਯਾਦ ਕਰਦੀ। ਉਸ ਉੱਤੇ ਕੋਈ ਮੁਕੱਦਮਾ ਵੀ ਦਰਜ਼ ਨਹੀਂ ਸੀ ਪਰ ਫਿਰ ਵੀ ਉਹ ਜ਼ਾਲਮਾਂ ਦੀ ਕੈਦ ਵਿੱਚ ਸੀ। ਕਦੇ ਉਹ ਬੈਠ ਕੇ ਝੂਰਨ ਲੱਗ ਜਾਂਦੀ ਕਿ ਗ਼ਦਰ ਪਾਰਟੀ ਨੇ ਕਿਵੇਂ ਪਾਰਟੀ ਤਿਆਰ ਕੀਤੀ। ਵੱਡਾ ਪ੍ਰੋਗਰਾਮ ਬਣਾਇਆ। ਲੋਕਾਂ ਨੂੰ ਤੇ ਫੌਜ ਨੂੰ ਵੀ ਨਾਲ ਜੋੜਿਆ। ਹਥਿਆਰ ਇਕੱਠੇ ਕੀਤੇ। ਗ਼ਦਰ ਕਰਨ ਦਾ ਦਿਨ ਸੀ। ਬੱਸ ਇੱਕ ਗ਼ਦਾਰ ਸਾਰਾ ਕੰਮ ਖ਼ਰਾਬ ਕਰ ਗਿਆ। ਇਸ ਨੂੰ ਆਪਣੇ ਦੇਸ਼ ਦਾ ਵਾਸੀ ਕਿਵੇ ਆਖਾਂ! ਇਹ ਸਾਡੇ ਲੋਕਾਂ ਦਾ ਭਰਾ ਕਿਵੇਂ ਹੋਇਆ। ਆਪਣੇ ਲੋਕਾਂ ਨਾਲ ਕਿਨਾ ਵੱਡਾ ਧੋਖਾ ਕਰ ਗਿਆ। ਇਨ੍ਹਾਂ ਲੋਕਾਂ ਨੂੰ ਸਾਡੇ ਦੇਸ਼ ਦੀ ਅਜ਼ਾਦੀ ਨਾਲ ਕੀ ਵਾਸਤਾ। ਇਨ੍ਹਾਂ ਭਾਣੇ ਦੇਸ਼ ਜਿਧਰ ਮਰਜ਼ੀ ਜਾਵੇ। ਬੱਸ ਉਨ੍ਹਾਂ ਨੂੰ ਅੰਗਰੇਜ਼ਾਂ ਤੋਂ ਇਨਾਮ ਮਿਲਦੇ ਰਹਿਣ। ਕੋਈ ਤੁਹਾਨੂੰ ਕਿਵੇਂ ਦੱਸੇ ਕਿ ਤੁਸੀਂ ਵੀ ਏਥੋਂ ਚਲੇ ਜਾਣਾ ਹੈ ਪਰ ਤੁਸੀਂ ਇੱਕ ਕਲੰਕ ਲੈ ਕੇ ਮਰੋਗੇ। ਇਹ ਕਲੰਕ ਸਦੀਆਂ ਤੱਕ ਤੁਹਾਡੇ ਮੱਥੇ ਉੱਤੇ ਜੜਿਆ ਰਹੇਗਾ। ਬੱਸ ਇਸੇ ਤਰ੍ਹਾਂ ਸੋਚਾਂ ਸੋਚਦਿਆਂ ਇੱਕ ਸਾਲ, ਦੋ ਸਾਲ ਤੇ ਤੀਜੇ ਸਾਲ ਗੁਲਾਬ ਕੌਰ ਨੂੰ ਜੇਲ੍ਹ ਤੋਂ ਰਿਹਾ ਕੀਤਾ ਗਿਆ।

ਗੁਲਾਬ ਕੌਰ ਦੀ ਸਿਹਤ ਬਹੁਤ ਕਮਜ਼ੋਰ ਹੋ ਚੁੱਕੀ ਸੀ। ਉਸ ਕੋਲੋਂ ਤਾਂ ਤੁਰਿਆ ਵੀ ਨਹੀਂ ਸੀ ਜਾਂਦਾ। ਜੇਲ੍ਹ ਦੀ ਭੈੜੀ ਖੁਰਾਕ ਕਾਰਨ ਉਸ ਦੀ ਸਿਹਤ ਸਗੋਂ ਡਿਗਦੀ ਗਈ। ਉਹ ਇਸੇ

ਹਾਲਤ ਵਿੱਚ ਕੋਟਲਾ ਨੌਧ ਸਿੰਘ ਆ ਗਈ। ਇਹ ਉਹ ਸਮਾਂ ਸੀ ਜਦੋਂ ਜਨਰਲ ਡਾਇਰ ਨੇ ਅੰਮ੍ਰਿਤਸਰ ਦੇ ਜੱਲ੍ਹਿਆਂ ਵਾਲਾ ਬਾਗ਼ ਵਿਚ ਨਿਹੱਥੇ ਲੋਕਾਂ ਉੱਤੇ ਅੰਨ੍ਹੇਵਾਹ ਗੋਲੀਆਂ ਦਾ ਮੀਂਹ ਵਰਸਾ ਦਿੱਤਾ ਸੀ। ਬਹੁਤ ਲੋਕ ਸ਼ਹੀਦ ਹੋ ਗਏ ਤੇ ਅਨੇਕਾਂ ਫੱਟੜ ਹੋ ਗਏ। ਇਹ ਗੱਲਾਂ ਸੁਣ-ਸੁਣ ਕੇ ਗੁਲਾਬ ਕੌਰ ਦਾ ਕਲੇਜਾ ਮੂੰਹ ਨੂੰ ਆਉਂਦਾ। ਉਹ ਭਰੇ ਹੋਏ ਮਨ ਨਾਲ ਸੋਚਦੀ ਕਿ ਸਾਡੇ ਬਹੁਤ ਆਗੂ ਸਾਡੇ ਨੌਜਵਾਨਾਂ ਨੂੰ ਅੰਗਰੇਜ਼ੀ ਫੌਜ ਵਿਚ ਭਰਤੀ ਹੋਣ ਲਈ ਅਪੀਲਾਂ ਕਰਦੇ ਨਹੀਂ ਸਨ ਥੱਕਦੇ। ਸੰਸਾਰ ਜੰਗ ਲੱਗੀ ਹੋਈ ਸੀ। ਅੰਗਰੇਜ਼ ਇਸ ਜੰਗ ਵਿੱਚ ਸ਼ਾਮਲ ਸਨ। ਸਾਡੇ ਕੁਝ ਨੇਤਾਵਾਂ ਦਾ ਵਿਚਾਰ ਸੀ ਕਿ ਇਸ ਔਖੇ ਸਮੇਂ ਸਾਨੂੰ ਅੰਗਰੇਜ਼ਾਂ ਦੀ ਮੱਦਦ ਕਰਨੀ ਚਾਹੀਦੀ ਐ। ਜੰਗ ਖ਼ਤਮ ਹੋਣ ਤੋਂ ਬਾਅਦ ਅੰਗਰੇਜ਼ ਸਾਨੂੰ ਅਜ਼ਾਦੀ ਦੇ ਦੇਣਗੇ। ਲਓ ਜੱਲ੍ਹਿਆਂ ਵਾਲਾ ਬਾਗ਼ ਵਿੱਚ ਸਾਡੇ ਲੋਕਾਂ ਉੱਤੇ ਗੋਲੀਆਂ ਚਲਾ ਕੇ ਸਾਨੂੰ ਅਜ਼ਾਦੀ ਦਾ ਤੋਹਫਾ ਦੇ ਦਿੱਤਾ।

ਅਚਾਨਕ ਇੱਕ ਦਿਨ ਗੁਲਾਬ ਕੌਰ ਉਠ ਕੇ ਆਪਣਾ ਚਰਖਾ ਸਾਫ ਕਰਨ ਲੱਗ ਪਈ। ਚਾਚੀ ਇੰਦਰ ਕੌਰ ਭੱਜ ਕੇ ਅੰਦਰੋਂ ਆ ਗਈ।

"ਕੁੜੇ ਧੀਏ, ਇਹ ਤੂੰ ਕੀ ਕਰਨ ਲੱਗੀ ਐ?"

"ਚਾਚੀ ਸਾਰਾ ਸਾਰਾ ਦਿਨ ਬੈਠ ਕੇ ਮੈਂ ਅੱਕੀ ਪਈ ਆਂ।"

"ਕੁੜੇ ਤੂੰ ਆਪਣੀ ਸਿਹਤ ਤਾਂ ਵੇਖ। ਤੁਰਿਆ ਤਾਂ ਤੈਥੋਂ ਜਾਂਦਾ ਨਹੀਂ। ਦੱਸ ਤੂੰ ਚਰਖਾ ਕਿਵੇਂ ਚਲਾਏਂਗੀ।" ਚਾਚੀ ਗੁਲਾਬ ਕੌਰ ਦੇ ਪੀਲ਼ੇ ਪਏ ਚਿਹਰੇ ਵੱਲ ਵੇਖ ਰਹੀ ਸੀ। ਫਿਰ ਅਮਰ ਸਿੰਘ ਦੀਆਂ ਦੋਵੇਂ ਭਰਜਾਈਆਂ ਵੀ ਆ ਗਈਆਂ।

"ਨਾ ਬੀਬੀ ਅਸੀਂ ਨਹੀਂ ਹਾਲੇ ਚਰਖਾ ਡਾਹੁਣਾ। ਪਹਿਲਾਂ ਤਕੜੀ ਹੋ ਜਾਹ। ਫੇਰ ਕੱਤ ਲਿਆ ਕਰੀਂ।" ਦਿਆਲੀ ਨੇ ਵੀ ਗੁਲਾਬ ਕੌਰ ਦੇ ਲਿੱਸੇ ਜਿਹੇ ਚਿਹਰੇ ਵੱਲ ਵੇਖ ਕੇ ਕਿਹਾ।

"ਕੋਈ ਨਾ ਮੈਂ ਹੁਣ ਸਾਰਾ ਦਿਨ ਬੈਠ ਕੇ ਕੀ ਕਰਾਂ।" ਅਸਲ ਵਿੱਚ ਗੁਲਾਬ ਕੌਰ ਘਰ ਵਿੱਚ ਬੈਠ ਕੇ ਜਿਵੇਂ ਅੱਕ ਗਈ ਸੀ। ਉਸ ਨੂੰ ਤਾਂ ਦਿਨ ਕੱਢਣਾ ਔਖਾ ਸੀ।

ਰਾਤ ਨੂੰ ਅਮਰ ਸਿੰਘ ਘਰ ਆ ਗਿਆ। ਚਾਚੀ ਨੇ ਉਸ ਨੂੰ ਚਰਖਾ ਡਾਹੁਣ ਵਾਲੀ ਗੱਲ ਦੱਸੀ। ਅਮਰ ਸਿੰਘ ਆਪ ਬੜਾ ਪਰੇਸ਼ਾਨ ਸੀ। ਕਿਉਂਕਿ ਗੁਲਾਬ ਕੌਰ ਦੀ ਸਿਹਤ ਦਿਨੋ ਦਿਨ ਡਿਗਦੀ ਹੀ ਜਾ ਰਹੀ ਸੀ। ਕੁੱਝ ਦੇਰ ਬਾਅਦ ਉਹ ਕਹਿਣ ਲੱਗਾ, "ਮੈਨੂੰ ਇੱਕ ਹੁਸ਼ਿਆਰਪੁਰ ਦੇ ਵੈਦ ਦੀ ਦੱਸ ਪਈ ਐ। ਕਹਿੰਦੇ ਉਹ ਦੇਸੀ ਦਵਾ ਦਿੰਦਾ। ਵੈਦ ਕਹਿੰਦੇ ਬਹੁਤ ਸਿਆਣਾ।"

"ਬੱਸ ਤੂੰ ਚੁੱਪ ਕਰਕੇ ਬੀਬੀ ਨੂੰ ਹੁਸ਼ਿਆਰਪੁਰ ਲੈ ਕੇ ਜਾਹ। ਸਾਡੇ ਕੋਲੋਂ ਨੀ ਇਸ ਦੀ ਇਹ ਹਾਲਤ ਵੇਖੀ ਜਾਂਦੀ। ਫਿਰ ਸਭ ਦੀ ਸਲਾਹ ਬਣ ਗਈ ਕਿ ਉਹ ਸਵੱਖਤੇ ਹੀ ਹੁਸ਼ਿਆਰਪੁਰ ਵੈਦ ਕੋਲ ਗੁਲਾਬ ਕੌਰ ਨੂੰ ਵਿਖਾ ਕੇ ਆਉਣਗੇ।

ਤੇਈ

ਗੁਲਾਬ ਕੌਰ ਹੁਸ਼ਿਆਰਪੁਰ ਦੇ ਇੱਕ ਹਕੀਮ ਦੂਨੀ ਚੰਦ ਤੋਂ ਦਵਾਈ ਲੈ ਕੇ ਘਰ ਮੁੜੀ ਤਾਂ ਦਿਨ ਛੁਪ ਗਿਆ। ਥੱਕੀ ਟੁੱਟੀ ਉਹ ਘਰ ਆ ਕੇ ਮੰਜੇ ਉੱਤੇ ਮਸਾਂ ਡਿੱਗੀ। ਅਮਰ ਸਿੰਘ ਗੁਲਾਬ ਕੌਰ ਨੂੰ ਘੋੜੀ ਉੱਤੇ ਬਿਠਾ ਕੇ ਲੈ ਕੇ ਗਿਆ ਸੀ। ਜਾਂਦਾ ਹੋਇਆ ਵੀ ਤੇ ਆਉਂਦਾ ਹੋਇਆ ਵੀ ਉਹ ਘੋੜੀ ਦੀ ਲਗਾਮ ਫੜ ਕੇ ਪੈਦਲ ਚੱਲਦਾ ਰਿਹਾ ਸੀ ਪਰ ਸਿਹਤ ਕਮਜ਼ੋਰ ਹੋਣ ਕਰਕੇ ਗੁਲਾਬ ਕੌਰ ਘੋੜੀ ਉੱਤੇ ਬੈਠੀ ਵੀ ਥੱਕ ਗਈ ਸੀ। ਅਮਰ ਸਿੰਘ ਦੀ ਚਾਚੀ ਤੇ ਉਸ ਦੀਆਂ ਦੋਵੇਂ

ਭਰਜਾਈਆਂ ਇੱਕ ਦਮ ਕਮਰੇ ਵਿੱਚ ਆ ਗਈਆਂ। ਨਿੱਕੇ ਬੱਚੇ ਵੀ ਆ ਗਏ। ਗੁਲਾਬ ਕੌਰ ਮੰਜੇ ਉੱਤੇ ਲੇਟ ਗਈ ਸੀ। ਚਾਚੀ ਨੇ ਗੁਲਾਬ ਕੌਰ ਦੇ ਮੱਥੇ ਉੱਤੇ ਹੱਥ ਫੇਰਿਆ।

"ਹੁਣ ਪੁੱਤ ਕਿਵੇਂ ਐਂ?" ਚਾਚੀ ਪਿਆਰ ਨਾਲ ਬੋਲੀ।

"ਬੈਠਣ ਨਾਲ ਥੋੜ੍ਹਾ ਥਕੇਵਾਂ ਹੋ ਗਿਆ। ਊਂ ਠੀਕ ਆਂ। ਹਕੀਮ ਨੇ ਦਵਾਈ ਦੇ ਦਿੱਤੀ ਐ। ਕਹਿੰਦਾ ਤਕੜੀ ਹੋ ਜਾਏਂਗੀ।" ਗੁਲਾਬ ਕੌਰ ਨੇ ਹੌਲੀ ਜਿਹੀ ਕਿਹਾ।

"ਲੈ ਬੀਬੀ ਪਾਣੀ ਪੀ ਲੈ!" ਦਿਆਲੀ ਨੇ ਕਿਹਾ। ਗੁਲਾਬ ਕੌਰ ਨੇ ਉਠ ਕੇ ਥੋੜ੍ਹਾ ਪਾਣੀ ਪੀਤਾ ਤੇ ਫਿਰ ਲੇਟ ਗਈ।

"ਏਨੇ ਸਫ਼ਰ ਨਾਲ ਥਕੇਵਾਂ ਤਾਂ ਮੱਲੋਮੱਲੀ ਹੋ ਜਾਂਦਾ!" ਚਾਚੀ ਮੰਜੇ ਉੱਤੇ ਬੈਠਦੀ ਬੋਲੀ।

"ਤੂੰ ਖਾਣਾ ਪੁੱਤ ਕੀ ਐ?" ਚਾਚੀ ਨੇ ਫੇਰ ਹੌਲੀ ਜਿਹੀ ਕਿਹਾ।

"ਚਾਚੀ ਹਕੀਮ ਕਹਿੰਦਾ ਸੀ ਬਈ ਦਵਾਈ ਦੁੱਧ ਨਾਲ ਖਾਣੀ ਐ। ਮੈਂ ਥੋੜ੍ਹਾ ਦੁੱਧ ਈ ਪੀ ਲਊਂਗੀ।" ਗੁਲਾਬ ਕੌਰ ਦੀ ਲਿਸੀ ਜਿਹੀ ਅਵਾਜ਼ ਨਿਕਲੀ।

ਦਿਆਲੀ ਕੁੱਝ ਚਿਰ ਪਿੱਛੋਂ ਦੁੱਧ ਗਰਮ ਕਰਕੇ ਲੈ ਆਈ। ਗੁਲਾਬ ਕੌਰ ਨੇ ਦੁੱਧ ਦੇ ਨਾਲ ਹੀ ਦਵਾਈ ਦੀ ਇੱਕ ਪੁੜੀ ਖਾਧੀ ਤੇ ਚਾਦਰ ਲੈ ਕੇ ਫਿਰ ਪੈ ਗਈ। ਦਿਆਲੀ ਤੇ ਨਿਹਾਲੀ ਆਪੋ ਆਪਣੇ ਕੰਮੀਂ ਲੱਗ ਗਈਆਂ। ਚਾਚੀ ਵੀ ਕੁੱਝ ਚਿਰ ਬੈਠ ਕੇ ਚਲੀ ਗਈ। ਹੌਲੀ ਹੌਲੀ ਕਮਰੇ ਵਿੱਚ ਹਨ੍ਹੇਰਾ ਹੋ ਗਿਆ। ਮੌਸਮ ਅੰਦਰ ਪੈਣ ਵਾਲਾ ਨਹੀਂ ਸੀ। ਥੋੜ੍ਹੇ ਚਿਰ ਬਾਅਦ ਚਾਚੀ ਨੇ ਦੀਵਾ ਜਗਾ ਕੇ ਗੁਲਾਬ ਕੌਰ ਦਾ ਮੰਜਾ ਬਾਹਰ ਕੱਢ ਕੇ ਬਿਸਤਰਾ ਵਿਛਾ ਦਿੱਤਾ। ਗੁਲਾਬ ਕੌਰ ਘੋੜੀ ਉੱਤੇ ਬੈਠਣ ਕਾਰਨ ਥਕੇਵਾਂ ਵੱਧ ਮਹਿਸੂਸ ਕਰ ਰਹੀ ਸੀ। ਇਸ ਕਰਕੇ ਉਹ ਚਾਦਰ ਲੈ ਕੇ ਫਿਰ ਮੰਜੇ ਉੱਤੇ ਪੈ ਗਈ।

ਗੁਲਾਬ ਕੌਰ ਦੀਆਂ ਅੱਖਾਂ ਅੱਗੇ ਹੁਸ਼ਿਆਰਪੁਰ ਵਾਲਾ ਹਕੀਮ ਦੂਨੀ ਚੰਦ ਆ ਗਿਆ। ਅਮਰ ਸਿੰਘ ਦੇ ਨਾਲ ਉਹ ਅੱਜ ਪਹਿਲੀ ਵਾਰ ਦੂਨੀ ਚੰਦ ਦੀ ਦੁਕਾਨ ਉੱਤੇ ਗਈ ਸੀ। ਦੁਕਾਨ ਕਾਫੀ ਵੱਡੀ ਸੀ। ਉਹ ਜਾਣ ਸਾਰ ਬੈਂਚ ਉੱਤੇ ਬੈਠ ਗਈ। ਹਕੀਮ ਕੁਰਸੀ ਉੱਤੇ ਬੈਠਾ ਸੀ ਤੇ ਉਸ ਦੇ ਲਾਗੇ ਹੀ ਇੱਕ ਹੋਰ ਭਾਈ ਮਾਮ ਦਸਤੇ ਵਿੱਚ ਦਵਾਈਆਂ ਕੁੱਟ ਰਿਹਾ ਸੀ।

"ਆਉ!" ਹਕੀਮ ਏਨਾ ਹੀ ਬੋਲਿਆ। ਫਿਰ ਗੁਲਾਬ ਕੌਰ ਆਪਣੇ ਬਾਰੇ ਦੱਸਿਆ ਕਿ ਲਾਹੌਰ ਦੇ ਸ਼ਾਹੀ ਕਿਲ੍ਹੇ ਵਿੱਚ ਅੰਗਰੇਜ਼ੀ ਪੁਲੀਸ ਨੇ ਉਸ ਉੱਤੇ ਬੜਾ ਤਸ਼ੱਦਦ ਕੀਤਾ। ਜਿਸ ਕਾਰਨ ਉਸ ਦੀ ਹਾਲਤ ਵਿਗੜ ਗਈ। ਕਮਜ਼ੋਰੀ ਕਾਰਨ ਉਹ ਤੁਰਨ ਫਿਰਨ ਜੋਗੀ ਵੀ ਨਹੀਂ ਤੇ ਨਾ ਹੀ ਭੁੱਖ ਲੱਗਦੀ ਹੈ।

ਏਨੀ ਗੱਲ ਸੁਣਨ ਸਾਰ ਹਕੀਮ ਗੁਲਾਬ ਕੌਰ ਵੱਲ ਇੱਕ ਦਮ ਡੂੰਘਾ ਡੂੰਘਾ ਵੇਖਣ ਲੱਗਾ। ਫਿਰ ਉਸ ਨੇ ਅਮਰ ਸਿੰਘ ਵੱਲ ਵੀ ਬੜੇ ਗਹੁ ਨਾਲ ਵੇਖਿਆ। ਉਸ ਦੇ ਚਿਹਰੇ ਉੱਤੇ ਕਈ ਰੰਗ ਬਿਖਰ ਗਏ। ਫਿਰ ਉਹ ਦਵਾਈਆਂ ਕੁਟਦੇ ਭਾਈ ਵੱਲ ਝਾਕਿਆ। ਹੈਰਾਨ ਹੁੰਦਾ ਬਾਹਰ ਝਾਕਿਆ। ਫਿਰ ਉਹ ਕੁਰਸੀ ਤੋਂ ਉਠ ਕੇ ਲਾਗੇ ਪਏ ਮੇਜ਼ ਕੋਲ ਜਾ ਕੇ ਦਵਾਈਆਂ ਦੀ ਪੁੜੀਆਂ ਬੰਨ੍ਹਣ ਲੱਗਾ। ਗੁਲਾਬ ਕੌਰ ਉਸ ਨੂੰ ਵੇਖ ਕੇ ਬੜੀ ਹੈਰਾਨ ਹੋ ਰਹੀ ਸੀ ਕਿ ਹਕੀਮ ਨੂੰ ਪਤਾ ਨਹੀਂ ਕੀ ਹੋ ਗਿਆ। ਹਕੀਮ ਪੁੜੀਆਂ ਲੈ ਕੇ ਕੁਰਸੀ ਉੱਤੇ ਆ ਬੈਠਾ ਤੇ ਗੁਲਾਬ ਕੌਰ ਵੱਲ ਵੇਖ ਕੇ ਕਹਿਣ ਲੱਗਾ, "ਭੈਣ, ਸਵੇਰੇ ਸ਼ਾਮ ਇੱਕ ਇੱਕ ਪੁੜੀ ਕੋਸੇ ਦੁੱਧ ਨਾਲ ਖਾਣੀ। ਦਵਾਈ ਕਈ ਦਿਨ ਖਾਣੀ ਪਏਗੀ। ਅਰਾਮ ਜ਼ਰੂਰ ਆ ਜਾਊ।"

"ਪੈਸੇ ਕਿੰਨੇ ਜੀ?" ਅਮਰ ਸਿੰਘ ਬੋਲਿਆ।

"ਇਹ ਮੇਰੀ ਭੈਣ ਐ ਤੇ ਮੈਂ ਆਪਣੀ ਭੈਣ ਕੋਲੋਂ ਪੈਸੇ ਕਿਵੇਂ ਲੈ ਲਵਾਂ?" ਹਕੀਮ ਹੱਸ ਪਿਆ। ਦਵਾਈਆਂ ਕੁੱਟਦਾ ਭਾਈ ਵੀ ਮਿੰਨ੍ਹਾ ਜਿਹਾ ਹੱਸ ਪਿਆ। ਗੁਲਾਬ ਕੌਰ ਬੜੀ ਹੈਰਾਨ ਸੀ।

"ਨਹੀਂ ਜੀ, ਪੈਸੇ ਤਾਂ ਲਉ!" ਅਮਰ ਸਿੰਘ ਫੇਰ ਬੋਲਿਆ।

"ਬਿਲਕੁੱਲ ਨਹੀਂ। ਬੱਸ ਸਾਡੀ ਭੈਣ ਤਕੜੀ ਹੋ ਜਾਵੇ!" ਹਕੀਮ ਨੇ ਗੁਲਾਬ ਕੌਰ ਵੱਲ ਵੇਖਿਆ। ਗੁਲਾਬ ਕੌਰ ਸੋਚਣ ਲੱਗੀ ਕਿ ਜ਼ਰੂਰ ਕੋਈ ਖਾਸ ਗੱਲ ਹੈ।

ਹਕੀਮ ਬਾਹਰ ਵੱਲ ਝਾਕ ਕੇ ਕਹਿਣ ਲੱਗਾ, "ਇਹ ਬੀਬੀ ਸਾਡੀ ਭੈਣ ਗੁਲਾਬ ਕੌਰ ਐ। ਮੈਂ ਇਸ ਨੂੰ ਪਛਾਣ ਲਿਆ।"

ਹਕੀਮ ਦੀ ਗੱਲ ਸੁਣ ਕੇ ਗੁਲਾਬ ਕੌਰ ਵੀ ਹੈਰਾਨ ਹੋ ਗਈ। ਉਸ ਦਾ ਚਿਹਰਾਂ ਪਹਿਲਾਂ ਨਾਲੋਂ ਕੁੱਝ ਖ਼ੁਸ਼ ਵਿਖਾਈ ਦੇਣ ਲੱਗਾ। ਫਿਰ ਹਕੀਮ ਹੌਲੀ ਹੌਲੀ ਖੁੱਲ੍ਹ ਕੇ ਗੱਲ ਕਰਨ ਲੱਗਾ, "ਭੈਣ, ਮੈਂ ਤਾਂ ਤੁਹਾਨੂੰ ਦੁਕਾਨ ਵਿੱਚ ਆਉਣ ਸਾਰ ਪਛਾਣ ਲਿਆ ਸੀ। ਮੈਂ ਤੁਹਾਨੂੰ ਅੱਜ ਮਿਲ ਕੇ ਬਹੁਤ ਖ਼ੁਸ਼ ਹੋਇਆ। ਤੂੰ ਤਾਂ ਸਾਰੇ ਗ਼ਦਰੀਆਂ ਦੀ ਭੈਣ। ਮੇਰਾ ਬੜਾ ਜੀਅ ਕਰਦਾ ਸੀ ਕਿ ਤੁਹਾਨੂੰ ਮਿਲਾਂ। ਅੱਜ ਕੁਦਰਤੀ ਮੇਲ ਹੋ ਗਿਆ।" ਹਕੀਮ ਦੀਆਂ ਗੱਲਾਂ ਸੁਣ ਕੇ ਗੁਲਾਬ ਕੌਰ ਹੈਰਾਨ ਤਾਂ ਜ਼ਰੂਰ ਸੀ ਪਰ ਉਸ ਨੂੰ ਕਿਸੇ ਗੱਲ ਦਾ ਪਤਾ ਨਹੀਂ ਸੀ ਲੱਗ ਰਿਹਾ। ਸ਼ਾਇਦ ਹਕੀਮ ਵੀ ਇਸ ਗੱਲ ਨੂੰ ਸਮਝ ਰਿਹਾ ਸੀ। ਫਿਰ ਕੁੱਝ ਚਿਰ ਰੁਕ ਕੇ ਉਹ ਬਾਹਰ ਵੱਲ ਵੇਖਦਾ ਹੌਲੀ ਹੌਲੀ ਕਹਿਣ ਲੱਗਾ, "ਭੈਣ ਮੇਰੀਏ, ਮੈਂ ਦੁਨੀ ਚੰਦ ਹਕੀਮ ਨਹੀਂ। ਮੈਂ ਤਾਂ ਗ਼ਦਰੀ ਧਰਮ ਸਿੰਘ ਆਂ ਤੇ ਆਹ ਬੈਠਾ ਗ਼ਦਰੀ ਕਰਮ ਸਿੰਘ!" ਹਕੀਮ ਨੇ ਸਾਰਾ ਭੇਦ ਖੋਲ੍ਹ ਦਿੱਤਾ। ਗੁਲਾਬ ਕੌਰ ਦੀ ਖ਼ੁਸ਼ੀ ਦਾ ਤਾਂ ਕੋਈ ਟਿਕਾਣਾ ਨਾ ਰਿਹਾ। ਉਹ ਵੀ ਖੁੱਲ੍ਹ ਕੇ ਹੱਸ ਪਈ। ਪਤਾ ਨਹੀਂ ਅੱਜ ਉਹ ਕਿਨੇ ਚਿਰ ਬਾਅਦ ਹੱਸੀ ਸੀ। ਫਿਰ ਗੁਲਾਬ ਕੌਰ ਨੂੰ ਯਾਦ ਆਇਆ ਕਿ ਜੇਲ੍ਹ ਜਾਣ ਤੋਂ ਪਹਿਲਾਂ ਗ਼ਦਰੀ ਧਰਮ ਸਿੰਘ ਤੇ ਗ਼ਦਰੀ ਕਰਮ ਸਿੰਘ ਬਹੁਤ ਮੀਟਿੰਗਾਂ ਵਿੱਚ ਇਕੱਠੇ ਹੋਏ ਸਨ।

"ਵੀਰਾਂ ਆਹ ਫਿਰ ਤੂੰ ਦਵਾਈਆਂ ਵਾਲਾ ਕੀ ਚੱਕਰ ਚਲਾਇਆ?" ਗੁਲਾਬ ਕੌਰ ਖ਼ੁਸ਼ੀ ਦੇ ਰੌਅ ਵਿੱਚ ਸੀ।

"ਭੈਣ, ਦਵਾਈ ਬੂਟੀ ਕਰਨ ਮੈਂ ਜਾਣਦਾਂ। ਨਾ ਤਾਂ ਮੈਂ ਪੁਲੀਸ ਤੋਂ ਬਚਣ ਲਈ ਬਦਲਿਆ ਪਰ ਦੁਕਾਨ ਰਾਹੀਂ ਮੇਰਾ ਦੂਰ ਦੂਰ ਤੱਕ ਸੰਪਰਕ ਬਣਿਆ ਹੋਇਆ।"

"ਗ਼ਦਰ ਪਾਰਟੀ ਹੁਣ ਕਿੰਨੀ ਕੁ ਸਰਗਰਮ ਐ?"

"ਭੈਣੇ, ਜਿਹੜੀ ਜੋਤ ਸੋਹਣ ਸਿੰਘ ਭਕਨਾ ਤੇ ਕਰਤਾਰ ਸਿੰਘ ਸਰਾਭੇ ਹੋਰਾਂ ਨੇ ਜਗਾਈ ਸੀ, ਇਹ ਖ਼ਤਮ ਨਹੀਂ ਹੋ ਸਕਦੀ। ਇਹ ਜੋਤ ਤਾਂ ਇੱਕ ਦਮ ਸੂਹੀ ਲਾਟ ਬਣੇਗੀ। ਬੱਸ ਸਾਡੇ ਤਾਂ ਗ਼ਦਾਰਾਂ ਦਾ ਬੇੜਾ ਬ਼ਹਿ ਗਿਆ, ਨਹੀਂ ਤਾਂ ਸਾਰੇ ਦੇਸ਼ ਵਿੱਚ ਹੁਣ ਨੂੰ ਗ਼ਦਰ ਪਾਰਟੀ ਦਾ ਝੰਡਾ ਝੂਲਣਾ ਸੀ।"

"ਬਿਲਕੁੱਲ ਸਹੀ ਗੱਲ ਐ ਵੀਰਾ। ਸਾਨੂੰ ਤਾਂ ਸਾਡੇ ਆਪਣਿਆਂ ਨੇ ਮਾਰਿਆ। ਮੈਂ ਤਾਂ ਇਹ ਕਹੂੰਗੀ ਕਿ ਇਹ ਗ਼ਦਾਰ ਭਾਰਤ ਮਾਤਾ ਦੇ ਪੁੱਤਰ ਹੀ ਨਹੀਂ। ਜਿਹੜੇ ਆਪਣੇ ਦੇਸ਼ ਵਾਸੀਆਂ ਨਾਲ ਵਿਸ਼ਵਾਸ਼ਘਾਤ ਕਰਦੇ ਆ ਤੇ ਉਹ ਸਾਡੇ ਕੀ ਲੱਗਦੇ ਹੋਏ।" ਗੁਲਾਬ ਕੌਰ ਇੱਕ ਦਮ ਗੰਭੀਰ ਹੋ ਗਈ।

"ਵੀਰਾ, ਮੇਰੀ ਤਾਂ ਜਿੱਥੇ ਮਰਜ਼ੀ ਡਿਊਟੀ ਲਾਉ ਮੈਂ ਤਿਆਰ ਆਂ।" ਗੁਲਾਬ ਕੌਰ ਫੇਰ

ਜੋਸ਼ ਵਿੱਚ ਆ ਕੇ ਕਹਿ ਗਈ।

"ਭੈਣ ਤੂੰ ਪਹਿਲਾਂ ਤਕੜੀ ਹੋ ਜਾਹ। ਦਵਾਈ ਜ਼ਰੂਰ ਖਾਵੀਂ।" ਹਕੀਮ ਨੇ ਜੋਰ ਨਾਲ ਕਿਹਾ।

"ਬੀਬੀ ਪਾਣੀ ਤਾਂ ਨਹੀਂ ਪੀਣਾ?" ਚਾਚੀ ਇੰਦਰ ਕੌਰ ਸਰ੍ਹਾਣੇ ਖੜ੍ਹੀ ਸੀ। ਗੁਲਾਬ ਕੌਰ ਜਿਵੇਂ ਸੁਪਨੇ ਵਿੱਚੋਂ ਜਾਗੀ।

"ਨਹੀਂ ਚਾਚੀ। ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ।" ਗੁਲਾਬ ਕੌਰ ਨੇ ਜਵਾਬ ਦਿੱਤਾ।

ਗੁਲਾਬ ਕੌਰ ਨੂੰ ਹਾਲੇ ਨੀਂਦ ਨਹੀਂ ਸੀ ਆ ਰਹੀ। ਉਸ ਦੀਆਂ ਅੱਖਾਂ ਅੱਗੇ ਗ਼ਦਰੀਆਂ ਦੀਆਂ ਤਸਵੀਰਾਂ ਘੁੰਮਣ ਲੱਗੀਆਂ। ਕਦੇ ਸੋਹਣ ਸਿੰਘ ਭਕਨਾ, ਕਦੇ ਨਿਧਾਨ ਸਿੰਘ ਚੁੱਘਾ, ਹਰਨਾਮ ਸਿੰਘ ਟੁੰਡੀਲਾਟ, ਕਰਤਾਰ ਸਿੰਘ ਸਰਾਭਾ, ਸੱਜਣ ਸਿੰਘ ਨਾਰੰਗਵਾਲ, ਪਿਆਰਾ ਸਿੰਘ ਲੰਗੇਰੀ, ਜੀਵਨ ਸਿੰਘ ਦੌਲਾ ਸਿੰਘ ਵਾਲਾ, ਰਹਿਮਤ ਅਲੀ ਵਜੀਦਕੇ, ਹਾਫਿਜ਼ ਅਬਦੁੱਲਾ, ਤੇ ਸੁਰਜਣ ਸਿੰਘ ਆਦਿ ਦੀ ਯਾਦ ਆਉਣ ਲੱਗੀ। ਇਹ ਕਿਹੋ ਜਿਹੇ ਦੇਸ਼ ਭਗਤ ਸਨ ਜਿਹੜੇ ਆਪਣੀਆਂ ਜਾਇਦਾਦਾਂ ਨੂੰ ਛੱਡ ਕੇ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਮਰ ਮਿਟਣ ਲਈ ਤਿਆਰ ਹੋ ਗਏ। ਬਹੁਤਿਆਂ ਨੂੰ ਜ਼ਾਲਮ ਅੰਗਰੇਜ਼ਾਂ ਨੇ ਫਾਂਸੀ ਉੱਤੇ ਲਟਕਾ ਦਿੱਤਾ। ਕਈਆਂ ਨੂੰ ਜੇਲ੍ਹਾਂ ਵਿੱਚ ਸੁੱਟ ਦਿੱਤਾ। ਸਾਡੇ ਦੇਸ਼ ਦੇ ਗ਼ਦਾਰ ਖੁੱਲ੍ਹਆਮ ਐਸ਼ਾਂ ਕਰ ਰਹੇ ਐ। ਅੰਗਰੇਜ਼ਾਂ ਤੋਂ ਇਨਾਮ ਲੈ ਰਹੇ ਐ। ਇੱਕ ਸਾਨੂੰ ਸਾਡੇ ਮਹੰਤਾਂ ਨੇ ਮਾਰਿਆ। ਬਹੁਤੇ ਤਾਂ ਹੈ ਹੀ ਅੰਗਰੇਜ਼ਾਂ ਦੇ ਜੀ ਹਜ਼ੂਰੀਏ। ਇਨ੍ਹਾਂ ਨੂੰ ਰੋਕਣ ਟੋਕਣ ਵਾਲਾ ਕੋਈ ਨਹੀਂ।

ਫਿਰ ਉਸ ਨੂੰ ਅਚਾਨਕ ਆਪਣੇ ਪਤੀ ਮਾਨ ਸਿੰਘ ਦੀ ਯਾਦ ਆ ਗਈ। ਮੇਰਾ ਆਪਣਾ ਬੰਦਾ ਬੇਈਮਾਨ ਹੋ ਗਿਆ। ਪਤਾ ਨਹੀਂ ਕਿਉਂ ਉਹ ਡਰ ਗਿਆ। ਮੇਰਾ ਸਾਥ ਉਹ ਛੱਡ ਗਿਆ। ਜੇ ਉਹ ਮਨੀਲਾ ਤੋਂ ਦੇਸ਼ ਵਿੱਚ ਮੇਰੇ ਨਾਲ ਆ ਵੀ ਜਾਂਦਾ ਤਾਂ ਏਥੇ ਵੀ ਉਸ ਨੇ ਆ ਕੇ ਕਿਹੜਾ ਮੇਰਾ ਸਾਥ ਦੇਣਾ ਸੀ। ਮੈਂ ਤਿੰਨ ਸਾਲ ਦੇ ਕਰੀਬ ਜੇਲ੍ਹ ਕੱਟ ਕੇ ਆ ਗਈ। ਉਸ ਕੋਲੋਂ ਤਾਂ ਸ਼ਾਇਦ ਇਹ ਵੀ ਨਾ ਹੁੰਦਾ। ਹੋ ਸਕਦੈ ਕਿ ਉਹ ਮਾਫ਼ੀ ਮੰਗ ਜਾਂਦਾ। ਫਿਰ ਉਸ ਨੂੰ ਮਨੀਲਾ ਦੇ ਗੁਰਦੁਆਰੇ ਦਾ ਗਰੰਥੀ ਯਾਦ ਆ ਗਿਆ। ਬਹੁਤ ਵਿਦਵਾਨ ਤੇ ਨੇਕ ਆਦਮੀ ਸੀ। ਗੁਲਾਬ ਕੌਰ ਹਰ ਰੋਜ਼ ਉਥੇ ਗੁਰਦੁਆਰੇ ਜਾਂਦੀ ਸੀ। ਉਹ ਗਰੰਥੀ ਆਪਣੇ ਬਚਨ ਬਿਲਾਸ ਕਰਦਾ ਰਹਿੰਦਾ ਸੀ। ਗੁਲਾਬ ਕੌਰ ਨੂੰ ਉਸ ਗਰੰਥੀ ਦੀਆਂ ਕਈ ਗੱਲਾਂ ਯਾਦ ਆਉਣ ਲੱਗੀਆਂ—

ਬਾਬਾ ਇੱਕ ਦਿਨ ਜ਼ੋਰ ਦੇ ਕੇ ਕਹਿ ਰਿਹਾ ਸੀ ਕਿ ਭਾਰਤ ਦੇ ਲੋਕਾਂ ਨੇ ਬਹੁਤ ਸਾਲ ਗੁਲਾਮੀ ਵਾਲਾ ਜੀਵਨ ਬਿਤਾਇਆ। ਮੁਗ਼ਲ ਬਾਦਸ਼ਾਹ ਏਥੇ ਧਾੜਵੀ ਬਣ ਕੇ ਆਏ ਪਰ ਏਥੇ ਹੁਕਮਰਾਨ ਬਣ ਕੇ ਬਹਿ ਗਏ। ਉਹ ਰਾਜ ਕਰਦੇ ਰਹੇ ਤੇ ਮਨਮਾਨੀਆਂ ਵੀ ਕਰਦੇ ਰਹੇ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਪੰਜਾਬੀਆਂ ਲਈ ਮਸਾਂ ਆਇਆ ਸੀ। ਮਹਾਰਾਜਾ ਰਣਜੀਤ ਸਿੰਘ ਨੂੰ ਉਸ ਦੇ ਅਹਿਲਕਾਰਾਂ ਤੇ ਡੋਗਰਿਆਂ ਨੇ ਆਪਣੇ ਵਿਸ਼ੇਸ਼ ਸਲਾਹਕਾਰਾਂ ਨਾਲ ਰਲ਼ ਕੇ ਮਹਾਰਾਜਾ ਦਾ ਖਿਤਾਬ ਦਿੱਤਾ। ਹੌਲੀ-ਹੌਲੀ ਸਰਬੱਤ ਖਾਲਸਾ ਦੀ ਇਕੱਤਰਤਾ ਨੂੰ ਅੱਖੋਂ ਪਰੋਖੇ ਕੀਤਾ ਜਾਣ ਲੱਗਾ। ਅੰਗਰੇਜ਼ਾਂ ਨੇ ਵੀ ਇਸ ਵਿਚ ਆਪਣਾ ਯੋਗਦਾਨ ਪਾਇਆ ਕਿ ਸਿੱਖ ਫਲਸਫਾ ਸਰਬੱਤ ਖਾਲਸਾ ਦੀ ਇਕੱਤਰਤਾ ਦਾ ਧੁਰਾ ਹੈ। ਬੱਸ ਸਿੱਖ ਫਲਸਫੇ ਨੂੰ ਅੱਗੇ ਨਾ ਆਉਣ ਦਿੱਤਾ ਜਾਵੇ। ਹੁਣ ਲੜਾਈ ਝਗੜਾ ਤੇ ਖਾਨਾਜੰਗੀ ਸ਼ੁਰੂ ਹੋ ਗਈ। ਵੱਡੇ ਵੱਡੇ ਅਮੀਰ, ਰਾਜੇ, ਰਜਵਾੜੇ ਤੇ ਹੋਰ ਧਨੀ ਲੋਕ ਆਪਣੀਆਂ ਜਾਇਦਾਦਾਂ ਤੇ ਰੁਤਬੇ ਨੂੰ ਬਚਾਉਣ ਲਈ ਅੰਗਰੇਜ਼ਾਂ ਦੇ ਝੋਲੀ ਚੁੱਕ ਬਣ

ਗਏ। ਲੋਕ ਏਕਤਾ ਨੂੰ ਢਾਹ ਲੱਗੀ।

ਗਰੰਥੀ ਬਾਬੇ ਦੀਆਂ ਗੱਲਾਂ ਯਾਦ ਕਰਦੀ ਗੁਲਾਬ ਕੌਰ ਸੋਚਣ ਲੱਗੀ ਕਿ ਜਾਗਦੀ ਜ਼ਮੀਰ ਵਾਲੇ ਗ਼ਦਰੀ ਉੱਚੇ ਸਨ। ਇੱਕ ਦਮ ਲੜਨ ਮਰਨ ਲਈ ਤਿਆਰ। ਭਾਰਤ ਮਾਂ ਦੇ ਪੈਰਾਂ ਵਿੱਚੋਂ ਬੇੜੀਆਂ ਕੱਟਣ ਲਈ ਕਾਹਲੇ, ਪਰ ਸਾਡੇ ਦੇਸ਼ ਦੇ ਗ਼ਦਾਰਾਂ ਨੇ ਗਦਾਰੀ ਕਰਕੇ ਸਭ ਦੀਆਂ ਉਮੀਦਾਂ ਉੱਤੇ ਪਾਣੀ ਫੇਰ ਦਿੱਤਾ। ਫਿਰ ਉਸ ਨੂੰ ਹਕੀਮ ਦੂਨੀ ਚੰਦ ਯਾਦ ਆ ਗਿਆ। ਉਸ ਨੂੰ ਕੁੱਝ ਤਸੱਲੀ ਹੋਈ ਕਿ ਗ਼ਦਰੀ ਹਾਲੇ ਜਿਊਂਦੇ ਐ। ਜਾਗਦੇ ਐ। ਜਿਊਂਦੇ ਜਾਗਦੇ ਤਾਂ ਕੁੱਝ ਨਾ ਕੁੱਝ ਕਰ ਕੇ ਹਟਦੇ ਐ। ਸੋਚਾਂ ਵਿੱਚ ਘਿਰੀ ਗੁਲਾਬ ਕੌਰ ਨੂੰ ਪਤਾ ਨਹੀਂ ਕਦੋਂ ਨੀਂਦ ਆ ਗਈ।

ਦਿਨ ਹਫਤੇ ਤੇ ਮਹੀਨੇ ਬਣ ਬਣ ਗੁਜ਼ਰਦੇ ਗਏ। ਗੁਲਾਬ ਕੌਰ ਹੁਸ਼ਿਆਰਪੁਰ ਤੋਂ ਲਿਆ ਕੇ ਦਵਾਈ ਖਾਂਦੀ ਰਹੀ ਪਰ ਉਸ਼ ਦੀ ਸਿਹਤ ਵਿੱਚ ਕੋਈ ਬਹੁਤਾ ਸੁਧਾਰ ਨਾ ਹੋਇਆ। ਉਸ ਦਾ ਅੰਦਰੋਂ ਦਿਲ ਕਰਦਾ ਕਿ ਉਹ ਹੁਣ ਵੀ ਗ਼ਦਰ ਪਾਰਟੀ ਵਿੱਚ ਕੋਈ ਕੰਮ ਕਰੇ। ਆਪਣੇ ਗ਼ਦਰੀ ਵੀਰਾਂ ਦੀ ਸਾਰ ਲਵੇ ਪਰ ਉਹ ਹੁਣ ਪਹਿਲਾਂ ਵਾਂਗ ਜ਼ਿਆਦਾ ਤੁਰ ਫਿਰ ਨਹੀਂ ਸੀ ਸਕਦੀ। ਥੋੜ੍ਹਾ ਤੁਰ ਕੇ ਹੀ ਉਸ ਦਾ ਸਾਹ ਚੜ੍ਹ ਜਾਂਦਾ। ਵੱਡੀ ਗੱਲ ਕਿ ਉਸ ਨੂੰ ਭੁੱਖ ਬੜੀ ਘੱਟ ਲੱਗਦੀ। ਬੱਸ ਇਸੇ ਤਰ੍ਹਾਂ ਕਈ ਸਾਲ ਬੀਤ ਗਏ। ਅਮਰ ਸਿੰਘ ਬਾਹਰ ਅੰਦਰ ਜਾਂਦਾ ਤਾਂ ਗ਼ਦਰੀਆਂ ਬਾਰੇ ਕੋਈ ਭੈੜੀ ਖ਼ਬਰ ਹੀ ਲੈ ਕੇ ਆਉਂਦਾ। ਕੋਈ ਗ਼ਦਰੀ ਫੜਿਆ ਗਿਆ। ਕਿਸੇ ਨੂੰ ਸਜ਼ਾ ਹੋ ਗਈ। ਬਾਹਰੋਂ ਇਹੀ ਖ਼ਬਰਾਂ ਆਉਂਦੀਆਂ। ਗੱਲਾਂ ਸੁਣ ਕੇ ਗੁਲਾਬ ਕੌਰ ਹੋਰ ਵੀ ਉਦਾਸ ਹੋ ਜਾਂਦੀ। ਚੁੱਪ ਹੋ ਜਾਂਦੀ। ਉਸ ਨੂੰ ਕੁੱਝ ਨਾ ਸੁਝਦਾ ਕਿ ਉਹ ਕੀ ਕਰੇ।

ਇਕ ਦਿਨ ਗੁਲਾਬ ਕੌਰ ਆਪਣੇ ਕਮਰੇ ਵਿੱਚ ਮੰਜੇ ਉੱਤੇ ਚੁੱਪ ਚਾਪ ਬੈਠੀ ਸੀ। ਸਿਆਲੂ ਠੰਢ ਉੱਤਰੀ ਹੋਈ ਸੀ। ਕੋਸੀ ਕੋਸੀ ਧੁੱਪ ਚਮਕ ਰਹੀ ਸੀ। ਦਿਨ ਢਲਦੇ ਨਾਲ ਅਮਰ ਸਿੰਘ ਸਵੇਰ ਦਾ ਗਿਆ ਬਾਹਰੋਂ ਘਰ ਮੁੜਿਆ। ਉਸ ਦੇ ਨਾਲ ਇੱਕ ਹੋਰ ਭਾਈ ਆ ਰਿਹਾ ਸੀ।

"ਭੈਣ, ਇਹ ਦੋਲਤਪੁਰ ਤੋਂ ਕਰਮ ਸਿੰਘ ਐ। ਤੁਹਾਨੂੰ ਮਿਲਣ ਲਈ ਆਇਆ।" ਅਮਰ ਸਿੰਘ ਨੇ ਗੁਲਾਬ ਕੌਰ ਨਾਲ ਕਰਮ ਸਿੰਘ ਦੀ ਜਾਣ ਪਹਿਚਾਣ ਕਰਵਾਈ। ਫਿਰ ਉਹ ਦੋਵੇਂ ਲਾਗੇ ਪਏ ਮੰਜੇ ਉੱਤੇ ਬੈਠ ਗਏ। ਕਰਮ ਸਿੰਘ ਨੇ ਗਰਮ ਕੋਟ ਪਾਇਆ ਹੋਇਆ ਸੀ। ਵੇਖਣ ਨੂੰ ਉਹ ਇੱਕ ਦਮ ਗੰਭੀਰ ਲੱਗਦਾ ਸੀ।

ਕਰਮ ਸਿੰਘ ਕੈਨੇਡਾ ਰਹਿੰਦਿਆਂ ਗ਼ਦਰ ਪਾਰਟੀ ਵਿੱਚ ਸ਼ਾਮਲ ਹੋ ਗਿਆ ਸੀ। ਸੰਨ 1914 ਵਿੱਚ ਪਾਰਟੀ ਦੇ ਹੁਕਮ ਨਾਲ ਗ਼ਦਰ ਕਰਨ ਲਈ ਉਹ ਵਤਨ ਪਰਤ ਆਇਆ ਸੀ। ਪਰ ਆਉਣ ਸਾਰ ਉਸ ਨੂੰ ਗ੍ਰਿਫ਼ਤਾਰ ਕਰਕੇ ਪਿੰਡ ਵਿੱਚ ਹੀ ਜੂਹ ਬੰਦ ਕਰ ਦਿੱਤਾ ਸੀ। ਚਾਰ ਸਾਲ ਉਸ ਉੱਤੇ ਇਹ ਪਾਬੰਦੀ ਲੱਗੀ ਰਹੀ। ਚਾਰ ਸਾਲ ਬਾਅਦ ਉਸ ਨੂੰ ਛੱਡ ਦਿੱਤਾ। ਇਸ ਵੇਲੇ ਗ਼ਦਰ ਪਾਰਟੀ ਖਿੰਡ ਪੁੰਡ ਗਈ। ਕਰਮ ਸਿੰਘ ਤੇ ਉਸ ਦੇ ਸਾਥੀ ਇਧਰ ਉਧਰ ਫਿਰਦੇ ਰਹੇ।

ਪੰਜਾਬ ਵਿੱਚ ਅੰਗਰੇਜ਼ੀ ਸਰਕਾਰ ਦੀ ਸ਼ਹਿ ਉੱਤੇ ਸਿੱਖਾਂ ਦੇ ਧਾਰਮਿਕ ਅਸਥਾਨਾਂ ਉੱਤੇ ਅੰਗਰੇਜ਼ਾਂ ਦੇ ਜੀ ਹਜ਼ੂਰੀਏ ਮਹੰਤ ਕਾਬਜ਼ ਹੋ ਗਏ ਸਨ। ਉਹ ਬਿਨਾਂ ਕਿਸੇ ਡਰ ਦੇ ਆਪਣੀਆਂ ਮਨਮਾਨੀਆਂ ਕਰਦੇ ਤੇ ਗੁਰਦੁਆਰਿਆਂ ਦੀ ਪੂਜਾ ਨਾਲ ਐਸ਼ਪਰਸਤੀ ਵਾਲਾ ਜੀਵਨ ਬਤੀਤ ਕਰ ਰਹੇ ਸਨ ਜਿਸ ਨਾਲ ਸਿੱਖਾਂ ਦੇ ਦਿਲਾਂ ਵਿੱਚ ਰੋਹ ਪੈਦਾ ਹੋਣ ਲੱਗਾ। ਹੌਲੀ ਹੌਲੀ ਇਹ ਰੋਸ ਵੱਧਦਾ ਗਿਆ ਤੇ ਸਿੱਖਾਂ ਦੇ ਦਿਲਾਂ ਵਿੱਚ ਧਾਰਮਿਕ ਅਸਥਾਨਾਂ ਨੂੰ ਕੁਰੱਪਟ ਮਹੰਤਾਂ ਤੋਂ ਅਜ਼ਾਦ ਕਰਵਾਉਣ ਲਈ ਰੋਹ ਵਧਣ ਲੱਗ ਗਿਆ। ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣ ਗਈ।

ਸ਼੍ਰੋਮਣੀ ਅਕਾਲੀ ਦਲ ਹੋਂਦ ਵਿੱਚ ਆ ਗਿਆ। ਹੁਣ ਗੁਰਦੁਆਰਿਆਂ ਦੇ ਪ੍ਰਬੰਧ ਵਿੱਚ ਸੁਧਾਰ ਲਿਆਉਣ ਲਈ ਜਨ ਅੰਦੋਲਨ ਚੱਲ ਪਏ। ਇੱਕੀ ਫਰਵਰੀ 1921 ਨੂੰ ਨਨਕਾਣਾ ਸਾਹਿਬ ਦਾ ਸਾਕਾ ਹੋ ਗਿਆ। ਗੁਰਦੁਆਰਾ ਸਾਹਿਬ ਦੇ ਮਹੰਤ ਤੇ ਉਸ ਦੇ ਗੁੰਡਿਆਂ ਨੇ ਸ਼ਾਂਤਮਈ ਅੰਦੋਲਨ ਕਰ ਰਹੇ ਸਿਖਾਂ ਉੱਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ। ਮਹੰਤ ਦੇ ਪਿੱਛੇ ਅੰਗਰੇਜ਼ੀ ਸਰਕਾਰ ਸੀ। ਸੌ ਤੋਂ ਵਧੇਰੇ ਸਿੰਘ ਸ਼ਹੀਦ ਹੋ ਗਏ ਤੇ ਬਹੁਤ ਫੱਟੜ ਹੋ ਗਏ। ਇਸ ਸਾਕੇ ਨੇ ਬਹੁਤ ਸਾਰੇ ਸਿੱਖਾਂ ਦੇ ਦਿਲਾਂ ਵਿੱਚ ਇਹ ਗੱਲ ਬਿਠਾ ਦਿੱਤੀ ਕਿ ਸ਼ਾਂਤੀ ਦੀ ਵੀ ਕੋਈ ਸੀਮਾ ਹੁੰਦੀ ਹੈ। ਉਸ ਤੋਂ ਅੱਗੇ ਤਾਂ ਹਥਿਆਰ ਚੁਕਣੇ ਜਾਇਜ਼ ਹੁੰਦਾ ਹੈ।

ਨਨਕਾਣਾ ਸਾਹਿਬ ਦੇ ਸਾਕੇ ਤੋਂ ਬਾਅਦ ਕਰਮ ਸਿੰਘ ਨੇ ਆਪਣੇ ਮਿੱਤਰ ਆਸਾ ਸਿੰਘ ਭੁਕੜੁਦੀ ਨਾਲ ਰਲ਼ ਕੇ ਅੰਮ੍ਰਿਤਪਾਨ ਕੀਤਾ। ਇਸ ਤੋਂ ਪਹਿਲਾਂ ਉਸ ਦਾ ਨਾਮ ਨਰੈਣ ਸਿੰਘ ਸੀ ਤੇ ਅੰਮ੍ਰਿਤ ਛਕ ਕੇ ਉਹ ਕਰਮ ਸਿੰਘ ਬਣ ਗਿਆ। ਕਰਮ ਸਿਘ ਨੇ ਹੁਣ ਗੁਰਦੁਆਰਾ ਸੁਧਾਰ ਲਹਿਰ ਵਿੱਚ ਸਰਗਰਮੀ ਨਾਲ ਭਾਗ ਲੈਣਾ ਸ਼ੁਰੂ ਕੀਤਾ। ਇਧਰ ਗੁਰਦੁਆਰਾ ਸੁਧਾਰ ਲਹਿਰ ਚਲਾ ਰਹੇ ਤੇ ਸ਼ਾਂਤਮਈ ਢੰਗ ਨਾਲ ਚੱਲ ਰਹੇ ਸਿੱਖਾਂ ਉੱਤੇ ਅੰਗਰੇਜ਼ ਦੀ ਪੁਲੀਸ ਬੜਾ ਜ਼ੁਲਮ ਢਾਹ ਰਹੀ ਸੀ। ਕਰਮ ਸਿੰਘ ਤੇ ਉਸ ਦੇ ਕਈ ਸਾਥੀਆਂ ਨੇ ਵਿਚਾਰ ਕੀਤੀ ਕਿ ਅੰਗਰੇਜ਼ ਹਿੰਦੁਸਤਾਨ ਵਿਚ ਨਾ ਤਾਂ ਸ਼ਾਂਤੀ ਨਾਲ ਆਏ ਸਨ ਤੇ ਨਾ ਹੀ ਇਹ ਏਥੋਂ ਸ਼ਾਂਤੀ ਨਾਲ ਜਾਣਗੇ। ਅੰਗਰੇਜ਼ਾਂ ਨੇ ਤਾਂ ਹੌਲੀ ਹੌਲੀ ਏਥੇ ਆਪਣੇ ਪੈਰ ਪਸਾਰ ਕੇ ਹੈਂਕੜ ਵਾਲਾ ਵਤੀਰਾ ਅਖਤਿਆਰ ਕੀਤਾ ਹੈ। ਹੁਣ ਤਾਂ ਇਨ੍ਹਾਂ ਨਾਲ ਹਥਿਆਰਾਂ ਨਾਲ ਹੀ ਲੜਿਆ ਜਾ ਸਕਦਾ ਹੈ। ਉਹ ਮਹਾਤਮਾ ਗਾਂਧੀ ਤੇ ਅਕਾਲੀ ਦਲ ਦੀ ਨਾਮਿਲਵਰਤਣ ਲਹਿਰ ਨੂੰ ਇੱਕ ਦਮ ਰੱਦ ਕਰਦੇ।

ਕਿਸ਼ਨ ਸਿੰਘ ਗੜਗੱਜ ਤੇ ਉਸ ਦੇ ਗਰਮ ਖਿਆਲੀ ਸਾਥੀਆਂ ਨੇ ਹਥਿਆਰਬੰਦ ਘੋਲ ਰਾਹੀਂ ਅਜ਼ਾਦੀ ਪ੍ਰਾਪਤ ਕਰਨ ਲਈ ਚੱਕਰਵਰਤੀ ਜੱਥਾ ਕਾਇਮ ਕਰ ਲਿਆ ਸੀ ਜੋ ਕਿ ਜਲੰਧਰ ਦੇ ਆਸੇ ਪਾਸੇ ਸਰਗਰਮੀ ਨਾਲ ਕੰਮ ਕਰਨ ਲੱਗਾ। ਕਰਮ ਸਿੰਘ ਦੌਲਤਪੁਰ ਨੇ ਵੀ ਆਪਣੇ ਸਾਥੀਆਂ ਨਾਲ ਰਲ਼ ਕੇ ਇਕ ਵੱਖਰਾ ਜੱਥਾ ਬਣਾ ਲਿਆ। ਕਰਮ ਸਿੰਘ ਵੀ ਅਕਾਲੀਆਂ ਦੀ ਸ਼ਾਂਤਮਈ ਪਾਲਸੀ ਤੋਂ ਨਿਰਾਸ਼ ਸੀ। ਉਸ ਦਾ ਜੱਥਾ ਦੁਆਬੇ ਦੇ ਚੜ੍ਹਦੇ ਪਾਸੇ ਬੰਗਾ, ਨਵਾਂ ਸ਼ਹਿਰ, ਬਲਾਚੌਰ ਤੇ ਗੜ੍ਹਸ਼ੰਕਰ ਦੇ ਇਲਾਕੇ ਵਿੱਚ ਸਰਗਰਮ ਹੋ ਗਿਆ। ਜਿਸ ਜੱਥੇ ਵਿੱਚ ਮੁੱਖ ਤੌਰ ਤੇ ਕਰਮ ਸਿੰਘ ਦੌਲਤਪੁਰ, ਆਸਾ ਸਿੰਘ ਭੁਕੜਦੀ, ਹਰੀ ਸਿੰਘ ਸੂੰਢ ਤੇ ਕਰਮ ਸਿੰਘ ਝਿੰਗੜ ਕੰਮ ਕਰ ਰਹੇ ਸਨ। ਹੌਲੀ ਹੌਲੀ ਦਲੀਪ ਸਿੰਘ ਗੋਸਲ, ਆਤਮਾ ਸਿੰਘ ਬੀਕਾ, ਧੰਨਾ ਸਿੰਘ ਬਹਿਬਲਪੁਰ ਤੇ ਉਦੇ ਸਿੰਘ ਰਾਮਗੜ੍ਹ ਝੁੰਗੀਆਂ ਜੱਥੇ ਵਿੱਚ ਆ ਰਲ਼ੇ।

ਕਰਮ ਸਿੰਘ ਨੇ ਗੁਲਾਬ ਕੌਰ ਦਾ ਨਾਮ ਬੜੀ ਦੇਰ ਤੋਂ ਸੁਣਿਆ ਹੋਇਆ ਸੀ। ਫਿਰ ਉਸ ਦਾ ਮੇਲ ਅਮਰ ਸਿੰਘ ਨਾਲ ਹੋ ਗਿਆ ਤੇ ਅੱਜ ਕਰਮ ਸਿੰਘ ਕੋਟਲਾ ਨੌਧ ਸਿੰਘ ਵਿੱਖੇ ਗੁਲਾਬ ਕੌਰ ਦੇ ਸਾਹਮਣੇ ਬੈਠਾ ਸੀ। ਕੁੱਝ ਚਿਰ ਬੈਠ ਕੇ ਕਰਮ ਸਿੰਘ ਕਹਿਣ ਲੱਗਾ, "ਭੈਣ, ਤੂੰ ਤਾਂ ਸਭ ਗ਼ਦਰੀਆਂ ਦੀ ਭੈਣ ਐਂ। ਜਿਹੜਾ ਕੰਮ ਤੂੰ ਗ਼ਦਰ ਪਾਰਟੀ ਵਿੱਚ ਰਹਿ ਕੇ ਕੀਤਾ ਉਹ ਆਮ ਲੜਕੀ ਨਹੀਂ ਕਰ ਸਕਦੀ। ਮੈਂ ਤੇਰੇ ਅੱਗੇ ਆਪਣਾ ਸਿਰ ਝੁਕਾਉਂਦਾ ਹਾਂ। ਅੱਜ ਮੈਂ ਆਪਣੀ ਭੈਣ ਨੂੰ ਮਿਲ ਕੇ ਬਹੁਤ ਖ਼ੁਸ਼ ਆਂ। ਇੱਕ ਤਾਂ ਅੱਜ ਮੈਂ ਆਪਣੀ ਭੈਣ ਤੋਂ ਆਸ਼ੀਰਵਾਦ ਲੈਣ ਆਇਆਂ ਤਾਂ ਕਿ ਮੈਂ ਵੀ ਆਪਣੇ ਦੇਸ਼ ਦੀ ਅਜ਼ਾਦੀ ਦੀ ਖ਼ਾਤਰ ਕੁੱਝ ਕਰ ਸਕਾਂ ਤੇ ਦੂਜਾ ਮੈਂ ਤੁਹਾਡੇ ਨਾਲ ਕੋਈ ਸਲਾਹ ਮਸ਼ਵਰਾ ਵੀ ਕਰਨਾ।"

"ਜੁੱਗ ਜੁੱਗ ਜੀਅ ਮੇਰੇ ਵੀਰਾ। ਤੇਰੇ ਵਰਗੇ ਸਿਦਕੀ ਵੀਰ ਉਠ ਖਲੋਣ ਤੇ ਸਾਡਾ ਦੇਸ਼ ਇਕ ਦਿਨ ਅੰਗਰੇਜ਼ਾਂ ਤੋਂ ਜ਼ਰੂਰ ਮੁਕਤੀ ਪ੍ਰਾਪਤ ਕਰ ਲਏਗਾ। ਵੀਰ ਸਲਾਹ ਦਾ ਕੀ ਐ ਤੂੰ ਮੇਰੀ ਕੋਈ ਡਿਊਟੀ ਲਾ।" ਗੁਲਾਬ ਕੌਰ ਨੇ ਬੜੇ ਜੋਸ਼ ਨਾਲ ਕਿਹਾ। ਲਾਗੇ ਬੈਠਾ ਅਮਰ ਸਿੰਘ ਵੀ ਭੈਣ ਦੀਆਂ ਗੱਲਾਂ ਸੁਣ ਕੇ ਹੈਰਾਨ ਸੀ।

"ਨਹੀਂ ਭੈਣ, ਅਸੀਂ ਕੰਮ ਕਰਨ ਨੂੰ ਬਥੇਰੇ ਤਕੜੇ ਆਂ। ਸਲਾਹ ਮਸ਼ਵਰੇ ਦੀ ਵੀ ਇੱਕ ਵਿਸ਼ੇਸ਼ ਮਹੱਤਤਾ ਹੈ। ਇਥੋਂ ਸਹੀ ਲਾਈਨ ਮਿਲ ਸਕਦੀ ਐ।" ਕਰਮ ਸਿੰਘ ਨਿਮਰਤਾ ਨਾਲ ਬੋਲਿਆ।

"ਕੋਈ ਨਾ ਵੀਰਾ, ਤੂੰ ਨਿਝੱਕ ਹੋ ਕੇ ਗੱਲ ਕਰ।" ਗੁਲਾਬ ਕੌਰ ਨੇ ਕਿਹਾ।

"ਭੈਣ, ਬਿਲਕੁਲ ਮੈਂ ਦਿਲ ਦੀ ਗੱਲ ਕਰ ਰਿਹਾਂ। ਮੇਰਾ ਵਿਚਾਰ ਹੈ ਕਿ ਸਾਡੇ ਜੱਥੇ ਵੱਲੋਂ ਕੋਈ ਪਰਚਾ ਕੱਢਿਆ ਜਾਵੇ ਜਿਹੜਾ ਕਿ ਗ਼ਦਰ ਪਰਚੇ ਵਾਂਗ ਲੋਕਾਂ ਨੂੰ ਅੰਗਰੇਜ਼ਾਂ ਵਿਰੁੱਧ ਜਗਾਉਣ ਦਾ ਕੰਮ ਕਰੇ।"

"ਇਹ ਤਾਂ ਬੜੀ ਚੰਗੀ ਗੱਲ ਐ। ਗ਼ਦਰ ਪਾਰਟੀ ਦਾ ਸੁਨੇਹਾ ਦੇਣ ਲਈ ਗ਼ਦਰ ਪਰਚੇ ਨੇ ਬੜਾ ਵੱਡਾ ਕੰਮ ਕੀਤਾ।" ਗੁਲਾਬ ਕੌਰ ਨੇ ਸਹਿਜ ਨਾਲ ਗੱਲ ਕੀਤੀ।

ਫਿਰ ਕਰਮ ਸਿੰਘ ਨੇ ਆਪਣੇ ਬਣਾਏ ਹੋਏ ਜੱਥੇ ਬਾਰੇ ਤੇ ਕਿਸ਼ਨ ਸਿੰਘ ਗੜਗੱਜ ਦੇ ਜੱਥੇ ਬਾਰੇ ਪੂਰੀ ਗੱਲ ਕੀਤੀ ਤੇ ਅਖ਼ੀਰ ਵਿੱਚ ਕਹਿਣ ਲੱਗਾ, "ਭੈਣ ਸਾਡਾ ਜੱਥਾ ਚਾਹੁੰਦਾ ਹੈ ਕਿ ਕੋਈ ਪਰਚਾ ਜ਼ਰੂਰ ਕੱਢਿਆ ਜਾਵੇ ਪਰ ਸਾਡੇ ਸਾਹਮਣੇ ਇੱਕ ਬਹੁਤ ਵੱਡੀ ਸਮੱਸਿਆ ਹੈ।"

"ਉਹ ਕੀ?"

"ਸਾਡੇ ਕੋਲ ਪੈਸੇ ਦੀ ਘਾਟ ਐ?"

"ਪੈਸੇ ਬਿਨਾਂ ਤਾਂ ਪਰਚਾ ਚੱਲ ਨਹੀਂ ਸਕਦਾ?"

"ਫੇਰ ਇਸ ਦਾ ਭੈਣ ਕੋਈ ਹੱਲ ਦੱਸ?"

"ਪੈਸਾ ਲੋਕਾਂ ਤੋਂ ਮਿਲ ਸਕਦਾ। ਲੋਕਾਂ ਦੇ ਪੈਸੇ ਤੋਂ ਬਿਨਾਂ ਕੋਈ ਪਰਚਾ ਨਹੀਂ ਚੱਲ ਸਕਦਾ।" ਗੁਲਾਬ ਕੌਰ ਨੇ ਦ੍ਰਿੜਤਾ ਨਾਲ ਕਿਹਾ।

"ਲੋਕਾਂ ਤੋਂ ਪੈਸਾ ਕਿਵੇਂ ਪ੍ਰਾਪਤ ਕਰੀਏ, ਇਹ ਸਾਡੀ ਮਜ਼ਬੂਰੀ ਐ।"

"ਇਹ ਕੰਮ ਹੌਸਲੇ ਨਾਲ ਤੇ ਦਲੇਰੀ ਨਾਲ ਹੋ ਸਕਦਾ।" ਗੁਲਾਬ ਕੌਰ ਬਿਲਕੁੱਲ ਹੌਸਲੇ ਨਾਲ ਗੱਲ ਕਰ ਰਹੀ ਸੀ।

"ਬੀਬੀ ਸਾਨੂੰ ਤਾਂ ਕਿਸੇ ਰਾਹ ਪਾ!" ਕਰਮ ਸਿੰਘ ਦੇ ਬੋਲਾਂ ਵਿੱਚ ਦ੍ਰਿੜਤਾ ਤਾਂ ਸੀ ਪਰ ਹੌਸਲੇ ਨਾਲ ਕੀ ਕੁੱਝ ਕੀਤਾ ਜਾਵੇ ਇਹ ਕੰਮ ਹਾਲੇ ਉਸ ਦੀ ਸੋਚਣੀ ਤੋਂ ਪਰ੍ਹੇ ਸੀ।

"ਵੀਰਾ, ਪਹਿਲੀ ਗੱਲ ਤਾਂ ਜੋ ਤੁਸੀਂ ਕੰਮ ਕਰਨਾ ਉਹ ਦਿਲ ਵਿੱਚ ਧਾਰ ਲਵੋ ਤੇ ਉਸ ਨੂੰ ਪੂਰਾ ਕਰਨ ਲਈ ਜਾਨ ਦੀ ਬਾਜ਼ੀ ਲਾ ਦਿਉ।"

ਕਰਮ ਸਿੰਘ ਚੁੱਪ ਕਰਕੇ ਗੁਲਾਬ ਕੌਰ ਦੀ ਗੱਲ ਸੁਣ ਰਿਹਾ ਸੀ। ਬੀਬੀ ਗੱਲ ਕਰਦੀ ਗਈ, "ਵੇਖ, ਗ਼ਦਰ ਪਾਰਟੀ ਨੂੰ ਪੈਸੇ ਦੀ ਤੇ ਹਥਿਆਰਾਂ ਦੀ ਵੱਡੀ ਲੋੜ ਸੀ। ਕਰਤਾਰ ਸਿੰਘ ਸਰਾਭਾ ਤੇ ਉਸ ਦੇ ਸਾਥੀਆਂ ਨੇ ਰਲ ਕੇ ਡਾਕੇ ਮਾਰੇ ਪਰ ਕਿਸੇ ਗ਼ਰੀਬ ਨੂੰ ਤੇ ਜਾਂ ਫਿਰ ਕਿਸੇ ਧੀ ਭੈਣ ਨੂੰ ਤੰਗ ਨਹੀਂ ਕੀਤਾ। ਉਸ ਦਾ ਕਹਿਣਾ ਸੀ ਕਿ ਅੰਗਰੇਜ਼ਾਂ ਦੇ ਝੋਲੀਚੁੱਕਾਂ ਦੇ ਘਰੀਂ ਡਾਕੇ ਮਾਰੇ ਜਾਣ। ਲੋਕਾਂ ਦਾ ਲਹੂ ਚੂਸਣ ਵਾਲੇ ਸੂਦਖੋਰਾਂ ਦੇ ਡਾਕੇ ਮਾਰੇ ਜਾਣ ਤੇ ਗ਼ਦਾਰਾਂ ਨੂੰ ਤਾਂ

ਬਿਲਕੁੱਲ ਬਖਸ਼ਿਆ ਨਾ ਜਾਵੇ। ਇਨ੍ਹਾਂ ਦੇ ਘਰਾਂ ਵਿੱਚ ਲੋਕਾਂ ਦਾ ਪੈਸਾ ਆਉਂਦਾ। ਗਰੀਬਾਂ ਦਾ ਪੈਸਾ ਆਉਂਦਾ। ਇਸ ਕਰਕੇ ਇਹ ਪੈਸਾ ਖੋਹ ਲਿਆ ਜਾਵੇ।" ਗੱਲ ਕਰਦੀ ਗੁਲਾਬ ਕੌਰ ਜੋਸ਼ ਨਾਲ ਭਰੀ ਵਿਖਾਈ ਦੇਣ ਲੱਗੀ। ਉਸ ਨੇ ਆਪਣੀ ਗੱਲ ਬੜੇ ਜ਼ੋਰ ਨਾਲ ਆਖੀ। ਕਰਮ ਸਿੰਘ ਖਾਮੋਸ਼ ਸੀ ਜਿਵੇਂ ਉਸ ਦੇ ਦਿਲ ਅੰਦਰ ਕਿੰਨੇ ਹੀ ਵਿਚਾਰ ਟਕਰਾ ਰਹੇ ਹੋਣ ਪਰ ਉਸ ਦੇ ਚਿਹਰੇ ਦੀ ਗੰਭੀਰਤਾ ਗੁਲਾਬ ਕੌਰ ਦੀਆਂ ਗੱਲਾਂ ਨੂੰ ਧਿਆਨ ਨਾਲ ਸੁਣਨ ਦੀ ਗਵਾਹੀ ਦੇ ਰਹੀ ਸੀ।

"ਬੀਬੀ ਤੇਰੀ ਗੱਲ ਸੋਲਾਂ ਆਨੇ ਸਹੀ। ਸਾਨੂੰ ਵੀ ਇਹ ਕੁੱਝ ਕਰਨਾ ਪਏਗਾ।" ਕਰਮ ਸਿੰਘ ਦੇ ਸ਼ਬਦਾਂ ਵਿੱਚ ਹੌਂਸਲਾ ਸੀ।

"ਇੱਕ ਤੁਸੀਂ ਤੇ ਕਿਸ਼ਨ ਸਿੰਘ ਗੜਗੱਜ ਇੱਕ ਹੋ ਜਾਉ। ਤੁਹਾਡੀ ਤਾਕਤ ਵਧੇਗੀ। ਹਥਿਆਰਬੰਦ ਘੋਲ ਬਿਨਾਂ ਕੋਈ ਗੱਲ ਨਹੀਂ ਬਣਨੀ। ਜੇਕਰ ਤੁਸੀਂ ਇੱਕਠੇ ਹੋ ਕੇ ਅੰਗਰੇਜ਼ਾਂ ਵਿਰੁੱਧ ਲੜਨ ਲੱਗ ਪਏ ਤਾਂ ਅੰਗਰੇਜ਼ਾਂ ਦੀ ਨੀਂਦ ਉਡ ਜਾਏਗੀ।"

"ਬੱਸ ਭੈਣ ਮੈਂ ਵੀ ਤੁਹਾਡੇ ਕੋਲੋਂ ਇਹੋ ਕੁੱਝ ਸੁਣਨਾ ਚਾਹੁੰਦਾ ਸੀ।"

"ਪ੍ਰਮਾਤਮਾ ਤੁਹਾਨੂੰ ਬਲ ਬਖਸ਼ੇ। ਮੇਰੀ ਡਿਊਟੀ ਦਾ ਖਿਆਲ ਰੱਖਣਾ।"

"ਕੋਈ ਵੀ ਲੋੜ ਹੋਈ ਤੇ ਅਸੀਂ ਅਮਰ ਸਿੰਘ ਨੂੰ ਦੱਸਾਂਗੇ ਤੇ ਦੂਜਾ ਸੁਨੇਹਾ ਇਧਰ ਉਧਰ ਭੇਜਿਆ ਜਾ ਸਕਦਾ।" ਕਰਮ ਸਿੰਘ ਨੇ ਬੜੇ ਵਿਸ਼ਵਾਸ਼ ਨਾਲ ਕਿਹਾ। ਗੁਲਾਬ ਕੌਰ ਹੁਣ ਪੂਰੀ ਚੜ੍ਹਦੀ ਕਲਾ ਵਿਚ ਦਿਸ ਰਹੀ ਸੀ।

ਫਿਰ ਕਰਮ ਸਿੰਘ ਨੇ ਉਠ ਕੇ ਗੁਲਾਬ ਕੌਰ ਦੇ ਪੈਰੀਂ ਹੱਥ ਲਾਏ ਤੇ ਪਿੰਡ ਨੂੰ ਜਾਣ ਲਈ ਚੱਲ ਪਿਆ। ਅਮਰ ਸਿੰਘ ਵੀ ਉਸ ਦੇ ਨਾਲ ਹੀ ਤੁਰ ਪਿਆ।

ਚੌਵੀ

ਕਰਮ ਸਿੰਘ ਦੌਲਤਪੁਰੀਏ ਦੇ ਨਾਲ ਗਿਆ ਅਮਰ ਸਿੰਘ ਕਈ ਦਿਨ ਘਰ ਨਾ ਮੁੜਿਆ ਤਾਂ ਗੁਲਾਬ ਕੌਰ ਨੂੰ ਉਸ ਦੀ ਬੜੀ ਚਿੰਤਾ ਹੋਣ ਲੱਗੀ। ਦਿਨੋ ਦਿਨ ਗ਼ਦਰੀਆਂ ਦੀਆਂ ਗ੍ਰਿਫ਼ਤਾਰੀਆਂ ਵੱਧ ਹੋਣ ਲੱਗ ਪਈਆਂ ਸਨ ਤੇ ਇਧਰ ਗੁਲਾਬ ਕੌਰ ਦੀ ਸਿਹਤ ਹੋਰ ਵੀ ਖਰਾਬ ਹੋਣ ਲੱਗ ਪਈ ਸੀ। ਹੁਸ਼ਿਆਰਪੁਰ ਦੇ ਹਕੀਮ ਦੂਨੀ ਚੰਦ ਤੋਂ ਉਹ ਦਵਾਈ ਤਾਂ ਖਾ ਰਹੀ ਸੀ ਪਰ ਹਕੀਮ ਦਾ ਕਹਿਣਾ ਸੀ ਕਿ ਦਵਾਈ ਲਗਾਤਾਰ ਖਾਣੀ ਪਏਗੀ ਤੇ ਦਵਾਈ ਵਿੱਚ ਨਾਗਾ ਨਹੀਂ ਪੈਣਾ ਚਾਹੀਦਾ। ਗੁਲਾਬ ਕੌਰ ਨੂੰ ਆਪਣੇ ਬਾਰੇ ਨਹੀਂ ਸਗੋਂ ਗ਼ਦਰੀਆਂ ਦੀ ਵੱਧ ਚਿੰਤਾ ਹੁੰਦੀ ਸੀ। ਹੁਣ ਉਹ ਹਰ ਰੋਜ਼ ਘੜੀ ਮੁੜੀ ਬਾਹਰਲੇ ਦਰਵਾਜ਼ੇ ਵੱਲ ਵੇਖਦੀ ਤੇ ਫਿਰ ਸ਼ਹੀਦ ਹੋ ਚੁੱਕੇ ਤੇ ਜੇਲ੍ਹਾਂ ਵਿੱਚ ਬੈਠੇ ਗ਼ਦਰੀਆਂ ਨੂੰ ਯਾਦ ਕਰਦੀ। ਉਸ ਦੀਆਂ ਅੱਖਾਂ ਸਾਹਮਣੇ ਕਦੇ ਕੋਈ ਗ਼ਦਰੀ ਆ ਜਾਂਦਾ ਤੇ ਕਦੇ ਕੋਈ ਗ਼ਦਰੀ। ਚਾਚੀ ਇੰਦਰ ਕੌਰ ਨੇ ਉਸ ਨੂੰ ਬਥੇਰਾ ਕਿਹਾ ਕਿ ਕੋਈ ਗੱਲ ਨਹੀਂ ਅਮਰ ਸਿੰਘ ਆ ਜਾਊਗਾ। ਅੱਗੇ ਕਿਹੜਾ ਉਹ ਘਰ ਦੱਸ ਕੇ ਜਾਂਦਾ ਪਰ ਤੂੰ ਰੋਟੀ ਤਾਂ ਖਾ ਲੈ ਪਰ ਗੁਲਾਬ ਕੌਰ ਚੁੱਪ ਹੀ ਬੈਠੀ ਸੀ। ਅੱਜ ਉਸ ਨੇ ਸਵੇਰ ਦਾ ਕੁੱਝ ਨਹੀਂ ਸੀ ਖਾਧਾ। ਦਿਨ ਕਿਤੇ ਦਾ ਕਿਤੇ ਚਲਾ ਗਿਆ।

ਰਾਤ ਉਤਰ ਆਈ। ਟੱਬਰ ਨੇ ਰੋਟੀ ਖਾਧੀ ਪਰ ਗੁਲਾਬ ਕੌਰ ਨੇ ਇਕ ਗਰਾਹੀ ਵੀ ਮੂੰਹ ਵਿੱਚ ਨਾ ਪਾਈ। ਉਹ ਆਪਣੇ ਵੀਰ ਅਮਰ ਸਿੰਘ ਦਾ ਡਾਹਢਾ ਫਿਕਰ ਕਰ ਰਹੀ ਸੀ। ਅਮਰ ਸਿੰਘ ਦੀਆਂ ਦੋਵੇਂ ਭਰਜਾਈਆਂ ਨੇ ਵੀ ਰੋਟੀ ਖਾਣ ਲਈ ਬਥੇਰਾ ਜੋਰ ਲਾਇਆ ਪਰ ਗੁਲਾਬ

ਕੌਰ ਦਾ ਕਹਿਣਾ ਸੀ ਕਿ ਉਹ ਆਪਣੇ ਭਰਾ ਦੇ ਆਉਣ ਤੇ ਹੀ ਰੋਟੀ ਖਾਏਗੀ। ਸਾਰੇ ਟੱਬਰ ਨੂੰ ਗੁਲਾਬ ਕੌਰ ਦੀ ਕਮਜ਼ੋਰ ਹੋ ਰਹੀ ਸਿਹਤ ਦਾ ਫਿਕਰ ਸੀ ਪਰ ਗੁਲਾਬ ਕੌਰ ਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਸੀ। ਹਨ੍ਹੇਰਾ ਕਾਫੀ ਹੋ ਗਿਆ ਸੀ। ਕਮਰੇ ਵਿੱਚ ਸਰ੍ਹੋਂ ਦੇ ਤੇਲ ਦਾ ਦੀਵਾ ਜਗ ਰਿਹਾ ਸੀ। ਅਮਰ ਸਿੰਘ ਦੀ ਭਰਜਾਈ ਦਿਆਲੀ ਕਹਿਣ ਲੱਗੀ, "ਬੀਬੀ, ਜੇ ਭਲਾ ਹੁਣ ਅਮਰ ਸਿੰਘ ਆ ਜਾਵੇ ਤੇ ਫੇਰ ਤੂੰ ਰੋਟੀ ਖਾ ਲਏਂਗੀ?"

"ਹਾਂ ਮੈਂ ਫੇਰ ਰੋਟੀ ਖਾ ਲਊਂਗੀ।" ਗੁਲਾਬ ਕੌਰ ਨੇ ਸਾਧਾਰਨ ਹੀ ਜਵਾਬ ਦਿੱਤਾ। ਥੋੜ੍ਹੇ ਚਿਰ ਬਾਅਦ ਅਮਰ ਸਿੰਘ ਸੱਚੀਂ ਘਰ ਆ ਗਿਆ। ਗੁਲਾਬ ਕੌਰ ਉਸ ਦੇ ਗਲ਼ ਲੱਗ ਕੇ ਰੋਣ ਲੱਗ ਪਈ। ਭੈਣ ਭਰਾ ਕਿੰਨਾ ਹੀ ਚਿਰ ਇਸੇ ਤਰ੍ਹਾਂ ਖਲੋਤੇ ਰਹੇ।

"ਵੇ ਭਾਈ ਇਹਨੂੰ ਵੀ ਨਾਲ਼ ਲੈ ਜਾਇਆ ਕਰ। ਸਾਡੇ ਕੋਲੋਂ ਨੀ ਇਹਦੀ ਹਾਲਤ ਵੇਖੀ ਜਾਂਦੀ।" ਚਾਚੀ ਹੱਸ ਕੇ ਬੋਲੀ।

"ਮੈਂ ਤਾਂ ਚਾਚੀ ਹਾਲੇ ਵੀ ਜਾਣ ਨੂੰ ਤਿਆਰ ਆਂ।" ਗੁਲਾਬ ਕੌਰ ਕੁੱਝ ਹੌਂਸਲੇ ਨਾਲ ਬੋਲੀ। ਅਮਰ ਸਿੰਘ ਦੇ ਆਉਣ ਨਾਲ ਸਾਰਾ ਟੱਬਰ ਖ਼ੁਸ਼ ਹੋ ਗਿਆ।

ਚਾਚੀ ਦੋਹਾਂ ਭੈਣ ਭਰਾਵਾਂ ਲਈ ਰੋਟੀ ਗਰਮ ਕਰ ਕੇ ਲੈ ਆਈ। ਗੁਲਾਬ ਕੌਰ ਵੀ ਅਮਰ ਸਿੰਘ ਦੇ ਕੋਲ ਬੈਠ ਕੇ ਰੋਟੀ ਖਾਣ ਲੱਗੀ। ਰੋਟੀ ਖਾ ਕੇ ਅਮਰ ਸਿੰਘ ਨੇ ਕਰਮ ਸਿੰਘ ਦੌਲਤਪੁਰ ਤੇ ਉਨ੍ਹਾਂ ਦੇ ਜੱਥੇ ਬਾਰੇ ਗੱਲਾਂ ਕੀਤੀਆਂ। ਅਜੀਬ ਗੱਲਾਂ ਸੁਣ ਕੇ ਸਾਰਾ ਟੱਬਰ ਹੈਰਾਨ ਸੀ। ਗੁਲਾਬ ਕੌਰ ਨੂੰ ਤਾਂ ਜਿਵੇਂ ਆਪਣੀ ਬਿਮਾਰੀ ਭੁੱਲ ਗਈ। ਉਸ ਨੂੰ ਲੱਗਾ ਕਿ ਇਨ੍ਹਾਂ ਵਿੱਚ ਤਾਂ ਗ਼ਦਰੀਆਂ ਦੀਆਂ ਰੂਹਾਂ ਸਮਾ ਗਈਆਂ ਹਨ। ਇਨ੍ਹਾਂ ਦੀਆਂ ਸਰਗਰਮੀਆਂ ਅੰਗਰੇਜ਼ਾਂ ਦੇ ਕੰਨ ਖੋਲ੍ਹ ਦੇਣਗੀਆਂ।

ਗੁਲਾਬ ਕੌਰ ਦੇ ਕੰਨਾਂ ਵਿੱਚ ਅਮਰ ਸਿੰਘ ਦੀਆਂ ਗੱਲਾਂ ਵਾਰ ਵਾਰ ਘੁੰਮ ਰਹੀਆਂ ਸਨ। ਕਰਮ ਸਿੰਘ ਦੌਲਤਪੁਰ, ਕਰਮ ਸਿੰਘ ਝਿੰਗੜ ਤੇ ਆਸਾ ਸਿੰਘ ਭੁਕੜੂਦੀ ਨੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਬਹੁਤ ਪਿੰਡਾਂ ਵਿੱਚ ਕਾਨਫਰੰਸਾਂ ਕੀਤੀਆਂ। ਫਿਰ ਇਨ੍ਹਾਂ ਨੇ ਪਿੰਡ ਝਿੰਗੜਾਂ ਵਿੱਚ ਇਕ ਬਹੁਤ ਭਾਰੀ ਦੀਵਾਨ ਲਗਾਇਆ। ਕਰਮ ਸਿੰਘ ਹੋਰਾਂ ਨੇ ਅੰਗਰੇਜ਼ ਸਰਕਾਰ ਵਿਰੁੱਧ ਧੂੰਆ ਧਾਰ ਤਕਰੀਰਾਂ ਕੀਤੀਆਂ। ਲੋਕਾਂ ਨੇ ਉਨ੍ਹਾਂ ਨੂੰ ਬੜੇ ਧਿਆਨ ਨਾਲ ਸੁਣਿਆ। ਫਿਰ ਇਸ ਜੱਥੇ ਨੇ ਬੰਗਿਆਂ ਲਾਗੇ ਜਗਤਪੁਰ, ਹੇੜੀਆਂ, ਅੱਪਰਾ, ਜੀਂਦੋਵਾਲ, ਨੌਰਾ, ਮੋਰਾਂਵਲੀ ਤੇ ਮਹਿਲਾਂ ਗਹਿਲਾਂ ਵਿੱਚ ਧੜੱਲੇਦਾਰ ਤਕਰੀਰਾਂ ਕੀਤੀਆਂ। ਇਨ੍ਹਾਂ ਕਾਨਫਰੰਸਾਂ ਵਿਚ ਆਸ ਤੋਂ ਵੀ ਵੱਧ ਲੋਕ ਇਕੱਠੇ ਹੋਏ। ਲੋਕਾਂ ਨੇ ਬੜੇ ਗਹੁ ਨਾਲ ਵਿਚਾਰ ਸੁਣੇ। ਇਨ੍ਹਾਂ ਤਕਰੀਰਾਂ ਦੇ ਕਾਰਨ ਕਰਮ ਸਿੰਘ ਦੌਲਤਪੁਰ, ਕਮਰ ਸਿੰਘ ਝਿੰਗੜ ਤੇ ਆਸਾ ਸਿੰਘ ਭੁਕੜੂਦੀ ਦੇ ਵਾਰੰਟ ਨਿਕਲ ਗਏ। ਵਾਰੰਟ ਨਿਕਲਣ ਬਾਅਦ ਇਹ ਸਾਰੇ ਜਣੇ ਅੰਡਰ ਗਰਾਊਂਡ ਹੋ ਗਏ ਤੇ ਚਮਕੌਰ ਸਾਹਿਬ ਵੱਲ ਪ੍ਰਚਾਰ ਕਰਨ ਲਈ ਚਲੇ ਗਏ। ਅਮਰ ਸਿੰਘ ਆਪਣੇ ਪਿੰਡ ਆ ਗਿਆ।

ਗੁਲਾਬ ਕੌਰ ਕਈ ਦਿਨ ਕਰਮ ਸਿੰਘ ਹੋਰਾਂ ਦੀਆਂ ਗੱਲਾਂ ਕਰਦੀ ਰਹੀ। ਉਸ ਨੂੰ ਆਪਣੀ ਬਿਮਾਰੀ ਦਾ ਕੋਈ ਫਿਕਰ ਨਹੀਂ ਸੀ। ਇਕ ਦਿਨ ਧਾਮੀਆਂ ਪਿੰਡ ਤੋਂ ਸੁਨੇਹਾ ਮਿਲਿਆ ਤੇ ਅਮਰ ਸਿੰਘ ਫਿਰ ਘਰੋਂ ਚਲਾ ਗਿਆ। ਅਸਲ ਵਿੱਚ ਕਰਮ ਸਿੰਘ ਤੇ ਉਸ ਦੇ ਦੂਜੇ ਸਾਥੀ ਦਿਨੋ ਦਿਨ ਸਰਗਰਮ ਹੋ ਰਹੇ ਸਨ। ਕਰਮ ਸਿੰਘ ਪਿਛਲੇ ਸਮੇਂ ਵਿਚ ਗੁਲਾਬ ਕੌਰ ਨਾਲ ਕਈ ਸਲਾਹਾਂ ਕਰਕੇ ਗਿਆ ਸੀ। ਕਰਮ ਸਿੰਘ ਦ੍ਰਿੜ ਇਰਾਦੇ ਦਾ ਮਾਲਕ ਸੀ। ਉਨ੍ਹਾਂ ਨੇ ਆਪਣੇ ਜੱਥੇ ਵਿੱਚ ਇੱਕ ਪਰਚਾ ਕੱਢਣ ਦਾ ਫੈਸਲਾ ਕੀਤਾ ਸੀ ਤਾਂ ਕਿ ਅੰਗਰੇਜ਼ਾਂ ਦੀਆਂ ਕਾਲੀਆਂ ਕਰਤੂਤਾਂ ਨੂੰ ਨੰਗਾ

ਕੀਤਾ ਜਾਵੇ ਤੇ ਲੋਕਾਂ ਨੂੰ ਇਸ ਵਿਰੁੱਧ ਜਾਗਰੂਕ ਕੀਤਾ ਜਾਵੇ। ਪੈਸੇ ਦੀ ਘਾਟ ਨੂੰ ਮੁੱਖ ਰੱਖ ਕੇ ਕਰਮ ਸਿੰਘ ਹੋਰਾਂ ਨੇ ਬਿਛੋੜੀ ਪਿੰਡ ਦੇ ਕਾਲੇ ਲੰਬੜਦਾਰ ਤੋਂ ਮਾਮਲੇ ਦੇ 575 ਰੁਪਏ ਖੋਹ ਲਏ। ਲੰਬੜਦਾਰ ਇਹ ਮਾਮਲਾ ਗੜ੍ਹਸ਼ੰਕਰ ਦੇ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰਵਾਉਣ ਜਾ ਰਿਹਾ ਸੀ। ਇਨ੍ਹਾਂ ਪੈਸਿਆਂ ਵਿਚੋਂ ਲਾਹੌਰ ਤੋਂ ਇੱਕ ਸਾਈਕਲੋ ਸਟਾਈਲ ਮਸ਼ੀਨ ਖਰੀਦੀ ਗਈ ਤੇ ਫਿਰ 'ਬੱਬਰ ਅਕਾਲੀ ਦੁਆਬਾ' ਨਾਂ ਦਾ ਪਰਚਾ ਸ਼ੁਰੂ ਕੀਤਾ ਗਿਆ। ਹੌਲੀ ਹੌਲੀ ਇਹ ਪਰਚਾ ਆਮ ਲੋਕਾਂ ਤੱਕ ਪੁੱਜਣ ਲੱਗਾ। ਪਰਚੇ ਦੇ ਲੇਖ ਤੇ ਜੋਸ਼ੀਲੀਆਂ ਕਵਿਤਾਵਾਂ ਲੋਕਾਂ ਨੂੰ ਹਲੂਣਾ ਦੇਣ ਲੱਗੀਆਂ। ਲੋਕ ਇਸ ਪਰਚੇ ਨੂੰ ਉਡੀਕਦੇ। ਪਰਚੇ ਵਿੱਚ ਛਪੀਆਂ ਕਵਿਤਾਵਾਂ ਗੁਣਗੁਣਾਉਂਦੇ। ਪਰਚੇ ਵਿੱਚ ਅੰਗਰੇਜ਼ਾਂ ਨੂੰ ਸਿੱਧੀ ਤਾੜਨਾ ਹੁੰਦੀ ਕਿ ਹਿੰਦੁਸਤਾਨ ਸਾਡਾ ਦੇਸ਼ ਹੈ। ਸਾਡਾ ਦੇਸ਼ ਛੱਡ ਜਾਉ। ਤੁਹਾਡੇ ਨਾਲ ਸਾਡੀ ਜੰਗ ਸ਼ੁਰੂ ਹੋ ਚੁੱਕੀ ਹੈ। ਮਰਦੇ ਦਮ ਤੱਕ ਜੰਗ ਅਸੀਂ ਜਾਰੀ ਰੱਖਾਂਗੇ।

ਪਰਚੇ ਗੁਲਾਬ ਕੌਰ ਕੋਲ ਵੀ ਪਹੁੰਚ ਜਾਂਦੇ। ਪਰਚੇ ਵੇਖ ਕੇ ਗੁਲਾਬ ਕੌਰ ਨੂੰ ਆਪਣੀ ਬਿਮਾਰੀ ਭੁੱਲ ਜਾਂਦੀ। ਉਹ ਵਾਰ-ਵਾਰ ਪਰਚਾ ਪੜ੍ਹਦੀ। ਪਰਚੇ ਵਿੱਚ ਅੰਗਰੇਜ਼ਾਂ ਦੇ ਝੋਲੀਚੁੱਕਾਂ ਨੂੰ ਵਿਸ਼ੇਸ਼ ਤਾੜਨਾ ਕੀਤੀ ਹੁੰਦੀ ਕਿ ਤੁਸੀਂ ਆਪਣੀਆਂ ਕਾਲੀਆਂ ਕਰਤੂਤਾਂ ਤੋਂ ਬਾਜ਼ ਆ ਜਾਉ ਨਹੀਂ ਤੁਹਾਨੂੰ ਸੋਧ ਦਿੱਤਾ ਜਾਵੇਗਾ। ਗੁਲਾਬ ਕੌਰ ਇਹ ਸ਼ਬਦ ਪੜ੍ਹ ਕੇ ਅਕਸਰ ਹੀ ਸੋਚਦੀ ਕਿ ਇਨ੍ਹਾਂ ਗ਼ਦਾਰਾਂ ਨੇ ਬਿਲਕੁੱਲ ਬਾਜ਼ ਨਹੀਂ ਆਉਣਾ। ਇਨ੍ਹਾਂ ਨੂੰ ਅੰਗਰੇਜ਼ਾਂ ਵੱਲੋਂ ਮਿਲਦੇ ਸਨਮਾਨਾਂ ਦੀ ਝਾਕ ਰਹਿੰਦੀ ਹੈ। ਕਿਸੇ ਕਿਸਮ ਦੀ ਚਿਤਾਵਨੀ ਦਾ ਇਨ੍ਹਾਂ ਉੱਤੇ ਕੋਈ ਅਸਰ ਨਹੀਂ ਹੋਣਾ। ਹੱਥਾਂ ਬਾਝ ਕਰਾਰਿਆਂ ਵੈਰੀ ਮਿੱਤ ਨਾ ਹੋਏ। ਇਨ੍ਹਾਂ ਦਾ ਇਕੋ ਇਲਾਜ ਬੱਸ ਇਨ੍ਹਾਂ ਨੂੰ ਸੋਧ ਦੇਣਾ ਹੈ। ਗ਼ਦਰ ਪਾਰਟੀ ਦਾ ਅੰਗਰੇਜ਼ੀ ਪੁਲੀਸ ਨੇ ਜੋ ਨੁਕਸਾਨ ਕੀਤਾ ਹੈ ਜਾਂ ਫਿਰ ਅੰਗਰੇਜ਼ਾਂ ਨੇ ਜੋ ਜ਼ੁਲਮ ਕੀਤੇ ਐ ਉਹ ਸਭ ਗ਼ਦਾਰਾਂ ਦੀ ਮਿਹਰਬਾਨੀ ਹੋਈ ਹੈ। ਇਹ ਬਖਸ਼ ਦੇਣ ਦੇ ਬਿਲਕੁੱਲ ਕਾਬਲ ਨਹੀਂ। ਕਰਮ ਸਿੰਘ ਆਪ ਵੀ ਪਰਚੇ ਵਿੱਚ ਜੋਸ਼ੀਲੀਆਂ ਕਵਿਤਾਵਾਂ ਲਿਖਦੇ ਤੇ ਲੋਕਾਂ ਨੂੰ ਇਕ ਜੋਰਦਾਰ ਢੰਗ ਨਾਲ ਸੁਨੇਹਾ ਵੀ ਦਿੰਦੇ ਕਿ ਹੁਣ ਸ਼ਾਂਤਮਈ ਵਾਲਾ ਰਸਤਾ ਛੱਡ ਕੇ ਹਥਿਆਰ ਉਠਾਉ ਤੇ ਹਥਿਆਰਾਂ ਦੇ ਜ਼ੋਰ ਨਾਲ ਅੰਗਰੇਜ਼ਾਂ ਨੂੰ ਹਿੰਦੁਸਤਾਨ ਵਿੱਚੋਂ ਕੱਢ ਦਿਉ।

ਉਧਰ ਚੱਕਰਵਰਤੀ ਜੱਥੇ ਦੇ ਲੀਡਰ ਕਿਸ਼ਨ ਸਿੰਘ ਗੜਗੱਜ ਬਿਲਕੁੱਲ ਕਰਮ ਸਿੰਘ ਦੌਲਤਪੁਰ ਦੀ ਵਿਚਾਰਧਾਰਾ ਅਨੁਸਾਰ ਹੀ ਆਪਣੀਆਂ ਰਾਜਨੀਤਕ ਗਤੀਵਿਧੀਆਂ ਚਲਾ ਰਹੇ ਸਨ। ਕਿਸ਼ਨ ਸਿੰਘ ਗੜਗੱਜ 'ਬੱਬਰ ਅਕਾਲੀ ਦੁਆਬਾ' ਪਰਚਾ ਪੜ੍ਹ ਕੇ ਬੜਾ ਪ੍ਰਭਾਵਿਤ ਹੋਇਆ। ਕੈਨੇਡਾ ਤੋਂ ਵਾਪਸ ਆਏ ਕਰਮ ਸਿੰਘ ਝਿੰਗੜ ਨੇ ਅ ਮਾ ਸਿੰਘ ਦੇ ਪਿੰਡ ਭੁਕੜੂਦੀ ਵਿਖੇ ਕਿਸ਼ਨ ਸਿੰਘ ਗੜਗੱਜ ਤੇ ਕਰਮ ਸਿੰਘ ਦੌਲਤਪੁਰ ਦੀ ਮੁਲਾਕਾਤ ਕਰਵਾਈ। ਦੋਹਾਂ ਨੇ ਆਪਣੇ ਸਾਥੀਆਂ ਦੀ ਸਲਾਹ ਨਾਲ ਆਪਣੇ ਜੱਥੇ ਇਕੱਠੇ ਕਰਕੇ ਬੱਬਰ ਅਕਾਲੀ ਜੱਥਾ ਕਾਇਮ ਕਰ ਲਿਆ। ਹੁਣ ਤਾਂ ਇਸ ਜੱਥੇ ਦੇ ਮੈਂਬਰਾਂ ਨੂੰ ਲੋਕ ਬੱਬਰ ਆਖ ਕੇ ਬੁਲਾਉਣ ਲੱਗ ਪਏ।

ਹੁਣ ਬੱਬਰ ਅਕਾਲੀਆਂ ਦਾ ਪਰਚਾ ਨਿਕਲ ਰਿਹਾ ਸੀ। ਬੱਬਰ ਥਾਂ ਥਾਂ ਕਾਨਫਰੰਸਾਂ ਕਰਕੇ ਅੰਗਰੇਜ਼ਾਂ ਵਿਰੁੱਧ ਪ੍ਰਚਾਰ ਕਰਦੇ ਸਨ। ਝੋਲੀਚੁੱਕਾਂ ਨੂੰ ਤਾੜਨਾ ਕਰਦੇ ਸਨ। ਕਈ ਥਾਂ ਬੱਬਰਾਂ ਨੇ ਡਾਕੇ ਵੀ ਮਾਰੇ। ਝੋਲੀਚੁੱਕਾ ਦੇ ਕਤਲ ਕੀਤੇ। ਦੁਆਬੇ ਵਿਚ ਤਾਂ ਹਾਹਾਕਾਰ ਮੱਚ ਗਈ। ਅੰਗਰੇਜ਼ੀ ਸਰਕਾਰ ਨੂੰ ਹੱਥਾਂ ਪੈਰਾਂ ਦੀ ਪੈ ਗਈ। ਉਸ ਨੇ ਆਪਣੇ ਜੀ ਹਜ਼ੂਰੀਏ ਸਫੈਦਪੋਸ਼, ਲੰਬੜਦਾਰ ਤੇ ਹੋਰ ਮੁਖਬਰਾਂ ਨੂੰ ਵਧੇਰੇ ਚੌਕੰਨੇ ਕਰ ਦਿੱਤਾ। ਕਈ ਪਿੰਡਾਂ ਵਿਚ ਪੁਲੀਸ ਦੀਆਂ ਚੌਂਕੀਆਂ ਬਿਠਾ ਦਿੱਤੀਆਂ। ਅੰਗਰੇਜ਼ਾਂ ਦੇ ਝੋਲੀਚੁੱਕ ਅੰਗਰੇਜ਼ਾਂ ਦੇ ਇਸ਼ਾਰੇ ਉੱਤੇ ਪਿੰਡਾਂ ਵਿਚ

ਅਮਨ ਕਮੇਟੀਆਂ ਬਣਾ ਕੇ ਬੱਬਰਾਂ ਨੂੰ ਚੋਰ ਡਾਕੂ ਦੱਸਦੇ ਤੇ ਅੰਗਰੇਜ਼ੀ ਰਾਜ ਦੀਆਂ ਸਿਫਤਾਂ ਕਰਦੇ। ਬੱਬਰਾਂ ਨੇ ਝੋਲੀਚੁੱਕਾ ਨੂੰ ਵੀ ਸਬਕ ਸਿਖਾਉਣਾ ਸ਼ੁਰੂ ਕਰ ਦਿੱਤਾ।

ਬੱਬਰਾਂ ਨੇ ਇੱਕ ਦਲੇਰੀ ਭਰਿਆ ਕਦਮ ਚੁਕਦਿਆਂ ਐਲਾਨ ਕਰ ਦਿੱਤਾ ਕਿ ਹਿੰਦੁਸਤਾਨ ਸਾਡਾ ਦੇਸ਼ ਹੈ। ਇਸ ਦੇ ਅਸੀਂ ਮਾਲਕ ਹਾਂ। ਹੁਸ਼ਿਆਰਪੁਰ ਤੇ ਉਸ ਦੇ ਨਾਲ ਲੱਗਦੇ ਇਲਾਕੇ ਦੀਆਂ ਸੜਕਾਂ ਉੱਤੇ ਅੰਬ ਤੇ ਜਾਮਣਾਂ ਦੇ ਬਹੁਤ ਦਰਖ਼ਤ ਸਨ। ਇਸ ਵਾਰ ਕਹਿੰਦੇ ਅੰਬਾਂ ਦੇ ਦਰਖ਼ਤਾਂ ਉੱਤੇ ਲੋਹੜੇ ਦਾ ਫ਼ਲ ਲੱਗਾ ਸੀ। ਅੰਬ ਬੇਹੱਦ ਮਿੱਠੇ। ਸਰਕਾਰ ਹਮੇਸ਼ਾ ਅੰਬ ਤੇ ਜਾਮਣਾਂ ਦੇ ਦਰਖ਼ਤਾਂ ਦੀ ਬੋਲੀ ਕਰਵਾਉਂਦੀ ਸੀ ਜਿਸ ਕਰਕੇ ਸਰਕਾਰ ਨੂੰ ਕਾਫੀ ਆਮਦਨ ਹੋ ਜਾਂਦੀ ਸੀ। ਬੱਬਰਾਂ ਨੇ ਐਲਾਨ ਕਰ ਦਿੱਤਾ ਕਿ ਇਸ ਵਾਰ ਕੋਈ ਬੰਦਾ ਅੰਬਾਂ ਤੇ ਜਾਮਣਾਂ ਦੀ ਬੋਲੀ ਨਾ ਦੇਵੇ। ਜੇ ਕਿਸੇ ਨੇ ਕੋਈ ਬੋਲੀ ਦਿੱਤੀ ਤਾਂ ਉਸ ਨੂੰ ਸੋਧ ਦਿੱਤਾ ਜਾਵੇਗਾ। ਇਹ ਦਰਖ਼ਤ ਲੋਕਾਂ ਦੇ ਹਨ। ਲੋਕ ਇਨ੍ਹਾਂ ਦੇ ਫ਼ਲ ਮੁਫਤ ਖਾਣਗੇ। ਬੱਸ ਫਿਰ ਕੀ ਸੀ। ਕੋਈ ਵੀ ਬੰਦਾ ਬੋਲੀ ਦੇਣ ਵਾਸਤੇ ਤਿਆਰ ਨਾ ਹੋਇਆ। ਲੋਕ ਆਉਂਦੇ ਤੇ ਅੰਬਾਂ ਦੀਆਂ ਟੋਕਰੀਆਂ ਭਰ ਕੇ ਲੈ ਜਾਂਦੇ। ਅੰਬਾਂ ਤੇ ਜਾਮਣਾਂ ਦੀ ਗੱਲ ਤਾਂ ਘਰ ਘਰ ਹੁੰਦੀ।

ਇੱਕ ਦਿਨ ਗੁਲਾਬ ਕੌਰ ਨੇ ਹੁਸ਼ਿਆਰਪੁਰ ਤੋਂ ਆਪਣੇ ਲਈ ਦਵਾਈ ਲੈਣ ਜਾਣਾ ਸੀ। ਅਮਰ ਸਿੰਘ ਨਾਲ ਜਾਣ ਲਈ ਤਿਆਰ ਹੋ ਰਿਹਾ ਸੀ। ਗੁਲਾਬ ਕੌਰ ਕਹਿਣ ਲੱਗੀ, "ਵੀਰਾ, ਕਹਿੰਦੇ ਲੋਕ ਤਾਂ ਸ਼ਹਿਰ ਵੱਲੋਂ ਅੰਬਾਂ ਦੇ ਝੋਲੇ ਭਰ ਭਰ ਕੇ ਲਿਆਉਂਦੇ ਐ। ਆਪਾਂ ਵੀ ਆਉਂਦੇ ਹੋਏ ਅੱਜ ਅੰਬ ਲੈ ਕੇ ਆਵਾਂਗੇ।"

"ਲੈ ਭੈਣ ਇਹ ਕਿਹੜੀ ਵੱਡੀ ਗੱਲ ਐ। ਆਉਂਦੇ ਹੋਏ ਆਪਾਂ ਅੰਬ ਤੋੜ ਲਿਆਵਾਂਗੇ।" ਅਮਰ ਸਿੰਘ ਨੇ ਸਾਧਾਰਨ ਹੀ ਜਵਾਬ ਦਿੱਤਾ।

ਸਵੱਖਤੇ ਤਿਆਰ ਹੋ ਕੇ ਦੋਵੇਂ ਭੈਣ ਭਰਾ ਹੁਸ਼ਿਆਰਪੁਰ ਨੂੰ ਚੱਲ ਪਏ। ਹਾਲੇ ਬਹੁਤੀ ਗਰਮੀ ਨਹੀਂ ਸੀ। ਥੋੜ੍ਹੀ-ਥੋੜ੍ਹੀ ਹਵਾ ਰੁਮਕ ਰਹੀ ਸੀ। ਅਮਰ ਸਿੰਘ ਘੋੜੀ ਦੀ ਲਗਾਮ ਫੜੀ ਅੱਗੇ-ਅੱਗੇ ਚੱਲ ਰਿਹਾ ਸੀ। ਗੁਲਾਬ ਕੌਰ ਘੋੜੀ ਉੱਤੇ ਬੈਠੀ ਆਸੇ ਪਾਸੇ ਵੇਖ ਰਹੀ ਸੀ। ਅੱਜੇ ਜਾ ਕੇ ਅੰਬ ਤੇ ਜਾਮਣਾਂ ਦੇ ਦਰਖ਼ਤ ਫ਼ਲਾਂ ਨਾਲ ਲੱਦੇ ਨਜ਼ਰ ਆਏ। ਉਹ ਤੁਰਦੇ ਗਏ। ਇਸ ਤੋਂ ਅੱਗੇ ਤਾਂ ਅੰਬਾਂ ਦੇ ਸੰਘਣੇ ਦਰਖ਼ਤ ਆ ਗਏ। ਕਈ ਬੰਦੇ ਅੰਬ ਤੋੜ ਰਹੇ ਸਨ। ਔਰਤਾਂ ਤੇ ਬੱਚੇ ਥੱਲਿਉਂ ਪੱਕੇ ਹੋਏ ਅੰਬ ਚੁਗ ਰਹੇ ਸਨ। ਇਹ ਦ੍ਰਿਸ਼ ਵੇਖ ਕੇ ਗੁਲਾਬ ਕੌਰ ਬੜੀ ਖ਼ੁਸ਼ ਹੋਈ।

"ਵੀਰ, ਆਪਾਂ ਦੁਨੀ ਚੰਦ ਵਾਸਤੇ ਕੁੱਝ ਅੰਬ ਲੈ ਚੱਲੀਏ।" ਗੁਲਾਬ ਕੌਰ ਨੇ ਅਮਰ ਸਿੰਘ ਨੂੰ ਕਿਹਾ।

"ਭੈਣ ਅੰਬਾਂ ਦਾ ਕੀ ਐ ਜਿਨੇ ਮਰਜ਼ੀ ਲੈ ਚੱਲੀਏ!" ਅਮਰ ਸਿੰਘ ਬੋਲਿਆ। ਫਿਰ ਉਸ ਨੇ ਘੋੜੀ ਰੋਕ ਕੇ ਗੁਲਾਬ ਕੌਰ ਨੂੰ ਥੱਲੇ ਉਤਾਰਿਆ। ਗੁਲਾਬ ਕੌਰ ਘੋੜੀ ਦੀ ਲਗਾਮ ਫੜ ਕੇ ਛਾਵੇਂ ਇੱਕ ਪਾਸੇ ਬੈਠ ਗਈ।

ਅਮਰ ਸਿੰਘ ਅੰਬ ਲਾਹੁਣ ਵਾਲੇ ਲੜਕਿਆਂ ਕੋਲ ਚਲਾ ਗਿਆ। ਕਈਆਂ ਨੇ ਇਕੱਠੇ ਕੀਤੇ ਅੰਬ ਮੱਲੋ ਮੱਲੀ ਅਮਰ ਸਿੰਘ ਨੂੰ ਫੜਾ ਦਿੱਤੇ। ਉਹ ਬੜੇ ਖ਼ੁਸ਼ ਸਨ। ਅੰਬ ਅਮਰ ਸਿੰਘ ਨੇ ਇੱਕ ਪਰਨੇ ਵਿੱਚ ਬੰਨ੍ਹ ਲਏ। ਭੈਣ ਭਰਾ ਫਿਰ ਸ਼ਹਿਰ ਨੂੰ ਚੱਲ ਪਏ। ਹੁਸ਼ਿਆਰਪੁਰ ਹਕੀਮ ਦੁਨੀ ਚੰਦ ਦੀ ਦੁਕਾਨ ਉੱਤੇ ਪਹੁੰਚੇ ਤਾਂ ਦਿਨ ਕਾਫੀ ਵੱਡਾ ਆ ਗਿਆ ਸੀ।

"ਰਾਮ ਰਾਮ ਬੀਬੀ, ਰਾਮ ਰਾਮ!" ਦੁਨੀ ਚੰਦ ਪਹਿਲਾਂ ਹੀ ਬੋਲ ਪਿਆ।

"ਰਾਮ ਰਾਮ ਜੀ, ਰਾਮ ਰਾਮ!" ਗੁਲਾਬ ਕੌਰ ਥੋੜ੍ਹਾ ਹੱਸਦੀ ਬੋਲੀ। ਹਕੀਮ ਦਾ ਚੇਲਾ ਝੱਟ ਦੋ ਗਿਲਾਸ ਪਾਣੀ ਲੈ ਆਇਆ। ਪਾਣੀ ਪੀ ਕੇ ਭੈਣ ਭਰਾ ਕੁੱਝ ਸੁਰਤ ਸਿਰ ਹੋਏ।

"ਬੀਬੀ ਪਹਿਲਾਂ ਤੁਸੀਂ ਆਪਣੇ ਬਾਰੇ ਦੱਸੋ ਕੀ ਹਾਲ ਐ ਹੁਣ?" ਹਕੀਮ ਬੋਲਿਆ। ਦੁਕਾਨ ਵਿੱਚ ਸਿਰਫ ਇਹ ਚਾਰੇ ਹੀ ਸਨ।

"ਹਕੀਮ ਜੀ ਤੁਸੀਂ ਤਾਂ ਪੱਕੇ ਦੂਨੀ ਚੰਦ ਹੋ!" ਗੁਲਾਬ ਕੌਰ ਨੇ ਕਿਹਾ।

"ਉਹ ਕਿਵੇਂ ਬੀਬੀ?" ਹਕੀਮ ਬੋਲਿਆ।

"ਆਹ ਰਾਮ ਰਾਮ ਤੁਸੀਂ ਕਿਥੋਂ ਸਿੱਖ ਲਈ।"

ਗੁਲਾਬ ਕੌਰ ਦੀ ਗੱਲ ਸੁਣ ਕੇ ਦੂਨੀ ਚੰਦ ਹੱਸ ਪਿਆ। ਫਿਰ ਉਹ ਹੌਲੀ ਜਿਹੀ ਕਹਿਣ ਲੱਗਾ, "ਬੀਬੀ ਜੀ, ਆਪਣਾ ਆਪ ਛੁਪਾਉਣ ਲਈ ਬੜਾ ਕੁੱਝ ਕਰਨਾ ਪੈਂਦਾ। ਮੈਂ ਤਾਂ ਹੁਣ ਪੂਰਾ ਦੂਨੀ ਚੰਦ ਆਂ।" ਦੂਨੀ ਚੰਦ ਫੇਰ ਹੱਸਿਆ।

"ਅੱਛਾ, ਮੇਰੇ ਪੁੱਤਰ ਦਾ ਕੀ ਹਾਲ ਐ?" ਗੁਲਾਬ ਕੌਰ ਨੇ ਹੌਲੀ ਜਿਹੀ ਗੱਲ ਕੀਤੀ। ਹਕੀਮ ਵੀ ਬੀਬੀ ਦੀ ਗੱਲ ਸਮਝ ਗਿਆ। ਦਲੀਪ ਸਿੰਘ ਧਾਮੀਆਂ ਅਮਰ ਸਿੰਘ ਦੀ ਰਿਸ਼ਤੇਦਾਰੀ ਵਿੱਚੋਂ ਨੌਜਵਾਨ ਲੜਕਾ ਸੀ। ਗੁਲਾਬ ਕੌਰ ਉਸ ਨੂੰ ਆਪਣੇ ਪੁੱਤਰਾਂ ਵਾਂਗ ਪਿਆਰ ਕਰਦੀ ਸੀ। ਉਹ ਬੜਾ ਹੋਣਹਾਰ ਤੇ ਫੁਰਤੀਲਾ ਨੌਜਵਾਨ ਸੀ। ਉਸ ਉੱਤੇ ਸ਼ੁਰੂ ਤੋਂ ਹੀ ਦੇਸ਼ ਭਗਤੀ ਦਾ ਰੰਗ ਚੜ੍ਹਨ ਲੱਗ ਪਿਆ ਸੀ। ਗੁਲਾਬ ਕੌਰ ਦੀ ਉਹ ਬਹੁਤ ਕਦਰ ਕਰਦਾ। ਉਹ ਜਦੋਂ ਵੀ ਗੁਲਾਬ ਕੌਰ ਨੂੰ ਮਿਲਦਾ ਤਾਂ ਪਹਿਲਾਂ ਭੱਜ ਕੇ ਉਸ ਦੇ ਪੈਰ ਛੂੰਹਦਾ। ਗੁਲਾਬ ਕੌਰ ਉਸ ਨੂੰ ਘੁੱਟ ਕੇ ਆਪਣੀ ਛਾਤੀ ਨਾਲ ਲਾਉਂਦੀ। ਉਸ ਨੂੰ ਪੁੱਤਰਾਂ ਵਾਂਗ ਪਿਆਰ ਕਰਦੀ। ਦਲੀਪ ਸਿੰਘ ਕਈ ਮਹੀਨਿਆਂ ਤੋਂ ਬੱਬਰ ਅਕਾਲੀਆਂ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਦੇ ਨਾਲ ਰਲ਼ ਕੇ ਕੰਮ ਕਰਨ ਲੱਗ ਪਿਆ ਸੀ। ਕਰਮ ਸਿੰਘ ਦੌਲਤਪੁਰੀਆਂ ਤਾਂ ਉਸ ਵੱਲੋਂ ਕੀਤੇ ਕੰਮਾਂ ਦੀ ਬੜੀ ਸ਼ਲਾਘਾ ਕਰਦਾ ਸੀ।

ਦੂਨੀ ਚੰਦ ਗੁਲਾਬ ਕੌਰ ਦੀ ਗੱਲ ਸੁਣ ਕੇ ਕਹਿਣ ਲੱਗਾ, "ਮੇਰੀ ਦੁਕਾਨ ਸਭ ਦਾ ਅੱਡਾ ਹੈ। ਕੋਈ ਏਥੇ ਸੁਨੇਹਾ ਦੇ ਜਾਂਦਾ ਤੇ ਕੋਈ ਸੁਨੇਹਾ ਲੈ ਜਾਂਦਾ। ਦਵਾਈ ਬੂਟੀ ਆਪਣੀ ਚੱਲੀ ਜਾਂਦੀ ਐ।"

"ਪਹਿਲਾਂ ਹਕੀਮ ਜੀ ਆਹ ਅੰਬ ਲਉ।" ਅਮਰ ਸਿੰਘ ਨੇ ਅੰਬਾਂ ਵਾਲਾ ਪਰਨਾ ਖੋਲ੍ਹ ਕੇ ਹਕੀਮ ਦੇ ਅੱਗੇ ਰੱਖ ਦਿੱਤਾ।

ਹਕੀਮ ਕਿਨਾ ਹੀ ਚਿਰ ਅੰਬਾਂ ਵੱਲ ਵੇਖਦਾ ਰਿਹਾ। ਫਿਰ ਹੌਲੀ ਜਿਹੀ ਮੁਸਕਰਾ ਕੇ ਕਹਿਣ ਲੱਗਾ, "ਬਈ ਤੁਸੀਂ ਵੀ ਰਸਤੇ ਵਿੱਚੋਂ ਖਾਲੀ ਹੱਥ ਨੀ ਆਏ।"

"ਤੁਸੀਂ ਸ਼ਹਿਰੋਂ ਬਾਹਰ ਨਿਕਲ ਕੇ ਤਾਂ ਵੇਖੋ। ਲੋਕ ਤਾਂ ਐਤਕੀ ਅੰਬਾਂ ਨੂੰ ਇਉਂ ਤੋੜ ਰਹੇ ਐ ਜਿਵੇਂ ਇਹ ਉਨ੍ਹਾਂ ਦੇ ਆਪਣੇ ਲਾਏ ਹੋਣ।" ਅਮਰ ਸਿੰਘ ਨੇ ਅੰਬਾਂ ਵੱਲ ਵੇਖ ਕੇ ਕਿਹਾ।

"ਬਈ ਜਿਹੋ ਜਿਹੀ ਆਹ ਬੱਬਰਾਂ ਨੇ ਗੱਲ ਕੀਤੀ ਐ। ਇਹ ਤਾਂ ਹੱਦ ਹੋ ਗਈ। ਕਿਸੇ ਨੇ ਪਹਿਲਾਂ ਵਾਂਗ ਬੋਲੀ ਦੇਣ ਦੀ ਹਿੰਮਤ ਨਹੀਂ ਕੀਤੀ। ਕਹਿੰਦੇ ਲੋਕ ਅੰਬ ਤੋੜੀ ਜਾਂਦੇ ਤੇ ਘਰਾਂ ਨੂੰ ਲਈ ਜਾਂਦੇ ਐ। ਜਾਮਣਾਂ ਦੇ ਤਾਂ ਕਹਿੰਦੇ ਰੁੱਖਾਂ ਥੱਲੇ ਢੇਰ ਲੱਗੇ ਪਏ ਐ। ਦੂਜੇ ਤੀਜੇ ਸਾਡੇ ਕੋਲ ਅੰਬ ਪਹੁੰਚ ਜਾਂਦੇ ਐ। ਆਹ ਰੁੱਤ ਨੀ ਭੁੱਲਦੀ।"

ਏਨੇ ਨੂੰ ਇਕ ਬੰਦਾ ਦੁਕਾਨ ਵਿੱਚ ਅੰਦਰ ਆਇਆ। ਉਸ ਨੇ ਹਕੀਮ ਵੱਲ ਵੇਖ ਕੇ ਦੋਵੇਂ ਹੱਥ ਜੋੜੇ ਤੇ ਫਿਰ ਉਹ ਦੂਜੇ ਬੈਂਚ ਉੱਤੇ ਬੈਠ ਗਿਆ।

"ਦੱਸੋ?" ਹਕੀਮ ਨੇ ਉਸ ਵੱਲ ਵੇਖ ਕੇ ਕਿਹਾ।

"ਜੀ ਮੇਰੇ ਸਿਰ ਨੂੰ ਚੱਕਰ ਬਹੁਤ ਆਉਂਦੇ ਐ। ਭੁੱਖ ਵੀ ਨਹੀਂ ਲੱਗਦੀ।" ਉਹ ਭਾਈ ਬੋਲਿਆ। ਹਕੀਮ ਨੇ ਉੱਠ ਕੇ ਉਸ ਦੀ ਨਬਜ਼ ਵੇਖੀ।

"ਗਰਮੀ ਦਾ ਤਾਅ ਲੱਗਿਆ। ਇੱਕ ਹਫ਼ਤਾ ਦਵਾਈ ਖਾਣੀ ਪਊ।"

"ਕੋਈ ਨਾ ਜੀ!" ਉਹ ਭਾਈ ਬੋਲਿਆ।

ਹਕੀਮ ਵੱਡੇ ਮੇਜ਼ ਕੋਲ ਜਾ ਕੇ ਦਵਾਈ ਦੀਆਂ ਪੁੜੀਆਂ ਬੰਨ੍ਹਣ ਲੱਗ ਪਿਆ। ਅਮਰ ਸਿੰਘ ਨੇ ਉੱਠ ਕੇ ਅੰਬ ਚੁੱਕੇ ਤੇ ਵੱਡੇ ਮੇਜ਼ ਕੋਲ ਲਿਜਾ ਕੇ ਰੱਖ ਦਿੱਤੇ। ਉਹ ਭਾਈ ਅੰਬਾਂ ਵੱਲ ਵੇਖ ਕੇ ਕਹਿਣ ਲੱਗਾ, "ਐਤਕੀਂ ਤਾਂ ਅੰਬਾਂ ਦੀ ਬੇਕਦਰੀ ਹੋਈ ਪਈ ਐ!"

"ਅਸੀਂ ਦਵਾਈ ਲੈਣ ਆਏ ਸੀ। ਆਉਂਦੇ ਹੋਏ ਹਕੀਮ ਜੀ ਵਾਸਤੇ ਏਨੇ ਕੁ ਰਾਹ 'ਚੋਂ ਤੋੜ ਲਿਆਏ।"

"ਐਤਕੀਂ ਤਾਂ ਲੋਕਾਂ ਦੀਆਂ ਪੌਂ ਬਾਰਾਂ। ਜਿਹੜਾ ਮਰਜ਼ੀ ਕਿਤੋਂ ਤੋੜੀ ਜਾਵੇ। ਕਿਹੜਾ ਪੈਸੇ ਦੇਣੇ ਆ।" ਉਹ ਭਾਈ ਬੋਲਿਆ।

"ਪੈਸੇ ਵੀਰਾ ਕੀਹਨੂੰ ਦੇਣੇ। ਲੋਕਾਂ ਦੇ ਅੰਬ ਤੇ ਲੋਕ ਤੋੜ-ਤੋੜ ਖਾਈ ਜਾਂਦੇ।" ਗੁਲਾਬ ਕੌਰ ਸਹਿਜ ਭਾਅ ਬੋਲੀ।

"ਓ ਕੁੜੀਏ ਲੋਕ ਲੱਗੇ ਆ ਚੋਰਾਂ ਡਾਕੂਆਂ ਪਿੱਛੇ। ਇਹ ਅੰਬਾਂ ਦਾ ਹਿਸਾਬ ਤਾਂ ਲੋਕਾਂ ਨੂੰ ਦੇਣਾ ਪਊਗਾ!" ਉਹ ਭਾਈ ਬੋਲਿਆ। ਹਕੀਮ ਵੀ ਉਸ ਭਾਈ ਵੱਲ ਗਹੁ ਨਾਲ ਵੇਖਣ ਲੱਗਾ। ਗੁਲਾਬ ਕੌਰ ਇਕ ਦਮ ਚੌਕੰਨੀ ਹੋ ਗਈ ਪਰ ਵੇਖਣ ਨੂੰ ਉਹ ਇਕ ਦਮ ਅਣਭੋਲ ਤੇ ਪੇਂਡੂ ਔਰਤ ਜਾਪ ਰਹੀ ਸੀ। ਉਹ ਹੌਲੀ ਜਿਹੀ ਕਹਿਣ ਲੱਗੀ, "ਵੇ ਵੀਰਾ, ਇਹ ਲੋਕ ਕਿਹੜੇ ਚੋਰ ਡਾਕੂਆਂ ਮਗਰ ਲੱਗ ਗਏ?"

"ਭਾਈ ਆਹ ਜਿਹੜੇ ਆਪਣੇ ਆਪ ਨੂੰ ਬੱਬਰ ਅਕਾਲੀ ਅਖਵਾਉਂਦੇ ਐ। ਇਹ ਚੋਰ ਡਾਕੂ ਆ। ਹੋਰ ਕੀ! ਡਾਕੇ ਇਹ ਮਾਰਦੇ ਫਿਰਦੇ। ਲੁੱਟਾਂ ਖੋਹਾਂ ਇਹ ਕਰਦੇ ਆ। ਕਤਲ ਇਹ ਕਰਦੇ ਆ। ਹੋਰ ਡਾਕੂ ਕਿਹੋ ਜਿਹੇ ਹੁੰਦੇ ਆ।"

"ਵੀਰਾ ਇਹ ਰਹਿੰਦੇ ਕਿਥੇ ਆ? ਅਸੀਂ ਤਾਂ ਕਦੇ ਇਨ੍ਹਾਂ ਦੀ ਕੋਈ ਗੱਲ ਨਹੀਂ ਸੁਣੀ।"

"ਰਹਿਣਾ ਭਾਈ ਇਨ੍ਹਾਂ ਨੇ ਕਿੱਥੇ ਆ। ਐਵੇਂ ਲੁਕਦੇ ਫਿਰਦੇ ਆ। ਹੁਣ ਲੋਕਾਂ ਨੂੰ ਭੜਕਾ ਦਿੱਤਾ ਅਖੇ ਤੁਸੀਂ ਅੰਬ ਖਾਉ ਤੋੜ ਕੇ। ਕਿਸੇ ਨੇ ਅੰਬਾਂ ਦੀ ਬੋਲੀ ਨਹੀਂ ਦੇਣੀ। ਪੁੱਛਣ ਵਾਲਾ ਹੋਵੇ ਬਈ ਸਰਕਾਰ ਕਾਹਦੇ ਵਾਸਤੇ ਹੁੰਦੀ ਐ। ਸਰਕਾਰ ਤਾਂ ਜੋ ਚਾਹਵੇ ਕਰ ਸਕਦੀ ਐ।"

"ਸੱਚੀ ਗੱਲ ਆ ਵੀਰਾ। ਨਾਲੇ ਸਾਡੀ ਸਰਕਾਰ ਤਾਂ ਹੈ ਹੀ ਬਾਹਲ਼ੀ ਚੰਗੀ।" ਗੁਲਾਬ ਕੌਰ ਹੋਰ ਵੀ ਭੋਲ਼ੀ ਬਣ ਗਈ।

"ਇਹਦੇ ਵਿੱਚ ਭਾਈ ਕੋਈ ਸ਼ੱਕ ਨਹੀਂ ਕਿ ਸਾਡੀ ਸਰਕਾਰ ਤਾਂ ਲੋਕਾਂ ਲਈ ਬੜੇ ਕੰਮ ਕਰ ਰਹੀ ਐ।"

"ਬਿਲਕੁੱਲ ਕਰ ਰਹੀ ਐ। ਅੰਗਰੇਜ਼ਾਂ ਨੇ ਰੇਲਾਂ ਚਲਾ ਦਿੱਤੀਆਂ। ਨਹਿਰਾਂ ਕੱਢ ਦਿੱਤੀਆਂ। ਕਿਧਰੇ ਪੁਲ਼ ਬਣਾ ਦਿੱਤੇ। ਕਿਧਰੇ ਕੁੱਝ ਨਾ ਕੁੱਝ ਬਣੀ ਜਾ ਰਿਹਾ। ਜੇ ਕਿਤੇ ਅੰਗਰੇਜ਼ਾਂ ਦੀ ਸਰਕਾਰ ਨਾ ਹੋਵੇ ਤਾਂ ਆਹ ਚੋਰ ਡਾਕੂ ਤਾਂ ਸਾਨੂੰ ਉਂਜ ਹੀ ਖ਼ਤਮ ਕਰ ਦੇਣ। ਸਾਨੂੰ ਤਾਂ ਭਾਈ ਅੰਗਰੇਜ਼ਾਂ ਦੇ ਗੁਣ ਗਾਉਣੇ ਚਾਹੀਦੇ ਆ। ਆਹ ਜਿਹੜੇ ਚੋਰ ਡਾਕੂ ਫਿਰਦੇ ਐ ਨਾ ਇਨ੍ਹਾਂ ਨੂੰ ਤਾਂ ਜੇਲ੍ਹਾਂ ਵਿੱਚ

ਬੰਦ ਕਰਵਾਉਣਾ ਚਾਹੀਦਾ। ਇਨ੍ਹਾਂ ਨੂੰ ਪਤਾ ਲੱਗ ਜਾਵੇ।"

"ਬਿਲਕੁੱਲ ਸੱਚੀ ਗੱਲ ਐ ਵੀਰਾ ਤੇਰੀ।" ਗੁਲਾਬ ਕੌਰ ਕੁੱਝ ਚਿਰ ਰੁਕ ਕੇ ਫੇਰ ਕਹਿਣ ਲੱਗੀ। ਵੀਰਾ, "ਤੇਰਾ ਪਿੰਡ ਕਿਹੜਾ?"

"ਮੇਰਾ ਪਿੰਡ ਤਾਂ ਏਥੋਂ ਭਾਈ ਸਾਰਾ ਹੀ ਪੰਜ ਸੱਤ ਕੋਹ 'ਤੇ ਐ।" ਉਹ ਭਾਈ ਬੋਲਿਆ। ਫੇਰ ਉਹ ਹਕੀਮ ਵੱਲ ਵੇਖਣ ਲੱਗਾ।

"ਲਉ ਜੀ, ਇਹ ਇੱਕ ਹਫਤੇ ਦੀ ਦਵਾਈ ਐ। ਹਰ ਰੋਜ਼ ਆਥਣ ਸਵੇਰ ਇੱਕ ਇੱਕ ਪੁੜੀ ਤਾਜ਼ੇ ਪਾਣੀ ਨਾਲ ਖਾਣੀ ਐ। ਇਕ ਵਾਰ ਫੇਰ ਮੈਨੂੰ ਦੱਸ ਕੇ ਜਾਣਾ।" ਹਕੀਮ ਨੇ ਉਸ ਨੂੰ ਦਵਾਈ ਦੇ ਦਿੱਤੀ। ਉਹ ਭਾਈ ਦਵਾਈ ਦੇ ਪੈਸੇ ਦੇ ਕੇ ਚਲਾ ਗਿਆ।

ਹੁਣ ਚਾਰੇ ਜਣੇ ਇੱਕ ਦੂਜੇ ਵੱਲ ਹੈਰਾਨ ਹੋਏ ਵੇਖ ਰਹੇ ਸਨ। ਅਮਰ ਸਿੰਘ ਕਹਿਣ ਲੱਗਾ, "ਇਹ ਕੋਈ ਅੰਗਰੇਜ਼ਾਂ ਦਾ ਝੋਲੀਚੁੱਕ ਲੱਗਦਾ ਸੀ।

"ਅੰਗਰੇਜ਼ਾਂ ਦਾ ਝੋਲੀਚੁੱਕ ਹੀ ਨਹੀਂ ਬੱਬਰਾਂ ਦੀ ਮੁਖ਼ਬਰੀ ਵੀ ਕਰਦਾ ਹੋਊ। ਇਹ ਪੱਕਾ ਪੁਲੀਸ ਦਾ ਸੂਹੀਆ ਹੈ।" ਗੁਲਾਬ ਕੌਰ ਨੇ ਕਿਹਾ।

"ਇਸ ਬੰਦੇ ਦਾ ਮੈਂ ਪਤਾ ਕਰ ਲੈਨਾਂ ਬਈ ਕਿਹੜੇ ਪਿੰਡ ਦਾ ਹੈ।" ਹਕੀਮ ਵੀ ਗੰਭੀਰ ਸੀ।

ਦਵਾਈ ਲੈ ਕੇ ਗੁਲਾਬ ਕੌਰ ਤੇ ਅਮਰ ਸਿੰਘ ਪਿੰਡ ਆ ਗਏ। ਇਸ ਤਰ੍ਹਾਂ ਕਈ ਮਹੀਨੇ ਲੰਘ ਗਏ। ਇੱਕ ਦਿਨ ਅਮਰ ਸਿੰਘ ਨੇ ਬਾਹਰੋਂ ਆ ਕੇ ਗੁਲਾਬ ਕੌਰ ਨੂੰ ਦੱਸਿਆ ਕਿ ਅੰਗਰੇਜ਼ੀ ਸਰਕਾਰ ਆਪਣੇ ਝੋਲੀਚੁੱਕਾਂ ਦੀ ਮੱਦਦ ਨਾਲ ਕਈ ਬੱਬਰਾਂ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ। ਸਰਕਾਰ ਨੇ ਕਈ ਬੱਬਰਾਂ ਦੇ ਸਿਰ ਉੱਤੇ ਇਨਾਮ ਰੱਖ ਦਿੱਤੇ ਹਨ। ਕਈ ਵੱਡੇ ਆਗੂ ਗ੍ਰਿਫ਼ਤਾਰ ਹੋ ਗਏ। 8 ਅਗਸਤ ਨੂੰ ਕਰਮ ਸਿੰਘ ਦੌਲਤਪੁਰ ਦੀ ਗ੍ਰਿਫਤਾਰੀ ਲਈ ਤਿੰਨ ਹਜ਼ਾਰ ਰੁਪਏ ਦਾ ਇਨਾਮ ਰੱਖ ਦਿੱਤਾ।

ਇੱਕ ਮਹੀਨਾ ਲੰਘਿਆ ਸੀ ਕਿ ਕਰਮ ਸਿੰਘ ਦੌਲਤਪੁਰ, ਉਦੇਪੁਰ ਰਾਮਗੜ੍ਹ ਝੁੰਗੀਆਂ, ਬਿਸ਼ਨ ਸਿੰਘ ਮਾਂਗਟਾਂ ਤੇ ਮਹਿੰਦਰ ਸਿੰਘ ਪੰਡੋਰੀ ਕਪੂਰਥਲਾ ਰਿਆਸਤ ਦੇ ਪਿੰਡ ਬਬੇਲੀ ਵਿਖੇ ਠਹਿਰੇ ਹੋਏ ਸਨ। ਆਪਣੇ ਹੀ ਇੱਕ ਸਾਥੀ ਦੇ ਭੇਦ ਦੇਣ ਕਾਰਨ ਉਹ ਪੁਲੀਸ ਦੇ ਘੇਰੇ ਵਿੱਚ ਆ ਗਏ। ਏਥੇ ਪੁਲੀਸ ਨਾਲ ਹੋਏ ਇੱਕ ਮੁਕਾਬਲੇ ਵਿੱਚ ਮਹਿੰਦਰ ਸਿੰਘ ਪੰਡੋਰੀ ਗੰਗਾ ਸਿੰਘ, ਉਦੇ ਸਿੰਘ ਰਾਮਗੜ੍ਹ ਝੁੰਗੀਆਂ, ਬਿਸ਼ਨ ਸਿੰਘ ਮਾਂਗਟਾਂ ਤੇ ਕਰਮ ਸਿੰਘ ਦੌਲਤਪੁਰ ਸ਼ਹੀਦ ਹੋ ਗਏ। ਇਨ੍ਹਾਂ ਜੱਥੇਦਾਰਾਂ ਦੀ ਸ਼ਹੀਦੀ ਨਾਲ ਬੱਬਰ ਲਹਿਰ ਨੂੰ ਬੜਾ ਧੱਕਾ ਲੱਗਾ। ਅਮਰ ਸਿੰਘ ਦੀਆਂ ਗੱਲਾਂ ਸੁਣੇ ਬਿਨਾਂ ਗੁਲਾਬ ਕੌਰ ਰਹਿ ਵੀ ਨਹੀਂ ਸੀ ਸਕਦੀ ਪਰ ਗੱਲਾਂ ਸੁਣ ਕੇ ਉਸ ਦੇ ਦਿਲ ਨੂੰ ਡੋਬੂ ਪੈਣ ਲੱਗਦੇ ਤੇ ਉਹ ਮੁੜ ਗ਼ਦਰੀਆਂ ਨੂੰ ਯਾਦ ਕਰਦੀ। ਚਾਚੀ ਇੰਦਰ ਕੌਰ ਅਕਸਰ ਹੀ ਆਖਦੀ ਕਿ ਗੁਲਾਬੋ ਜਿੰਨੀ ਮਰਜ਼ੀ ਦਵਾਈ ਖਾਵੇ ਇਹ ਠੀਕ ਨਹੀਂ ਹੋ ਸਕਦੀ। ਫਿਰ ਇੱਕ ਦਿਨ ਅਮਰ ਸਿੰਘ ਨੇ ਜੇਰਾ ਕਰਕੇ ਇਹ ਵੀ ਦੱਸ ਦਿੱਤਾ ਕਿ ਦਲੀਪ ਸਿੰਘ ਧਾਮੀਆਂ ਨੂੰ ਵੀ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਬੱਸ ਗੁਲਾਬ ਕੌਰ ਗੇੜਾ ਖਾ ਕੇ ਡਿੱਗਣ ਵਾਲੀ ਹੋ ਗਈ। ਦਲੀਪ ਸਿੰਘ ਨੂੰ ਉਹ ਬਹੁਤ ਪਿਆਰ ਕਰਦੀ ਸੀ।

ਦਲੀਪ ਸਿੰਘ ਦੀ ਗ੍ਰਿਫ਼ਤਾਰੀ ਤੋਂ ਬਾਅਦ ਗੁਲਾਬ ਕੌਰ ਨੇ ਦਵਾਈ ਖਾਣੀ ਬੰਦ ਕਰ ਦਿੱਤੀ। ਉਹ ਤਾਂ ਹੁਣ ਰੋਟੀ ਵੀ ਵੇਲੇ ਕੁਵੇਲੇ ਖਾਂਦੀ। ਨਿਹਾਲੀ ਤੇ ਦਿਆਲੀ ਸਭ ਤੋਂ ਪਹਿਲਾਂ

ਰੋਟੀ ਗੁਲਾਬ ਕੌਰ ਲਈ ਲੈ ਕੇ ਆਉਂਦੀਆਂ ਪਰ ਉਹ ਰੋਟੀ ਘੱਟ ਵੱਧ ਹੀ ਖਾਂਦੀ। ਸੱਚਮੁੱਚ ਉਸ ਦੀ ਭੁੱਖ ਮਰ ਰਹੀ ਸੀ। ਇਸੇ ਕਰਕੇ ਉਸ ਦੀ ਸਿਹਤ ਦਿਨੋ ਦਿਨ ਕਮਜ਼ੋਰ ਹੋ ਰਹੀ ਸੀ। ਉਸ ਦੀ ਕੋਸ਼ਿਸ਼ ਹੁੰਦੀ ਸੀ ਕਿ ਆਪਣੇ ਕਮਰੇ ਵਿੱਚ ਉਹ ਇਕੱਲੀ ਬੈਠੀ ਰਹੇ। ਇਸ ਇਕੱਲਤਾ ਵਿਚ ਉਸ ਨੂੰ ਕੋਈ ਸਕੂਨ ਮਿਲਦਾ।

ਉਹ ਕਮਰੇ ਵਿੱਚ ਬੈਠੀ ਅਤੀਤ ਵਿੱਚ ਗੁਆਚ ਜਾਂਦੀ। ਉਸ ਨੂੰ ਬੀਤਿਆਂ ਸਮਾਂ ਮੁੜ ਮੁੜ ਯਾਦ ਆਉਂਦਾ। ਸੋਹਣ ਸਿੰਘ ਭਕਨਾ, ਕਰਤਾਰ ਸਿੰਘ ਸਰਾਭਾ, ਜਗਤ ਸਿੰਘ ਬਿੰਝਲ, ਰਹਿਮਤ ਅਲੀ ਵਜੀਦਕੇ, ਜੀਵਨ ਸਿੰਘ ਦੌਲਾ ਸਿੰਘ ਵਾਲਾ, ਨਿਧਾਨ ਸਿੰਘ ਚੁੱਘਾ ਤੇ ਹਰਨਾਮ ਸਿੰਘ ਟੁੰਡੀਲਾਟ ਵਰਗੇ ਗ਼ਦਰੀ ਯਾਦ ਆਉਂਦੇ। ਉਨ੍ਹਾਂ ਦੇ ਕਾਰਨਾਮੇ ਯਾਦ ਆਉਂਦੇ। ਬੰਤਾ ਸਿੰਘ ਸੰਘਵਾਲ, ਪਿਆਰਾ ਸਿੰਘ ਲੰਗੇਰੀ ਤੇ ਕਾਂਸੀ ਰਾਮ ਮੜ੍ਹੌਲੀ ਯਾਦ ਆਉਂਦੇ। ਗ਼ਦਰ ਪਾਰਟੀ ਨੇ ਕਿਨਾ ਵੱਡਾ ਪ੍ਰੋਗਰਾਮ ਬਣਾਇਆ ਸੀ। ਜੇ ਕਿਤੇ ਗ਼ਦਰ ਪਾਰਟੀ ਗ਼ਦਰ ਕਰਨ ਵਿੱਚ ਕਾਮਯਾਬ ਹੋ ਜਾਂਦੀ ਤੇ ਅੱਜ ਨੂੰ ਦੇਸ਼ ਦਾ ਨਕਸ਼ਾ ਹੀ ਹੋਰ ਹੁੰਦਾ। ਫਿਰ ਉਸ ਨੂੰ ਹਰਨਾਮ ਸਿੰਘ ਟੁੰਡੀਲਾਟ ਹੋਰ ਵੀ ਯਾਦ ਆਉਂਦਾ। ਉਹ ਜੋਸ਼ੀਲੀਆਂ ਕਵਿਤਾਵਾਂ ਵੀ ਲਿਖਦਾ ਸੀ ਤੇ ਉਂਜ ਵੀ ਸੂਝਵਾਨ ਐ। ਉਹ ਦੱਸਿਆ ਕਰਦਾ ਸੀ ਕਿ ਗ਼ਦਰ ਪਾਰਟੀ ਹਿੰਦੁਸਤਾਨ ਦੀ ਉਹ ਪਹਿਲੀ ਸਿਆਸੀ ਪਾਰਟੀ ਹੈ ਜਿਸ ਨੇ ਦੇਸ਼ ਵਿੱਚ ਸਭ ਤੋਂ ਪਹਿਲਾਂ ਸੰਪੂਰਨ ਅਜ਼ਾਦੀ ਦਾ ਨਾਅਰਾ ਲਾਇਆ ਸੀ। ਧਰਮ ਨਿਰਪੱਖਤਾ, ਸਮਾਨਤਾ, ਚੰਗੇਰਾ ਸਮਾਜਿਕ ਜੀਵਨ ਤੇ ਸਭਨਾਂ ਲਈ ਰੁਜ਼ਗਾਰ ਦੇਣ ਦਾ ਹੋਕਾ ਦੇਣ ਵਾਲੀ ਗ਼ਦਰ ਪਾਰਟੀ ਦਾ ਸਪੱਸ਼ਟ ਮੱਤ ਸੀ ਕਿ ਦੇਸ਼ ਵਿੱਚ ਲੋਕ ਰਾਜ ਕਾਇਮ ਕੀਤਾ ਜਾਵੇਗਾ। ਅੰਗਰੇਜ਼ਾਂ ਦੇ ਝੋਲੀਚੁੱਕਾਂ ਨੇ ਸੁਪਨੇ ਪੂਰੇ ਨਾ ਹੋਣ ਦਿੱਤੇ। ਇੱਕ ਦਿਨ ਗੁਲਾਬ ਕੌਰ ਇਨ੍ਹਾਂ ਵਿਚਾਰਾਂ ਵਿੱਚ ਡੁੱਬੀ ਹੋਈ ਸੀ। ਕਮਰੇ ਵਿੱਚ ਚਾਚੀ ਇੰਦਰ ਕੌਰ ਆ ਖਲੋਤੀ। ਗੁਲਾਬ ਕੌਰ ਇੱਕ ਦਮ ਉਸ ਵੱਲ ਝਾਕੀ। ਚਾਚੀ ਉਸ ਦੇ ਕੋਲ ਮੰਜੇ ਉੱਤੇ ਬੈਠ ਗਈ। ਗੁਲਾਬ ਕੌਰ ਨੇ ਫੇਰ ਉਸ ਵੱਲ ਵੇਖਿਆ। ਚਾਚੀ ਦੇ ਸਿਰ ਦੇ ਵਾਲ ਵਾਹਵਾ ਚਿੱਟੇ ਹੋ ਗਏ ਸਨ। ਚਿਹਰੇ ਉੱਤੇ ਗੰਭੀਰਤਾ ਤੇ ਉਦਾਸੀ ਸੀ। ਉਹ ਹੌਲੀ ਜਿਹੀ ਕਹਿਣ ਲੱਗੀ, "ਪੁੱਤ, ਤੂੰ ਤਾਂ ਹਰ ਵੇਲੇ ਚੁੱਪ ਚਾਪ ਬੈਠੀ ਰਹਿਨੀ ਐ। ਪਤਾ ਨਹੀਂ ਕੀ ਕੀ ਸੋਚੀ ਜਾਨੀ ਐਂ। ਇਉਂ ਤਾਂ ਬੰਦੇ ਦੀ ਸਿਹਤ ਘਟਦੀ ਐ। ਨਾ ਤੂੰ ਚੱਜ ਨਾਲ ਰੋਟੀ ਪਾਣੀ ਖਾਂਦੀ ਐਂ।"

ਚਾਚੀ ਦੀਆਂ ਗੱਲਾਂ ਸੁਣ ਕੇ ਗੁਲਾਬ ਕੌਰ ਚੁੱਪ ਹੀ ਰਹੀ ਪਰ ਉਹ ਅੱਖਾਂ ਭਰ ਆਈ। ਚਾਚੀ ਫੇਰ ਕਹਿ ਉਠੀ, "ਤੂੰ ਬਾਹਲਾ ਨਾ ਪੁੱਤ ਸੋਚਿਆ ਕਰ। ਸਾਨੂੰ ਤਾਂ ਤੇਰੀ ਬਹੁਤ ਵੱਡੀ ਚਿੰਤਾ ਰਹਿੰਦੀ ਐ। ਅਮਰ ਸਿੰਘ ਤਾਂ ਤੇਰਾ ਫਿਕਰ ਕਰਦਾ।" ਚਾਚੀ ਸੱਚੀਂ ਉਦਾਸ ਸੀ।

"ਕੋਈ ਨਾ ਚਾਚੀ ਤੂੰ ਬਹੁਤਾ ਨਾ ਫਿਕਰ ਕਰਿਆ ਕਰ।" ਗੁਲਾਬ ਕੌਰ ਹੌਲੀ ਜਿਹੀ ਬੋਲੀ। ਰੰਗ ਉਸ ਦਾ ਪੀਲਾ ਹੋਇਆ ਪਿਆ ਸੀ।

"ਫਿਕਰ ਪੁੱਤ ਕਿਵੇਂ ਨਾ ਕਰਾਂ। ਸਾਰਾ ਟੱਬਰ ਰੋਟੀ ਖਾ ਲਵੇ ਤੇ ਤੂੰ ਚੁੱਪ ਚਾਪ ਬੈਠੀ ਰਹੇਂ। ਅੜਿਆ ਮੇਰੇ ਕੋਲੋਂ ਇਹ ਵੇਖਿਆ ਨੀ ਜਾਂਦਾ।"

"ਚੰਗਾ ਚਾਚੀ ਇਉਂ ਕਰ। ਬਾਹਰਲੇ ਪਾਸੇ ਮੇਰਾ ਚਰਖਾ ਡਾਹਦੇ। ਮੈਂ ਹੌਲੀ ਹੌਲੀ ਚਰਖਾ ਚਲਾ ਲਿਆ ਕਰੂੰ।"

"ਲੈ ਵੇਖ ਖਾਂ। ਉਠਿਆ ਜਾਂਦਾ ਨਹੀਂ। ਕੋਈ ਨਾ ਤਕੜੀ ਹੋ ਜਾਹ। ਫੇਰ ਚਰਖਾ ਵੀ ਡਾਹ ਲਵੀਂ।"

"ਕੋਈ ਨਾ ਚਾਚੀ ਤੂੰ ਚਰਖਾ ਡਾਹ ਦੇ। ਨਾਲ਼ੇ ਕੋਈ ਨਾ ਕੋਈ ਮੇਰੇ ਕੋਲ ਆ ਕੇ ਬਹਿ ਜਾਂਦਾ।"

ਚਾਚੀ ਹੱਸ ਪਈ। ਫੇਰ ਕੁੱਝ ਚਿਰ ਬਾਅਦ ਉਹ ਉਠੀ ਤੇ ਗੁਲਾਬ ਕੌਰ ਦਾ ਚਰਖਾ ਤੇ ਪੂਣੀਆਂ ਚੁੱਕ ਕੇ ਬਾਹਰ ਬੂਹੇ ਕੋਲ ਰੱਖ ਆਈ। ਚਰਖੇ ਕੋਲ ਇੱਕ ਪੀੜ੍ਹੀ ਲਿਆ ਕੇ ਰੱਖ ਦਿੱਤੀ। ਉਸ ਨੇ ਸੋਚਿਆ ਕਿ ਸ਼ਾਇਦ ਇਹ ਏਸੇ ਬਹਾਨੇ ਨਾਲ ਖ਼ੁਸ਼ ਹੋ ਜਾਵੇ। ਫਿਰ ਗੁਲਾਬ ਕੌਰ ਹੌਲੀ ਜਿਹੀ ਉਠ ਕੇ ਚਰਖੇ ਮੂਹਰੇ ਆ ਬੈਠੀ। ਉਹ ਹੌਲੀ ਹੌਲੀ ਚਰਖਾ ਚਲਾਉਣ ਲੱਗੀ। ਕਦੇ ਰੁਕ ਜਾਂਦੀ। ਕਦੇ ਕੁੱਝ ਗੁਣਗੁਨਾਉਣ ਲੱਗ ਪੈਂਦੀ। ਝੱਟ ਕੁ ਬਾਅਦ ਆਸੇ ਪਾਸੇ ਵੇਖਣ ਲੱਗਦੀ। ਕਈ ਆਉਂਦੀਆਂ ਜਾਂਦੀਆਂ ਔਰਤਾਂ ਉਸ ਨੂੰ ਬੁਲਾ ਲੈਂਦੀਆਂ। ਕਈ ਦੂਰੋਂ ਵੇਖਦੀਆਂ ਤੇ ਹੱਸ ਕੇ ਲੰਘ ਜਾਂਦੀਆਂ। ਹਾਲੇ ਦਿਨ ਨਹੀਂ ਸੀ ਛੁਪਿਆ। ਬਾਹਰੋਂ ਅਮਰ ਸਿੰਘ ਆ ਗਿਆ।

"ਭੈਣ ਤੂੰ ਚਰਖਾ ਕਿਉਂ ਡਾਹਿਆ?" ਅਮਰ ਸਿੰਘ ਨੇ ਅਸਲ ਵਿੱਚ ਫਿਕਰ ਕੀਤਾ ਕਿ ਗੁਲਾਬ ਕੌਰ ਤਾਂ ਬਿਮਾਰ ਹੈ। ਚਰਖਾ ਚਲਾਉਂਦੀ ਤਾਂ ਇਹ ਹੋਰ ਵੀ ਬਿਮਾਰ ਹੋ ਜਾਏਗੀ।

"ਲੈ ਤਾਂ ਕੀ ਹੋਇਆ ਵੀਰ।" ਗੁਲਾਬ ਕੌਰ ਅਮਰ ਸਿੰਘ ਨੂੰ ਵੇਖ ਕੇ ਖ਼ੁਸ਼ ਹੋ ਗਈ।

"ਹੁਣ ਤਾਂ ਉਂਜ ਵੀ ਕੁਵੇਲਾ ਹੋ ਗਿਆ, ਆਉ ਭੈਣ ਅੰਦਰ ਚੱਲੀਏ। ਚਰਖਾ ਆਪੇ ਚਾਚੀ ਲੈ ਜਾਉ।" ਫਿਰ ਅਮਰ ਸਿੰਘ ਨੇ ਗੁਲਾਬ ਕੌਰ ਨੂੰ ਹੱਥ ਫੜ ਕੇ ਉਠਾਇਆ। ਦੋਵੇਂ ਭੈਣ ਭਰਾ ਕਮਰੇ ਵਿੱਚ ਆ ਬੈਠੇ। ਗੁਲਾਬ ਕੌਰ ਸੋਚ ਰਹੀ ਸੀ ਕਿ ਵੀਰ ਬਹੁਤ ਦਿਨਾਂ ਬਾਅਦ ਘਰ ਮੁੜਿਆ। ਇਸ ਕੋਲੋਂ ਬਾਹਰਲੀ ਗੱਲ ਬਾਤ ਛੇਤੀ ਸੁਣੀ ਜਾਵੇ। ਗੁਲਾਬ ਕੌਰ ਫਿਰ ਅਮਰ ਸਿੰਘ ਵੱਲ ਵੇਖਣ ਲੱਗ ਪਈ। ਅਮਰ ਸਿੰਘ ਦਾ ਚਿਹਰਾ ਪਹਿਲਾਂ ਵਾਂਗ ਹੀ ਗਹਿਰ ਗੰਭੀਰ ਤੇ ਉਦਾਸ ਨਜ਼ਰ ਆ ਰਿਹਾ ਸੀ। ਗੁਲਾਬ ਕੌਰ ਅਨੁਸਾਰ ਲਾ ਰਹੀ ਸੀ ਕਿ ਬਾਹਰਲੀ ਖ਼ਬਰ ਖਵਰੇ ਕਿਸ ਤਰ੍ਹਾਂ ਦੀ ਹੋਵੇਗੀ।

ਪੱਚੀ

ਗੁਲਾਬ ਕੌਰ ਨੂੰ ਬੱਸ ਗ਼ਦਰ ਪਾਰਟੀ, ਗ਼ਦਰੀ ਤੇ ਜਾਂ ਫਿਰ ਗ਼ਦਰੀਆਂ ਦੀਆਂ ਸਰਗਰਮੀਆਂ ਦੇ ਹੀ ਸੁਪਨੇ ਆਉਂਦੇ। ਅੱਜ ਕਿੰਨੇ ਹੀ ਦਿਨਾਂ ਬਾਅਦ ਅਮਰ ਸਿੰਘ ਬਾਹਰੋਂ ਆਇਆ ਸੀ। ਰੋਟੀ ਖਾਣ ਤੋਂ ਪਹਿਲਾਂ ਉਸ ਨੇ ਬੱਬਰ ਅਕਾਲੀਆਂ ਬਾਰੇ ਬਹੁਤ ਗੱਲਾਂ ਕੀਤੀਆਂ। ਗੁਲਾਬ ਕੌਰ ਜਾਣਦੀ ਸੀ ਕਿ ਬੱਬਰ ਅਕਾਲੀਆਂ ਵਿੱਚ ਬਹੁਤੇ ਗ਼ਦਰੀ ਸ਼ਾਮਲ ਹੋ ਗਏ ਹਨ। ਬੱਬਰਾਂ ਨੇ ਹੁਣ ਅੰਗਰੇਜ਼ ਸਰਕਾਰ ਵਿਰੁੱਧ ਹਥਿਆਰਬੰਦ ਜੰਗ ਸ਼ੁਰੂ ਕਰਕੇ ਅੰਗਰੇਜ਼ਾਂ ਨੂੰ ਵਖ਼ਤ ਪਾ ਛੱਡਿਆ ਹੈ। ਪਰ ਅੰਗਰੇਜ਼ਾਂ ਨੇ ਆਪਣੇ ਝੋਲੀਚੁੱਕਾਂ ਦੀ ਮੱਦਦ ਨਾਲ ਬਹੁਤ ਸਾਰੇ ਬੱਬਰ ਗ੍ਰਿਫ਼ਤਾਰ ਕਰ ਲਏ ਹਨ।

ਗ੍ਰਿਫ਼ਤਾਰ ਬੱਬਰਾਂ ਉੱਤੇ ਮੁਕੱਦਮਾ ਚੱਲ ਪਿਆ ਹੈ। ਬੱਬਰਾਂ ਨੂੰ ਆਪਣੇ ਵਕੀਲ ਕਰਕੇ ਮੁਕੱਦਮਾ ਲੜਨ ਲਈ ਕਿਹਾ ਗਿਆ ਤਾਂ ਬੱਬਰਾਂ ਨੇ ਵਕੀਲਾਂ ਦੀ ਸਹਾਇਤਾ ਲੈਣ ਤੋਂ ਨਾਂਹ ਕਰ ਦਿੱਤੀ। ਜੱਥੇਦਾਰ ਕਿਸ਼ਨ ਸਿੰਘ ਨੇ ਐਲਾਨ ਕੀਤਾ ਕਿ ਉਨ੍ਹਾਂ ਨੂੰ ਹਕੂਮਤ ਉੱਤੇ ਕੋਈ ਵਿਸ਼ਵਾਸ ਨਹੀਂ। ਇਹ ਅਦਾਲਤਾਂ ਨਿਰਾ ਫਰੇਬ ਹਨ। ਫੈਸਲਾ ਉਹੀ ਹੋਵੇਗਾ ਜੋ ਸਰਕਾਰ ਚਾਹੁੰਦੀ ਹੈ।

ਅਮਰ ਸਿੰਘ ਨੇ ਹੋਰ ਵੀ ਕਈ ਗੱਲਾਂ ਦੱਸੀਆਂ ਕਿ ਬਹੁਤੇ ਬੱਬਰਾਂ ਨੂੰ ਕਈਆਂ ਨੇ ਧੋਖੇ ਨਾਲ ਹੀ ਗ੍ਰਿਫ਼ਤਾਰ ਕਰਵਾਇਆ ਹੈ। ਗੁਲਾਬ ਕੌਰ ਦਿਲ ਵਿੱਚ ਸੋਚਣ ਲੱਗੀ ਕਿ ਜਿਨੇ ਵੀ

ਬੱਬਰ ਜਾਂ ਕੋਈ ਹੋਰ ਦੇਸ਼ ਭਗਤ ਫੜੇ ਗਏ ਹਨ ਉਨ੍ਹਾਂ ਸਭ ਨੂੰ ਅੰਗਰੇਜ਼ ਜ਼ਰੂਰ ਫਾਂਸੀ ਦੇਣਗੇ। ਕਿਸੇ ਨੂੰ ਉਮਰ ਕੈਦ ਜਾਂ ਫਿਰ ਕਾਲ਼ੇ ਪਾਣੀ ਭੇਜ ਦੇਣਗੇ। ਜ਼ਾਲਮ ਅੰਗਰੇਜ਼ ਕਿਸੇ ਵੀ ਦੇਸ਼ ਪ੍ਰੇਮੀ ਨੂੰ ਨਹੀਂ ਬਖਸ਼ਣਗੇ। ਸੋਚਾਂ ਸੋਚਦੀ ਗੁਲਾਬ ਕੌਰ ਨੂੰ ਪਤਾ ਨਹੀਂ ਕਦੋਂ ਨੀਂਦ ਆਉਂਦੀ। ਸਮਾਂ ਤੁਰਦਾ ਗਿਆ।

ਗੁਲਾਬ ਕੌਰ ਹੁਣ ਹਰ ਰੋਜ਼ ਘਰ ਦੇ ਬਾਹਰ ਚਰਖਾ ਡਾਹ ਲੈਂਦੀ। ਉਹ ਕਦੇ ਅੰਦਰ ਜਾ ਕੇ ਬੈਠ ਜਾਂਦੀ ਤੇ ਕਦੇ ਆ ਕੇ ਚਰਖਾ ਚਲਾਉਣ ਲੱਗਦੀ। ਇਕ ਦਿਨ ਗੁਲਾਬ ਕੌਰ ਹੌਲੀ ਹੌਲੀ ਚਰਖਾ ਚਲ਼ਾ ਰਹੀ ਸੀ। ਦੁਪਹਿਰ ਦਾ ਵੇਲਾ ਸੀ। ਦੋ ਸਿਪਾਹੀ ਹੱਥ ਵਿਚ ਡਾਂਗਾਂ ਫੜੀ ਬਾਹਰੋਂ ਆਉਂਦੇ ਨਜ਼ਰ ਆਏ। ਉਨ੍ਹਾਂ ਦੇ ਸਿਰਾਂ ਉੱਤੇ ਕੁੱਲਿਆਂ ਵਾਲੀਆਂ ਪੱਗਾਂ ਬੰਨ੍ਹੀਆਂ ਹੋਈਆਂ ਸਨ। ਉਨ੍ਹਾਂ ਨੂੰ ਵੇਖ ਕੇ ਗੁਲਾਬ ਕੌਰ ਆਪ ਮੁਹਾਰੇ ਗਾਉਣ ਲੱਗ ਪਈ—

"ਰਾਜ ਫਰੰਗੀ ਦਾ ਅਸਾਂ ਰਹਿਣ ਨਹੀਂ ਦੇਣਾ।
ਰਾਜ ਫਰੰਗੀ ਦਾ ਅਸਾਂ ਰਹਿਣ ਨਹੀਂ ਦੇਣਾ।
ਰਾਜ ਫਰੰਗੀ ਦਾ ....।"

ਦੋਵੇਂ ਸਿਪਾਹੀ ਗੁਲਾਬ ਕੌਰ ਵੱਲ ਡੂੰਘਾ ਡੂੰਘਾ ਵੇਖਣ ਲੱਗੇ। ਗੁਲਾਬ ਕੌਰ ਤੱਕਲੇ ਤੰਦ ਪਾਉਂਦੀ ਬਿਨਾਂ ਕਿਸੇ ਪਾਸੇ ਵੇਖਿਆਂ ਲਗਾਤਾਰ ਗਾ ਰਹੀ ਸੀ—

"ਰਾਜ ਫਰੰਗੀ ਦਾ ਅਸਾਂ ਰਹਿਣ ਨਹੀਂ ਦੇਣਾ।
ਰਾਜ ਫਰੰਗੀ ਦਾ ....।"

ਇਕ ਸਿਪਾਹੀ ਆ ਕੇ ਗੁਲਾਬ ਕੌਰ ਦੇ ਅੱਗੇ ਖਲੋ ਗਿਆ ਤੇ ਗੁੱਸੇ ਭਰੀ ਨਜ਼ਰ ਨਾਲ ਉਸ ਵੱਲ ਵੇਖਣ ਲੱਗਾ। ਇਧਰ ਗੁਲਾਬ ਕੌਰ ਆਪਣੀ ਮਸਤੀ ਵਿੱਚ ਚਰਖਾ ਘੁਮਾਉਂਦੀ ਗਾਈ ਜਾ ਰਹੀ ਸੀ—

"ਰਾਜ ਫਰੰਗੀ ਦਾ ਅਸਾਂ ਰਹਿਣ ਨਹੀਂ ਦੇਣਾ।
ਰਾਜ ਫਰੰਗੀ ਦਾ ਅਸਾਂ ਰਹਿਣ ਨਹੀਂ ਦੇਣਾ।"

ਸਿਪਾਹੀ ਗੁਲਾਬ ਕੌਰ ਵੱਲ ਘੂਰ ਘੂਰ ਵੇਖ ਰਿਹਾ ਸੀ। ਫਿਰ ਉਸ ਦੇ ਨਾਲ ਦਾ ਸਿਪਾਹੀ ਕਹਿਣ ਲੱਗਾ, "ਆ ਜਾਹ ਉਏ ਕੋਈ ਪਾਗਲ ਲੱਗਦੀ ਆ।"

"ਤੁਸੀਂ ਸਿਆਣੇ ਰਹਿ ਗਏ ਜਿਹੜੇ ਆਪਣੇ ਭਰਾਵਾਂ ਨੂੰ ਕੁੱਟਣ ਵਾਸਤੇ ਡਾਂਗਾਂ ਚੁੱਕੀ ਫਿਰਦੇ ਹੋ।" ਗੁਲਾਬ ਕੌਰ ਨੇ ਸਿਪਾਹੀ ਵੱਲ ਵੇਖ ਕੇ ਰੋਅਬ ਨਾਲ ਕਿਹਾ। ਸਿਪਾਹੀ ਚੁੱਪ ਕਰ ਗਿਆ ਤੇ ਫਿਰ ਦੋਵੇਂ ਜਣੇ ਚੁੱਪ ਚਾਪ ਤੁਰ ਗਏ। ਗੁਲਾਬ ਕੌਰ ਉਨ੍ਹਾਂ ਵੱਲ ਕਿਨਾ ਈ ਚਿਰ ਤੱਕ ਵੇਖਦੀ ਰਹੀ। ਅਸਲ ਵਿੱਚ ਗੁਲਾਬ ਕੌਰ ਨੂੰ ਹੁਣ ਕੋਈ ਡਰ ਭੈਅ ਨਹੀਂ ਸੀ ਲੱਗਦਾ। ਉਹ ਸਗੋਂ ਚਾਹ ਰਹੀ ਸੀ ਕਿ ਉਹ ਫਿਰ ਦੇਸ਼ ਦੀ ਅਜ਼ਾਦੀ ਲਈ ਸਰਗਰਮ ਹੋ ਕੇ ਕੋਈ ਵੱਡਾ ਕਾਰਨਾਮਾ ਕਰੇ। ਅੰਗਰੇਜ਼ ਸਰਕਾਰ ਨੂੰ ਹੱਥਾਂ ਪੈਰਾਂ ਦੀ ਪੈ ਜਾਵੇ। ਇਹ ਗੱਲ ਉਸ ਦੇ ਦਿਮਾਗ ਵਿੱਚ ਉੱਕਾ ਹੀ ਨਹੀਂ ਸੀ ਆਉਂਦੀ ਕਿ ਉਸ ਦੀ ਸਿਹਤ ਕਮਜ਼ੋਰ ਹੈ।

ਦਿਨ ਹਫ਼ਤੇ ਬਣ ਬਣ ਗੁਜ਼ਰਦੇ ਗਏ। ਗੁਲਾਬ ਕੌਰ ਦਾ ਚਰਖਾ ਹਰ ਰੋਜ਼ ਬਾਹਰ ਪਿਆ ਹੁੰਦਾ ਤੇ ਜਦੋਂ ਉਸ ਦਾ ਜੀਅ ਕਰਦਾ ਆ ਕੇ ਕੱਤਣ ਲੱਗ ਜਾਂਦੀ। ਅਮਰ ਸਿੰਘ ਉਸ ਨੂੰ ਕਦੇ ਨਵੀਂ ਤੋਂ ਨਵੀਂ ਗੱਲ ਦੱਸ ਜਾਂਦਾ। ਕਹਿੰਦੇ ਕਿਸ਼ਨ ਸਿੰਘ ਗੜਗੱਜ ਨੂੰ ਅਦਾਲਤ ਵਿੱਚ ਜਦੋਂ ਜੱਜ ਨੇ ਉਨ੍ਹਾਂ ਵਿਰੁੱਧ ਲਾਏ ਇਲਜ਼ਾਮ ਬਾਰੇ ਪੁੱਛਿਆ ਤਾਂ ਕਿਸ਼ਨ ਸਿੰਘ ਨੇ ਕਿਹਾ ਕਿ ਉਹ ਮੂੰਹੋਂ ਕੁੱਝ

ਨਹੀਂ ਕਹਿਣਗੇ ਪਰ ਜੇਕਰ ਆਗਿਆ ਮਿਲੇ ਤਾਂ ਉਹ ਲਿਖਤੀ ਬਿਆਨ ਦੇ ਸਕਦੇ ਹਨ। ਕਿਸ਼ਨ ਸਿੰਘ ਨੂੰ ਇਹ ਆਗਿਆ ਮਿਲ ਗਈ। ਕਹਿੰਦੇ ਕਿਸ਼ਨ ਸਿੰਘ ਗੜਗੱਜ ਨੇ ਆਪਣੇ ਲਿਖਤੀ ਬਿਆਨ ਵਿੱਚ ਅੰਗਰੇਜ਼ੀ ਸਰਕਾਰ ਦੀਆਂ ਕਾਲੀਆਂ ਕਰਤੂਤਾਂ ਦਾ ਭਾਂਡਾ ਭੰਨ ਦਿੱਤਾ। ਕਿਸ਼ਨ ਸਿੰਘ ਨੇ ਦੱਸਿਆ ਕਿ ਅੰਗਰੇਜ਼ੀ ਸਰਕਾਰ ਨੇ ਪੰਜਾਬ ਵਿੱਚ ਬੜੇ ਜ਼ੁਲਮ ਕੀਤੇ ਐ। ਬੇਗੁਨਾਹ ਜੇਲ੍ਹਾਂ ਵਿੱਚ ਡੱਕ ਦਿੱਤੇ ਐ। ਬੱਬਰਾਂ ਨੇ ਝੋਲੀਚੁੱਕਾਂ ਨੂੰ ਸੁਧਾਰਨ ਦਾ ਜੋ ਕੰਮ ਕੀਤਾ ਹੈ, ਉਹ ਠੀਕ ਕੀਤਾ ਹੈ। ਸਿੱਖ ਇਤਿਹਾਸ ਦੱਸਦਾ ਹੈ ਕਿ ਦੁਸ਼ਟਾਂ ਨੂੰ ਜ਼ਰੂਰ ਸੋਧਣਾ ਚਾਹੀਦਾ ਹੈ। ਪੁਲੀਸ ਦੇ ਇਸ਼ਾਰਿਆਂ ਉੱਤੇ ਨੱਚ ਕੇ ਜਿਹੜੇ ਝੋਲੀ ਚੁੱਕ ਆਪਣੇ ਹੀ ਸਾਥੀਆਂ ਵਿਰੁੱਧ ਬਿਆਨ ਦਿੰਦੇ ਐ ਇਹ ਤਾਂ ਬੱਸ ਡੁੱਬ ਕੇ ਮਰਨ ਵਾਲੀ ਗੱਲ ਹੈ।

ਗੁਲਾਬ ਕੌਰ ਨੂੰ ਕਿਸ਼ਨ ਸਿੰਘ ਗੜਗੱਜ ਦੇ ਬਿਆਨ ਦੀਆਂ ਗੱਲਾਂ ਬੜੀਆਂ ਚੰਗੀਆਂ ਲੱਗਦੀਆਂ। ਸਮਾਂ ਤਾਂ ਰੁਕਣ ਨਹੀਂ ਜਾਣਦਾ। ਬੱਬਰਾਂ ਦੇ ਕੇਸ ਦਾ ਇੱਕ ਦਿਨ ਫੈਸਲਾ ਆ ਗਿਆ। ਪੰਜ ਬੱਬਰਾਂ ਨੂੰ ਫਾਂਸੀ, ਗਿਆਰਾਂ ਨੂੰ ਉਮਰ ਕੈਦ ਤੇ ਕਾਲੇ ਪਾਣੀ ਦੀ ਸਜ਼ਾ, 38 ਆਦਮੀਆਂ ਨੂੰ ਚਾਰ ਤੋਂ ਲੈ ਕੇ 11 ਸਾਲ ਤੱਕ ਸਜ਼ਾਵਾਂ ਅਤੇ 34 ਆਦਮੀ ਬਰੀ ਕਰ ਦਿੱਤੇ। ਲੋਕਾਂ ਨੇ ਜੱਥੇਦਾਰ ਕਿਸ਼ਨ ਸਿੰਘ ਨੂੰ ਜੋਰਦਾਰ ਅਪੀਲ ਕੀਤੀ ਕਿ ਉਹ ਹਾਈ ਕੋਰਟ ਵਿੱਚ ਅਪੀਲ ਕਰੇ। ਅਪੀਲ ਕਰ ਦਿੱਤੀ ਗਈ। ਕੇਸ ਚੱਲਦਾ ਰਿਹਾ। ਪਰ ਹੁਣ 6 ਨੂੰ ਫਾਂਸੀ, 38 ਨੂੰ ਮਹੀਨੇ ਤੋਂ 7 ਸਾਲ ਤੱਕ ਕੈਦ, 10 ਨੂੰ ਕਾਲੇ ਪਾਣੀ ਦੀ ਸਜ਼ਾ ਤੇ 34 ਨੂੰ ਬਰੀ ਕਰ ਦਿੱਤਾ ਗਿਆ। ਗੁਲਾਬ ਕੌਰ ਨੂੰ ਪਹਿਲਾਂ ਹੀ ਪਤਾ ਸੀ ਕਿ ਇਨ੍ਹਾਂ ਸੂਰਬੀਰਾਂ ਨੂੰ ਕਿਸੇ ਵੀ ਮੁਆਫ਼ ਨਹੀਂ ਕਰਨਾ। ਅਖੀਰ 27 ਫਰਵਰੀ 1946 ਨੂੰ ਜੱਥੇਦਾਰ ਕਿਸ਼ਨ ਸਿੰਘ ਗੜਗੱਜ, ਕਰਮ ਸਿੰਘ ਮਾਨਕੋ, ਨੰਦ ਸਿੰਘ ਘੜਿਆਲ, ਬਾਬੂ ਸੰਤਾ ਸਿੰਘ ਛੋਟੀ ਹਰਿਓ, ਧਰਮ ਸਿੰਘ ਹਯਾਤਪੁਰ ਤੇ ਦਲੀਪ ਸਿੰਘ ਧਾਮੀਆਂ ਨੂੰ ਫਾਂਸੀ ਉੱਤੇ ਲਟਕਾ ਦਿੱਤਾ ਗਿਆ।

ਦਲੀਪ ਸਿੰਘ ਧਾਮੀਆਂ ਦੀ ਲਾਸ਼ ਲੈਣ ਵਾਸਤੇ ਅਮਰ ਸਿੰਘ, ਚਾਚੀ ਇੰਦਰ ਕੌਰ, ਨਿਹਾਲੀ, ਦਿਆਲੀ ਤੇ ਧਾਮੀਆਂ ਤੋਂ ਉਸ ਦੇ ਪਰਿਵਾਰ ਦੇ ਮੈਂਬਰ ਅਤੇ ਹੋਰ ਬਹੁਤ ਲੋਕ ਗਏ ਸਨ। ਗੁਲਾਬ ਕੌਰ ਅੰਦਰ ਪਤਾ ਨਹੀਂ ਕਿਨੀ ਕੁ ਸ਼ਕਤੀ ਆ ਗਈ। ਉਹ ਵੀ ਸਭ ਦੇ ਨਾਲ ਹੋ ਤੁਰੀ। ਦਲੀਪ ਸਿੰਘ ਦੀ ਮ੍ਰਿਤਕ ਦੇਹ ਨੂੰ ਗੁਲਾਬ ਕੌਰ ਨੇ ਆਪਣਾ ਮੋਢਾ ਵੀ ਦਿੱਤਾ ਸੀ। ਸੰਸਕਾਰ ਤੋਂ ਬਾਅਦ ਉਹ ਕੋਟਨਾ ਨੌਧ ਸਿੰਘ ਆ ਗਈ ਪਰ ਉਸ ਨੇ ਬਾਹਰ ਚਰਖਾ ਡਾਹੁਣਾ ਉੱਕਾ ਹੀ ਬੰਦ ਕਰ ਦਿੱਤਾ, ਉਹ ਹੁਣ ਚੁੱਪ ਚਾਪ ਕਮਰੇ ਅੰਦਰ ਹੀ ਬੈਠੀ ਰਹਿੰਦੀ।

ਛੱਬੀ

ਗੁਲਾਬ ਕੌਰ ਹੁਣ ਹਰ ਵੇਲੇ ਚੁੱਪ ਹੀ ਰਹਿੰਦੀ। ਖਾਣ ਪੀਣ ਵੱਲ ਵੀ ਉਸ ਦਾ ਕੋਈ ਧਿਆਨ ਨਾ ਹੁੰਦਾ। ਉਹ ਹਰ ਵੇਲੇ ਅਤੀਤ ਵਿੱਚ ਗਵਾਚੀ ਰਹਿੰਦੀ। ਉਸ ਦੀਆਂ ਨਜ਼ਰਾਂ ਅੱਗੇ ਬੀਤਿਆ ਸਮਾਂ ਕਿਸੇ ਫਿਲਮ ਵਾਂਗ ਘੁੰਮਦਾ, ਕਦੇ ਉਸ ਨੂੰ ਮੁਖਬਰਾਂ ਉੱਤੇ ਗੁੱਸਾ ਆਉਂਦਾ। ਜੇ ਕਿਤੇ ਇਹ ਮੁਖਬਰ ਆਪਣੀਆਂ ਕਰਤੂਤਾਂ ਤੋਂ ਬਾਜ਼ ਆ ਜਾਂਦੇ ਤਾਂ ਅੰਗਰੇਜ਼ਾਂ ਨੇ ਹੁਣ ਨੂੰ ਦੇਸ਼ ਵਿੱਚੋਂ ਨਿਕਲ ਜਾਣਾ ਸੀ। ਦੇਸ਼ ਵਿੱਚ ਸੁਚੱਜੀ ਸਰਕਾਰ ਬਣ ਜਾਂਦੀ। ਲੋਕਾਂ ਦਾ ਜੀਵਨ ਸੁਧਰ ਜਾਂਦਾ। ਇਹ ਦੁਸ਼ਟ ਤਾਂ ਹੁਣ ਅੰਗਰੇਜ਼ਾਂ ਤੋਂ ਮੁਰੱਬੇ ਲੈ ਰਹੇ ਐ। ਸੋਚਾਂ ਨੇ ਉਸ ਨੂੰ ਸਗੋਂ ਹੋਰ ਵੀ ਕਮਜ਼ੋਰ ਤੇ ਬਿਹਬਲ ਕਰ ਦਿੱਤਾ ਸੀ। ਜੇਲ੍ਹ ਦੀ ਖ਼ਤਰਨਾਕ ਮਾਰ ਕੁਟਾਈ ਉਸ ਦੇ ਹੱਡਾਂ ਵਿੱਚ

ਬੈਠ ਗਈ ਸੀ। ਉਸ ਦੇ ਦਿਲ ਵਿੱਚ ਹਰ ਵੇਲੇ ਦਰਦ ਹੁੰਦਾ। ਸਿਰ ਨੂੰ ਚੱਕਰ ਆਉਂਦੇ। ਦਵਾਈ ਨਾਲ ਉਸ ਨੂੰ ਕੋਈ ਅਰਾਮ ਨਹੀਂ ਸੀ ਆਇਆ। ਰੰਗ ਪੀਲ਼ਾ ਪੈ ਗਿਆ ਸੀ।

ਇੱਕ ਦਿਨ ਉਹ ਆਪਣੇ ਮੰਜੇ ਉੱਤੇ ਲੇਟੀ ਹੋਈ ਸੀ। ਅਚਾਨਕ ਇੱਕ ਭਾਈ ਉਸ ਦੇ ਸਾਹਮਣੇ ਆ ਖਲੋਤਾ। ਬੰਦਾ ਹੱਡੀਆਂ ਦੀ ਮੁੱਠ ਸੀ। ਕਮਜ਼ੋਰ ਸਰੀਰ। ਅੱਖਾਂ ਅੰਦਰ ਨੂੰ ਧਸੀਆਂ ਹੋਈਆਂ। ਬੁਝਿਆ ਜਿਹਾ ਚਿਹਰਾ। ਗੁਲਾਬ ਕੌਰ ਉਠ ਕੇ ਬੈਠ ਗਈ। ਬੜੇ ਗਹੁ ਨਾਲ ਉਸ ਨੇ ਨਜ਼ਰ ਮਾਰੀ। ਉ ਆਹ! ਇਹ ਤਾਂ ਹਰਨਾਮ ਸਿੰਘ ਟੁੰਡੀਲਾਟ ਸੀ। ਗੁਲਾਬ ਕੌਰ ਦੀਆਂ ਅੱਖਾਂ ਇਕ ਦਮ ਛਲਕ ਪਈਆਂ। ਉਹ ਝੱਟ ਉਠੀ। ਹਰਨਾਮ ਸਿੰਘ ਨੇ ਅੱਗੇ ਹੋ ਕੇ ਗੁਲਾਬ ਕੌਰ ਦੇ ਮੋਢੇ ਉੱਤੇ ਹੱਥ ਰੱਖਿਆ ਕਿੰਨਾ ਹੀ ਚਿਰ ਦੋਵੇਂ ਚੁੱਪ ਚਾਪ ਖਲੋਤੇ ਰਹੇ। ਚਾਚੀ ਵੀ ਆ ਕੇ ਲਾਗੇ ਖਲੋ ਗਈ।

"ਕੋਈ ਨਾ ਬੈਠ ਜਾਉ। ਬੈਠ ਕੇ ਗੱਲਾਂ ਬਾਤਾਂ ਕਰੋ।" ਚਾਚੀ ਉਨ੍ਹਾਂ ਦਾ ਦਰਦ ਸਮਝਦੀ ਸੀ। ਹਰਨਾਮ ਸਿੰਘ ਟੁੰਡੀਲਾਟ ਨੂੰ ਕਰਤਾਰ ਸਿੰਘ ਸਰਾਭਾ ਤੇ ਜਗਤ ਸਿੰਘ ਨਾਲ ਅੰਗਰੇਜ਼ਾਂ ਨੇ ਸਰਗੋਧੇ ਤੋਂ ਗ੍ਰਿਫ਼ਤਾਰ ਕਰ ਲਿਆ ਸੀ। ਸਰਾਭੇ ਹੋਰਾਂ ਨੂੰ ਫਾਂਸੀ ਆ ਗਈ ਸੀ ਪਰ ਹਰਨਾਮ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਹੋਈ ਸੀ ਤੇ ਹੁਣ ਉਹ ਸਜ਼ਾ ਪੂਰੀ ਹੋਣ ਪਿੱਛੋਂ ਅੰਬਾਲਾ ਜੇਲ੍ਹ ਤੋਂ ਰਿਹਾ ਹੋ ਕੇ ਆਇਆ ਸੀ। ਉਸ ਦਾ ਸਰੀਰ ਸੁੱਕ ਕੇ ਪਿੰਜਰ ਬਣਿਆ ਪਿਆ ਸੀ।

"ਬੈਠ ਵੀਰਾ, ਸ਼ੁਕਰ ਐ ਪ੍ਰਮਾਤਮਾ ਦਾ। ਕਿਸੇ ਵੀਰ ਦੇ ਦਰਸ਼ਨ ਤਾਂ ਹੋਏ!" ਗੁਲਾਬ ਕੌਰ ਭਰੇ ਮਨ ਨਾਲ ਬੋਲੀ।

"ਜ਼ਾਲਮ ਅੰਗਰੇਜ਼ਾਂ ਦਾ ਸਿੱਕਾ ਚੱਲ ਗਿਆ। ਅਸੀਂ ਬਾਜ਼ੀ ਹਾਰ ਗਏ।" ਹਰਨਾਮ ਸਿੰਘ ਦੀ ਲਿੱਸੀ ਜਿਹੀ ਅਵਾਜ਼ ਸੀ।

"ਇਹ ਤਾਂ ਸਾਡੇ ਦੇਸ਼ ਦੇ ਗ਼ਦਾਰਾਂ ਦਾ ਬੇੜਾ ਬਹਿ ਗਿਆ।" ਗੁਲਾਬ ਕੌਰ ਦੇ ਬੋਲਾਂ ਵਿੱਚ ਲੋਹੜੇ ਦਾ ਦਰਦ ਸੀ।

ਹਰਨਾਮ ਸਿੰਘ ਮੰਜੇ ਉੱਤੇ ਗੁਲਾਬ ਕੌਰ ਦੇ ਕੋਲ ਹੀ ਬੈਠ ਗਿਆ। ਕੁੱਝ ਚਿਰ ਬਾਅਦ ਗੁਲਾਬ ਕੌਰ ਫਿਰ ਕਹਿਣ ਲੱਗੀ, "ਵੀਰਾ, ਹੁਣ ਕੀ ਬਣੇਗਾ?"

"ਵੇਖ ਬੀਬੀ, ਗੱਲ ਸਾਫ ਐ ਕਿ ਗ਼ਦਰ ਪਾਰਟੀ ਦੀ ਲਾਈਨ ਬਿਲਕੁੱਲ ਦਰੁਸਤ ਸੀ। ਪਾਰਟੀ ਨੇ ਜਿਹੜਾ ਪ੍ਰੋਗਰਾਮ ਬਣਾਇਆ ਸੀ ਉਹ ਬੜੀ ਸੋਚ ਵਿਚਾਰ ਤੋਂ ਬਾਅਦ ਬਣਾਇਆ ਸੀ। ਪਾਰਟੀ ਦਾ ਹੁਣ ਵੀ ਮੱਤ ਐ ਕਿ ਅੰਗਰੇਜ਼ਾਂ ਨੂੰ ਦੇਸ਼ ਵਿੱਚੋਂ ਸ਼ਾਂਤਮਈ ਢੰਗ ਨਾਲ ਨਹੀਂ ਕੱਢਿਆ ਜਾ ਸਕਦਾ। ਇਸੇ ਕਰਕੇ ਪਾਰਟੀ ਨੇ ਹਥਿਆਰਬੰਦ ਘੋਲ ਨੂੰ ਪਹਿਲ ਦਿੱਤੀ ਸੀ। ਇੱਕ ਪਾਰਟੀ ਨੇ ਸਮੇਂ ਦੀ ਚੋਣ ਬਿਲਕੁੱਲ ਸਹੀ ਕੀਤੀ ਸੀ। ਅੰਗਰੇਜ਼ ਉਸ ਮੌਕੇ ਜੰਗ ਵਿੱਚ ਫਸੇ ਹੋਏ ਸਨ। ਦੁਸ਼ਮਣ ਬਿਲਕੁੱਲ ਉਲਝਿਆ ਹੋਇਆ ਸੀ। ਸਾਡੀ ਜਿੱਤ ਯਕੀਨੀ ਸੀ। ਅਸੀਂ ਹਰ ਹਾਲਤ ਵਿੱਚ ਗ਼ਦਰ ਕਰਕੇ ਅੰਗਰੇਜ਼ਾਂ ਨੂੰ ਏਥੋਂ ਭਜਾ ਦੇਣਾ ਸੀ। ਬੱਸ ਗ਼ਦਾਰਾਂ ਨੇ ਪੇਸ਼ ਨਾ ਜਾਣ ਦਿੱਤੀ। ਹੁਣ ਵੀ ਵੇਖ ਲੈਣਾ ਕਿ ਕੁਰਬਾਨੀਆਂ ਦਿੱਤੇ ਬਿਨਾਂ ਦੇਸ਼ ਅਜ਼ਾਦ ਨਹੀਂ ਹੋਵੇਗਾ। ਸਾਡੇ ਨੌਜਵਾਨ ਉਠਣਗੇ। ਅੰਗਰੇਜ਼ਾਂ ਨੂੰ ਵਖ਼ਤ ਪਏਗਾ। ਬੱਸ ਇਹੋ ਇੱਕੋ ਰਾਹ ਹੈ ਅਜ਼ਾਦੀ ਦਾ।" ਹਰਨਾਮ ਸਿੰਘ ਟੁੰਡੀਲਾਟ ਦਾ ਮੁਰਝਾਇਆ ਚਿਹਰਾ ਜੋਸ਼ ਨਾਲ ਭਰ ਗਿਆ।

ਗੁਲਾਬ ਕੌਰ ਨੂੰ ਹਰਨਾਮ ਸਿੰਘ ਟੁੰਡੀਲਾਟ ਦੀਆਂ ਗੱਲਾਂ ਬਹੁਤ ਚੰਗੀਆਂ ਲੱਗੀਆਂ। ਫਿਰ ਹਰਨਾਮ ਸਿੰਘ ਜੇਲ੍ਹ ਦੀਆਂ ਦਰਦਨਾਕ ਕਹਾਣੀਆਂ ਸੁਣਾਉਂਦਾ ਰਿਹਾ। ਕਿੰਨਾ ਹੀ ਚਿਰ

ਦੋਵੇਂ ਭੈਣ ਭਰਾ ਆਪਣੇ ਦੁੱਖ ਦਰਦ ਸਾਂਝੇ ਕਰਦੇ ਰਹੇ। ਫਿਰ ਜਦੋਂ ਵੀ ਕਦੇ ਹਰਨਾਮ ਸਿੰਘ ਹੁਣ ਗੁਲਾਬ ਕੌਰ ਨੂੰ ਮਿਲਣ ਆਉਂਦਾ ਤਾਂ ਉਹ ਜੇਲ੍ਹ ਦੇ ਕਿੱਸੇ ਜ਼ਰੂਰ ਸੁਣਾਉਂਦਾ। ਗੁਲਾਬ ਕੌਰ ਨੂੰ ਆਪਣੇ ਵੀ ਜੇਲ੍ਹ ਵਾਲੇ ਦਿਨ ਯਾਦ ਆ ਜਾਂਦੇ। ਕਿਵੇਂ ਮੋਟੀ ਲੰਬੜਦਾਰਨੀ ਉਸ ਉੱਤੇ ਤਸ਼ੱਦਦ ਕਰਿਆ ਕਰਦੀ ਸੀ। ਉਸ ਵੱਲੋਂ ਲੱਗੀਆਂ ਢਿੱਡ ਵਿੱਚ ਲੱਤਾਂ ਹੁਣ ਵੀ ਦਰਦ ਛੇੜਦੀਆਂ ਹਨ। ਪੁਰਾਣਾ ਦੁੱਖ ਫੇਰ ਜਿਵੇਂ ਹਰਾ ਹੋ ਜਾਂਦਾ ਹੈ।

ਹੁਣ ਤਾਂ ਅਮਰ ਸਿੰਘ ਹੋਰਾਂ ਨੇ ਪੁਰਾਣੇ ਘਰ ਵਿੱਚ ਕੁੱਝ ਤਬਦੀਲੀ ਕਰ ਦਿੱਤੀ ਸੀ। ਗੁਲਾਬ ਕੌਰ ਲਈ ਇੱਕ ਵੱਖਰਾ ਕਮਰਾ ਪਾ ਦਿੱਤਾ ਸੀ। ਦਿਨ ਗੁਜ਼ਰਦੇ ਗਏ। ਗੁਲਾਬ ਕੌਰ ਨੂੰ ਇਸ ਘਰ ਵਿੱਚ ਰਹਿੰਦਿਆਂ ਕਦੇ ਵੀ ਇਹ ਮਹਿਸੂਸ ਨਹੀਂ ਸੀ ਹੋਇਆ ਕਿ ਉਹ ਬਿਗਾਨੇ ਘਰ ਵਿੱਚ ਰਹਿ ਰਹੀ ਹੈ। ਉਧਰ ਅਮਰ ਸਿੰਘ, ਉਸ ਦੀ ਚਾਚੀ ਅਮਰ ਸਿੰਘ ਦੀਆਂ ਦੋਵੇਂ ਭਰਜਾਈਆਂ ਤੇ ਉਨ੍ਹਾਂ ਦੇ ਬੱਚੇ ਤਾਂ ਗੁਲਾਬ ਕੌਰ ਨੂੰ ਵੇਖ-ਵੇਖ ਜਿਉਂਦੇ। ਅਮਰ ਸਿੰਘ ਤਾਂ ਪਹਿਲਾਂ ਭੈਣ ਨੂੰ ਰੋਟੀ ਖਵਾਉਂਦਾ। ਗੁਲਾਬ ਕੌਰ ਕਈ ਵਾਰ ਹੈਰਾਨ ਹੋ ਕੇ ਸੋਚਦੀ ਕਿ ਉਸ ਦਾ ਇਸ ਪਰਿਵਾਰ ਨਾਲ ਅਜੀਬ ਰਿਸ਼ਤਾ ਕਾਇਮ ਹੋ ਗਿਆ ਹੈ। ਉਹ ਆਪ ਵੀ ਇਸ ਪਰਿਵਾਰ ਤੋਂ ਪਰ੍ਹੇ ਜਾ ਕੇ ਨਹੀਂ ਸੀ ਰਹਿ ਸਕਦੀ।

ਕਈ ਵਾਰ ਗੁਲਾਬ ਕੌਰ ਨੂੰ ਆਪਣਾ ਪਤੀ ਮਾਨ ਸਿੰਘ ਯਾਦ ਆਉਂਦਾ। ਉਹ ਭਰੇ ਮਨ ਨਾਲ ਸੋਚਦੀ ਕਿ ਇਹ ਕਾਹਦਾ ਰਿਸ਼ਤਾ ਸੀ। ਰਿਸ਼ਤੇ ਤਾਂ ਮਨਾਂ ਦੀ ਸਾਂਝ ਨਾਲ ਜੁੜੇ ਹੁੰਦੇ ਐ। ਰਿਸ਼ਤਿਆਂ ਦੇ ਨਾਲ ਹੀ ਏਥੋਂ ਦੀ ਮਿੱਟੀ, ਏਥੋਂ ਦਾ ਆਲਾ-ਦੁਆਲਾ, ਏਥੋਂ ਦੇ ਲੋਕ ਮੈਨੂੰ ਆਪਣੇ ਲੱਗਦੇ ਐ। ਅਸਲ ਵਿੱਚ ਗ਼ਦਰ ਪਾਰਟੀ ਦੀ ਉਸਾਰੂ ਸੋਚ, ਗ਼ਦਰ ਪਾਰਟੀ ਦਾ ਆਜ਼ਾਦੀ ਪ੍ਰਾਪਤੀ ਦਾ ਰਾਹ ਤੇ ਦੇਸ਼ ਤੋਂ ਮਰ ਮਿਟਣ ਦੀ ਭਾਵਨਾ ਨੇ ਗੁਲਾਬ ਕੌਰ ਦਾ ਹਿਰਦਾ ਬੜਾ ਵਿਸ਼ਾਲ ਕਰ ਦਿੱਤਾ ਸੀ। ਦੇਸ਼ ਦੀ ਦੁਖੀ ਜੀਵਨ ਬਤੀਤ ਕਰ ਰਹੀ ਜਨਤਾ ਗੁਲਾਬ ਕੌਰ ਨੂੰ ਆਪਣਾ ਪਰਿਵਾਰ ਲੱਗ ਰਹੀ ਸੀ। ਉਹ ਦੇਸ਼ ਨੂੰ ਅਜ਼ਾਦ ਵੇਖਣਾ ਚਾਹੁੰਦੀ ਸੀ। ਲੋਕਾਂ ਦਾ ਖੁਸ਼ਹਾਲ ਜੀਵਨ ਵੇਖਣਾ ਚਾਹੁੰਦੀ ਸੀ। ਮੇਰਾ ਦੇਸ਼ ਤਰੱਕੀ ਕਰੇ। ਹਰ ਇੱਕ ਕੋਲ ਆਪਣਾ ਮਕਾਨ ਹੋਵੇ। ਹਰ ਇੱਕ ਨੂੰ ਕੰਮ ਮਿਲੇ। ਉਸ ਨੂੰ ਪੂਰਾ ਮਿਹਨਤਾਨਾ ਮਿਲੇ। ਹਰ ਕੋਈ ਰੱਜਵੀਂ ਰੋਟੀ ਖਾਵੇ ਤੇ ਉਸ ਦਾ ਸਮਾਜਿਕ ਜੀਵਨ ਇਜ਼ਤ ਵਾਲਾ ਹੋਵੇ। ਇਸੇ ਤਰ੍ਹਾਂ ਸੋਚਾਂ ਸੋਚਦੀ ਤੇ ਦਿਲ ਵਿੱਚ ਘਾੜਤਾਂ ਘੜਦੀ ਕਦੇ ਕਿਸੇ ਗ਼ਦਰੀ ਨੂੰ ਯਾਦ ਕਰਦੀ ਤੇ ਕਦੇ ਕਿਸੇ ਗ਼ਦਰੀ ਨੂੰ ਯਾਦ ਕਰਦੀ।

ਸਮਾਂ ਆਪਣੀ ਤੋਰੇ ਤੁਰਦਾ ਗਿਆ। ਗੁਲਾਬ ਕੌਰ ਦੀ ਸਿਹਤ ਤਾਂ ਦਿਨੋ ਦਿਨ ਡਿਗਦੀ ਗਈ। ਉਸ ਦੇ ਦਿਲ ਵਿੱਚ ਗ਼ਦਰ ਦੇ ਫੇਲ੍ਹ ਹੋ ਜਾਣ ਦਾ ਝੋਰਾ ਸੀ। ਗ਼ਦਰੀਆਂ ਦੇ ਸ਼ਹੀਦ ਹੋ ਜਾਣ ਦਾ ਡੂੰਘਾ ਦਰਦ ਸੀ। ਜੇਲ੍ਹਾਂ ਵਿੱਚ ਸਜ਼ਾਵਾਂ ਭੁਗਤ ਰਹੇ ਗ਼ਦਰੀਆਂ ਦਾ ਬੇਹੱਦ ਦੁੱਖ ਸੀ। ਉਸ ਦੀ ਭੁੱਖ ਦਿਨੋ ਦਿਨ ਘੱਟ ਹੋ ਰਹੀ ਸੀ। ਉਸ ਦੀਆਂ ਗੁੱਝੀਆਂ ਸੱਟਾਂ ਅੰਦਰੋ ਅੰਦਰ ਨਾਸੂਰ ਬਣ ਗਈਆਂ ਸਨ। ਉਸ ਦੀ ਜਿੰਦ ਜਿਵੇਂ ਸੂਲ਼ੀ ਉੱਤੇ ਟੰਗੀ ਹੋਈ ਸੀ। ਉਸ ਨੂੰ ਨਾ ਦਿਨੇ ਅਰਾਮ ਸੀ ਤੇ ਨਾ ਹੀ ਰਾਤ ਨੂੰ ਚੱਜ ਨਾਲ ਨੀਂਦ ਆਉਂਦੀ ਸੀ।

ਗਰਮੀਆਂ ਦੇ ਦਿਨ ਸਨ। ਗਰਮੀ ਨੇ ਲੋਕਾਂ ਦਾ ਜਿਉਣਾ ਔਖਾ ਕਰ ਦਿੱਤਾ ਸੀ। ਦੁਪਹਿਰ ਵੇਲੇ ਤਾਂ ਘਰੋਂ ਨਿਕਲਣਾ ਵੀ ਔਖਾ ਹੋ ਜਾਂਦਾ। ਇਨ੍ਹਾਂ ਦਿਨਾਂ ਵਿੱਚ ਗੁਲਾਬ ਕੌਰ ਕੁੱਝ ਜ਼ਿਆਦਾ ਹੀ ਪਰੇਸ਼ਾਨ ਰਹਿਣ ਲੱਗੀ। ਉਸ ਦੀ ਅੰਦਰੂਨੀ ਬਿਮਾਰੀ ਹੋਰ ਵੀ ਵੱਧ ਗਈ। ਦਿਲ ਵਿੱਚ ਦਰਦ ਉਠਦਾ। ਸਿਰ ਪਾਰਦਾ। ਉਹ ਤਾਂ ਬੱਸ ਗ਼ਦਰੀਆਂ ਨੂੰ ਯਾਦ ਕਰਦੀ। ਕਈ ਵਾਰ ਕਿਸੇ ਨੂੰ

ਅਵਾਜ਼ਾਂ ਮਾਰਦੀ। ਪਰਿਵਾਰ ਦਾ ਜਿਹੜਾ ਵੀ ਜੀਅ ਉਸ ਦੀ ਅਵਾਜ਼ ਸੁਣਦਾ ਤਾਂ ਉਹ ਭੱਜਾ ਆਉਂਦਾ। ਅਮਰ ਸਿੰਘ ਤਾਂ ਹੁਣ ਹਰ ਵੇਲੇ ਘਰ ਹੀ ਰਹਿੰਦਾ। ਉਹ ਗੁਲਾਬ ਕੌਰ ਵੱਲ ਵੇਖਦਾ ਤਾਂ ਉਸ ਦਾ ਦਿਲ ਘਿਰਨ ਲੱਗਦਾ। ਉਹ ਅੰਦਰਖਾਤੇ ਸੋਚਦਾ ਕਿ ਜੇਕਰ ਭੈਣ ਦੀ ਹਾਲਤ ਇਸੇ ਤਰ੍ਹਾਂ ਰਹੀ ਤਾਂ ਉਹ ਬਹੁਤ ਚਿਰ ਜਿਉਂ ਨਹੀਂ ਸਕਦੀ। ਇਸੇ ਸੋਚ ਨਾਲ ਉਹ ਕੰਬ ਉਠਦਾ। ਉਸ ਦਾ ਦਰਦ ਮੂੰਹ ਨੂੰ ਆਉਂਦਾ। ਉਸ ਕੋਲੋਂ ਗੁਲਾਬ ਕੌਰ ਦੀ ਹਾਲਤ ਵੇਖੀ ਨਾ ਜਾਂਦੀ।

ਇੱਕ ਦਿਨ ਤਾਂ ਗੁਲਾਬ ਕੌਰ ਦੀ ਹਾਲਤ ਜ਼ਿਆਦਾ ਹੀ ਖ਼ਰਾਬ ਹੋ ਗਈ। ਉਹ ਸਵੇਰ ਤੋਂ ਹੀ ਜ਼ਿਆਦਾ ਪਰੇਸ਼ਾਨ ਸੀ। ਦਿਲ ਦਾ ਦਰਦ ਜਿਵੇਂ ਪਲ ਪਲ ਵਧ ਰਿਹਾ ਸੀ। ਦੁਪਹਿਰ ਤੱਕ ਉਸ ਨੂੰ ਜਰਾ ਵੀ ਅਰਾਮ ਨਾ ਆਇਆ। ਦਵਾਈ ਬੂਟੀ ਨਾਲ ਕੋਈ ਫਰਕ ਨਹੀਂ ਸੀ ਪਿਆ। ਸਾਰਾ ਟੱਬਰ ਪਰੇਸ਼ਾਨ ਸੀ। ਅਮਰ ਸਿੰਘ ਤਾਂ ਆਪਣੀ ਭੈਣ ਦੇ ਸਰ੍ਹਾਣੇ ਬੈਠਾ ਸੀ। ਉਸ ਕੋਲੋਂ ਕੋਈ ਵੀ ਗੱਲ ਨਹੀਂ ਸੀ ਕਰ ਹੁੰਦੀ। ਉਸ ਦਾ ਦਿਲ ਅੰਦਰੋ ਅੰਦਰ ਵਿਚਾਰਾਂ ਨਾਲ ਭਰਿਆ ਪਿਆ ਸੀ। ਉਸ ਦੀਆਂ ਦੋਵੇਂ ਭਰਜਾਈਆਂ ਭਰੇ ਮਨਾਂ ਨਾਲ ਗੁਲਾਬ ਕੌਰ ਦੇ ਆਲੇ ਦੁਆਲੇ ਫਿਰ ਰਹੀਆਂ ਸਨ। ਉਨ੍ਹਾਂ ਦੇ ਚਿਹਰੇ ਗਮਗੀਨ ਸਨ। ਅੱਖਾਂ ਪਾਣੀ ਨਾਲ ਭਰੀਆਂ ਹੋਈਆਂ।


ਚਾਚੀ ਇੰਦਰ ਕੌਰ ਤਾਂ ਅੰਦਰ ਜਾ ਕੇ ਕਈ ਵਾਰ ਰੋ ਪਈ ਸੀ। ਉਸ ਦੇ ਕੋਲੋਂ ਗੁਲਾਬ ਕੌਰ ਦੀ ਹਾਲਤ ਵੇਖੀ ਨਹੀਂ ਸੀ ਜਾਂਦੀ। ਕਿਥੋਂ ਦੀ ਜੰਮੀ ਜਾਈ। ਕਿਥੇ ਰਹੀ। ਰਹੀ ਵੀ ਘਰ ਦਾ ਇੱਕ ਮੈਂਬਰ ਬਣ ਕੇ। ਹੁਣ ਤਾਂ ਇਸ ਦੇ ਭੈਣ ਭਰਾ, ਮਾਂ ਬਾਪ ਅਸੀਂ ਹਾਂ। ਅਸੀਂ ਹੀ ਇਸ ਨੂੰ ਸੰਭਾਲਦੇ ਹਾਂ। ਇਹ ਕਿਹੋ ਜਿਹੀ ਰੂਹ ਸੀ। ਰੱਬ ਨੇ ਸਾਡੇ ਨਾਲ ਕਿਹੋ ਜਿਹਾ ਮਿਲਾਪ ਕਰਵਾਇਆ। ਇਹ ਸਾਰੀ ਉਮਰ ਤੜਪੀ ਹੈ। ਲੋਕਾਂ ਲਈ ਤੜਪੀ ਹੈ। ਲੋਕਾਂ ਲਈ ਜੀਵੀ ਹੈ। ਨਾ ਇਸ ਨੂੰ ਖਾਣ ਦਾ। ਨਾ ਇਸ ਨੂੰ ਪਹਿਨਣ ਦਾ। ਅਜੀਬ ਰੂਹ ਸੀ। ਇਹ ਕੋਈ ਦਰਵੇਸ਼ ਰੂਹ ਸੀ। ਰੱਬ ਇਸ ਦਾ ਭਲਾ ਕਰੇ। ਇਸ ਦਾ ਸੁਰਗਾਂ ਵਿੱਚ ਵਾਸਾ ਹੋਵੇ। ਅਮਰ ਸਿੰਘ ਨਾਲ ਕਿਹੋ ਜਿਹਾ ਰਿਸ਼ਤਾ ਬਣਿਆ। ਸਕੇ ਭੈਣ ਭਰਾਵਾਂ ਨਾਲੋਂ ਵੀ ਵੱਧ ਰਹੇ।

ਦਿਨ ਢਲ ਗਿਆ। ਗੁਲਾਬ ਕੌਰ ਪਹਿਲਾਂ ਨਾਲੋਂ ਵੀ ਪਰੇਸ਼ਾਨ ਲੱਗ ਰਹੀ ਸੀ। ਉਸ ਦਾ ਦਰਦ ਵਧ ਰਿਹਾ ਸੀ। ਨਿਹਾਲੀ ਤੇ ਦਿਆਲੀ ਕਈ ਵਾਰ ਉਸ ਦੇ ਹੱਥ ਪੈਰ ਘੁੱਟਣ ਲੱਗਦੀਆਂ। ਗੁਲਾਬ ਕੌਰ ਨੂੰ ਜਰਾ ਵੀ ਅਰਾਮ ਨਹੀਂ ਸੀ ਆ ਰਿਹਾ। ਚਾਚੀ ਕਈ ਵਾਰ ਪੱਖੀ ਦੀ ਝੱਲ ਮਾਰਦੀ। ਉਸ ਦੇ ਹੱਥ ਕੰਬਣ ਲੱਗਦੇ। ਅਮਰ ਸਿੰਘ ਡੁਬਦੇ ਦਿਲ ਨਾਲ ਤੇ ਭਰੀਆਂ ਅੱਖਾਂ ਨਾਲ ਗੁਲਾਬ ਕੌਰ ਦੇ ਸਰ੍ਹਾਣੇ ਬੈਠਾ ਸੀ। ਦਿਨ ਛੁਪ ਗਿਆ। ਗੁਲਾਬ ਕੌਰ ਨੇ ਇਕ ਵਾਰ ਸਾਰਿਆਂ ਵੱਲ ਪਿਆਰ ਸਤਿਕਾਰ ਨਾਲ ਵੇਖਿਆ। ਚਾਚੀ, ਨਿਹਾਲੀ ਤੇ ਦਿਆਲੀ ਵੀ ਉਸ ਵੱਲ ਪਿਆਰ ਨਾਲ ਝਾਕੀਆਂ। ਫਿਰ ਗੁਲਾਬ ਕੌਰ ਨੇ ਆਪਣੇ ਪਿਆਰੇ ਵੀਰ ਅਮਰ ਸਿੰਘ ਵੱਲ ਬੜੇ ਸਨੇਹ ਨਾਲ ਵੇਖਿਆ। ਭੈਣ ਭਰਾ ਦੀਆਂ ਨਜ਼ਰਾਂ ਜਿਵੇਂ ਇੱਕ ਦੂਜੇ ਦਾ ਦਰਦ ਸਮਝ ਰਹੀਆਂ ਸਨ। ਗੁਲਾਬ ਕੌਰ ਇੱਕ ਵਾਰ ਫੇਰ ਅਮਰ ਸਿੰਘ ਵੱਲ ਗਹੁ ਨਾਲ ਝਾਕੀ। ਜਿਵੇਂ ਕਹਿ ਰਹੀ ਹੋਵੇ ਵੀਰਾ, ਜਿਉਂਦਾ ਰਹਿ। ਤੁਸੀਂ ਮੇਰੀ ਬਹੁਤ ਸੇਵਾ ਕੀਤੀ। ਤੁਸੀਂ ਮੇਰਾ ਬਹੁਤ ਸਾਥ ਦਿੱਤਾ। ਮੈਨੂੰ ਘਰ ਵਿੱਚ ਆਸਰਾ ਦਿੱਤਾ। ਮੇਰਾ ਏਥੇ ਕੌਣ ਸੀ। ਮੇਰੇ ਨਾਲ ਇੱਕ ਧਰਮੀ ਵੀਰ ਵਾਂਗ ਸਾਥ ਨਿਭਾਇਆ। ਮੈਂ ਤੁਹਾਡਾ ਦੇਣ ਨਹੀਂ ਦੇ ਸਕਦੀ। ਜੇ ਤੁਸੀਂ ਮੇਰੀ ਬਾਂਹ ਨਾ ਫੜਦੇ, ਮੈਨੂੰ ਆਸਰਾ ਨਾ ਦਿੰਦੇ ਤਾਂ ਖਵਰੇ ਮੈਂ ਕਿਥੇ ਤੁਰੀ ਫਿਰਦੀ। ਇਸ ਘਰ ਨੇ ਮੈਨੂੰ ਜਨਮਾਂ ਦਾ ਪਿਆਰ ਦਿੱਤਾ। ਮੈਨੂੰ ਤਾਂ ਕਦੇ ਅੱਗਾ ਪਿੱਛਾ ਚੇਤੇ ਹੀ ਨਹੀਂ ਆਇਆ। ਸਦਕੇ ਵੀਰਾਂ। ਤੂੰ ਜਿਉਂਦਾ ਰਹਿ। ਰੱਬ ਤੇਰੇ ਘਰ ਨੂੰ ਭਾਗ ਲਾਵੇ। ਧੰਨ ਸੀ ਤੈਨੂੰ

ਜੰਮਣ ਵਾਲੀ ਮਾਂ। ਬੱਸ ਮੇਰੇ ਪੰਜਾਬ ਵਿੱਚ ਅਜਿਹੀਆਂ ਮਾਵਾਂ ਹੀ ਹੋਣ। ਤੇਰੇ ਵਰਗੇ ਸਲੱਗ ਪੁੱਤਾਂ ਨੂੰ ਜਨਮ ਦੇਣ। ਬੱਸ ਮੈਨੂੰ ਮਾਫ਼ ਕਰਨਾ ਮੇਰੇ ਵੀਰ। ਮੈਂ ਤੁਹਾਨੂੰ ਕੋਈ ਸੁੱਖ ਤਾਂ ਦਿੱਤਾ ਹੀ ਨਹੀਂ। ਤੁਹਾਡੇ ਉੱਤੇ ਇੱਕ ਬੋਝ ਹੀ ਰਹੀ ਹਾਂ। ਜਿਉਂਦਾ ਵੱਸਦਾ ਰਹੇ ਇਹ ਪਰਿਵਾਰ। ਪੰਜਾਬ ਵਿੱਚ ਇਸ ਤਰ੍ਹਾਂ ਦੇ ਪਰਿਵਾਰ ਥਾਂ-ਥਾਂ ਹੋਣ।

ਗੁਲਾਬ ਕੌਰ ਦੀਆਂ ਅੱਖਾਂ ਵਿੱਚ ਹੰਝੂ ਆ ਗਏ। ਇੱਕ ਵਾਰ ਫਿਰ ਉਸ ਨੇ ਸਾਰੇ ਆਸੇ ਪਾਸੇ ਨਿਗਾਹ ਘੁਮਾਈ। ਦਿਨ ਛੁਪ ਗਿਆ ਸੀ ਤੇ ਪੰਜਾਬ ਦੀ ਇਸ ਹੋਣਹਾਰ ਤੇ ਬਹਾਦਰ ਧੀ ਨੇ ਸਿਰ ਇਕ ਪਾਸੇ ਨੂੰ ਸੁੱਟ ਲਿਆ। ਅਮਰ ਸਿੰਘ ਨੇ ਗੁਲਾਬ ਕੌਰ ਵੱਲ ਵੇਖ ਕੇ ਉਚੀ ਸਾਰੀ ਧਾਅ ਮਾਰੀ। ਉਸ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਕਮਰੇ ਦੀ ਛੱਤ ਜਿਵੇਂ ਉਸ ਦੇ ਉੱਤੇ ਆ ਡਿੱਗੀ। ਗੁਲਾਬ ਕੌਰ ਹੁਣ ਮੰਜੇ ਉੱਤੇ ਸ਼ਾਂਤ ਪਈ ਸੀ ਪਰ ਅਮਰ ਸਿੰਘ ਤੇ ਉਸ ਦੇ ਪਰਿਵਾਰ ਦੀਆਂ ਦਰਦਨਾਕ ਚੀਕਾਂ ਨੇ ਸਾਰਾ ਘਰ ਸਿਰ ਉੱਤੇ ਚੁੱਕ ਲਿਆ।

(ਸਮਾਪਤ)



ਲੇਖਕ


..... ਹਰੀ ਸਿੰਘ ਢੁੱਡੀਕੇ ਨੇ ਪੰਜਾਬੀ ਸਾਹਿਤ ਜਗਤ ਵਿਚ ਆਪਣੇ ਪਲੇਠੇ ਸਮਾਜਕ ਨਾਵਲ 'ਕੰਡੇਦਾਰ ਝਾੜੀਆਂ' ਨਾਲ ਪ੍ਰਵੇਸ਼ ਕੀਤਾ। ਹੁਣ ਤਕ 'ਸ਼ੂਕਦਾ ਦਰਿਆ', 'ਜ਼ਿੰਦਗੀ ਜਿਊਣਾ ਲੋੜਦੀ ਹੈ', 'ਹਿੰਮਤੀ ਬੱਚੇ', 'ਗ਼ਦਰੀ ਸੂਰਬੀਰ' (ਗ਼ਦਰੀ ਸ਼ਹੀਦ ਭਾਈ ਈਸ਼ਰ ਸਿੰਘ ਢੁੱਡੀਕੇ)' ਅਤੇ 'ਮਹਿੰਗੇ ਮੁੱਲ ਦਾ ਮੋਤੀ ਭਾਈ ਦਿੱਤ ਸਿੰਘ' ਪੰਜਾਬੀ ਸਾਹਿਤ ਜਗਤ ਦੀ ਝੋਲੀ 'ਚ ਪਾ ਚੁੱਕਾ ਹੈ। ਹੱਥਲੇ ਨਾਵਲ ਵਿਚ ਲੇਖਕ ਦੀ ਵਿਲੱਖਣਤਾ ਇਹ ਹੈ ਕਿ ਉਸਨੇ ਆਪਣੇ ਨਿੱਜ ਨੂੰ ਕਿਤੇ ਵੀ ਭਾਰੂ ਨਹੀਂ ਹੋਣ ਦਿੱਤਾ ਤੇ ਨਾ ਹੀ ਕਿਤੇ ਰੁਮਾਂਸ ਦਾ ਸਹਾਰਾ ਲਿਆ ਹੈ ਸਗੋਂ ਇਤਿਹਾਸਕ ਯਥਾਰਥ ਦੇ ਨੇੜੇ ਰੱਖਿਆ ਹੈ। ਗ਼ਦਰ ਲਹਿਰ ਦੀ ਗਾਥਾ 'ਤੇ ਆਧਾਰਿਤ ਲਿਖੇ ਇਸ ਨਾਵਲ ਦੀ ਭਾਸ਼ਾ ਤੇ ਸ਼ੈਲੀ ਬਹੁਤ ਬਲਵਾਨ ਹੈ। ਪਾਤਰਾਂ ਦੇ ਆਪਸੀ ਸੰਵਾਦ ਦਾ ਭਾਸ਼ਾਈ ਵੇਗ ਗ਼ਦਰ ਲਹਿਰ ਦੀਆਂ ਅਮੂਰਤ ਘਟਨਾਵਾਂ ਦੇ ਦ੍ਰਿਸ਼ਾਂ ਨੂੰ ਪਾਠਕਾਂ ਦੀਆਂ ਨਜ਼ਰਾਂ 'ਚ ਸਮੂਰਤ ਕਰ ਦਿੰਦਾ ਹੈ। ਇਹ ਨਾਵਲ ਸੰਪਰਦਾਇਕਤਾ ਅਤੇ ਧਰਮਾਂ ਤੋਂ ਨਿਰਲੇਪ ਹੋ ਕੇ ਗ਼ਦਰ ਪਾਰਟੀ ਵੱਲੋਂ ਦੇਸ਼ ਦੀ ਆਜ਼ਾਦੀ ਲਈ ਕੀਤੇ ਸੰਘਰਸ਼ ਨੂੰ ਰੂਪਮਾਨ ਕਰਦਾ ਹੈ।

-ਡਾ. ਰਘਬੀਰ ਕੌਰ
ਜਨਰਲ ਸਕੱਤਰ
ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ



*1-2 Desh Bhagat Yadgar Building, Jalandhar
Punjab, India
Phone : 98140-87063
5aabparkashan@gmail.com
www.5aabparkashan.com*

ISBN : 978-93-84306-27-4



₹ 120